22-JUNE-PAGE-1.qxd 6/21/2023 9:49 PM Page 1


ਵੀਰਵਾਰ, 22 ਜੂਨ, 2023

8 ਹਾੜ੍ਹ { ਨਾਨਕਸ਼ਾਹੀ 555 / ਬਿਕਰਮੀ 2080 }

ਜਿਲਦ/VOL. : 72

ਅੰਕ/NO. : 21

# ਨਵਾਂ ਜ਼ਮਾਨਾ

DAILY NAWAN ZAMANA • THURSDAY, 22 JUNE, 2023 ਜਲੰਧਰ

nawan zamana TV

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

ਕੀਮਤ/PRICE : 5.00 ਰੁਪਏ | Regd. No : Pb/JL-123/2021-23, (R.N.I.)-00068/57 | E-mail : nawanzamana@gmail.com | www.nawanzamana.in | ਸਫ਼ੇ : 12


## ਅਮਰੀਕਾ 'ਚ ਭਾਰਤੀ ਡਾਕਟਰ 'ਤੇ ਜਿਨਸੀ ਸ਼ੋਸ਼ਣ ਦਾ ਦੋਸ਼



**ਨਿਊ ਯਾਰਕ :** ਕੈਲੀਫੋਰਨੀਆ ਦੇ ਸਿਹਤ ਕੇਂਦਰ 'ਚ ਸਹਿ-ਕਰਮੀ ਨੂੰ ਗਲਤ ਢੰਗ ਨਾਲ ਛੂਹਣ ਕਾਰਨ ਭਾਰਤੀ-ਅਮਰੀਕੀ ਡਾਕਟਰ ਨੂੰ ਜਿਨਸੀ ਸ਼ੋਸ਼ਣ ਦੇ ਦੋਸ਼ਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਰਚਨਦੀਪ ਸਿੰਘ ਨੂੰ 17 ਜੂਨ ਨੂੰ ਸਾਨਫਰਾਂਸਿਸਕੋ ਅੰਤਰਰਾਸ਼ਟਰੀ ਹਵਾਈ ਅੱਡੇ ਤੋਂ ਗ੍ਰਿਫਤਾਰ ਕਰਨ ਤੋਂ ਬਾਅਦ ਉਸੇ ਦਿਨ ਜ਼ਮਾਨਤ 'ਤੇ ਰਿਹਾਅ ਕਰ ਦਿੱਤਾ ਗਿਆ ਸੀ ਅਤੇ 17 ਅਗਸਤ ਨੂੰ ਉਹ ਕਥਿਤ ਜਿਨਸੀ ਸ਼ੋਸ਼ਣ ਲਈ ਸੈਕਰਾਮੈਂਟੋ ਦੀ ਅਦਾਲਤ 'ਚ ਪੇਸ਼ ਹੋਵੇਗਾ। ਪੁਲਸ ਨੇ 26 ਅਪਰੈਲ ਨੂੰ ਸ਼ਿਕਾਇਤ ਮਿਲਣ ਤੋਂ ਬਾਅਦ ਜਾਂਚ ਸ਼ੁਰੂ ਕੀਤੀ। ਪੀੜਤਾ ਨੇ ਦੋਸ਼ ਲਾਇਆ ਹੈ ਕਿ ਡਾਕਟਰ ਨੇ ਉਸ ਦੀ ਮਰਜ਼ੀ ਦੇ ਵਿਰੁੱਧ ਉਸ ਨਾਲ ਛੇੜਖਾਨੀ ਕੀਤੀ। ਇਸ ਡਾਕਟਰ ਨੇ ਸਾਲ 2001 'ਚ ਲੁਧਿਆਣਾ ਦੇ ਮੈਡੀਕਲ ਕਾਲਜ ਤੋਂ ਗ੍ਰੈਜੂਏਸ਼ਨ ਕੀਤੀ ਸੀ।

## ਭਾਰਤ 'ਚ ਕਾਫੀ ਸੰਭਾਵਨਾਵਾਂ : ਮਸਕ

**ਨਿਊ ਯਾਰਕ :** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਟੈਸਲਾ ਦੇ ਸੀ ਈ ਓ ਐਲਨ ਮਸਕ ਸਮੇਤ ਵੱਖ-ਵੱਖ ਖੇਤਰਾਂ ਦੀਆਂ ਉੱਘੀਆਂ ਅਮਰੀਕੀ ਹਸਤੀਆਂ ਨਾਲ ਮੁਲਾਕਾਤ ਕੀਤੀ। ਪ੍ਰਧਾਨ ਮੰਤਰੀ ਨਾਲ ਮੁਲਾਕਾਤ ਤੋਂ ਬਾਅਦ ਮਸਕ ਨੇ ਕਿਹਾ ਕਿ ਭਾਰਤ 'ਚ ਕਿਸੇ ਵੀ ਵੱਡੇ ਦੇਸ਼ ਦੇ ਮੁਕਾਬਲੇ ਜ਼ਿਆਦਾ ਸੰਭਾਵਨਾਵਾਂ ਹਨ। ਮੋਦੀ ਨਾਲ ਮੁਲਾਕਾਤ ਤੋਂ ਬਾਅਦ ਜਦੋਂ ਪੱਤਰਕਾਰਾਂ ਨੇ ਸੋਸ਼ਲ ਮੀਡੀਆ ਕੰਪਨੀ ਟਵਿੱਟਰ ਦੇ ਮਾਲਕ ਮਸਕ ਨੂੰ ਕੰਪਨੀ ਦੇ ਸਾਬਕਾ ਮਾਲਕ ਅਤੇ ਸੀ ਈ ਓ ਜੈਕ ਡੋਰਸੀ ਵੱਲੋਂ ਭਾਰਤ ਸਰਕਾਰ 'ਤੇ ਲਾਏ ਦੋਸ਼ਾਂ ਬਾਰੇ ਪੁੱਛਿਆ ਤਾਂ ਉਨ੍ਹਾ ਕਿਹਾ ਕਿ ਟਵਿੱਟਰ ਕੋਲ ਸਥਾਨਕ ਸਰਕਾਰਾਂ ਦਾ ਕਹਿਣਾ ਮੰਨਣ ਤੋਂ ਇਲਾਵਾ ਹੋਰ ਕੋਈ ਚਾਰਾ ਨਹੀਂ। ਅਜਿਹਾ ਨਾ ਕਰਨ 'ਤੇ ਉਸ ਨੂੰ ਬੰਦ ਕਰ ਦਿੱਤਾ ਜਾਵੇਗਾ।

## ਸਿੱਖ ਭਾਈਚਾਰਾ ਸੱਚਮੁੱਚ ਮੋਦੀ ਨਾਲ : ਧਾਲੀਵਾਲ

**ਨਿਊ ਯਾਰਕ :** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਸਿੱਖ ਕੌਮ ਅਤੇ ਦੇਸ਼ ਲਈ ਕੀਤੇ ਕੰਮਾਂ ਦੀ ਪ੍ਰਸੰਸਾ ਕਰਦਿਆਂ ਸਿੱਖ ਭਾਈਚਾਰੇ ਦੇ ਮੈਂਬਰ ਦਰਸ਼ਨ ਸਿੰਘ ਧਾਲੀਵਾਲ ਨੇ ਕਿਹਾ- ਸਿੱਖ ਭਾਈਚਾਰਾ ਸੱਚਮੁੱਚ ਪ੍ਰਧਾਨ ਮੰਤਰੀ ਨਾਲ ਖੜ੍ਹਾ ਹੈ। ਉਨ੍ਹਾ ਸਿੱਖਾਂ ਅਤੇ ਭਾਰਤ ਲਈ ਬਹੁਤ ਸਾਰੇ ਮਹਾਨ ਕੰਮ ਕੀਤੇ ਹਨ ਅਤੇ ਉਨ੍ਹਾ 'ਤੇ ਸਾਨੂੰ ਬਹੁਤ ਮਾਣ ਹੈ।

## ਹੋਂਡੂਰਸ 'ਚ ਔਰਤਾਂ ਦੀ ਜੇਲ੍ਹ 'ਚ ਦੰਗੇ, 41 ਮੌਤਾਂ

**ਟੇਗੁਸੀਗਲਪਾ :** ਹੋਂਡੂਰਸ 'ਚ ਔਰਤਾਂ ਦੀ ਜੇਲ੍ਹ 'ਚ ਦੰਗਿਆਂ ਕਾਰਨ ਘੱਟੋ-ਘੱਟ 41 ਕੈਦੀਆਂ ਦੀ ਮੌਤ ਹੋ ਗਈ। ਰਾਜਧਾਨੀ ਟੇਗੁਸੀਗਲਪਾ ਤੋਂ ਲਗਭਗ 35 ਕਿਲੋਮੀਟਰ ਦੂਰ ਜੇਲ੍ਹ 'ਚ 25 ਕੈਦੀਆਂ ਨੂੰ ਸਾੜ ਦਿੱਤਾ ਗਿਆ ਅਤੇ 16 ਨੂੰ ਗੋਲੀਆਂ ਮਾਰ ਦਿੱਤੀਆਂ ਗਈਆਂ। ਮਰਨ ਵਾਲਿਆਂ ਦੀ ਗਿਣਤੀ ਵੱਧ ਸਕਦੀ ਹੈ। ਅਧਿਕਾਰੀਆਂ ਵੱਲੋਂ ਜੇਲ੍ਹ ਲਈ ਨਵੇਂ ਨਿਯਮਾਂ ਦੇ ਐਲਾਨ ਤੋਂ ਬਾਅਦ ਦੰਗਾ ਸ਼ੁਰੂ ਹੋ ਗਿਆ। ਜ਼ਖਮੀ ਕੈਦੀਆਂ ਨੂੰ ਹਸਪਤਾਲ 'ਚ ਦਾਖਲ ਕੀਤਾ ਗਿਆ ਹੈ।

## ਪਹਿਲੇ ਦਰਜੇ ਦੇ ਕਤਲ ਦਾ ਦੋਸ਼

**ਟੋਰਾਂਟੋ :** ਕੈਨੇਡਾ 'ਚ ਨਵੇਂ ਸਾਲ ਵਾਲੇ ਦਿਨ ਗੋਲੀਬਾਰੀ ਕਾਰਨ 51 ਸਾਲਾ ਬਰਿੰਦਰ ਸਿੰਘ ਦੀ ਮੌਤ ਹੋਣ ਤੇ ਉਸ ਦੀ 21 ਸਾਲਾ ਧੀ ਦੇ ਜ਼ਖਮੀ ਹੋਣ ਦੇ ਮਾਮਲੇ 'ਚ ਪੁਲਸ ਨੇ ਦੂਜੇ ਮੁਲਜ਼ਮ 'ਤੇ ਪਹਿਲੇ ਦਰਜੇ ਦੇ ਕਤਲ ਦਾ ਦੋਸ਼ ਲਗਾਇਆ ਹੈ। ਐਡਮਿੰਟਨ ਪੁਲਸ ਨੇ ਦੱਸਿਆ ਕਿ ਡਾਕਵਾਨ ਰੋਸੇਨ ਹਾਵਰਡ ਲੀ (28) ਨੂੰ ਸੋਮਵਾਰ ਗ੍ਰਿਫਤਾਰ ਕੀਤਾ ਗਿਆ ਸੀ।

## ਮੋਦੀ, ਸ਼ਾਹ ਤੇ ਨਿਤੀਸ਼ ਨੂੰ ਧਮਕੀ

**ਨਵੀਂ ਦਿੱਲੀ :** ਦਿੱਲੀ ਪੁਲਸ ਦੀ ਬਾਹਰੀ ਜ਼ਿਲ੍ਹਾ ਇਕਾਈ ਹਰਕਤ 'ਚ ਆ ਗਈ, ਜਦੋਂ ਕਿਸੇ ਨੇ ਪੀ ਸੀ ਆਰ 'ਤੇ ਦੋ ਵਾਰ ਫੋਨ ਕਰਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਅਤੇ ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਨੂੰ ਧਮਕੀਆਂ ਦਿੱਤੀਆਂ। ਫੋਨ ਕਰਨ ਵਾਲੇ ਨੂੰ ਕਾਬੂ ਕਰਨ ਲਈ ਟੀਮਾਂ ਤਾਇਨਾਤ ਕਰ ਦਿੱਤੀਆਂ ਗਈਆਂ।

## ਡਾਰਵਿਨ ਦੇ ਸਿਧਾਂਤ ਨੂੰ ਪੁਸਤਕਾਂ 'ਚੋਂ ਨਹੀਂ ਹਟਾਇਆ : ਸਿੱਖਿਆ ਮੰਤਰੀ

**ਪੁਣੇ :** ਕੇਂਦਰੀ ਸਿੱਖਿਆ ਮੰਤਰੀ ਧਰਮਿੰਦਰ ਪ੍ਰਧਾਨ ਨੇ ਨੈਸ਼ਨਲ ਕੌਂਸਲ ਆਫ ਐਜੂਕੇਸ਼ਨਲ ਰਿਸਰਚ ਐਂਡ ਟ੍ਰੇਨਿੰਗ (ਐੱਨ ਸੀ ਈ ਆਰ ਟੀ) ਦੀਆਂ ਪਾਠ ਪੁਸਤਕਾਂ ਵਿੱਚੋਂ ਚਾਰਲਸ ਡਾਰਵਿਨ ਦੇ ਵਿਕਾਸਵਾਦ ਦੇ ਸਿਧਾਂਤ ਨੂੰ ਹਟਾਉਣ ਦੇ ਖਦਸ਼ਿਆਂ ਨੂੰ ਖਤਮ ਕਰਦਿਆਂ ਕਿਹਾ ਕਿ ਅਜਿਹਾ ਕੁਝ ਨਹੀਂ ਹੋਇਆ। ਪ੍ਰਧਾਨ ਨੇ ਇੱਥੇ ਭੰਡਾਰਕਰ ਓਰੀਐਂਟਲ ਰਿਸਰਚ ਇੰਸਟੀਚਿਊਟ 'ਚ ਪ੍ਰੋਗਰਾਮ 'ਚ ਕਿਹਾ-ਅੱਜਕੱਲ੍ਹ ਚਰਚਾ ਹੈ ਕਿ ਐੱਨ ਸੀ ਈ ਆਰ ਟੀ ਨੇ ਵਿਗਿਆਨ ਦੀਆਂ ਕਿਤਾਬਾਂ ਵਿੱਚੋਂ ਡਾਰਵਿਨ ਦੇ ਵਿਕਾਸ ਦੇ ਸਿਧਾਂਤ ਨੂੰ ਹਟਾ ਦਿੱਤਾ ਹੈ ਅਤੇ ਪਾਠ ਪੁਸਤਕਾਂ 'ਚ ਪੀਰੀਅਡਿਕ ਟੇਬਲ ਨੂੰ ਵੀ ਸ਼ਾਮਲ ਨਹੀਂ ਕੀਤਾ ਗਿਆ ਹੈ, ਪਰ ਮੈਂ ਇੱਥੇ ਜਨਤਕ ਤੌਰ 'ਤੇ ਸਪੱਸ਼ਟ ਕਰਨਾ ਚਾਹੁੰਦਾ ਹਾਂ ਕਿ ਅਜਿਹਾ ਕੁਝ ਨਹੀਂ ਹੋਇਆ।

## ਸ਼ੇਅਰ ਬਜ਼ਾਰ 'ਚ ਰਿਕਾਰਡ ਉਛਾਲ

**ਮੁੰਬਈ :** ਸੈਂਸੈਕਸ ਅਤੇ ਨਿਫਟੀ ਬੁੱਧਵਾਰ ਆਪਣੇ ਹੁਣ ਤੱਕ ਦੇ ਸਭ ਤੋਂ ਉੱਚੇ ਪੱਧਰ 'ਤੇ ਪਹੁੰਚ ਕੇ ਬੰਦ ਹੋਏ। ਬੀ ਐੱਸ ਈ ਦਾ 30 ਸ਼ੇਅਰਾਂ ਵਾਲਾ ਸੂਚਕ ਅੰਕ ਸੈਂਸੈਕਸ 195.45 ਅੰਕ ਭਾਵ 0.31 ਫੀਸਦੀ ਚੜ੍ਹ ਕੇ 63,523.15 ਦੇ ਰਿਕਾਰਡ ਉੱਚ ਪੱਧਰ 'ਤੇ ਬੰਦ ਹੋਇਆ। ਨੈਸ਼ਨਲ ਸਟਾਕ ਐਕਸਚੇਂਜ ਦਾ ਸੂਚਕ ਅੰਕ ਨਿਫਟੀ ਵੀ 40.15 ਅੰਕ ਭਾਵ 0.21 ਫੀਸਦੀ ਦੇ ਵਾਧੇ ਨਾਲ 18,856.85 ਦੇ ਉੱਚ ਪੱਧਰ 'ਤੇ ਬੰਦ ਹੋਇਆ।

# ਅੱਗੇ ਤੋਂ ਮੈਂ ਸਰਕਾਰੀ ਹੈਲੀਕਾਪਟਰ ਨਹੀਂ ਵਰਤਣਾ : ਰਾਜਪਾਲ

**ਚੰਡੀਗੜ੍ਹ :** ਪੰਜਾਬ ਦੇ ਰਾਜਪਾਲ ਬਨਵਾਰੀਲਾਲ ਪੁਰੋਹਿਤ ਅਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵਿਚਾਲੇ ਟਕਰਾਅ ਬੁੱਧਵਾਰ ਤੇਜ਼ ਹੋ ਗਿਆ ਜਦੋਂ ਰਾਜਪਾਲ ਨੇ ਚੰਡੀਗੜ੍ਹ 'ਚ ਪ੍ਰੈਸ ਕਾਨਫਰੰਸ ਕਰਕੇ ਹਮਲੇ ਕੀਤੇ। ਉਨ੍ਹਾ ਕਿਹਾ ਕਿ ਉਨ੍ਹਾ ਦਾ ਮਕਸਦ ਹੈ ਕਿ ਸੂਬੇ 'ਚ ਸਰਕਾਰ ਸਹੀ ਢੰਗ ਨਾਲ ਚੱਲੇ ਪਰ ਸੂਬਾ ਸਰਕਾਰ ਇਸ 'ਚ ਸਹਿਯੋਗ ਨਹੀਂ ਕਰ ਰਹੀ।

ਉਨ੍ਹਾ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਉਨ੍ਹਾ 'ਤੇ ਜੋ ਵੀ ਇਲਜ਼ਾਮ ਲਾਏ ਜਾ ਰਹੇ ਹਨ, ਉਹ ਸਹੀ ਨਹੀਂ। ਰਾਜਪਾਲ ਨੇ ਕਿਹਾ-ਮੈਂ ਉਨ੍ਹਾ ਨੂੰ ਬਰਾਬਰ ਜਵਾਬ ਨਹੀਂ ਦੇ ਸਕਦਾ। ਰਾਜਪਾਲ ਨਾਲ ਅਜਿਹਾ ਵਿਵਹਾਰ ਠੀਕ ਨਹੀਂ ਹੈ। ਮੈਂ ਉਨ੍ਹਾ ਵਰਗੀ ਭਾਸ਼ਾ ਦੀ ਵਰਤੋਂ ਨਹੀਂ ਕਰ ਸਕਦਾ। ਮੈਂ ਰਾਜਪਾਲ ਦੀ ਮਰਿਆਦਾ ਭੰਗ ਨਹੀਂ ਕਰ ਸਕਦਾ।



ਮਾਨ ਵੱਲੋਂ ਰਾਜਪਾਲ ਦੇ 'ਪ੍ਰੇਮ ਪੱਤਰ' ਦੇ ਬਿਆਨ 'ਤੇ ਵੀ ਰਾਜਪਾਲ ਨੇ ਕਿਹਾ ਕਿ ਵਿਧਾਨ ਸਭਾ 'ਚ ਇਸ ਤਰ੍ਹਾਂ ਮੇਰੀਆਂ ਚਿੱਠੀਆਂ ਦਾ ਮਜ਼ਾਕ ਉਡਾਉਣਾ ਠੀਕ ਨਹੀਂ ਹੈ। ਸਾਰੀ ਸਭਾ 'ਚ ਮੇਰਾ ਮਜ਼ਾਕ ਉਡਾਇਆ ਗਿਆ। ਮੇਰਾ ਕੰਮ ਸੰਵਿਧਾਨ ਦੀ ਰੱਖਿਆ ਕਰਨਾ ਹੈ। ਮੇਰੀਆਂ ਚਿੱਠੀਆਂ ਦਾ ਜਵਾਬ ਦੇਣਾ ਪਵੇਗਾ।

ਪੁਰੋਹਿਤ ਨੇ ਕਿਹਾ ਕਿ ਪੰਜਾਬ ਸਰਕਾਰ ਉਨ੍ਹਾ 'ਤੇ ਸੂਬੇ ਨਾਲ ਪੱਖਪਾਤ ਕਰਨ ਦੇ ਇਲਜ਼ਾਮ ਲਗਾ ਰਹੀ ਹੈ। ਪੰਜਾਬ ਸਰਕਾਰ ਕਹਿ ਰਹੀ ਹੈ ਕਿ ਰਾਜਪਾਲ ਹਰਿਆਣਾ ਵੱਲ ਜ਼ਿਆਦਾ ਧਿਆਨ ਦੇ ਰਿਹਾ ਹੈ ਅਤੇ ਪੰਜਾਬ ਨੂੰ ਨਜਰਅੰਦਾਜ਼ ਕਰ ਰਿਹਾ ਹੈ, ਜੋ ਕਿ ਠੀਕ ਨਹੀਂ ਹੈ।

ਇਸੇ ਦਰਮਿਆਨ ਸਰਕਾਰੀ ਹੈਲੀਕਾਪਟਰ ਦੀ ਵਰਤੋਂ ਨੂੰ ਲੈਕੇ ਵੀ ਪੁਰੋਹਿਤ ਨੇ ਮਾਨ ਦੇ ਬਿਆਨ 'ਤੇ ਨਾਰਾਜ਼ਗੀ ਪ੍ਰਗਟਾਈ ਅਤੇ ਇਹ ਐਲਾਨ ਤੱਕ ਕਰ ਦਿੱਤਾ ਕਿ ਉਹ ਅੱਜ ਤੋਂ ਬਾਅਦ ਕਦੇ ਵੀ ਸਰਕਾਰੀ ਹੈਲੀਕਾਪਟਰ ਦੀ ਵਰਤੋਂ ਨਹੀਂ ਕਰਨਗੇ।

## ਦੁਨੀਆ-ਭਰ 'ਚ ਯੋਗਾ



**ਨਵੀ ਦਿੱਲੀ :** ਬੁੱਧਵਾਰ ਦੁਨੀਆ-ਭਰ 'ਚ ਕੌਮਾਂਤਰੀ ਯੋਗ ਦਿਵਸ ਮਨਾਇਆ ਗਿਆ। ਭਾਰਤ ਤੇ ਹੋਰਨਾਂ ਮੁਲਕਾਂ 'ਚ ਇਸ ਮੌਕੇ ਹਰ ਵਰਗ ਦੇ ਲੋਕ ਵੱਧ-ਚੜ੍ਹ ਕੇ ਸ਼ਾਮਲ ਹੋਏ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ ਭਾਰਤ ਨੇ ਹਮੇਸ਼ਾ ਜੁੜਨ, ਅਪਣਾਉਣ ਅਤੇ ਗਲੇ ਲਗਾਉਣ ਦੀਆਂ ਪ੍ਰੰਪਰਾਵਾਂ ਦੀ ਪਾਲਣਾ ਕੀਤੀ ਹੈ। ਉਨ੍ਹਾ ਯੋਗ ਰਾਹੀਂ ਵਿਰੋਧ ਤੇ ਰੁਕਾਵਟਾਂ ਨੂੰ ਦੂਰ ਕਰਨ ਦਾ ਸੱਦਾ ਵੀ ਦਿੱਤਾ। ਉਨ੍ਹਾ ਵੀਡੀਓ ਸੰਦੇਸ਼ 'ਚ ਕਿਹਾ ਕਿ ਭਾਰਤੀਆਂ ਨੇ ਹਮੇਸ਼ਾ ਨਵੇਂ ਵਿਚਾਰਾਂ ਦਾ ਸੁਆਗਤ ਕੀਤਾ ਹੈ, ਉਨ੍ਹਾਂ ਦੀ ਸਰਪ੍ਰਸਤੀ ਕੀਤੀ ਹੈ ਅਤੇ ਦੇਸ਼ ਦੀ ਅਮੀਰ ਵਿਭਿੰਨਤਾ ਦਾ ਜਸ਼ਨ ਮਨਾਇਆ ਹੈ।

## ਕੇਜਰੀਵਾਲ ਦਾ ਆਪੋਜ਼ੀਸ਼ਨ ਪਾਰਟੀਆਂ ਨੂੰ ਪੱਤਰ

**ਨਵੀਂ ਦਿੱਲੀ :** ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ 23 ਜੂਨ ਨੂੰ ਪਟਨਾ 'ਚ ਗੈਰ-ਭਾਜਪਾ ਪਾਰਟੀਆਂ ਦੀ ਮੀਟਿੰਗ ਤੋਂ ਪਹਿਲਾਂ ਕੌਮੀ ਰਾਜਧਾਨੀ 'ਚ ਪ੍ਰਸ਼ਾਸਨਕ ਸੇਵਾਵਾਂ ਨੂੰ ਕੰਟਰੋਲ ਕਰਨ ਬਾਰੇ ਕੇਂਦਰ ਦੇ ਆਰਡੀਨੈਂਸ 'ਤੇ ਚਰਚਾ ਕਰਨ ਲਈ ਵਿਰੋਧੀ ਪਾਰਟੀਆਂ ਨੂੰ ਪੱਤਰ ਭੇਜਿਆ ਹੈ। ਕੇਜਰੀਵਾਲ ਨੇ ਕਿਹਾ ਕਿ ਜੋ ਅੱਜ ਦਿੱਲੀ 'ਚ ਹੋ ਰਿਹਾ ਹੈ, ਕੱਲ੍ਹ ਦੂਜੇ ਰਾਜਾਂ 'ਚ ਵੀ ਹੋ ਸਕਦਾ ਹੈ। ਬਿਹਾਰ ਦੇ ਮੁੱਖ ਮੰਤਰੀ ਅਤੇ ਜਨਤਾ ਦਲ (ਯੂਨਾਈਟਿਡ) ਦੇ ਨੇਤਾ ਨਿਤੀਸ਼ ਕੁਮਾਰ ਨੇ 2024 ਦੀਆਂ ਲੋਕ ਸਭਾ ਚੋਣਾਂ 'ਚ ਭਾਜਪਾ ਨੂੰ ਟੱਕਰ ਦੇਣ ਲਈ ਸਾਂਝੀ ਰਣਨੀਤੀ ਬਣਾਉਣ ਲਈ ਸ਼ੁੱਕਰਵਾਰ ਨੂੰ ਵਿਰੋਧੀ ਪਾਰਟੀਆਂ ਦੀ ਬੈਠਕ ਸੱਦੀ ਹੈ। ਆਮ ਆਦਮੀ ਪਾਰਟੀ (ਆਪ) ਦੇ ਕੌਮੀ ਕਨਵੀਨਰ ਕੇਜਰੀਵਾਲ ਨੇ ਜ਼ੋਰ ਦੇ ਕੇ ਕਿਹਾ ਕਿ ਮੀਟਿੰਗ 'ਚ ਰਾਜ ਸਭਾ 'ਚ ਕੇਂਦਰ ਦੇ ਆਰਡੀਨੈਂਸ ਨੂੰ ਪਾਸ ਨਾ ਹੋਣ ਦੇਣ ਬਾਰੇ ਪਹਿਲ ਦੇ ਆਧਾਰ 'ਤੇ ਚਰਚਾ ਹੋਣੀ ਚਾਹੀਦੀ ਹੈ।

# ਅਮਰੂਦ ਬਾਗਾਂ ਦੇ ਸਕੈਂਡਲ 'ਚ 17ਵੀਂ ਗ੍ਰਿਫਤਾਰੀ

**ਚੰਡੀਗੜ੍ਹ (ਗੁਰਜੀਤ ਬਿੱਲਾ)**-ਪੰਜਾਬ ਵਿਜੀਲੈਂਸ ਬਿਊਰੋ ਨੇ ਅਮਰੂਦਾਂ ਦੇ ਬਾਗਾਂ ਦੇ ਮੁਆਵਜ਼ੇ 'ਚ ਕਥਿਤ ਘਪਲੇ ਸੰਬੰਧੀ ਬੁੱਧਵਾਰ ਬਾਗਬਾਨੀ ਵਿਕਾਸ ਅਫਸਰ (ਐੱਚ ਡੀ ਓ) ਖਰੜ ਵੈਸ਼ਾਲੀ ਨੂੰ ਗ੍ਰਿਫਤਾਰ ਕਰ ਲਿਆ। ਇਸ ਬਹੁ-ਕਰੋੜੀ ਘਪਲੇ 'ਚ ਇਹ 17ਵੀਂ ਗ੍ਰਿਫਤਾਰੀ ਹੈ। ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਗ੍ਰੇਟਰ ਮੁਹਾਲੀ ਏਰੀਆ ਡਿਵੈੱਲਪਮੈਂਟ ਅਥਾਰਟੀ (ਗਮਾਡਾ) ਵੱਲੋਂ ਏਅਰਪੋਰਟ ਰੋਡ ਮੁਹਾਲੀ ਨੇੜੇ ਐਰੋਟ੍ਰੋਪੋਲਿਸ ਪ੍ਰਾਜੈਕਟ ਲਈ ਜ਼ਮੀਨ ਐਕੁਆਇਰ ਕੀਤੀ ਗਈ ਸੀ। ਜ਼ਮੀਨ ਦਾ ਮੁਆਵਜ਼ਾ ਗਮਾਡਾ ਦੀ ਲੈਂਡ ਪੂਲਿੰਗ ਨੀਤੀ ਅਨੁਸਾਰ ਦਿਤਿਾ ਜਾਣਾ ਸੀ। ਜ਼ਮੀਨ 'ਚ ਲੱਗੇ ਫਲਾਂ/ਅਮਰੂਦ ਦੇ ਦਰੱਖਤਾਂ ਦੀ ਕੀਮਤ ਜ਼ਮੀਨ ਦੀ ਕੀਮਤ ਤੋਂ ਵੱਖਰੇ ਤੌਰ ਉਤੇ ਅਦਾ ਕੀਤੀ ਜਾਣੀ ਸੀ ਅਤੇ ਫਲਦਾਰ ਰੁੱਖਾਂ ਦੀ ਕੀਮਤ ਬਾਗਬਾਨੀ ਵਿਭਾਗ ਵੱਲੋਂ ਨਿਰਧਾਰਤ ਕੀਤੀ ਜਾਣੀ ਸੀ। ਜ਼ਮੀਨ ਗ੍ਰਹਿਣ ਕੁਲੈਕਟਰ (ਐੱਲ ਏ ਸੀ) ਗਮਾਡਾ ਨੇ ਫਲਦਾਰ ਰੁੱਖਾਂ ਵਾਲੀ ਜ਼ਮੀਨ ਦੀ ਸਰਵੇਖਣ ਸੂਚੀ ਡਾਇਰੈਕਟਰ ਬਾਗਬਾਨੀ ਨੂੰ ਭੇਜ ਕੇ ਦਰੱਖਤਾਂ ਦੀ ਮੁਲਾਂਕਣ ਰਿਪੋਰਟ ਤਿਆਰ ਕਰਨ ਦੀ ਬੇਨਤੀ ਕੀਤੀ। ਬੁਲਾਰੇ ਨੇ ਅੱਗੇ ਦੱਸਿਆ ਕਿ ਸਭ ਤੋਂ ਪਹਿਲਾਂ 'ਪਾਕੇਟ ਏ' (ਪਿੰਡ ਬਾਕਰਪੁਰ) ਦੇ ਮੁਲਾਂਕਣ ਦਾ ਕੰਮ ਡਿਪਟੀ ਡਾਇਰੈਕਟਰ, ਮੁਹਾਲੀ ਵੱਲੋਂ ਜਸਪ੍ਰੀਤ ਸਿੰਘ ਸਿੱਧੂ, ਐੱਚ ਡੀ ਓ ਡੇਰਾਬੱਸੀ ਨੂੰ ਸੌਂਪਿਆ ਗਿਆ, ਜਦੋਂਕਿ ਇਹ ਖੇਤਰ ਐੱਚ ਡੀ ਓ ਖਰੜ ਵੈਸ਼ਾਲੀ ਦੇ ਅਧਿਕਾਰ ਖੇਤਰ 'ਚ ਆਉਂਦਾ ਸੀ। ਜਸਪ੍ਰੀਤ ਸਿੱਧੂ ਨੇ ਆਪਣੀ ਰਿਪੋਰਟ 'ਚ ਸ਼੍ਰੇਣੀ 1 ਅਤੇ 2 ਦੇ 2500 ਪੌਦੇ ਪ੍ਰਤੀ ਏਕੜ ਦੇ ਹਿਸਾਬ ਨਾਲ ਦਿਖਾਏ। ਇਸ ਅਨੁਸਾਰ ਅਦਾਇਗੀਆਂ ਜਾਰੀ ਕਰਨ ਲਈ ਇਹ ਰਿਪੋਰਟ ਅੱਗੇ ਐੱਲ ਏ ਸੀ ਗਮਾਡਾ ਨੂੰ ਭੇਜੀ ਗਈ। ਫਿਰ ਜ਼ਮੀਨ ਦੇ ਕੁਝ ਮਾਲਕਾਂ ਨੇ ਅਰਜ਼ੀਆਂ ਦਾਇਰ ਕੀਤੀਆਂ ਕਿ ਉਨ੍ਹਾਂ ਦੇ ਪੌਦਿਆਂ ਦਾ ਸਹੀ ਮੁਲਾਂਕਣ ਨਹੀਂ ਕੀਤਾ ਗਿਆ ਅਤੇ ਉਨ੍ਹਾਂ ਨੇ ਵੱਧ ਮੁਆਵਜ਼ੇ ਦਾ ਦਾਅਵਾ ਕੀਤਾ। ਇਨ੍ਹਾਂ ਅਰਜ਼ੀਆਂ ਦੇ ਆਧਾਰ 'ਤੇ ਡਾਇਰੈਕਟਰ ਬਾਗਬਾਨੀ ਨੇ ਇਸ ਰਿਪੋਰਟ ਦੀ ਤਸਦੀਕ ਲਈ ਸੂਬਾ ਪੱਧਰੀ ਕਮੇਟੀ ਦਾ ਗਠਨ ਕੀਤਾ, ਜਿਸ 'ਚ ਦੋ ਸਹਾਇਕ ਡਾਇਰੈਕਟਰ ਅਤੇ ਦੋ ਐੱਚ ਡੀ ਓ ਨੂੰ ਸ਼ਾਮਲ ਕੀਤਾ ਗਿਆ। ਇਸ ਕਮੇਟੀ ਨੇ ਪੌਦਿਆਂ ਦੀ ਸਥਿਤੀ ਅਤੇ ਝਾੜ ਦੇ ਹਿਸਾਬ ਨਾਲ ਮੁੜ ਮੁਲਾਂਕਣ ਕਰਨ ਦਾ ਸੁਝਾਅ ਦਿੱਤਾ। ਇਸ ਤੋਂ ਬਾਅਦ 'ਪਾਕੇਟ ਏ' ਦੇ ਮੁਲਾਂਕਣ ਦਾ ਕੰਮ ਐੱਚ ਡੀ ਓ ਖਰੜ ਵੈਸ਼ਾਲੀ ਨੂੰ ਦਿੱਤਾ ਗਿਆ, ਜਿਸਨੇ ਆਪਣੀ ਰਿਪੋਰਟ ਪੇਸ਼ ਕੀਤੀ, ਜੋ ਲਗਪਗ ਪਹਿਲੀ ਰਿਪੋਰਟ ਨਾਲ ਹੀ ਮਿਲਦੀ-ਜੁਲਦੀ ਸੀ, ਜਿਸ 'ਚ ਜ਼ਿਆਦਾਤਰ ਪੌਦਿਆਂ ਨੂੰ ਫਲ ਦੇਣ ਲਈ ਤਿਆਰ (4-5 ਸਾਲ ਦੀ ਉਮਰ) ਹੋਣ ਦੇ ਰੂਪ 'ਚ ਦਿਖਾਇਆ ਗਿਆ ਤਾਂ ਜੋ ਲਾਭਪਾਤਰੀਆਂ ਨੂੰ ਵੱਧ ਤੋਂ ਵੱਧ ਮੁਆਵਜ਼ਾ ਦਿੱਤਾ ਜਾ ਸਕੇ। ਵੈਸ਼ਾਲੀ ਦੀ ਰਿਪੋਰਟ ਦੇ ਆਧਾਰ 'ਤੇ ਤਕਰੀਬਨ 145 ਕਰੋੜ ਰੁਪਏ ਮੁਆਵਜ਼ਾ ਜਾਰੀ ਕੀਤਾ ਗਿਆ।

ਇਸ ਮਾਮਲੇ 'ਚ ਐੱਫ ਆਈ ਆਰ ਦਰਜ ਹੋਣ ਤੋਂ ਬਾਅਦ ਵੈਸ਼ਾਲੀ ਫਰਾਰ ਹੋ ਗਈ ਅਤੇ ਸੈਸ਼ਨ ਕੋਰਟ ਮੁਹਾਲੀ ਨੇ ਉਸਦੀ ਅਗਾਊਂ ਜ਼ਮਾਨਤ ਖਾਰਜ ਕਰ ਦਿੱਤੀ। ਇਸ ਤੋਂ ਇਲਾਵਾ ਉਸ ਦੀ ਜ਼ਮਾਨਤ ਪਟੀਸ਼ਨ ਹਾਈ ਕੋਰਟ 'ਚ ਪੈਂਡਿੰਗ ਸੀ ਅਤੇ ਉਸ 'ਚ ਵੀ ਉਸ ਨੂੰ ਕੋਈ ਅੰਤਰਮ ਰਾਹਤ ਨਹੀਂ ਮਿਲੀ। ਬੁਲਾਰੇ ਨੇ ਦੱਸਿਆ ਕਿ ਇਸ ਮਾਮਲੇ 'ਚ ਬਾਗਬਾਨੀ ਵਿਭਾਗ ਦੇ ਹੋਰ ਅਧਿਕਾਰੀਆਂ ਦੀ ਭੂਮਿਕਾ ਦਾ ਪਤਾ ਲਗਾਉਣ ਲਈ ਅਗਲੇਰੀ ਜਾਂਚ ਜਾਰੀ ਹੈ।

## ਰਘਬੀਰ ਸਿੰਘ ਧੂਤ ਦਾ ਅੰਤਮ ਸੰਸਕਾਰ ਅੱਜ

**ਹੁਸ਼ਿਆਰਪੁਰ :** ਮਹਾਨ ਕਮਿਊਨਿਸਟ ਆਗੂ ਤੇ ਆਜ਼ਾਦੀ ਘੁਲਾਟੀਏ ਮਾਸਟਰ ਹਰੀ ਸਿੰਘ ਧੂਤ ਦੇ ਸਪੁੱਤਰ ਕਾਮਰੇਡ ਰਘਬੀਰ ਸਿੰਘ ਦਾ 19 ਜੂਨ ਨੂੰ ਦਿਹਾਂਤ ਹੋ ਗਿਆ।

ਰਘਬੀਰ ਸਿੰਘ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ ਦੇ ਮੈਂਬਰ ਸਨ। ਉਹ ਲੰਮਾ ਸਮਾਂ ਪਿੰਡ ਦੇ ਸਰਪੰਚ ਵੀ ਰਹੇ। ਉਨ੍ਹਾ ਦਾ ਅੰਤਮ ਸੰਸਕਾਰ 22 ਜੂਨ ਨੂੰ 1 ਵਜੇ ਪਿੰਡ ਧੂਤ ਕਲਾਂ ਵਿਖੇ ਕੀਤਾ ਜਾਵੇਗਾ।

## ਯੂਨੀਵਰਸਿਟੀਆਂ 'ਚ ਗਵਰਨਰ ਦੀ ਗੈਰ-ਜਮਹੂਰੀ ਦਖਲ ਅੰਦਾਜ਼ੀ ਬੰਦ ਕਰਨ ਦਾ ਸੀ ਪੀ ਆਈ ਵੱਲੋਂ ਸਵਾਗਤ

**ਚੰਡੀਗੜ੍ਹ :** ਸੀ ਪੀ ਆਈ ਦੀ ਪੰਜਾਬ ਕੌਂਸਲ ਨੇ ਪੰਜਾਬ ਅਸੰਬਲੀ ਵਲੋਂ ਸਿੱਖ ਗੁਰਦੁਆਰਾ ਸੋਧ ਬਿਲ-2023 ਦੇ ਪਾਸ ਕੀਤੇ ਜਾਣ ਦਾ ਜ਼ੋਰਦਾਰ ਵਿਰੋਧ ਕਰਦਿਆਂ ਇਸਨੂੰ ਧਾਰਮਕ ਮਸਲਿਆਂ ਵਿਚ ਦਖਲਅੰਦਾਜ਼ੀ ਅਤੇ ਸੰਵਿਧਾਨ ਦੇ ਸੈਕੂਲਰ ਢਾਂਚੇ 'ਤੇ ਹਮਲਾ ਕਰਾਰ ਦਿਤਾ ਹੈ। 20 ਜੂਨ ਨੂੰ ਸਾਥੀ ਲਖਬੀਰ ਸਿੰਘ ਨਿਜ਼ਾਮਪੁਰਾ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਵਿਚ ਇਕ ਮਤੇ ਰਾਹੀਂ ਕਿਹਾ ਗਿਆ ਕਿ ਪੰਜਾਬ ਸਰਕਾਰ ਸਸਤੀ ਸ਼ੋਹਰਤ ਲੈਣ ਲਈ ਖਾਹ-ਮਖਾਹ ਧਾਰਮਿਕ ਮਸਲਿਆਂ ਵਿਚ ਦਖਲ ਦੇ ਕੇ ਇਕ ਨਵਾਂ ਮਸਲਾ ਛੇੜ ਰਹੀ ਹੈ।

ਪਰੈਸ ਰੀਲੀਜ਼ ਰਾਹੀਂ ਪਾਰਟੀ ਦੇ ਸੂਬਾ ਸਕੱਤਰ ਸਾਥੀ ਬੰਤ ਸਿੰਘ ਬਰਾੜ ਨੇ ਦਸਿਆ ਕਿ ਸਿੱਖ ਗੁਰਦੁਆਰਾ ਐਕਟ 1925 ਰਾਹੀਂ ਸਥਾਪਤ ਕੀਤੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਇਕ ਜਮਹੂਰੀ ਸੰਸਥਾ ਹੈ ਜਿਸਨੇ ਧਰਮ ਪ੍ਰਚਾਰ ਅਤੇ ਹੋਰ ਧਾਰਮਕ ਮਸਲਿਆਂ ਬਾਰੇ ਫੈਸਲੇ ਲੈਣੇ ਹਨ ਤੇ ਇਕ ਸੈਕੂਲਰ ਸਟੇਟ ਦਾ ਕੋਈ ਕੰਮ ਨਹੀਂ ਕਿ ਉਹ ਬਿਨਾਂ ਵਜ੍ਹਾ ਆਪਣੀ ਟੰਗ ਅੜਾਵੇ। ਪੰਜਾਬ ਸਰਕਾਰ ਜੇਕਰ ਸਮਝਦੀ ਹੈ ਕਿ ਪ੍ਰਬੰਧਕ ਕਮੇਟੀ ਕਿਸੇ ਵਿਅਕਤੀ ਵਿਸ਼ੇਸ਼ ਜਾਂ ਪਰਿਵਾਰ ਦੇ ਹਿਤਾਂ ਦੀ ਪੂਰਤੀ ਕਰ ਰਹੀ ਹੈ ਤਾਂ ਉਸਨੂੰ ਕਮੇਟੀ ਨੂੰ ਸੁਝਾਅ ਦੇਣੇ ਚਾਹੀਦੇ ਹਨ। ਸਾਥੀ ਬਰਾੜ ਨੇ ਆਖਿਆ ਕਿ ਜੇਕਰ ਇਸ ਐਕਟ ਨੂੰ ਅਮਲ ਵਿਚ ਲਿਆਂਦਾ ਗਿਆ ਤਾਂ ਧਰਮਾਂ ਵਿਚ ਹਰ ਤਰ੍ਹਾਂ ਦੀ ਸਟੇਟ ਦਖਲਅੰਦਾਜ਼ੀ ਦੇ ਦਰਵਾਜ਼ੇ ਖੁੱਲ੍ਹ ਜਾਣਗੇ ਜਿਸਦੇ ਗੰਭੀਰ ਨਤੀਜੇ ਨਿਕਲ ਸਕਦੇ ਹਨ। ਉਨ੍ਹਾ ਕਿਹਾ ਕਿ ਸਰਕਾਰ ਨੂੰ ਇਸ ਬਿਲ ਨੂੰ ਤੁਰੰਤ ਵਾਪਸ ਲੈਣਾ ਚਾਹੀਦਾ ਹੈ।

ਸਟੇਟ ਕੌਂਸਲ ਨੇ ਪੰਜਾਬ ਪੁਲਸ ਐਕਟ ਵਿਚ ਸੋਧ, ਜਿਸ ਰਾਹੀਂ ਪੰਜਾਬ ਸਰਕਾਰ ਨੇ ਡੀ ਜੀ ਪੀ ਦੀ ਚੋਣ ਕਰਨ ਦਾ ਅਧਿਕਾਰ ਯੂ ਪੀ ਐਸ ਸੀ ਤੋਂ ਖੋਹ ਕੇ ਆਪਣੇ ਹੱਥਾਂ ਵਿਚ ਲੈ ਲਿਆ ਹੈ, ਦੀ ਵੀ ਸਖਤ ਸ਼ਬਦਾਂ ਵਿਚ ਨਿਖੇਧੀ ਕੀਤੀ ਹੈ। ਸਾਥੀ ਬਰਾੜ ਨੇ ਦੋਸ਼ ਲਾਇਆ ਕਿ ਇਸ ਕਾਨੂੰਨ ਰਾਹੀਂ ਪੰਜਾਬ ਸਰਕਾਰ ਸਿਰਫ ਆਪਣੀ ਮਰਜ਼ੀ ਦਾ ਡੀਜੀਪੀ ਲਾ ਸਕੇਗੀ। ਰਵਾਇਤ ਜਿਹੀ ਪੂਰੀ ਕਰਕੇ ਆਪਣੀ ਮਰਜ਼ੀ ਨਾਲ ਹੀ ਸਥਾਪਤ ਕੀਤੀ 7 ਮੈਂਬਰੀ ਕਮੇਟੀ ਰਾਹੀਂ ਚੁਣੇ ਗਏ ਡੀ ਜੀ ਪੀ ਨੂੰ ਸਰਕਾਰ ਪੂਰੀ ਤਰ੍ਹਾਂ ਆਪਣੀ ਕੱਠਪੁਤਲੀ ਬਣਾ ਕੇ ਵਰਤੇਗੀ। ਇਸ ਪ੍ਰਕਾਰ ਪਹਿਲਾਂ ਤੋਂ ਹੀ ਬਦਨਾਮ ਹੋ ਚੁਕੀ ਪੁਲਸ ਨੂੰ ਸਰਕਾਰ ਗੈਰ-ਜਮਹੂਰੀ ਤਰੀਕੇ ਨਾਲ ਵਿਰੋਧੀ ਸ਼ਕਤੀਆਂ ਨੂੰ ਦਬਾਉਣ ਅਤੇ ਝੂਠੇ ਕੇਸਾਂ ਵਿਚ ਫਸਾਉਣ ਲਈ ਵਰਤੇਗੀ। ਯੂਨੀਵਰਸਿਟੀਆਂ ਵਿਚ ਗਵਰਨਰ ਦੇ ਚਾਂਸਲਰ ਬਣਨ ਦੇ ਅਧਿਕਾਰਾਂ ਨੂੰ ਖਤਮ ਕਰਕੇ ਪੰਜਾਬ ਦੇ ਮੁਖ ਮੰਤਰੀ ਨੂੰ ਇਹ ਹੱਕ ਦੇਣ ਵਾਲੇ ਪਾਸ ਕੀਤੇ ਗਏ ਕਾਨੂੰਨ ਦੀ ਪੰਜਾਬ ਸੀ ਪੀ ਆਈ ਨੇ ਪੂਰਨ ਹਮਾਇਤ ਕੀਤੀ ਹੈ। ਸੀ ਪੀ ਆਈ ਮੁੱਢ ਤੋਂ ਹੀ ਗਵਰਨਰ ਦੇ ਦਖਲ ਦਾ ਵਿਰੋਧ ਕਰਦੀ ਰਹੀ ਹੈ। ਸਾਥੀ ਬੰਤ ਬਰਾੜ ਨੇ ਆਖਿਆ ਕਿ ਗਵਰਨਰ ਦੇ ਅਹੁਦੇ ਨੂੰ ਵਰਤਕੇ ਕੇਂਦਰ ਸਰਕਾਰਾਂ ਫੈਡਰਲ ਢਾਂਚੇ 'ਤੇ ਹਮਲੇ ਕਰਦੀਆਂ ਹਨ ਅਤੇ ਲੋਕਾਂ ਰਾਹੀਂ ਚੁਣੀਆਂ ਹੋਈਆਂ ਪ੍ਰਾਂਤਕ ਸਰਕਾਰਾਂ ਦੇ ਕੰਮਕਾਰਾਂ ਵਿਚ ਰੋੜੇ ਅਟਕਾਉਂਦੀਆਂ ਹਨ।

ਉਨ੍ਹਾ ਕਿਹਾ ਕਿ ਪੰਜਾਬ ਦੇ ਗਵਰਨਰ ਨੇ ਅੱਤ ਚੁੱਕੀ ਹੋਈ ਹੈ ਅਤੇ ਆਰ ਐਸ ਐਸ ਦੇ ਏਜੰਡੇ ਲਾਗੂ ਕਰਦਿਆਂ ਹੋਇਆਂ ਆਰ ਐਸ ਐਸ ਪੱਖੀ ਵਾਈਸ ਚਾਂਸਲਰ ਨਿਯੁਕਤ ਕਰਕੇ ਪੰਜਾਬ ਦੇ ਹਿਤਾਂ ਵਿਰੁਧ ਸੈਕੂਲਰ, ਫੈਡਰਲ ਢਾਂਚੇ ਲਈ ਖਤਰਾ ਬਣਿਆ ਹੋਇਆ ਹੈ। ਸਟੇਟ ਕੌਂਸਲ ਨੇ ਪੰਜਾਬ ਦੀ ਬੁਰੀ ਤਰ੍ਹਾਂ ਵਿਗੜ ਰਹੀ ਅਮਨ-ਕਾਨੂੰਨ ਦੀ ਹਾਲਤ 'ਤੇ ਗੰਭੀਰ ਚਿੰਤਾ ਪ੍ਰਗਟ ਕਰਦਿਆਂ ਕਿਹਾ ਹੈ ਕਿ ਗੈਂਗਸਟਰ, ਨਸ਼ਾ-ਮਾਫੀਆ, ਜ਼ਮੀਨ-ਮਾਫੀਆ, ਰੇਤ-ਬੱਜਰੀ ਅਤੇ ਲੁੱਟਾਂ-ਖੋਹਾਂ ਵਿਚ ਲਗਾਤਾਰ ਵਾਧਾ ਹੋ ਰਿਹਾ ਹੈ ਅਤੇ ਹਿੰਸਾ ਤੇ ਕਤਲਾਂ ਦੀਆਂ ਕਾਰਵਾਈਆਂ ਰੁਕ ਨਹੀਂ ਰਹੀਆਂ। ਵਿਦਿਆ, ਸਿਹਤ ਸੇਵਾਵਾਂ ਅਤੇ ਰੁਜ਼ਗਾਰ ਵਿਵਸਥਾ ਦਾ ਬੁਰਾ ਹਾਲ ਹੈ।

ਸਾਥੀ ਬਰਾੜ ਨੇ ਕਿਹਾ ਕਿ ਪਾਰਟੀ ਨੇ ਫੈਸਲਾ ਕੀਤਾ ਹੈ ਕਿ ਇਨ੍ਹ ਤਮਾਮ ਸੁਆਲਾਂ 'ਤੇ ਖੱਬੀਆਂ ਜਮਹੂਰੀ ਸ਼ਕਤੀਆਂ ਨਾਲ ਮਿਲਕੇ ਪੰਜਾਬ ਭਰ ਵਿਚ ਅੰਦੋਲਨ ਜਾਰੀ ਰੱਖੇ ਜਾਣਗੇ।

## ਯੋਗ ਦੇ ਪ੍ਰਚਾਰ 'ਚ ਨਹਿਰੂ ਦਾ ਅਹਿਮ ਯੋਗਦਾਨ : ਕਾਂਗਰਸ

**ਨਵੀਂ ਦਿੱਲੀ :** ਕਾਂਗਰਸ ਨੇ ਬੁੱਧਵਾਰ ਕਿਹਾ ਕਿ ਉਹ ਪਹਿਲੇ ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ ਸਨ, ਜਿਨ੍ਹਾ ਨੇ ਯੋਗ ਨੂੰ ਪ੍ਰਸਿੱਧ ਬਣਾਉਣ ਵਿਚ ਅਹਿਮ ਭੂਮਿਕਾ ਨਿਭਾਈ ਅਤੇ ਇਸ ਨੂੰ ਕੌਮੀ ਨੀਤੀ ਦਾ ਹਿਸਾ ਵੀ ਬਣਾਇਆ।



ਯੋਗ ਕਰਦੇ ਨਹਿਰੂ।

ਕਾਂਗਰਸ ਨੇ ਆਪਣੇ ਅਧਿਕਾਰਤ ਟਵਿੱਟਰ ਹੈਂਡਲ ਤੋਂ ਟਵੀਟ 'ਚ ਕਿਹਾ- ਕੌਮਾਂਤਰੀ ਯੋਗ ਦਿਵਸ 'ਤੇ ਅਸੀਂ ਪੰਡਿਤ ਨਹਿਰੂ ਦਾ ਧੰਨਵਾਦ ਕਰਦੇ ਹਾਂ, ਜਿਨ੍ਹਾ ਨੇ ਯੋਗ ਨੂੰ ਪ੍ਰਸਿੱਧ ਬਣਾਉਣ 'ਚ ਮਹੱਤਵਪੂਰਨ ਭੂਮਿਕਾ ਨਿਭਾਈ ਅਤੇ ਇਸ ਨੂੰ ਕੌਮੀ ਨੀਤੀ ਦਾ ਹਿੱਸਾ ਵੀ ਬਣਾਇਆ।

## ਮੁੰਬਈ 'ਚ ਈ ਡੀ ਦੀ ਕਈ ਥਾਈਂ ਛਾਪੇਮਾਰੀ

**ਨਵੀਂ ਦਿੱਲੀ :** ਐਨਫੋਰਸਮੈਂਟ ਡਾਇਰੈਕਟੋਰੇਟ (ਈ ਡੀ) ਨੇ 12,000 ਕਰੋੜ ਰੁਪਏ ਦੇ ਬ੍ਰਿਹਨਮੁੰਬਈ ਮਿਊਂਸੀਪਲ ਕਾਰਪੋਰੇਸ਼ਨ (ਬੀ ਐੱਮ ਸੀ) ਕੋਵਿਡ ਘਪਲੇ ਨਾਲ ਸੰਬੰਧਤ ਮਨੀ ਲਾਂਡਰਿੰਗ ਮਾਮਲੇ 'ਚ ਮੰਗਲਵਾਰ ਮੁੰਬਈ 'ਚ 15 ਤੋਂ ਜ਼ਿਆਦਾ ਥਾਵਾਂ 'ਤੇ ਛਾਪੇਮਾਰੀ ਕੀਤੀ। ਛਾਪਿਆਂ ਦੌਰਾਨ ਬੀ ਐੱਮ ਸੀ ਅਧਿਕਾਰੀਆਂ, ਸਪਲਾਇਰਾਂ ਅਤੇ ਹੋਰਾਂ ਨੂੰ ਨਿਸ਼ਾਨਾ ਬਣਾਇਆ ਗਿਆ। ਇਹ ਸਾਰੇ ਸ਼ਹਿਰ 'ਚ ਕੋਵਿਡ ਨਾਲ ਸੰਬੰਧਤ ਬੁਨਿਆਦੀ ਢਾਂਚਾ ਸਥਾਪਤ ਕਰਨ 'ਚ ਸ਼ਾਮਲ ਸਨ। ਇਸ ਤੋਂ ਪਹਿਲਾਂ ਇਸ ਮਾਮਲੇ 'ਚ ਈਡੀ ਵੱਲੋਂ ਕਥਿਤ ਦੋਸ਼ੀ ਇਕਬਾਲ ਚਾਹਲ ਤੋਂ ਪੁੱਛ-ਪੜਤਾਲ ਕੀਤੀ ਗਈ ਸੀ।

ਸੂਤਰ ਨੇ ਕਿਹਾ-ਅਸੀਂ ਜਿਨ੍ਹਾਂ ਲੋਕਾਂ ਦੇ ਟਿਕਾਣਿਆਂ 'ਤੇ ਛਾਪੇਮਾਰੀ ਕਰ ਰਹੇ ਹਾਂ, ਉਨ੍ਹਾਂ 'ਚ ਊਧਵ ਠਾਕਰੇ ਦੇ ਨਜ਼ਦੀਕੀ ਆਈ ਏ ਐੱਸ ਅਧਿਕਾਰੀ ਵੀ ਸ਼ਾਮਲ ਹਨ। ਦੋ ਦਿਨ ਪਹਿਲਾਂ ਮਹਾਰਾਸ਼ਟਰ ਦੇ ਮੁੱਖ ਮੰਤਰੀ ਏਕਨਾਥ ਸ਼ਿੰਦੇ ਨੇ ਇਸ ਘਪਲੇ ਦੀ ਜਾਂਚ ਲਈ ਵਿਸ਼ੇਸ਼ ਜਾਂਚ ਟੀਮ ਕਾਇਮ ਕੀਤੀ ਸੀ। ਪਿਛਲੇ ਸਾਲ ਕੰਪਟਰੋਲਰ ਅਤੇ ਆਡੀਟਰ ਜਨਰਲ (ਕੈਗ) ਨੇ ਵਿਸ਼ੇਸ਼ ਜਾਂਚ ਕੀਤੀ ਸੀ ਅਤੇ ਨਗਰ ਨਿਗਮ ਦੇ ਖਰਚਿਆਂ 'ਚ 12,024 ਕਰੋੜ ਰੁਪਏ ਦੇ ਕਥਿਤ ਗਬਨ ਦਾ ਪਰਦਾਫਾਸ਼ ਕੀਤਾ ਸੀ।

## ਭਾਈ ਮੰਡ ਵੱਲੋਂ ਮੁੱਖ ਮੰਤਰੀ ਤਲਬ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)** ਹਰਿਮੰਦਰ ਸਾਹਿਬ ਤੋਂ ਕੀਰਤਨ ਪ੍ਰਸਾਰਨ ਦੇ ਮਾਮਲੇ ਵਿਚ ਪੰਜਾਬ ਸਰਕਾਰ ਵੱਲੋਂ ਵਿਧਾਨ ਸਭਾ 'ਚ ਗੁਰਦੁਆਰਾ ਸੋਧ ਬਿੱਲ-2023 ਪਾਸ ਕਰਨ 'ਤੇ ਅਕਾਲ ਤਖਤ ਦੇ ਮੁਤਵਾਜ਼ੀ ਕਾਰਜਕਾਰੀ ਜਥੇਦਾਰ ਭਾਈ ਧਿਆਨ ਸਿੰਘ ਮੰਡ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ 28 ਜੂਨ ਨੂੰ ਅਕਾਲ ਤਖਤ 'ਤੇ ਤਲਬ ਕਰਕੇ ਸਪੱਸ਼ਟੀਕਰਨ ਮੰਗਿਆ ਹੈ। ਅਕਾਲ ਤਖਤ ਦੇ ਸਕੱਤਰੇਤ ਦੇ ਸਾਹਮਣੇ ਮੀਡੀਆ ਨਾਲ ਗੱਲ ਕਰਦਿਆਂ ਭਾਈ ਮੰਡ ਨੇ ਆਖਿਆ ਕਿ ਕੀਰਤਨ ਪ੍ਰਸਾਰਨ ਮਾਮਲੇ 'ਚ ਮੁੱਖ ਮੰਤਰੀ ਨੇ ਸਿੱਖਾਂ ਦੇ ਧਾਰਮਿਕ ਮਾਮਲਿਆਂ 'ਚ ਸਰਕਾਰੀ ਦਖਲਅੰਦਾਜ਼ੀ ਕੀਤੀ ਹੈ, ਜੋ ਕਿ ਨਾਕਾਬਿਲੇ ਬਰਦਾਸ਼ਤ ਹੈ। ਇਸ ਨਾਲ ਸਿੱਖਾਂ ਦੇ ਹਿਰਦੇ ਵਲੂੰਧਰੇ ਗਏ ਹਨ। ਉਨ੍ਹਾ ਮੁੱਖ ਮੰਤਰੀ ਨੂੰ ਆਦੇਸ਼ ਦਿੱਤਾ ਹੈ ਕਿ ਉਹ 28 ਜੂਨ ਨੂੰ ਸਵੇਰੇ 11 ਵਜੇ ਅਕਾਲ ਤਖਤ 'ਤੇ ਨਿੱਜੀ ਤੌਰ 'ਤੇ ਪੇਸ਼ ਹੋ ਕੇ ਸਪੱਸ਼ਟੀਕਰਨ ਦੇਣ। ਉਹ ਦੱਸਣ ਕਿ ਉਨ੍ਹਾ ਨੇ ਸੂਬੇ ਦੇ ਸਿੱਖ ਮੁੱਖ ਮੰਤਰੀ ਹੁੰਦਿਆਂ ਅਜਿਹੀ ਅਵੱਗਿਆ ਕਿਉਂ ਕੀਤੀ ਹੈ।

ਸਪੱਸ਼ਟੀਕਰਨ ਦੇਣ ਦੇ ਮਾਮਲੇ 'ਚ ਕਿਸੇ ਵੀ ਤਰ੍ਹਾਂ ਦੀ ਅਣਗਹਿਲੀ ਜਾਂ ਬਹਾਨੇਬਾਜ਼ੀ ਇੱਕ ਹੋਰ ਅਵੱਗਿਆ ਸਮਝੀ ਜਾਵੇਗੀ। ਉਨ੍ਹਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੂੰ ਵੀ ਆਦੇਸ਼ ਦਿੱਤਾ ਹੈ ਕਿ ਉਹ ਕੌਮ ਦੇ ਸਾਹਮਣੇ ਸਪੱਸ਼ਟੀਕਰਨ ਦੇਣ ਕਿ ਸ਼੍ਰੋਮਣੀ ਕਮੇਟੀ ਹੁਣ ਤੱਕ ਆਪਣਾ ਨਿੱਜੀ ਚੈਨਲ ਸਥਾਪਤ ਕਿਉਂ ਨਹੀਂ ਕਰ ਸਕੀ ਅਤੇ ਕਿੰਨੇ ਸਮੇਂ 'ਚ ਸਥਾਪਤ ਕਰੇਗੀ।

## ਲਾਪਤਾ ਪਣਡੁੱਬੀ 'ਚੋਂ ਅਵਾਜ਼ਾਂ ਸੁਣੀਆਂ



**ਬੋਸਟਨ (ਅਮਰੀਕਾ) :** ਕੈਨੇਡਾ ਦੇ ਹਵਾਈ ਜਹਾਜ਼ ਨੇ ਐਤਵਾਰ ਤੋਂ ਲਾਪਤਾ ਪਣਡੁੱਬੀ ਦੀ ਭਾਲ ਦੌਰਾਨ ਅੰਧ ਮਹਾਸਾਗਰ ਦੇ ਇੱਕ ਦੂਰ-ਦੁਰਾਡੇ ਖੇਤਰ 'ਚ ਟਾਈਟੈਨਿਕ ਦੇ ਮਲਬੇ ਦੇ ਨੇੜੇ ਪਾਣੀ ਦੇ ਹੇਠਾਂ ਲਾਪਤਾ ਟਾਈਟਨ ਪਣਡੁੱਬੀ ਵਿਚੋਂ ਸੋਨਾਰ-ਬਾਇ ਦੀ ਮਦਦ ਨਾਲ ਆਵਾਜ਼ਾਂ ਸੁਣੀਆਂ ਹਨ। ਅਮਰੀਕੀ ਤੱਟ ਰੱਖਿਅਕਾਂ ਨੇ ਇਹ ਜਾਣਕਾਰੀ ਦਿੱਤੀ। ਪਣਡੁੱਬੀ ਵਿਚ ਪੰਜ ਵਿਅਕਤੀ ਸਵਾਰ ਹਨ। ਇਹ ਸਾਰੇ ਸਦੀ ਤੋਂ ਵੱਧ ਸਮਾਂ ਪਹਿਲਾਂ ਡੁੱਬਣ ਵਾਲੇ ਟਾਈਟੈਨਿਕ ਦੇ ਮਲਬੇ ਨੂੰ ਦੇਖਣ ਲਈ ਨਿਕਲੇ ਸਨ। ਯੂ ਐਸ ਕੋਸਟ ਗਾਰਡ ਦੇ ਅਨੁਸਾਰ ਕੈਨੇਡੀਅਨ ਪੀ-3 ਹਵਾਈ ਜਹਾਜ਼ ਵੱਲੋਂ ਆਵਾਜ਼ ਦਾ ਪਤਾ ਲੱਗਣ ਤੋਂ ਬਾਅਦ ਖੋਜ ਮੁਹਿੰਮ ਦੀ ਥਾਂ ਬਦਲੀ ਗਈ ਹੈ।

ਬੀ ਬੀ ਸੀ ਮੁਤਾਬਕ ਪਣਡੁੱਬੀ ਵਿਚ 36 ਘੰਟਿਆਂ ਦੀ ਹੀ ਆਕਸੀਜਨ ਬਚੀ ਹੈ। ਪਣਡੁੱਬੀ ਵਿਚ ਬਰਤਾਨਵੀ ਅਰਬਪਤੀ ਹੈਮਿਸ਼ ਹਾਰਡਿੰਗ ਵੀ ਮੌਜੂਦ ਹੈ, ਜਿਸਨੇ ਭਾਰਤ ਵਿਚ ਚੀਤਾ ਲਿਆਉਣ 'ਚ ਸਹਿਯੋਗ ਦਿੱਤਾ ਸੀ। ਉਸਤੋਂ ਇਲਾਵਾ ਫਰਾਂਸੀਸੀ ਡਾਈਵਰ ਪਾਲ ਹੈਨਰੀ, ਪਾਕਿਸਤਾਨੀ-ਬ੍ਰਿਟਿਸ਼ ਕਾਰੋਬਾਰੀ ਸ਼ਹਿਜ਼ਾਦਾ ਦਾਊਦ, ਉਸਦਾ ਬੇਟਾ ਸੁਲੇਮਾਨ ਤੇ ਓਸ਼ਨਗੇਟ ਕੰਪਨੀ ਦਾ ਸੀ ਈ ਓ ਸਟਾਕਟਨ ਰੱਸ਼ ਵੀ ਮੌਜੂਦ ਹਨ। ਓਸ਼ਨਗੇਟ ਕੰਪਨੀ ਹੀ ਟਾਈਟਨ ਪਣਡੁੱਬੀ ਦੀ ਮਾਲਕ ਹੈ। ਟੂਰਿਸਟ ਪਣਡੁੱਬੀ ਅੰਧ ਮਹਾਸਾਗਰ ਵਿਚ 18 ਜੂਨ ਨੂੰ ਉਤਰਨ ਦੇ ਪੌਣੇ ਦੋ ਘੰਟਿਆਂ ਬਾਅਦ ਲਾਪਤਾ ਹੋ ਗਈ ਸੀ। ਅਮਰੀਕਾ ਤੇ ਕੈਨੇਡਾ ਦੀਆਂ ਟੀਮਾਂ ਕੇਪ ਕੌਡ ਤੋਂ ਕਰੀਬ 90 ਮੀਲ ਪੂਰਬ 'ਚ ਸਮੁੰਦਰ ਵਿਚ 7600 ਵਰਗ ਮੀਲ 'ਚ ਪਣਡੁੱਬੀ ਦੀ ਭਾਲ ਕਰ ਰਹੀਆਂ ਹਨ।

ਪਾਣੀ ਵਿਚ ਸੋਨਾਰ-ਬਾਇ ਵੀ ਛੱਡੇ ਗਏ ਹਨ, ਜਿਹੜੇ 13 ਹਜ਼ਾਰ ਫੁਟ ਦੀ ਡੂੰਘਾਈ ਤਕ ਮਾਨੀਟਰ ਕਰ ਸਕਦੇ ਹਨ। ਪਣਡੁੱਬੀ 22 ਫੁੱਟ ਲੰਮੀ ਤੇ 9.2 ਫੁੱਟ ਚੌੜੀ ਹੈ। ਕਾਰਬਨ ਫਾਈਬਰ ਦੀ ਪਣਡੁੱਬੀ ਨੂੰ ਟਾਈਟੈਨਿਕ ਦਾ ਮਲਬਾ ਦਿਖਾਉਣ ਲਈ ਵਰਤਿਆ ਜਾਂਦਾ ਹੈ ਤੇ ਪ੍ਰਤੀ ਵਿਅਕਤੀ ਫੀਸ ਦੋ ਕਰੋੜ ਰੁਪਏ ਹੈ।

## ਅੱਜ-ਨਾਮਾ

ਜਿਹੜਿਆਂ ਲੋਕਾਂ ਨੇ ਕਦੀ ਆ ਭੁੱਖ ਵੇਖੀ,
ਉਹੀ ਇਹ ਜਾਣਦੇ ਹੁੰਦੀ ਕੀ ਭੁੱਖ ਮੀਆਂ।
ਤਰਲਾ ਰੋਟੀ ਲਈ ਕਿਸੇ ਕੋਲ ਮਾਰਦਾ ਤਾਂ,
ਸ਼ਰਮ ਨਾਲ ਅੰਦਰਲਾ ਮਰੇ ਮਨੁੱਖ ਮੀਆਂ।
ਅੰਦਰੋ-ਅੰਦਰ ਉਹ ਸੁੱਕਦਾ ਜਾਏ ਏਦਾਂ,
ਪਾਣੀ ਬਗੈਰ ਜਿਉਂ ਸੁੱਕਦਾ ਰੁੱਖ ਮੀਆਂ।
ਆਪਣੀ ਭੁੱਖ ਤਾਂ ਬੰਦਾ ਫਿਰ ਜਰ ਸਕਦਾ,
ਝੱਲਣਾ ਮੁਸ਼ਕਲ ਔਲਾਦ ਦਾ ਦੁੱਖ ਮੀਆਂ।
ਜਿਨ੍ਹਾਂ ਕਦੀ ਨਹੀਂ ਜੀਵਨ ਵਿੱਚ ਭੁੱਖ ਦੇਖੀ,
ਸਮਝਦੇ ਭੁੱਖ ਆ ਫਿਲਮ ਦਾ ਸੀਨ ਮੀਆਂ।
ਸੋਚਣਾ ਫਰਜ਼ ਬੇਦਰਦਾਂ ਨਾ ਜਿਹੜਿਆਂ ਨੇ,
ਮੱਝ ਮੂਹਰੇ ਵਜਾਉਣੀ ਕਿਉਂ ਬੀਨ ਮੀਆਂ।

-ਤੀਸ ਮਾਰ ਖਾਂ

# ਮੁੱਖ ਮੰਤਰੀ ਵੱਲੋਂ ਜ਼ਿਲ੍ਹਾ ਲਾਇਬ੍ਰੇਰੀ ਸੰਗਰੂਰ ਵਾਸੀਆਂ ਨੂੰ ਸਮਰਪਤ

**ਸੰਗਰੂਰ (ਪ੍ਰਵੀਨ ਸਿੰਘ)** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਗਿਆਨ ਦੇ ਪਸਾਰ ਲਈ ਨਵੀਨੀਕਰਨ ਤੋਂ ਬਾਅਦ ਬਾਬਾ ਬੰਦਾ ਸਿੰਘ ਬਹਾਦਰ ਜ਼ਿਲ੍ਹਾ ਲਾਇਬ੍ਰੇਰੀ ਸੰਗਰੂਰ ਦੇ ਲੋਕਾਂ ਨੂੰ ਸਮਰਪਿਤ ਕੀਤੀ। ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਕੰਪਿਊਟਰ ਸੈਕਸ਼ਨ, ਏਅਰ ਕੰਡੀਸ਼ਨਿੰਗ, ਆਰ.ਓ. ਵਾਟਰ ਸਪਲਾਈ ਤੇ ਆਧੁਨਿਕ ਲੈਂਡ ਸਕੇਪਿੰਗ ਸਣੇ ਇਸ ਲਾਇਬ੍ਰੇਰੀ ਵਿੱਚ ਤਕਰੀਬਨ 250 ਵਿਦਿਆਰਥੀਆਂ ਦੇ ਬੈਠਣ ਦੀ ਵਿਵਸਥਾ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਆਧੁਨਿਕ ਸਹੂਲਤਾਂ ਵਾਲੀ ਇਸ ਲਾਇਬ੍ਰੇਰੀ ਨੂੰ 1.12 ਕਰੋੜ ਰੁਪਏ ਦੀ ਲਾਗਤ ਨਾਲ ਇਕ ਆਦਰਸ਼ ਲਾਇਬ੍ਰੇਰੀ ਵਜੋਂ ਸਥਾਪਤ ਕੀਤਾ ਗਿਆ ਹੈ। ਭਗਵੰਤ ਮਾਨ ਨੇ ਕਿਹਾ ਕਿ ਅਜਿਹੀਆਂ 28 ਹੋਰ ਲਾਇਬ੍ਰੇਰੀਆਂ ਇਕੱਲੇ ਸੰਗਰੂਰ ਜ਼ਿਲ੍ਹੇ ਵਿੱਚ ਬਣਾਈਆਂ ਜਾਣਗੀਆਂ ਤਾਂ ਜੋ ਜ਼ਿਲ੍ਹੇ ਵਿੱਚ ਗਿਆਨ ਦੇ ਪਸਾਰ ਦਾ ਲੋਕ ਲਹਿਰ ਵਿੱਚ ਵਟਣਾ ਯਕੀਨੀ ਬਣਾਇਆ ਜਾ ਸਕੇ। ਮੁੱਖ ਮੰਤਰੀ ਨੇ ਕਿਹਾ ਕਿ ਆਮ ਆਦਮੀ ਨੂੰ ਲਾਭ ਦੇਣ ਲਈ ਸੂਬੇ ਭਰ ਦੀਆਂ ਲਾਇਬ੍ਰੇਰੀਆਂ ਦਾ ਇਸੇ ਤਰਜ਼ ਉਤੇ ਨਵੀਨੀਕਰਨ ਕੀਤਾ ਜਾਵੇਗਾ। ਭਗਵੰਤ ਮਾਨ ਨੇ ਕਿਹਾ ਕਿ ਵਿਦਿਆਰਥੀਆਂ ਨੂੰ ਆਈ.ਏ.ਐੱਸ., ਪੀ.ਸੀ.ਐੱਸ. ਸਣੇ ਹੋਰ ਮੁਕਾਬਲੇ ਵਾਲੀਆਂ ਪ੍ਰੀਖਿਆਵਾਂ ਦੀ ਮੁਫ਼ਤ ਕੋਚਿੰਗ ਦੇਣ ਲਈ ਪੰਜਾਬ ਭਰ ਵਿੱਚ ਅੱਠ ਕੋਚਿੰਗ ਸੈਂਟਰ ਖੋਲ੍ਹੇ ਜਾਣਗੇ। ਉਨ੍ਹਾਂ ਉਮੀਦ ਜਤਾਈ ਕਿ ਇਹ ਸੈਂਟਰ ਯਕੀਨੀ ਬਣਾਉਣਗੇ ਕਿ ਪੰਜਾਬੀ ਵਿਦਿਆਰਥੀ ਇਨ੍ਹਾਂ ਮੁਕਾਬਲੇ ਵਾਲੀਆਂ ਪ੍ਰੀਖਿਆਵਾਂ ਵਿੱਚ ਪਾਸ ਕੇ ਹੋ ਕੇ ਪੂਰੇ ਉਤਸ਼ਾਹ ਨਾਲ ਦੇਸ਼ ਦੀ ਸੇਵਾ ਕਰਨ।



ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਨੇ ਆਪਣੇ ਸ਼ਾਸਨਕਾਲ ਦੇ ਇਕ ਸਾਲ ਦੇ ਅੰਦਰ ਸੂਬੇ ਦੇ ਨੌਜਵਾਨਾਂ ਨੂੰ 30,000 ਸਰਕਾਰੀ ਨੌਕਰੀਆਂ ਦਿੱਤੀਆਂ ਹਨ ਅਤੇ ਹੋਰ ਭਰਤੀ ਵੀ ਕੀਤੀ ਜਾ ਰਹੀ ਹੈ। ਉਨ੍ਹਾ ਕਿਹਾ ਕਿ ਸੂਬਾ ਸਰਕਾਰ ਨੌਜਵਾਨਾਂ ਨੂੰ ਨੌਕਰੀਆਂ ਦੇਣ ਦੇ ਕਾਰਜ ਨੂੰ ਪੜਾਅਵਾਰ ਢੰਗ ਨਾਲ ਪੂਰਾ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਸਮੁੱਚੀ ਭਰਤੀ ਪਾਰਦਰਸ਼ੀ ਅਤੇ ਮੈਰਿਟ ਦੇ ਆਧਾਰ ਉਤੇ ਕੀਤੀ ਗਈ ਹੈ।

ਭਗਵੰਤ ਮਾਨ ਨੇ ਕਿਹਾ ਕਿ ਸਮੁੱਚੀ ਭਰਤੀ ਪ੍ਰਕਿਰਿਆ ਦੌਰਾਨ ਢੁਕਵੀਂ ਵਿਧੀ ਅਪਣਾਈ ਗਈ, ਜਿਸ ਸਦਕਾ ਅਜੇ ਤੱਕ 30,000 ਨੌਕਰੀਆਂ ਵਿੱਚੋਂ ਇਕ ਨੌਕਰੀ ਨੂੰ ਅਦਾਲਤ ਵਿਚ ਚੁਣੌਤੀ ਨਹੀਂ ਮਿਲੀ। ਇਸ ਮੌਕੇ ਵਿਧਾਇਕ ਨਰਿੰਦਰ ਕੌਰ ਭਰਾਜ, ਚੇਅਰਮੈਨ ਪਨਸੀਡ ਮਹਿੰਦਰ ਸਿੰਘ ਸਿੱਧੂ, ਚੇਅਰਮੈਨ ਜ਼ਿਲ੍ਹਾ ਯੋਜਨਾ ਕਮੇਟੀ ਗੁਰਮੇਲ ਸਿੰਘ ਘਰਾਚੋਂ ਸਮੇਤ ਹੋਰ ਸ਼ਖਸੀਅਤਾਂ ਹਾਜ਼ਰ ਸਨ।

## ਸਫ਼ਾਈ ਮਜ਼ਦੂਰ ਯੂਨੀਅਨ ਦੇ ਕ੍ਰਿਸ਼ਨ ਸਿੰਘ ਪ੍ਰਧਾਨ ਤੇ ਸੁਰੇਸ਼ ਕੁਮਾਰ ਚੇਅਰਮੈਨ ਚੁਣੇ



**ਲਹਿਰਾਗਾਗਾ (ਪਵਨ)**-ਸਫ਼ਾਈ ਮਜ਼ਦੂਰ ਯੂਨੀਅਨ ਦੇ ਅਹੁਦੇਦਾਰਾਂ ਦੀ ਸਾਲਾਨਾ ਚੋਣ ਕਰਨ ਅਤੇ ਸਫ਼ਾਈ ਸੇਵਕਾਂ ਦੀਆਂ ਮੰਗਾਂ ਤੇ ਮੁਸ਼ਕਲਾਂ 'ਤੇ ਵਿਚਾਰ ਵਟਾਂਦਰਾ ਕਰਨ ਲਈ ਸਫ਼ਾਈ ਸੇਵਕਾਂ ਦੀ ਬੈਠਕ ਪੰਜਾਬ ਸਫ਼ਾਈ ਕ੍ਰਮਚਾਰੀ ਅਤੇ ਸੀਵਰਮੈਨ ਯੂਨੀਅਨ ਵਰਲਡ ਪੰਜਾਬ ਦੇ ਸਰਪ੍ਰਸਤ ਦੁਲੀਆਂ ਰਾਮ ਅਤੇ ਵਾਈਸ ਪ੍ਰਧਾਨ ਸੰਦੀਪ ਬਾਲੀ ਦੀ ਰਹਿਨੁਮਾਈ ਹੇਠ ਹੋਈ, ਜਿਸ ਵਿਚ ਸਫ਼ਾਈ ਸੇਵਕਾਂ ਦੀਆਂ ਮੁਸ਼ਕਲਾਂ ਤੇ ਮੰਗਾਂ 'ਤੇ ਵਿਚਾਰ ਵਟਾਂਦਰਾ ਕਰਨ ਉਪਰੰਤ ਅਹੁਦੇਦਾਰਾਂ ਦੀ ਸਰਬਸੰਮਤੀ ਨਾਲ ਚੋਣ ਕੀਤੀ ਗਈ, ਜਿਸ ਵਿੱਚ ਕ੍ਰਿਸ਼ਨ ਸਿੰਘ ਪ੍ਰਧਾਨ, ਸੁਰੇਸ਼ ਕੁਮਾਰ ਚੇਅਰਮੈਨ, ਮਲਕਾ ਰਾਣੀ ਵਾਈਸ ਪ੍ਰਧਾਨ, ਸਨੀ ਜ. ਸਕੱਤਰ, ਖ਼ਜ਼ਾਨਚੀ ਧਰਮ ਸਿੰਘ, ਸੀ. ਮੀਤ ਪ੍ਰਧਾਨ ਨੀਲਮਾ ਰਾਣੀ, ਮੁੱਖ ਬੁਲਾਰੇ ਕਰਮ ਸਿੰਘ, ਸਹਾਇਕ ਜਨਰਲ ਸਕੱਤਰ ਸੁੰਦਰ ਦਾਸ, ਸਲਾਹਕਾਰ ਰਜਿੰਦਰ ਕੌਰ ਤੇ ਪ੍ਰੈਸ ਸਕੱਤਰ ਜਸਵੰਤ ਸਿੰਘ ਚੁਣੇ ਗਏ। ਨਵਨਿਯੁਕਤ ਅਹੁਦੇਦਾਰਾਂ ਨੇ ਕਿਹਾ ਕਿ ਉਹ ਸਫ਼ਾਈ ਸੇਵਕਾਂ ਦੇ ਹਿੱਤਾਂ ਦੀ ਰਾਖੀ ਲਈ ਕੋਈ ਵੀ ਸੰਘਰਸ਼ ਕਰਨ ਤੋਂ ਗੁਰੇਜ਼ ਨਹੀਂ ਕਰਨਗੇ, ਉੱਥੇ ਹੀ ਸਫ਼ਾਈ ਸੇਵਕਾਂ ਵੱਲੋਂ ਸੌਂਪੀ ਗਈ ਜ਼ਿੰਮੇਵਾਰੀ ਨੂੰ ਪੂਰੀ ਇਮਾਨਦਾਰੀ ਨਾਲ ਨਿਭਾਉਣਗੇ। ਦੂਜੇ ਪਾਸੇ ਪੰਜਾਬ ਸਫ਼ਾਈ ਕ੍ਰਮਚਾਰੀ ਅਤੇ ਸੀਵਰਮੈਨ ਯੂਨੀਅਨ ਪੰਜਾਬ ਦੇ ਸਰਪ੍ਰਸਤ ਦੁਲੀਆਂ ਰਾਮ ਨੇ ਸਮੂਹ ਸਫਾਈ ਸੇਵਕਾਂ ਨੂੰ ਕਿਹਾ ਕਿ ਉਹ ਆਪਣੇ ਨਿੱਜੀ ਮੁਫ਼ਾਦਾਂ ਤੋਂ ਉਪਰ ਉੱਠ ਕੇ ਸਫ਼ਾਈ ਸੇਵਕਾਂ ਦੇ ਹਿੱਤਾਂ ਦੀ ਰਾਖੀ ਲਈ ਯੂਨੀਅਨ ਦੇ ਝੰਡੇ ਹੇਠ ਇਕੱਠੇ ਹੋਣ।

## ਸੱਦੋਪੁਰ ਦੀ ਟੀਮ ਨੇ ਤਲਵੰਡੀ ਖੁਰਦ ਨੂੰ ਹਰਾ ਕੇ ਪਹਿਲਾ ਇਨਾਮ ਜਿੱਤਿਆ



**ਮਹਿਲ ਕਲਾਂ (ਬਲਵਿੰਦਰ ਵਜੀਦਕੇ)**-ਬਾਬਾ ਭਗਤ ਰਾਮ ਕ੍ਰਿਕਟ ਕਲੱਬ ਪਿੰਡ ਹਮੀਦੀ ਵੱਲੋਂ ਸਮਾਜ ਸੇਵੀ ਜਸ਼ਨ ਕਨੇਡਾ, ਸ਼ੈਰੀ ਪੰਜਾਬ ਪੁਲਸ, ਹਰਬੰਸ ਸਿੰਘ ਥਿੰਦ ਤੇ ਕੁਲਵਿੰਦਰ ਸਿੰਘ ਦੇ ਉਪਰਾਲੇ ਸਦਕਾ 7ਵਾਂ ਸ਼ਾਨਦਾਰ ਅੰਡਰ 17 ਖੇਡ ਮੇਲਾ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਪਿੰਡ ਹਮੀਦੀ ਦੇ ਖੇਡ ਸਟੇਡੀਅਮ ਵਿਖੇ ਕਰਾਇਆ ਗਿਆ। ਖੇਡ ਮੇਲੇ ਦਾ ਉਦਘਾਟਨ ਕਲੱਬ ਦੇ ਪ੍ਰਬੰਧਕਾਂ ਵੱਲੋਂ ਸਾਂਝੇ ਤੌਰ 'ਤੇ ਕੀਤਾ ਗਿਆ। ਇਸ ਮੌਕੇ ਮੁੱਖ ਮਹਿਮਾਨ ਵਜੋਂ ਪੁੱਜੇ ਸ਼੍ਰੋਮਣੀ ਅਕਾਲੀ ਦਲ ਬਾਦਲ ਦੀ ਹਲਕਾ ਮਹਿਲ ਕਲਾਂ ਦੇ ਇੰਚਾਰਜ ਭਾਈ ਨਾਥ ਸਿੰਘ ਹਮੀਦੀ ਨੇ ਸ਼ਮੂਲੀਅਤ ਕੀਤੀ। ਉਨ੍ਹਾਂ ਇਸ ਮੌਕੇ ਪ੍ਰਬੰਧਕਾਂ ਨੂੰ ਖੇਡ ਮੇਲੇ ਦੀ ਵਧਾਈ ਦਿੰਦਿਆਂ ਕਿਹਾ ਕਿ ਖੇਡਾਂ ਸਾਡੇ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰੱਖਣ ਵਿੱਚ ਸਹਾਈ ਹੁੰਦੀਆਂ ਹਨ। ਖੇਡ ਮੇਲੇ ਦੌਰਾਨ ਕੁੱਲ 28 ਟੀਮਾਂ ਨੇ ਭਾਗ ਲਿਆ। ਫਾਈਨਲ ਮੁਕਾਬਲਿਆਂ ਵਿੱਚੋਂ ਸੱਦੋਪੁਰ ਦੀ ਟੀਮ ਨੇ ਪਹਿਲਾ ਅਤੇ ਤਲਵੰਡੀ ਖੁਰਦ ਨੇ ਦੂਜਾ ਸਥਾਨ ਪ੍ਰਾਪਤ ਕੀਤਾ, ਜਦਕਿ ਬੈਸਟ ਬੱਲੇਬਾਜ਼ ਹਰੀ ਸਿੰਘ ਸੱਦੋਪੁਰ ਅਤੇ ਬੈਸਟ ਬੌਲਰ ਧਰਮ ਜਲਾਲਦੀਵਾਲ ਰਹੇ। ਇਸ ਮੌਕੇ ਮੁੱਖ ਮਹਿਮਾਨ ਹਲਕਾ ਇੰਚਾਰਜ ਭਾਈ ਨਾਥ ਸਿੰਘ ਹਮੀਦੀ ਨੇ ਜੇਤੂ ਰਹਿਣ ਵਾਲੀਆਂ ਟੀਮਾਂ ਖਿਡਾਰੀਆਂ ਨੂੰ ਇਨਾਮਾਂ ਦੀ ਵੰਡ ਤੇ ਮੈਨ ਆਫ਼ ਟੂਰਨਾਮੈਂਟ ਗੁਰੀ ਸੱਦੋਪੁਰ ਨੂੰ ਕੂਲਰ ਭੇਟ ਕੀਤੇ ਜਾਣ ਤੋਂ ਇਲਾਵਾ ਹੋਰ ਵੱਖ ਵੱਖ ਖਿਡਾਰੀਆਂ ਨੂੰ ਮੈਡਲ ਨਾਲ ਸਨਮਾਨ ਕੀਤਾ ਗਿਆ।

## ਹਿੰਦੂ ਏਕਤਾ ਮੰਚ ਨੇ ਐੱਸ ਡੀ ਐੱਮ ਨੂੰ ਦਿੱਤਾ ਮੈਮੋਰੈਂਡਮ



**ਜਗਰਾਓਂ (ਅਮਿਤ ਖੰਨਾ)**-ਹਿੰਦੂ ਏਕਤਾ ਮੰਚ ਜਗਰਾਉਂ ਸ੍ਰੀ ਕਾਲੀ ਮਾਤਾ ਮੰਦਰ ਪਟਿਆਲਾ ਦੇ ਮੌਜੂਦਾ ਅਹੁਦੇਦਾਰ ਵੱਲੋਂ ਐੱਸ ਡੀ ਐੱਮ ਮੈਡਮ ਮਨਜੀਤ ਕੌਰ ਤੇ ਤਹਿਸੀਲਦਾਰ ਮਨਮੋਹਨ ਕੌਸ਼ਿਕ ਨੂੰ ਮੈਮੋਰੈਂਡਮ ਦਿੰਦੇ ਹੋਏ ਕਿਹਾ ਕਿ ਲਾਲ ਪੈਲੇਸ ਸਿਨੇਮਾ ਜਗਰਾਉਂ, ਸਟਾਰ ਓਮ ਜੀ ਸਿਨੇਮਾ ਜਗਰਾਉਂ ਵਿੱਚ ਇੱਕ ਫਿਲਮ ਆਦੀਪੁਰਸ਼ ਚੱਲ ਰਹੀ ਹੈ, ਜੋ ਕਿ ਭਗਵਾਨ ਸ੍ਰੀ ਰਾਮ ਦੇ ਕਿਰਦਾਰ ਤੇ ਹਿੰਦੂ ਧਰਮ ਦੇ ਸਭ ਤੋਂ ਵੱਡ ਗਰੰਥ ਸ੍ਰੀ ਰਮਾਇਣ ਨਾਲ ਸਬੰਧਤ ਹੈ। ਇਸ ਫਿਲਮ ਵਿੱਚ ਸ੍ਰੀ ਰਮਾਇਣ ਦੇ ਖੇਤਰ ਨੂੰ ਗਲਤ ਢੰਗ ਨਾਲ ਤੋੜ ਮਰੋੜ ਕੇ ਪੇਸ਼ ਕੀਤਾ ਗਿਆ ਹੈ। ਇਸ ਫਿਲਮ ਵਿੱਚ ਕੁਝ ਡਾਇਲਾਗ ਗਲਤ ਢੰਗ ਨਾਲ ਦਰਸਾਏ ਗਏ ਹਨ, ਜੋ ਕਿ ਭਗਵਾਨ ਸ੍ਰੀ ਰਾਮ ਚੰਦਰ ਜੀ ਅਤੇ ਸ੍ਰੀ ਹਨੂੰਮਾਨ ਜੀ ਦੀ ਛਵੀ ਨੂੰ ਖਰਾਬ ਕਰਦੇ ਹਨ ਅਤੇ ਉਨ੍ਹਾਂ ਦੀ ਛਵੀ ਨੂੰ ਗਲਤ ਦਰਸਾ ਰਹੇ ਹਨ, ਜਿਸ ਕਰਕੇ ਸਮੂਹ ਹਿੰਦੂ ਧਰਮ ਪ੍ਰੇਮੀਆਂ ਦੀਆਂ ਭਾਵਨਾਵਾਂ ਨੂੰ ਠੇਸ ਪੁੱਜ ਰਹੀ ਹੈ। ਇਸ ਨੂੰ ਕਦੇ ਵੀ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ। ਉਕਤ ਦਰਜ ਦੋਹਾਂ ਪੈਲੇਸਾਂ ਵਿੱਚ ਉਪਰੋਕਤ ਦਰਜ ਫਿਲਮ ਨੂੰ ਜਲਦ ਤੋਂ ਜਲਦ ਬੰਦ ਕਰਵਾਇਆ ਜਾਵੇ। ਇਸ ਮੌਕੇ ਸੰਜੀਵ ਮਲਹੋਤਰਾ (ਰਿਪੀ), ਟੋਨੀ ਵਰਮਾ, ਅਸ਼ਵਨੀ ਕੁਮਾਰ (ਲਾਲਾ), ਨਾਹਰ, ਰਾਹੁਲ ਸ਼ਰਮਾ, ਰੋਹਿਤ ਸ਼ਰਮਾ, ਤਰੁਣ ਕੁਮਾਰ, ਸੋਨੂੰ ਜੈਨ, ਪ੍ਰਦੀਪ ਸ਼ਰਮਾ, ਤੁਸ਼ਾਰ ਗੋਇਲ, ਅਮਨ ਕੁਮਾਰ, ਅੰਕੁਸ਼ ਸਹਿਜਪਾਲ, ਚਰਨਜੀਤ ਆਦਿ ਹਾਜ਼ਰ ਸਨ।

## 28 ਤੱਕ ਮਨਾਇਆ ਜਾ ਰਿਹਾ ਵਿਸ਼ੇਸ਼ ਖੂਨਦਾਨ ਪੰਦਰਵਾੜਾ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਸਿਹਤ ਵਿਭਾਗ ਵੱਲੋਂ ਵਿਸ਼ਵ ਖੂਨ ਦਾਨ ਦਿਵਸ ਦੇ ਸਬੰਧ ਵਿਚ ਲੋਕਾਂ ਨੂੰ ਸਵੈ ਇੱਛੁਕ ਖੂਨਦਾਨ ਦੀ ਮਹੱਤਤਾ ਬਾਰੇ ਜਾਗਰੂਕ ਕਰਨ ਲਈ 14 ਤੋਂ 28 ਜੂਨ ਤੱਕ ਵਿਸ਼ੇਸ਼ ਪੰਦਰਵਾੜਾ ਮਨਾਇਆ ਜਾ ਰਿਹਾ ਹੈ। ਡਾ. ਰੰਜੂ ਸਿੰਗਲਾ ਸਿਵਲ ਸਰਜਨ ਨੇ ਦੱਸਿਆ ਕਿ ਸਿਹਤ ਵਿਭਾਗ ਦੇ ਸਟਾਫ਼ ਵੱਲੋਂ ਜ਼ਿਲ੍ਹੇ ਵਿੱਚ ਇਸ ਪੰਦਰਵਾੜੇ ਦੌਰਾਨ ਲੋਕਾਂ ਨੂੰ ਸਵੈ ਇੱਛੁਕ ਖੂਨਦਾਨ ਕਰਨ ਲਈ ਵੱਖ-ਵੱਖ ਸੈਮੀਨਾਰ ਅਤੇ ਮੀਟਿੰਗਾਂ ਕਰਕੇ ਜਾਗਰੂਕ ਕੀਤਾ ਜਾ ਰਿਹਾ ਹੈ ਅਤੇ ਖੂਨਦਾਨ ਦੀ ਮਹੱਤਤਾ ਬਾਰੇ ਵੀ ਦੱਸਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਇਸ ਪੰਦਰਵਾੜੇ ਦੌਰਾਨ 14 ਜੂਨ ਨੂੰ ਸਿਵਲ ਹਸਪਤਾਲ ਵਿਖੇ ਸਿਵਲ ਹਸਪਤਾਲ ਦੇ ਸਟਾਫ ਵੱਲੋਂ ਖੂਨਦਾਨ ਕੈਂਪ ਲਾਇਆ ਗਿਆ ਸੀ ਅਤੇ 23 ਜੂਨ 2023 ਨੂੰ ਦਫ਼ਤਰ ਸਿਵਲ ਸਰਜਨ ਵਿਖੇ ਸਿਵਲ ਸਰਜਨ ਦੇ ਦਫਤਰ ਦੇ ਸਟਾਫ਼ ਵੱਲੋਂ ਵਿਸ਼ੇਸ਼ ਖੂਨਦਾਨ ਕੈਂਪ ਲਾਇਆ ਜਾ ਰਿਹਾ ਹੈ। ਡਾ. ਰੰਜੂ ਸਿੰਗਲਾ ਸਿਵਲ ਸਰਜਨ ਵੱਲੋਂ ਦਫ਼ਤਰ ਸਿਵਲ ਸਰਜਨ ਵਿਖੇ 23 ਜੂਨ ਨੂੰ ਲਾਏ ਜਾ ਰਹੇ ਖੂਨਦਾਨ ਕੈਂਪ ਸਬੰਧੀ ਦਫ਼ਤਰ ਦੇ ਸਟਾਫ਼ ਨਾਲ ਵਿਸ਼ੇਸ਼ ਮੀਟਿੰਗ ਕੀਤੀ ਗਈ, ਜਿਸ ਦੌਰਾਨ ਸਮੂਹ ਸਟਾਫ਼ ਨੂੰ ਖੂਨਦਾਨ ਦੀ ਮਹੱਤਤਾ ਬਾਰੇ ਜਾਗਰੂਕ ਕੀਤਾ ਗਿਆ ਤੇ ਸਟਾਫ਼ ਵੱਲੋਂ ਇਸ ਕੈਂਪ ਦੌਰਾਨ ਵੱਧ ਤੋਂ ਵੱਧ ਸਹਿਯੋਗ ਦੇਣ ਅਤੇ ਸਵੈ ਇੱਛੁਕ ਖੂਨਦਾਨ ਕਰਨ ਲਈ ਸਹਿਮਤੀ ਪ੍ਰਗਟ ਕੀਤੀ। ਇਸ ਸਮੇਂ ਡਾ. ਪ੍ਰਭਜੀਤ ਸਿੰਘ ਸਹਾਇਕ ਸਿਵਲ ਸਰਜਨ ਨੇ ਦੱਸਿਆ ਕਿ ਸਿਹਤ ਵਿਭਾਗ ਵੱਲੋਂ ਜ਼ਿਲ੍ਹੇ ਦੀਆਂ ਵੱਖ-ਵੱਖ ਸਮਾਜਸੇਵੀ ਸੰਸਥਾਵਾਂ ਦੇ ਸਹਿਯੋਗ ਨਾਲ ਸਮੇਂ-ਸਮੇਂ 'ਤੇ ਲੋਕਾਂ ਨੂੰ ਖੂਨਦਾਨ ਦੀ ਮਹੱਤਤਾ ਬਾਰੇ ਜਾਗਰੂਕ ਕੀਤਾ ਜਾ ਰਿਹਾ ਹੈ ਅਤੇ ਲੋਕਾਂ ਨੂੰ ਖੂਨਦਾਨ ਕਰਨ ਲਈ ਪ੍ਰੇਰਿਤ ਕੀਤਾ ਜਾ ਰਿਹਾ ਹੈ।

## ਕੇਂਦਰੀ ਗ੍ਰਹਿ ਮੰਤਰੀ ਦੀ ਰੈਲੀ ਫ਼ਲਾਪ ਹੋਣਾ ਇਨਕਲਾਬ ਦਾ ਸੰਕੇਤ : ਡਾ. ਗੁਪਤਾ

**ਸਿਰਸਾ (ਸੁਰਿੰਦਰ ਪਾਲ ਸਿੰਘ)**-ਆਮ ਆਦਮੀ ਪਾਰਟੀ ਦੇ ਸੂਬਾ ਪ੍ਰਧਾਨ ਡਾ. ਸੁਸ਼ੀਲ ਗੁਪਤਾ ਨੇ ਕਿਹਾ ਕਿ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦੀ ਸਿਰਸਾ ਰੈਲੀ ਦਾ ਫਲਾਪ ਹੋਣਾ ਇਨਕਲਾਬ ਦਾ ਸੰਕੇਤ ਹੈ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੇ ਆਗੂਆਂ ਸਮੇਤ ਸਰਪੰਚਾਂ ਤੇ ਕਿਸਾਨਾਂ ਦੀ ਨਜ਼ਰਬੰਦੀ ਦੀ ਪਾਰਟੀ ਸਖ਼ਤ ਨਿਖੇਧੀ ਕਰਦੀ ਹੈ। ਗੁਪਤਾ ਨੇ ਕਿਹਾ ਕਿ ਸੱਤਾ ਦੇ ਨਸ਼ੇ ਵਿੱਚ ਚੂਰ ਹੋਈਆਂ ਕੇਂਦਰ ਤੇ ਹਰਿਆਣਾ ਦੀਆਂ ਸਰਕਾਰਾਂ ਤਾਨਾਸ਼ਾਹੀ 'ਤੇ ਉੱਤਰ ਆਈਆਂ ਹਨ। ਆਉਣ ਵਾਲੀਆਂ ਚੋਣਾਂ ਵਿੱਚ ਦੇਸ਼ ਅਤੇ ਸੂਬੇ ਦੇ ਲੋਕ ਭਾਜਪਾ ਨੂੰ ਸੱਤਾ ਤੋਂ ਲਾਂਭੇ ਕਰਨ ਲਈ ਕਾਹਲੇ ਹਨ। ਉਨ੍ਹਾਂ ਅਮਿਤ ਸ਼ਾਹ ਦੀ ਰੈਲੀ ਦਾ ਜ਼ਿਕਰ ਕਰਦਿਆਂ ਕਿਹਾ ਕਿ ਰੈਲੀ ਵਿੱਚ ਕੁਰਸੀਆਂ ਪੂਰੀਆਂ ਨਹੀਂ ਭਰੀਆਂ ਤੇ ਇਹ ਰੈਲੀ ਗੋਹਾਣਾ ਰੈਲੀ ਵਾਂਗ ਫ਼ਲਾਪ ਰਹੀ। ਸਿਰਸਾ ਦੇ ਲੋਕਾਂ ਨੇ ਵੱਖ-ਵੱਖ ਥਾਵਾਂ ਤੇ ਘਰਾਂ ਤੇ ਕਾਲੇ ਝੰਡੇ ਲਾ ਕੇ ਰੋਸ ਪ੍ਰਦਰਸ਼ਨ ਕੀਤਾ। ਦੂਜੇ ਪਾਸੇ ਗੰਗਾਨਗਰ 'ਚ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਰੈਲੀ ਪੂਰੀ ਸਫ਼ਲ ਸੀ। ਇਹ ਬਦਲਾਅ ਦੀ ਨਿਸ਼ਾਨੀ ਹੈ, ਕਿਉਂਕਿ ਭਾਜਪਾ ਹੁਣ ਦੇਸ਼ ਵਿੱਚੋਂ ਸੁੰਗੜ ਰਹੀ ਹੈ। ਉਨ੍ਹਾਂ ਕਿਹਾ ਕਿ ਖੱਟੜ ਸਰਕਾਰ ਵਿੱਚ ਜਨਤਾ ਨੂੰ ਸਿਰਫ਼ ਸੁਪਨੇ ਦਿਖਾਏ ਜਾਂਦੇ ਹਨ, ਕੋਈ ਕੰਮ ਨਹੀਂ ਹੁੰਦਾ। ਇਸ ਮੌਕੇ ਲੋਕ ਸਭਾ ਸਪੀਕਰ ਕੁਲਦੀਪ ਸਿੰਘ ਗੁਦਰਾਣਾ, ਲੋਕ ਸਭਾ ਸਕੱਤਰ ਵਰਿੰਦਰ ਕੁਮਾਰ, ਜ਼ਿਲ੍ਹਾ ਪ੍ਰਧਾਨ ਹੈਪੀ ਰਾਣੀਆ, ਦਾਰਾ ਸਿੰਘ ਦਮਦਮਾ, ਮਨੀਸ਼ ਮਹਿਤਾ, ਸਿਕੰਦਰ ਖੱਟੜ, ਜ਼ਿਲ੍ਹਾ ਕੌਂਸਲਰ ਬਰਾੜ, ਦਵਿੰਦਰ ਕੌਰ, ਦਰਸ਼ਨ ਕੌਰ, ਕਵਿਤਾ ਨਾਗਰ, ਮਹਿਲਾ ਸੂਬਾ ਸਕੱਤਰ ਪੂਨਮ ਗੋਦਾਰਾ, ਕੈਲਾਸ਼ ਕੰਬੋਜ ਸਮੇਤ ਪਾਰਟੀ ਵਰਕਰ ਹਾਜ਼ਰ ਸਨ।

# 30 ਤੱਕ ਨਜਾਇਜ਼ ਬਦਲੀਆਂ ਰੱਦ ਨਾ ਹੋਈਆਂ ਤਾਂ ਵਿਸ਼ਾਲ ਧਰਨਾ 6 ਜੁਲਾਈ ਨੂੰ



**ਮੋਗਾ (ਅਮਰਜੀਤ ਬੱਬਰੀ)**-ਸਿਹਤ ਵਿਭਾਗ ਪੰਜਾਬ ਦੀ ਸਿਰਮੌਰ ਜਥੇਬੰਦੀ ਮਲਟੀਪਰਪਜ਼ ਹੈਲਥ ਇੰਪਲਾਈਜ਼ ਯੂਨੀਅਨ ਪੰਜਾਬ ਆਪਣੇ ਕੇਡਰ ਦੀਆਂ ਮੰਗਾਂ ਮਨਵਾਉਣ ਲਈ ਲਗਾਤਾਰ ਯਤਨਸ਼ੀਲ ਹੈ। ਪਰ ਸਰਕਾਰ, ਨਿਰਦੇਸ਼ਕ ਸਿਹਤ ਅਤੇ ਪਰਵਾਰ ਭਲਾਈ ਅਤੇ ਸਿਹਤ ਸੇਵਾਵਾਂ (ਪ.ਭ.) ਵੱਲੋਂ ਲਗਾਤਾਰ ਇਨ੍ਹਾਂ ਮੰਗਾਂ ਦੀ ਅਣਦੇਖੀ ਕੀਤੀ ਜਾ ਰਹੀ ਹੈ, ਜਿਸ ਨੂੰ ਲੈ ਕੇ ਪੰਜਾਬ ਦੇ ਸਮੁੱਚੇ ਮਲਟੀਪਰਪਜ਼ ਕੇਡਰ ਵਿੱਚ ਭਾਰੀ ਨਿਰਾਸ਼ਾ ਪਾਈ ਜਾ ਰਹੀ ਹੈ। ਜਥੇਬੰਦੀ ਵੱਲੋਂ ਆਪਣੇ ਪਹਿਲਾਂ ਤੋਂ ਸੌਂਪੇ ਮੰਗ ਪੱਤਰ ਵਿੱਚ ਦਰਜ ਮੰਗਾਂ ਨੂੰ ਮਨਵਾਉਣ ਅਤੇ ਨਜਾਇਜ਼ ਤੌਰ 'ਤੇ ਕੀਤੀਆਂ ਬਦਲੀਆਂ ਨੂੰ ਰੱਦ ਕਰਵਾਉਣ ਲਈ ਦੋਹਾਂ ਸਿਹਤ ਨਿਰਦੇਸ਼ਕਾਂ ਨਾਲ ਉਨ੍ਹਾਂ ਦੇ ਚੰਡੀਗੜ੍ਹ ਸਥਿਤ ਦਫਤਰ ਵਿੱਚ ਮੀਟਿੰਗ ਕੀਤੀ ਗਈ, ਜਿਸ ਵਿੱਚ ਨਜਾਇਜ਼ ਬਦਲੀਆਂ ਅਤੇ ਲਟਕਦੀਆਂ ਮੰਗਾਂ ਨੂੰ ਲੈ ਕੇ ਕਾਫੀ ਗਹਿਮਾ ਗਹਿਮੀ ਹੋਈ। ਸਿਤਮ ਦੀ ਗੱਲ ਇਹ ਹੋਈ ਕਿ ਇਸ ਵਾਰ ਹੋਈਆਂ ਬਦਲੀਆਂ ਵਿੱਚ ਬਦਲੀ ਨਿਯਮਾਂ ਦੀਆਂ ਧੱਜੀਆਂ ਉਡਾਉਂਦਿਆਂ ਵੱਡੀ ਪੱਧਰ 'ਤੇ ਬਿਨਾਂ ਬੇਨਤੀ ਪੱਤਰ ਤੋਂ ਬਦਲੀਆਂ ਕਰ ਦਿੱਤੀਆਂ ਗਈਆਂ। ਜਦੋਂ ਦੋਵੇਂ ਨਿਰਦੇਸ਼ਕਾਂ ਨਾਲ ਜਥੇਬੰਦੀ ਨੇ ਗੱਲ ਕੀਤੀ ਤਾਂ ਬਦਲੀਆਂ 'ਤੇ ਦੋਵੇਂ ਨਿਰਦੇਸ਼ਕਾਂ ਨੇ ਦਸਤਖਤ ਹੋਣ ਦੇ ਬਾਵਜੂਦ ਉਹ ਆਪਣੀ ਜ਼ਿੰਮੇਵਾਰੀ ਤੋਂ ਭੱਜਦੇ ਨਜ਼ਰ ਆਏ। ਇਸ ਮੀਟਿੰਗ ਉਪਰੰਤ ਅੱਜ ਚੰਡੀਗੜ੍ਹ ਵਿਖੇ ਸੂਬਾ ਕਮੇਟੀ ਮੈਂਬਰਾਂ ਦੀ ਹੋਈ ਹੰਗਾਮੀ ਮੀਟਿੰਗ ਵਿੱਚ ਫੈਸਲਾ ਕਰਕੇ ਦੋਹਾਂ ਨਿਰਦੇਸ਼ਕਾਂ ਨੂੰ ਦਿੱਤੇ ਨੋਟਿਸ 'ਚ ਇਹ ਚੇਤਾਵਨੀ ਦਿੱਤੀ ਗਈ ਕਿ ਜੇਕਰ ਇਹ ਬਦਲੀਆਂ 30 ਜੂਨ ਤੱਕ ਰੱਦ ਨਾ ਕੀਤੀਆਂ ਗਈਆਂ ਅਤੇ ਜਥੇਬੰਦੀ ਦੀਆਂ ਲਟਕਦੀਆਂ ਮੰਗਾਂ ਦਾ ਨਿਪਟਾਰਾ ਨਾ ਕੀਤਾ ਗਿਆ ਤਾਂ 6 ਜੁਲਾਈ ਨੂੰ ਨਿਰਦੇਸ਼ਕ ਸਿਹਤ ਅਤੇ ਪਰਵਾਰ ਭਲਾਈ ਖਿਲਾਫ ਚੰਡੀਗੜ੍ਹ ਵਿਖੇ ਜਥੇਬੰਦੀ ਦੀ ਜਨਰਲ ਕੌਂਸਲ ਵੱਲੋਂ ਵਿਸ਼ਾਲ ਰੋਸ ਪ੍ਰਦਰਸ਼ਨ ਕੀਤਾ ਜਾਵੇਗਾ। ਇਸ ਤੋਂ ਪਹਿਲਾਂ 26 ਤੋਂ 30 ਜੂਨ ਤੱਕ ਸਮੂਹ ਜ਼ਿਲ੍ਹਿਆਂ ਦੇ ਐਕਸ਼ਨ ਕਰਕੇ ਇਸ ਸੰਬੰਧੀ ਸਿਵਲ ਸਰਜਨਾਂ ਰਾਹੀਂ ਮੰਗ ਪੱਤਰ ਸਿਹਤ ਨਿਰਦੇਸ਼ਕਾਂ ਨੂੰ ਭੇਜੇ ਜਾਣਗੇ। ਇਸ ਮੌਕੇ ਸੂਬਾ ਪ੍ਰਧਾਨ ਕੁਲਬੀਰ ਸਿੰਘ ਮੋਗਾ, ਸੂਬਾ ਜਨਰਲ ਸਕੱਤਰ ਜਸਵਿੰਦਰ ਸਿੰਘ ਅੰਮ੍ਰਿਤਸਰ, ਮੁੱਖ ਸਲਾਹਕਾਰ ਗੁਲਜਾਰ ਖਾਨ ਮਲੇਰਕੋਟਲਾ, ਸੂਬਾ ਕਮੇਟੀ ਮੈਂਬਰ ਜਗਤਾਰ ਸਿੰਘ ਸਿੱਧੂ ਮਲੇਰਕੋਟਲਾ, ਗੁਰਪ੍ਰੀਤ ਸਿੰਘ ਮਾਨਸਾ, ਸੁਖਵਿੰਦਰ ਸਿੰਘ ਮੁਕਤਸਰ ਸਾਹਿਬ, ਗਗਨਦੀਪ ਸਿੰਘ ਭੁੱਲਰ ਬਠਿੰਡਾ, ਕੁਲਪ੍ਰੀਤ ਸਿੰਘ ਸਮਰਾ ਲੁਧਿਆਣਾ, ਕੁਲਵਿੰਦਰ ਸਿੰਘ , ਜਗਰੂਪ ਸਿੰਘ ਲੁਧਿਆਣਾ, ਨਿਰਮਲ ਸਿੰਘ, ਕੁਲਦੀਪ ਸਿੰਘ, ਦਲਜੀਤ ਸਿੰਘ ਨਵਾਂਸ਼ਹਿਰ, ਸਵਿੰਦਰ ਸਿੰਘ, ਅਮਨ ਕੁਮਾਰ ਬਠਿੰਡਾ ਅਤੇ ਗੁਰਪ੍ਰੀਤ ਸਿੰਘ ਮੁਕਤਸਰ ਸਾਹਿਬ ਆਦਿ ਆਗੂ ਹਾਜ਼ਰ ਸਨ।



ਨਾਭਾ ਕਚਹਿਰੀਆਂ 'ਚ ਅੰਤਰਰਾਸ਼ਟਰੀ ਯੋਗਾ ਦਿਵਸ ਮੌਕੇ ਕੁਮਾਰੀ ਅਨੁਰਾਧਾ, ਐੱਸ ਡੀ ਜੇ ਐੱਮ, ਡਾ. ਹਿਮਾਂਸ਼ੂ ਸ਼ਰਮਾ ਆਯੁਰਵੈਦਿਕ ਮੈਡੀਕਲ ਅਫਸਰ, ਗੌਰਮਿੰਟ ਆਯੁਰਵੈਦਿਕ ਸਵਸਥ ਕੇਂਦਰ ਨਾਭਾ, ਕਚਹਿਰੀਆਂ ਦੇ ਅਧਿਕਾਰੀਆਂ, ਵਕੀਲਾਂ ਅਤੇ ਐੱਸ ਡੀ ਐੱਮ ਦਫਤਰ ਦੇ ਸਟਾਫ ਮੈਂਬਰਾਂ ਨਾਲ।



ਡੀ.ਈ.ਓ. ਸ੍ਰੀ ਸੰਜੀਵ ਸ਼ਰਮਾ, ਪ੍ਰਿੰਸੀਪਲ ਡਾ. ਓਮ ਪ੍ਰਕਾਸ਼ ਸੇਤੀਆ ਦੀ ਅਗਵਾਈ ਹੇਠ ਇੰਟਰਨੈਸ਼ਨਲ ਯੋਗਾ ਦਿਵਸ ਮਨਾਇਆ ਗਿਆ। ਇਸ ਮੌਕੇ ਯਾਦਵਿੰਦਰ ਸਿੰਘ ਸਕਾਊਟ ਮਾਸਟਰ ਵੱਲੋਂ ਇੰਟਰਨੈਸ਼ਨਲ ਯੋਗਾ ਦਿਵਸ ਦਾ ਆਯੋਜਨ ਕੀਤਾ ਗਿਆ। ਇਸ ਵਿੱਚ ਐਨ.ਸੀ.ਸੀ. ਵਲੰਟੀਅਰਜ਼, ਐਨ.ਐਸ.ਐਸ.ਵਲੰਟੀਅਰਜ਼, ਸਕਾਊਟ, ਗਾਈਡਜ਼ ਨੇ ਭਾਗ ਲਿਆ। (ਫੋਟੋ : ਪ੍ਰਦੀਪ ਸਿੰਘ ਸੱਪਲ, ਕੁਲਦੀਪ ਅੱਤਰੀ)



ਸਰਕਾਰੀ ਸਕੂਲ ਸ਼ੇਰੋਂ ਦੇ ਵਿਦਿਆਰਥੀਆਂ ਨੇ ਵੱਖ-ਵੱਖ ਯੋਗਾ ਕਸਰਤਾਂ ਦਾ ਆਨੰਦ ਮਾਣਿਆ। ਇਸ ਦੌਰਾਨ ਯੋਗਾ ਦੇ ਫ਼ਾਇਦੇ ਦੀ ਜਾਣਕਾਰੀ ਸੁਖਚੈਨ ਸਿੰਘ (ਲੈਕ. ਪੋਲ. ਸਾਇੰਸ), ਜਗਸੀਰ ਸਿੰਘ (ਸ.ਸ. ਮਾਸਟਰ) ਨੇ ਦਿੱਤੀ। (ਫੋਟੋ : ਪ੍ਰਦੀਪ ਸਿੰਘ ਸੱਪਲ, ਕੁਲਦੀਪ ਅੱਤਰੀ)

## ਰੇਲ ਇੰਜਣ ਦੀ ਲਪੇਟ 'ਚ ਆਉਣ ਨਾਲ 12ਵੀਂ ਜਮਾਤ ਦੇ ਵਿਦਿਆਰਥੀ ਦੀ ਮੌਤ



**ਫ਼ਾਜ਼ਿਲਕਾ (ਕ੍ਰਿਸ਼ਨ ਸਿੰਘ)**-ਪਿੰਡ ਚੱਕ ਪੱਖੀ ਦੇ ਨਜਦੀਕ ਰੇਲ ਗੱਡੀ ਦੇ ਇੰਜਣ ਦੀ ਲਪੇਟ 'ਚ ਆਉਣ ਨਾਲ ਇਕ ਨੌਜਵਾਨ ਦੀ ਮੌਤ ਹੋ ਗਈ। ਜਾਣਕਾਰੀ ਮੁਤਾਬਕ ਬੁੱਧਵਾਰ ਸਵੇਰੇ ਕਰੀਬ 8-8.30 ਵਜੇ ਇਕ ਨੌਜਵਾਨ ਰੇਲਵੇ ਸਟੇਸ਼ਨ 'ਤੇ ਪਲੇਟਫਾਰਮ ਦੇ ਹੇਠਾਂ ਰੇਲਵੇ ਲਾਈਨ ਦੀ ਸਾਈਡ 'ਤੇ ਜਾ ਰਿਹਾ ਸੀ। ਇਸ ਦੌਰਾਨ ਬਠਿੰਡਾ ਵੱਲੋਂ ਆ ਰਹੇ ਇੰਜਣ ਦੀ ਲਪੇਟ 'ਚ ਆਉਣ ਨਾਲ ਉਸ ਦੀ ਮੌਤ ਹੋ ਗਈ।

ਦੂਜੇ ਪਾਸੇ ਰੇਲਵੇ ਜੀਆਰਪੀ ਦੇ ਏਐਸਆਈ ਭਜਨ ਲਾਲ ਨੇ ਦੱਸਿਆ ਕਿ ਉਨ੍ਹਾਂ ਨੂੰ ਸੂਚਨਾ ਮਿਲੀ ਸੀ ਕਿ ਬੁੱਧਵਾਰ ਸਵੇਰੇ ਸਾਢੇ ਅੱਠ ਵਜੇ ਦੇ ਕਰੀਬ ਇੱਕ ਨੌਜਵਾਨ ਬਠਿੰਡਾ ਤੋਂ ਫ਼ਾਜ਼ਿਲਕਾ ਵੱਲ ਆ ਰਹੀ ਪਾਵਰ ਦੀ ਲਪੇਟ ਵਿੱਚ ਆ ਗਿਆ, ਜਿਸ ਤੋਂ ਬਾਅਦ ਉਸ ਦੀ ਮੌਕੇ 'ਤੇ ਹੀ ਮੌਤ ਹੋ ਗਈ। ਉਨ੍ਹਾਂ ਦੱਸਿਆ ਕਿ ਮ੍ਰਿਤਕ ਦਾ ਨਾਂਅ ਆਸ਼ੂ ਕੰਬੋਜ ਸੀ, ਜਿਸ ਦੀ ਉਮਰ ਕਰੀਬ 17 ਸਾਲ ਦੀ ਸੀ।

ਉਨ੍ਹਾਂ ਇਹ ਵੀ ਦੱਸਿਆ ਕਿ ਮ੍ਰਿਤਕ 12ਵੀਂ ਜਮਾਤ ਦਾ ਵਿਦਿਆਰਥੀ ਸੀ ਤੇ ਹਾਦਸੇ ਦੇ ਸਮੇਂ ਉਸ ਨੇ ਮੋਬਾਈਲ ਹੈੱਡ ਫੋਨ ਆਪਣੇ ਕੰਨ ਨੂੰ ਲਾਇਆ ਹੋਇਆ ਸੀ, ਜਿਸ ਕਾਰਨ ਉਸਨੂੰ ਰੇਲ ਇੰਜਣ ਦੇ ਆਉਣ ਦੀ ਆਵਾਜ਼ ਸੁਣਾਈ ਨਹੀਂ ਦਿੱਤੀ। ਇਸ ਮਾਮਲੇ 'ਚ ਉਨ੍ਹਾਂ ਵੱਲੋਂ ਮ੍ਰਿਤਕ ਦੀ ਲਾਸ਼ ਨੂੰ ਕਬਜ਼ੇ 'ਚ ਲੈ ਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ।

## ਬੀ ਕੇ ਯੂ ਕ੍ਰਾਂਤੀਕਾਰੀ ਯੂਨੀਅਨ ਬੀ ਡੀ ਪੀ ਓ ਦਫ਼ਤਰ ਦਾ ਕਰੇਗੀ ਘਿਰਾਓ



**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**-ਭਾਰਤੀ ਕਿਸਾਨ ਯੂਨੀਅਨ ਕ੍ਰਾਂਤੀਕਾਰੀ ਦੀ ਇੱਕ ਵਿਸ਼ੇਸ਼ ਮੀਟਿੰਗ ਗੁਰਦੁਆਰਾ ਈਸਰਸਰ ਸਾਹਿਬ ਢੈਂਠਲ ਵਿਖੇ ਬਲਾਕ ਪ੍ਰਧਾਨ ਗੁਰਨਾਮ ਸਿੰਘ ਢੈਂਠਲ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਵਿੱਚ ਸਰਬਸੰਮਤੀ ਨਾਲ ਮਤਾ ਪਾਸ ਹੋਇਆ ਕਿ ਪਿੰਡ ਬਿਜਲਪੁਰ ਦੀ ਪੰਚਾਇਤੀ ਜ਼ਮੀਨ ਦੀ ਗੈਰ ਕਾਨੂੰਨੀ ਤਰੀਕੇ ਨਾਲ ਹੋਈ ਬੋਲੀ ਨੂੰ ਰੱਦ ਕਰਾ ਕੇ ਦੁਬਾਰਾ ਬੋਲੀ ਕਰਾਉਣ ਲਈ ਬੀਡੀਪੀਓ ਦਫ਼ਤਰ ਦੇ ਬਾਹਰ 2 ਜੂਨ ਤੋਂ ਪੱਕਾ ਧਰਨਾ ਲਾਇਆ ਜਾਵੇਗਾ। ਇਹ ਧਰਨਾ ਉਦੋਂ ਤੱਕ ਜਾਰੀ ਰਹੇਗਾ ਜਦੋਂ ਤੱਕ ਬਿਜਲਪੁਰ ਦੀ ਪੰਚਾਇਤੀ ਜ਼ਮੀਨ ਦੇ ਪਲਾਟ ਨੰਬਰ 5 ਦੀ ਨਿਯਮਾਂ ਅਨੁਸਾਰ ਖੁੱਲ੍ਹੀ ਬੋਲੀ ਨਹੀਂ ਹੁੰਦੀ। ਇਸ ਮੌਕੇ ਯਾਦਵਿੰਦਰ ਸਿੰਘ ਕੂਕਾ, ਗੁਰਦੇਵ ਸਿੰਘ ਚੌਹਠ, ਸਰਪੰਚ ਜਰਨੈਲ ਸਿੰਘ ਚੌਹਠ, ਭੁਪਿੰਦਰ ਸਿੰਘ ਬਿਜਲਪੁਰ, ਗੁਰਨਾਮ ਸਿੰਘ, ਸੁਖਦੇਵ ਸਿੰਘ, ਅਜਮੇਰ ਸਿੰਘ, ਅੰਗਰੇਜ਼ ਸਿੰਘ, ਗੁਰਦੀਪ ਸਿੰਘ, ਸੁਖਚੈਨ ਸਿੰਘ, ਅਜੀਤ ਸਿੰਘ, ਮਨੌਲੀ ਆਦਿ ਕਿਸਾਨ ਆਗੂ ਹਾਜ਼ਰ ਸਨ।

## ਕਾਂਗਰਸ ਸਰਕਾਰ ਨੂੰ 3 ਡੀ ਕਹਿਣ 'ਤੇ 4 ਡੀ ਨਾਲ ਗ੍ਰਹਿ ਮੰਤਰੀ ਨੂੰ ਮੋੜੀ ਭਾਜੀ

**ਸਿਰਸਾ (ਸੁਰਿੰਦਰ ਪਾਲ ਸਿੰਘ)**-ਰੈਲੀ ਦੌਰਾਨ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਵੱਲੋਂ ਕਾਂਗਰਸ ਸਰਕਾਰ ਨੂੰ 3 ਡੀ ਕਹਿਣ ਤੋਂ ਬਾਅਦ ਕਾਂਗਰਸ ਦੇ ਰਾਜ ਸਭਾ ਮੈਂਬਰ ਦਪਿੰਦਰ ਹੁੱਡਾ ਨੇ ਜਵਾਬੀ ਕਾਰਵਾਈ ਵਿੱਚ ਕਿਹਾ ਕਿ ਭਾਜਪਾ ਕੋਲ ਚਾਰ ਡੀ ਹਨ। ਪਹਿਲਾ ਡੀ, ਪਾੜੋ ਤੇ ਰਾਜ ਕਰੋ, ਦੂਜਾ ਮੁੱਦਿਆਂ ਤੋਂ ਮੋੜੋ, ਤੀਜਾ, ਧੋਖਾ ਦਿਓ ਤੇ ਚੌਥਾ ਡੀ ਲੋਕਾਂ ਦੀਆਂ ਜੇਬਾਂ 'ਤੇ ਡਾਕਾ ਮਾਰੋ। ਦਪਿੰਦਰ ਨੇ ਕਿਹਾ ਕਿ ਸ਼ਾਹ ਨੇ ਸਾਬਕਾ ਸੀਐਮ ਭੁਪਿੰਦਰ ਹੁੱਡਾ ਦਾ 9 ਵਾਰ ਨਾਂਅ ਲਿਆ।ਇਸ ਤੋਂ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਹਰਿਆਣਾ ਵਿੱਚ ਹੁੱਡਾ ਦੀ ਲੋਕਪ੍ਰਿਅਤਾ ਅਸਮਾਨ ਛੂਹ ਰਹੀ ਹੈ।ਉਨ੍ਹਾਂ ਕਿਹਾ ਕਿ ਮੈਂ ਗ੍ਰਹਿ ਮੰਤਰੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਹਰਿਆਣਾ ਦੇ ਮੌਜੂਦਾ ਮੁੱਖ ਮੰਤਰੀ ਭੁਪਿੰਦਰ ਹੁੱਡਾ ਸੀ.ਐਮ ਹਨ ਜਾਂ ਮਨੋਹਰ ਲਾਲ? ਉਨ੍ਹਾਂ ਕਿਹਾ ਕਿ ਹਰਿਆਣਾ ਦੀ ਭਾਜਪਾ-ਜੇਜੇਪੀ ਸਰਕਾਰ ਸਭ ਤੋਂ ਭ੍ਰਿਸ਼ਟ ਸਰਕਾਰ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਸਰਕਾਰ ਵੇਲੇ ਹਰਿਆਣਾ ਵਿੱਚ 6 ਮੈਡੀਕਲ ਕਾਲਜ 4 ਥਰਮਲ ਪਲਾਂਟ ਬਣਾਏ ਗਏ। ਉਨ੍ਹਾਂ ਕਿਹਾ ਗ੍ਰਹਿ ਮੰਤਰੀ ਦੀ ਫੇਰੀ ਕਾਰਨ ਹਰਿਆਣਾ ਦੇ ਲੋਕ ਕਾਫੀ ਨਿਰਾਸ਼ ਹਨ, ਕਿਉਂਕਿ ਸ਼ਾਹ ਦੇ ਦੌਰੇ ਤੋਂ ਲੋਕਾਂ ਨੂੰ ਕੁਝ ਨਹੀਂ ਮਿਲਿਆ।

## ਧਾਰਮਕ ਸਮਾਗਮ ਅੱਜ

**ਤਪਾ ਮੰਡੀ (ਅਰੁਣ ਗੋਇਲ)**-ਸ੍ਰੀ ਅੱਗਰਵਾਲ ਪੀਰਖਾਨਾ ਕਮੇਟੀ (ਰਜਿ.) ਵੱਲੋਂ ਸਮੂਹ ਮੈਂਬਰਾਂ ਦੇ ਸਹਿਯੋਗ ਨਾਲ ਇਕਰੋਜ਼ਾ ਧਾਰਮਿਕ ਸਮਾਗਮ ਕਰਾਇਆ ਜਾ ਰਿਹਾ ਹੈ। ਇਸ ਸੰਬੰਧੀ ਕਮੇਟੀ ਵੱਲੋਂ ਬਾਬਾ ਲੱਖਦਾਤਾ ਪੀਰ ਸਾਹਿਬ ਜੀ ਅਤੇ ਬਾਬਾ ਮਲੇਰਕੋਟਲਾ ਵਾਲੇ ਮੀਰਾਂ ਸਾਹਿਬ ਜੀ ਦਾ 30ਵਾਂ ਸਾਲਾਨਾ ਸ਼ੁਭ ਦੀਵਾਨ ਦਿਨ ਵੀਰਵਾਰ ਨੂੰ ਘੜੈਲੀ ਰੋਡ, ਤਪਾ ਵਿਖੇ ਧੂਮਧਾਮ ਨਾਲ ਸਜਾਇਆ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਸਾਲਾਨਾ ਦੀਵਾਨ ਮੌਕੇ ਬਾਬਾ ਰੁਲਦੂ ਰਾਮ ਜੀ ਮਲੋਟ ਵਾਲੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕਰਕੇ ਦੀਵਾਨ ਸਜਾਉਣਗੇ, ਜਿਨ੍ਹਾਂ ਦਾ ਸਹਿਯੋਗ ਬਾਬਾ ਸਾਹਿਲ ਜੀ ਬਠਿੰਡਾ ਕਰਨਗੇ ਅਤੇ ਚੇਲੇ ਸ਼ੇਖ ਬਾਬਾ ਜੀ ਦਾ ਯਸ਼ ਸੁਣਾ ਕੇ ਸੰਗਤ ਨੂੰ ਨਿਹਾਲ ਕਰਨਗੇ। ਉਨ੍ਹਾਂ ਦੱਸਿਆ ਕਿ ਇਸ ਸਾਲਾਨਾ ਸ਼ੁਭ ਦੀਵਾਨ ਨੂੰ ਲੈ ਕੇ ਸਮੁੱਚੀ ਪ੍ਰਬੰਧਕ ਕਮੇਟੀ ਵੱਲੋਂ ਸਮੂਹ ਨਗਰ ਦੇ ਸਹਿਯੋਗ ਨਾਲ ਹਰ ਤਰ੍ਹਾਂ ਦੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ। ਇਸ ਮੌਕੇ ਇੰਦਰ ਸੈਨ ਬਾਂਸਲ, ਰਾਜ ਕੁਮਾਰ ਗਰਗ ਪੱਖੋ ਵਾਲੇ, ਸੁਭਾਸ਼ ਕੁਮਾਰ ਉਗੋ ਵਾਲੇ, ਹੇਮ ਰਾਜ ਸੰਨੀ ਮੋੜ, ਕ੍ਰਿਸ਼ਨ ਕੁਮਾਰ, ਤਰਸੇਮ ਲਾਲ ਰੁੜਕੇ ਵਾਲੇ, ਸ਼ਿਵਜੀ ਰਾਮ ਭੈਣੀ ਵਾਲੇ ਆਦਿ ਸਮੂਹ ਮੈਂਬਰ ਮੌਜੂਦ ਸਨ।

# ਬਲੌਜ਼ਮਜ਼ ਕਾਨਵੈਂਟ ਸਕੂਲ ਬਣਿਆ ਵਾਤਾਵਰਣ ਅਨੁਕੂਲ ਸਕੂਲ



**ਜਗਰਾਉਂ (ਸੰਜੀਵ ਅਰੋੜਾ)**-ਬਲੌਜ਼ਮਜ ਕਾਨਵੈਂਟ ਸਕੂਲ ਵੱਲੋਂ ਦਿਨੋ ਦਿਨ ਗਰਮੀ ਦੇ ਕਹਿਰ ਕਰਕੇ ਅਤੇ ਮਾਪਿਆਂ ਦੀ ਪੁਰਜ਼ੋਰ ਮੰਗ 'ਤੇ ਸਕੂਲ ਨੂੰ ਵਾਤਾਵਰਣ ਅਨੁਕੂਲ ਬਣਾ ਦਿੱਤਾ ਗਿਆ ਹੈ। ਬਹੁਤ ਸਾਰੇ ਮਾਪਿਆਂ ਦੇ ਕਹਿਣ ਅਨੁਸਾਰ 'ਤੇ ਇਕ ਮੀਟਿੰਗ ਦੌਰਾਨ ਮਤਾ ਪਾਸ ਕੀਤਾ ਗਿਆ ਤੇ ਇਸ ਵਰ੍ਹੇ ਸਕੂਲ ਨੂੰ ਪੂਰੇ ਤੌਰ 'ਤੇ ਏ.ਸੀ ਕਰ ਦਿੱਤਾ ਗਿਆ, ਜਿਸ ਵਿੱਚ ਕਿੰਡਰਗਾਰਡਨ ਜੋ ਕਿ ਪਹਿਲਾਂ ਹੀ ਪੂਰਾ ਏ. ਸੀ. ਇਸ ਦੇ ਨਾਲ ਸੀਨੀਅਰਵਿੰਗ ਅਤੇ ਮੇਨ ਵਿੰਗ ਪੂਰਨ ਤੌਰ 'ਤੇ ਏ. ਸੀ. ਕਰ ਦਿੱਤਾ ਗਿਆ ਹੈ, ਜਿਸ ਨਾਲ ਬੱਚੇ ਸਕੂਲ ਵਿਚ ਸੁਖਾਵੇਂ ਮਾਹੌਲ ਵਿੱਚ ਪੜ੍ਹਾਈ ਕਰ ਸਕਣਗੇ। ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਡਾ. ਅਮਰਜੀਤ ਕੌਰ ਨਾਜ਼ ਨੇ ਬੋਲਦਿਆਂ ਕਿਹਾ ਕਿ ਮਾਪਿਆਂ ਦੀ ਇਸ ਮੰਗ ਨੂੰ ਸਿਰ ਮੱਥੇ ਕਬੂਲਦੇ ਹੋਏ ਅਸੀਂ ਪੂਰੇ ਸਕੂਲ ਨੂੰ ਵਾਤਾਵਰਣ ਅਨੁਕੂਲ ਸਕੂਲ ਬਣਾ ਦਿੱਤਾ ਹੈ। ਪਹਿਲਾਂ ਤੋਂ ਹੀ ਬਹੁਤ ਸਾਰੀਆਂ ਸਹੂਲਤਾਂ ਨਾਲ ਅੱਗੇ ਵਧ ਰਹੇ ਸਕੂਲ ਦੀ ਇਕ ਵਿਸ਼ੇਸ਼ਤਾ ਵਿੱਚ ਹੋਰ ਵਾਧਾ ਹੋ ਗਿਆ ਹੈ। ਇਸ ਦੀ ਸਾਰੇ ਮਾਪਿਆਂ ਨੂੰ ਵਧਾਈ ਹੈ। ਇਸ ਨਾਲ ਇਕ ਹੋਰ ਵੱਡਾ ਵਾਧਾ ਹੋਵੇਗਾ ਕਿ ਵਿਦਿਆਰਥੀ ਵਧੀਆ ਵਾਤਾਵਰਣ ਦੇ ਵਿਚ ਆਪਣੀ ਪੜ੍ਹਾਈ ਵਿਚ ਨਿਖਾਰ ਲਿਆ ਸਕਦੇ ਹਨ। ਛੁੱਟੀਆਂ ਤੋਂ ਬਾਅਦ ਜਦੋਂ ਬੱਚੇ ਸਕੂਲ ਵਾਪਸ ਆਉਂਦੇ ਸਨ ਤਾਂ ਅਕਸਰ ਉਨ੍ਹਾਂ ਦੀ ਬਿਮਾਰ ਹੋਣ ਦੀਆਂ ਖ਼ਬਰਾਂ ਮਿਲਦੀਆਂ ਸਨ ਤੇ ਉਹ ਗੈਰ ਹਾਜ਼ਰ ਰਹਿੰਦੇ ਸਨ, ਜਿਸ ਨਾਲ ਉਨ੍ਹਾਂ ਦੀ ਪੜ੍ਹਾਈ ਦਾ ਨੁਕਸਾਨ ਹੁੰਦਾ ਸੀ। ਇਸ ਨੂੰ ਵੇਖਦੇ ਹੋਏ ਮੈਨੇਜਮੈਂਟ ਅਤੇ ਮਾਪਿਆਂ ਨੇ ਇਕ ਸਾਂਝਾ ਫੈਸਲਾ ਕੀਤਾ ਕਿ ਸਕੂਲ ਨੂੰ ਏ.ਸੀ. ਹੋਣਾ ਜ਼ਰੂਰੀ ਹੈ। ਇਹ ਮੰਗ ਪਿਛਲੇ ਕਈ ਸਾਲਾਂ ਤੋਂ ਕੀਤੀ ਜਾ ਰਹੀ ਸੀ। ਇਸ ਵਰ੍ਹੇ ਮੈਨੇਜਮੈਂਟ ਨੇ ਇਸ ਮੰਗ ਨੂੰ ਪੂਰਾ ਕਰਦੇ ਹੋਏ ਸਕੂਲ ਨੂੰ ਮਾਪਿਆਂ ਦੇ ਸਹਿਯੋਗ ਨਾਲ ਏ. ਸੀ. ਕਰਵਾ ਦਿੱਤਾ ਹੈ ਤਾਂ ਜੁ ਬੱਚੇ ਸੁਖਾਵੇ ਮਹੌਲ ਵਿੱਚ ਬਿਨਾਂ ਗੈਰ ਹਾਜ਼ਰ ਹੋਏ ਵਧੀਆ ਪੜ੍ਹਾਈ ਕਰ ਸਕਣ। ਇਸ ਮੌਕੇ ਸਕੂਲ ਦੇ ਚੇਅਰਮੈਨ ਨੂੰ ਹਰਭਜਨ ਸਿੰਘ ਜੌਹਲ, ਪ੍ਰੈਜ਼ੀਡੈਂਟ ਮਨਪ੍ਰੀਤ ਸਿੰਘ ਬਰਾੜ, ਅਜਮੇਰ ਸਿੰਘ ਅਤੇ ਸਤਵੀਰ ਸਿੰਘ ਸੇਖੋਂ ਨੇ ਵੀ ਮਾਪਿਆਂ ਨੂੰ ਵਧਾਈ ਦਿੱਤੀ।

## ਗਲੋਬਲ ਮਾਈਲਸਟੋਨ ਦੇ ਵਿਦਿਆਰਥੀਆਂ ਨੇ ਹਾਸਲ ਕੀਤੇ ਸ਼ਾਨਦਾਰ ਬੈਂਡ



**ਜਗਰਾਉਂ (ਸੰਜੀਵ ਅਰੋੜਾ)**-ਗਲੋਬਲ ਮਾਈਲਸਟੋਨ ਦੇ ਮੈਨੇਜਿੰਗ ਡਾਇਰੈਕਟਰ ਨੇ ਦੱਸਿਆ ਕਿ ਵੀਜ਼ਾ ਪ੍ਰਾਪਤ ਕਰਨ ਵਾਲਿਆਂ 'ਚ ਸ਼ਾਮਲ ਜਸਕੀਰਤ ਕੌਰ ਰਾਏਕੋਟ, ਜਿਨ੍ਹਾਂ ਦਾ ਵੀਜ਼ਾ ਸਿਰਫ਼ ਚਾਰ ਦਿਨਾਂ 'ਚ ਆਇਆ। ਨਾਲ ਹੀ ਨਾਲ ਅਰਸ਼ਦੀਪ ਸਿੰਘ ਅਤੇ ਅਮਨਦੀਪ ਕੌਰ, ਜਿਨ੍ਹਾਂ ਦਾ ਕੈਨੇਡਾ ਦਾ ਵਿਜ਼ਿਟਰ ਵੀਜ਼ਾ ਇਕ ਹਫ਼ਤੇ ਦੇ ਅੰਦਰ ਆਇਆ।

ਮੈਨੇਜਿੰਗ ਡਾਇਰੈਕਟਰ ਬਲਵੀਰ ਸਿੰਘ ਨੇ ਵੀਜ਼ਾ ਪ੍ਰਾਪਤ ਕਰਨ ਵਾਲਿਆਂ ਨੂੰ ਵਧਾਈ ਦਿੱਤੀ ਤੇ ਸਭ ਨੇ ਮਿਲਕ ਕੇ ਇਸ ਵੱਡੀ ਪ੍ਰਾਪਤੀ ਦੀ ਖੁਸ਼ੀ ਮਨਾਈ, ਉਥੇ ਦੱਸਿਆ ਕਿ ਗਲੋਬਲ ਮਾਈਲਸਟੋਨ ਦੀਆਂ ਰਾਏਕੋਟ ਅਤੇ ਜਗਰਾਉਂ ਬ੍ਰਾਂਚਾਂ 'ਚ ਵਿਦਿਆਰਥੀਆਂ ਨੇ ਵਧੀਆ ਬੈਂਡ ਸਕੋਰ ਹਾਸਲ ਕਰਕੇ ਮੱਲਾਂ ਮਾਰੀਆਂ ਹਨ। ਉਨ੍ਹਾਂ ਦੱਸਿਆ ਕਿ ਬੀਤੇ ਦਿਨੀਂ ਆਏ ਨਤੀਜੇ 'ਚ ਕੋਮਲਪ੍ਰੀਤ ਕੌਰ ਨੇ 6.5 ਬੈਂਡ, ਸਤਵਿੰਦਰ ਸਿੰਘ ਨੇ 6.5 ਬੈਂਡ, ਇੰਦਰਪ੍ਰੀਤ ਸਿੰਘ ਨੇ 7 ਬੈਂਡ, ਹਰਸ਼ਰਨ ਸਿੰਘ ਨੇ 6 ਬੈਂਡ, ਸਨਦੀਪਕ ਕੌਰ ਨੇ 6.5 ਬੈਂਡ, ਦਲਜੀਤ ਸਿੰਘ 6.5 ਬੈਂਡ ਅਤੇ ਅਮਰਜੀਤ ਕੌਰ ਨੇ 7 ਬੈਂਡ ਹਾਸਲ ਕੀਤੇ ਹਨ।

## ਨੌਜਵਾਨ ਦੀ ਕਰੰਟ ਨਾਲ ਮੌਤ



**ਬਰੇਟਾ (ਰੀਤਵਾਲ)**-ਨੇੜਲੇ ਪਿੰਡ ਧਰਮਪੁਰਾ ਵਿਖੇ ਇੱਕ ਨੌਜਵਾਨ ਦੀ ਖੇਤ ਵਿੱਚ ਕੰਮ ਕਰਦੇ ਸਮੇ ਕਰੰਟ ਨਾਲ ਮੌਤ ਹੋਣ ਜਾਣ ਦਾ ਸਮਾਚਾਰ ਹੈ। ਪਿੰਡ ਦੇ ਸਰਪੰਚ ਦਰਸ਼ਨ ਸਿੰਘ ਨੇ ਦੱਸਿਆ ਕਿ ਮ੍ਰਿਤਕ ਤਰਸੇਮ ਸਿੰਘ (20) ਜੋ ਕਿ ਮਜ਼ਦੂਰੀ ਦਾ ਕੰਮ ਕਰਦਾ ਸੀ, ਦੀ ਖੇਤ ਵਿੱਚ ਕੰਮ ਕਰਦੇ ਸਮੇਂ ਬਿਜਲੀ ਦਾ ਕਰੰਟ ਲੱਗਣ ਕਰਕੇ ਮੌਤ ਹੋ ਗਈ। ਮ੍ਰਿਤਕ ਨੌਜਵਾਨ ਚਾਰ ਭੈਣਾਂ ਦਾ ਇਕੱਲਾ ਭਰਾ ਸੀ । ਜਿਸ ਦੀ ਮੌਤ ਕਰਕੇ ਪਿੰਡ ਵਿੱਚ ਸੋਗ ਦੀ ਲਹਿਰ ਹੈ । ਪਿੰਡ ਵਾਸੀਆਂ ਨੇ ਸਰਕਾਰ ਤੋਂ ਮੰਗ ਕੀਤੀ ਹੈ ਕਿ ਪੀੜਤ ਪਰਵਾਰ ਨੂੰ ਉੱਚਿਤ ਮੁਆਵਜ਼ਾ ਦਿੱਤਾ ਜਾਵੇ।

## ਮੈਕਰੋ ਗਲੋਬਲ ਆਈਲੈਟਸ ਸਟੱਡੀ ਵੀਜ਼ਾ ਲਈ ਬਣੀ ਪਹਿਲੀ ਪਸੰਦ



**ਜਗਰਾਉਂ (ਸੰਜੀਵ ਅਰੋੜਾ)**-ਮੈਕਰੋ ਗਲੋਬਲ ਗਰੁੱਪ ਆਫ਼ ਇਂਸਟੀਚਿਊਟ ਪੰਜਾਬ ਦੀ ਮੰਨੀ-ਪ੍ਰਮੰਨੀ ਸੰਸਥਾ ਬਣ ਚੁੱਕੀ ਹੈ। ਅਰੁਮਨ ਸਿੰਘ ਰਾਏ ਪੁੱਤਰ ਅੰਮ੍ਰਿਤਪਾਲ ਸਿੰਘ ਵਾਸੀ ਚੱਕ ਭਾਈਕਾ ਜ਼ਿਲ੍ਹਾ ਲੁਧਿਆਣਾ ਨੇ ਆਪਣਾ ਕੇਸ ਇੱਥੋਂ ਲਵਾਇਆ। ਸਿੱਟੇ ਵਜੋਂ ਵਧੀਆ ਸੇਧ ਅਤੇ ਕਾਰਗੁਜ਼ਾਰੀ ਸਦਕਾ ਆਪਣਾ ਕੈਨੇਡਾ ਦਾ ਸਟੱਡੀ ਵੀਜ਼ਾ ਪ੍ਰਾਪਤ ਕੀਤਾ। ਸਟੱਡੀ ਵੀਜ਼ਾ ਪ੍ਰਾਪਤ ਕਰਨ 'ਤੇ ਅਰੁਮਨ ਸਿੰਘ ਰਾਏ ਨੇ ਜਗਰਾਉਂ ਬ੍ਰਾਂਚ ਦੇ ਸਮੂਹ ਇਮੀਗ੍ਰੇਸ਼ਨ ਸਟਾਫ਼ ਅਤੇ ਐਮ. ਡੀ. ਗੁਰਮਿਲਾਪ ਸਿੰਘ ਡੱਲਾ ਦਾ ਧੰਨਵਾਦ ਕੀਤਾ।

## ਫ਼ਿਲਮ 'ਆਦੀਪੁਰਸ਼' 'ਚ ਨਿਭਾਏ ਕਿਰਦਾਰ ਹਿੰਦੂ ਸਮਾਜ ਦੇ ਉਲਟ : ਸੰਜੀਵ ਮਲਹੋਤਰਾ



**ਜਗਰਾਉਂ (ਸੰਜੀਵ ਅਰੋੜਾ)**-ਫ਼ਿਲਮ 'ਆਦੀਪੁਰਸ਼' 'ਚ ਸ੍ਰੀ ਰਾਮ ਚੰਦਰ ਜੀ ਅਤੇ ਸ੍ਰੀ ਹਨੂੰਮਾਨ ਦੇ ਨਿਭਾਏ ਕਿਰਦਾਰ ਹਿੰਦੂ ਸਮਾਜ ਦੇ ਉਲਟ ਹਨ, ਇਸ ਨਾਲ ਸਾਡੇ ਮਨ੍ਹਾਂ ਅੰਦਰ ਭਾਰੀ ਠੇਸ ਪਹੁੰਚੀ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਹਿੰਦੂ ਏਕਤਾ ਮੰਚ ਦੇ ਪ੍ਰਧਾਨ ਸੰਜੀਵ ਮਲਹੋਤਰਾ ਨੇ ਐਸ.ਡੀ.ਐਮ. ਨੂੰ ਮੰਗ ਪੱਤਰ ਦੇਣ ਉਪਰੰਤ ਕੀਤਾ। ਉਨ੍ਹਾਂ ਕਿਹਾ ਕਿ ਅਸੀਂ ਹਿੰਦੂ ਏਕਤਾ ਮੰਚ ਜਗਰਾਉਂ ਸ੍ਰੀ ਕਾਲੀ ਮਾਤਾ ਮੰਦਿਰ ਪਟਿਆਲਾ ਦੇ ਅਹੁਦੇਦਾਰ ਹਾਂ। ਉਨ੍ਹਾਂ ਕਿਹਾ ਕਿ ਫ਼ਿਲਮ 'ਆਦੀਪੁਰਸ਼' ਸਿਨੇਮਾ ਘਰਾਂ 'ਚ ਚੱਲ ਰਹੀ ਹੈ, ਜੋ ਸ੍ਰੀ ਰਾਮ ਭਗਵਾਨ ਦੇ ਕਿਰਦਾਰ ਅਤੇ ਹਿੰਦੂ ਧਰਮ ਦੇ ਸਭ ਤੋਂ ਵੱਡੇ ਗ੍ਰੰਥ ਸ੍ਰੀ ਰਮਾਇਣ ਨਾਲ ਸਬੰਧਤ ਹੈ। ਇਸ ਫਿਲਮ 'ਚ ਸ੍ਰੀ ਰਮਾਇਣ ਦੇ ਪਾਤਰ ਨੂੰ ਗ਼ਲਤ ਢੰਗ ਨਾਲ ਤੋੜ ਮਰੋੜ ਕੇ ਪੇਸ਼ ਕੀਤਾ ਗਿਆ ਹੈ। ਇਸ ਤੋਂ ਇਲਾਵਾ ਫਿਲਮ 'ਚ ਜੋ ਡਾਇਲਾਗ ਫਿਲਮਾਏ ਗਏ ਹਨ, ਉਹ ਵੀ ਗ਼ਲਤ ਢੰਗ ਨਾਲ ਦਰਸਾਏ ਗਏ ਹਨ, ਜੋ ਭਗਵਾਨ ਸ੍ਰੀ ਰਾਮ ਚੰਦਰ ਜੀ ਅਤੇ ਸ੍ਰੀ ਹਨੂੰਮਾਨ ਜੀ ਦੀ ਛਵੀ ਨੂੰ ਖ਼ਰਾਬ ਕਰਦੇ ਹਨ ਅਤੇ ਸ੍ਰੀ ਰਾਮ ਚੰਦਰ ਜੀ ਅਤੇ ਸ੍ਰੀ ਹਨੂੰਮਾਨ ਜੀ ਦੀ ਛਵੀ ਨੂੰ ਗ਼ਲਤ ਦਰਸਾ ਰਹੇ ਹਨ, ਜਿਸ ਕਰਕੇ ਸਮੂਹ ਹਿੰਦੂ ਧਰਮ ਪ੍ਰੇਮੀਆਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚੀ ਹੈ, ਜਿਸ ਨੂੰ ਕਦੇ ਵੀ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ।

ਇਸ ਮੌਕੇ ਟੋਨੀ ਵਰਮਾ, ਅਸ਼ਵਨੀ ਕੁਮਾਰ, ਰਾਹੁਲ ਸ਼ਰਮਾ, ਰੋਹਿਤ ਸ਼ਰਮਾ, ਤਰੁਣ ਕੁਮਾਰ, ਸੋਨੂੰ ਜੈਨ, ਪ੍ਰਦੀਪ ਸ਼ਰਮਾ, ਤੁਸ਼ਾਰ ਗੋਇਲ, ਅਮਨ ਕੁਮਾਰ, ਅੰਕੁਸ਼ ਸਹਿਜਾਲ ਤੇ ਨਾਹਰ ਆਦਿ ਹਾਜ਼ਰ ਸਨ।

## ਮਲੇਰੀਆ ਵਿਰੋਧੀ ਜਾਗਰੂਕਤਾ ਕੈਂਪ

**ਖੰਨਾ (ਸੁਖਵਿੰਦਰ ਸਿੰਘ ਭਾਦਲਾ, ਪਰਮਿੰਦਰ ਸਿੰਘ ਮੋਨੂੰ)**-ਅੱਜ ਸਿਵਲ ਸਰਜਨ ਲੁਧਿਆਣਾ ਦੇ ਨਿਰਦੇਸ਼ਾਂ ਅਨੁਸਾਰ ਸੀਨੀਅਰ ਮੈਡੀਕਲ ਅਫਸਰ ਡਾ. ਰਵੀ ਦੱਤ ਇੰਚਾਰਜ ਸੀ ਐਚ ਸੀ ਮਾਨੂੰਪੁਰ ਦੀ ਯੋਗ ਅਗਵਾਈ ਹੇਠ ਪਿੰਡ ਕੁੱਬੇ ਵਿਖੇ ਮਲੇਰੀਆ ਵਿਰੋਧੀ ਕੈਂਪ ਲਗਾਇਆ ਗਿਆ। ਇਸ ਕੈਂਪ ਵਿੱਚ ਜਰਨੈਲ ਸਿੰਘ ਮੀਰਪੁਰ ਹੈਲਥ ਸੁਪਰਵਾਈਜ਼ਰ ਨੇ ਦੱਸਿਆ ਕਿ ਮਲੇਰੀਆ ਬੁਖਾਰ ਐਨੋਫਲੀਜ ਮਾਦਾ ਮੱਛਰ ਦੇ ਕੱਟਣ ਨਾਲ ਫੈਲਦਾ ਹੈ ਜੋ ਰਾਤ ਦੇ ਸਮੇਂ ਕੱਟਦੀ ਹੈ। ਇਹ ਸਾਫ ਅਤੇ ਖੜ੍ਹੇ ਪਾਣੀ ਵਿਚ ਪੈਦਾ ਹੁੰਦੀ ਹੈ। ਇਸ ਮੌਕੇ ਸੰਦੀਪ ਕੌਰ ਸੀ ਐਚ ਓ ਤੰਦਰੁਸਤੀ ਸਿਹਤ ਕੇਂਦਰ ਪਿੰਡ ਖਹਿਰਾ ਨੇ ਦੱਸਿਆ ਕਿ ਮਾਦਾ ਮੱਛਰ ਦੇ ਕੱਟਣ ਨਾਲ ਮਰੀਜ਼ ਨੂੰ ਤੇਜ਼ ਬੁਖ਼ਾਰ ਹੁੰਦਾ ਹੈ। ਇਸ ਲਈ ਆਪਣੇ ਘਰ ਨੇੜੇ ਪਾਣੀ ਜਮ੍ਹਾਂ ਨਾ ਹੋਣ ਦਿਉ। ਕੂਲਰਾਂ ਦੇ ਪਾਣੀ ਨੂੰ ਹਫਤੇ ਵਿੱਚ ਦੋ ਵਾਰ ਬਦਲਣਾ ਚਾਹੀਦਾ ਹੈ। ਇਸ ਦੌਰਾਨ ਰਾਜ ਸਿੰਘ ਚੀਮਾ ਨੇ ਦੱਸਿਆ ਕਿ ਬੁਖ਼ਾਰ ਹੋਣ 'ਤੇ ਆਪਣੇ ਖੂਨ ਦੀ ਜਾਂਚ ਕਰਵਾਉਣੀ ਚਾਹੀਦੀ ਹੈ। ਸੌਣ ਸਮੇਂ ਮੱਛਰਦਾਨੀ ਦੀ ਵਰਤੋਂ ਕਰਨੀ ਚਾਹੀਦੀ ਹੈ। ਇਸ ਮੌਕੇ ਸਰਪੰਚ ਮਨਮੋਹਨ ਨੇ ਆਏ ਲੋਕਾਂ ਦਾ ਧੰਨਵਾਦ ਕੀਤਾ। ਇਸ ਕੈਂਪ ਵਿੱਚ ਆਸ਼ਾ ਵਰਕਰ ਕੁਲਦੀਪ ਕੌਰ ਅਤੇ ਬਲਵਿੰਦਰ ਕੌਰ ਵੀ ਹਾਜ਼ਰ ਸਨ।



# ਕਿਰਤ ਵਿਭਾਗ ਵੱਲੋਂ ਉਸਾਰੀ ਮਜ਼ਦੂਰਾਂ ਨੂੰ ਰਜਿਸਟਰ ਕਰਨ ਸੰਬੰਧੀ ਕੈਂਪ



**ਮੋਗਾ (ਅਮਰਜੀਤ ਬੱਬਰੀ)**-ਪੰਜਾਬ ਸਰਕਾਰ ਵੱਲੋਂ ਬਿਲਡਿੰਗ ਐਂਡ ਕੰਸਟ੍ਰਕਸ਼ਨ ਵੈਲਫੇਅਰ ਬੋਰਡ ਦੀਆਂ ਸਕੀਮਾਂ ਪ੍ਰਤੀ ਮਜ਼ਦੂਰਾਂ ਨੂੰ ਜਾਣੂ ਕਰਵਾਉਣ ਲਈ ਵਿਭਾਗ ਵੱਲੋਂ ਸਮੇਂ ਸਮੇਂ 'ਤੇ ਕੈਂਪ ਲਗਾਏ ਜਾਂਦੇ ਹਨ। ਇਸੇ ਕੜੀ ਤਹਿਤ ਅੱਜ ਕਿਰਤ ਵਿਭਾਗ ਮੋਗਾ ਦੇ ਸਹਾਇਕ ਕਿਰਤ ਕਮਿਸ਼ਨਰ ਜਤਿੰਦਰ ਪਾਲ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਬਿਲਡਿੰਗ ਐਂਡ ਕੰਸਟ੍ਰਕਸ਼ਨ ਵੈਲਫੇਅਰ ਬੋਰਡ ਦੀਆਂ ਸਕੀਮਾਂ ਤੋਂ ਜਾਣੂ ਕਰਵਾਉਣ ਲਈ ਭਾਰਤੀ ਮਜ਼ਦੂਰ ਸੰਘ ਨਾਲ ਸੰਬੰਧਤ ਬਾਬਾ ਵਿਸ਼ਵਕਰਮਾ ਰਾਜ ਮਿਸਤਰੀ ਮਜ਼ਦੂਰ ਯੂਨੀਅਨ ਦੇ ਦਫਤਰ ਨੇੜੇ ਨੀਵਾਂ ਪੁਲ ਵਿਖੇ ਕੈਂਪ ਲਗਾਇਆ ਗਿਆ। ਇਸ ਕੈਂਪ ਵਿੱਚ ਭਾਰਤੀ ਮਜ਼ਦੂਰ ਸੰਘ ਦੇ ਜ਼ਿਲ੍ਹਾ ਪ੍ਰਧਾਨ ਵਿਜੇ ਧੀਰ ਐਡਵੋਕੇਟ, ਪੱਲੇਦਾਰ ਯੂਨੀਅਨ ਦੇ ਸੂਬਾ ਆਗੂ ਕੇਵਲ ਸਿੰਘ ਸਾਬਕਾ ਮੈਂਬਰ ਪਾਰਲੀਮੈਂਟ, ਕ੍ਰਾਂਤੀਕਾਰੀ ਭੱਠਾ ਮਜ਼ਦੂਰ ਯੂਨੀਅਨ ਦੇ ਪ੍ਰਧਾਨ ਪ੍ਰਵੀਨ ਕੁਮਾਰ ਸ਼ਰਮਾ ਖਜ਼ਾਨਚੀ ਸਤਨਾਮ ਸਿੰਘ, ਕ੍ਰਿਸ਼ਨ ਸੂਦ ਸਾਬਕਾ ਕੌਂਸਲਰ, ਆਈ ਐਸ ਐਫ ਕਾਲਜ ਦੇ ਚੇਅਰਮੈਨ ਪ੍ਰਵੀਨ ਗਰਗ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ। ਇਸ ਮੌਕੇ ਕਿਰਤ ਵਿਭਾਗ ਵੱਲੋਂ ਸਤਨਾਮ ਸਿੰਘ, ਅਮਨ ਕੁਮਾਰ, ਰਵਨੀਤ ਕੌਰ ਹਾਜ਼ਰ ਸਨ। ਇਸ ਮੌਕੇ ਜਾਣਕਾਰੀ ਦਿੰਦਿਆਂ ਕਿਰਤ ਕਮਿਸ਼ਨਰ ਨੇ ਕਿਹਾ ਕਿ ਅੱਜ ਦੇ ਕੈਂਪ ਵਿੱਚ 60 ਦੇ ਲਗਭਗ ਮਜ਼ਦੂਰਾਂ ਨੇ ਕੈਂਪ ਵਿੱਚ ਹਾਜ਼ਰ ਹੋ ਕੇ ਲਾਭ ਲਿਆ ਜਿਸ ਵਿੱਚ ਲਾਭਪਾਤਰੀ ਕਾਪੀਆਂ ਅਪਲਾਈ ਕੀਤੀਆਂ ਗਈਆਂ, ਪੁਰਾਣੀਆਂ ਅਪਲਾਈ ਕੀਤੀਆਂ ਕਾਪੀਆਂ ਅਤੇ ਹੋਰ ਸਕੀਮਾਂ ਬਾਰੇ ਜਾਣਕਾਰੀ ਹਾਸਲ ਕੀਤੀ। ਇਸ ਮੌਕੇ ਭਾਰਤੀ ਮਜ਼ਦੂਰ ਸੰਘ ਦੇ ਜ਼ਿਲ੍ਹਾ ਪ੍ਰਧਾਨ ਵਿਜੇ ਧੀਰ ਐਡਵੋਕੇਟ ਨੇ ਕਿਹਾ ਕਿ ਗਰੀਬਾਂ ਮਜ਼ਦੂਰਾਂ ਨੂੰ ਲਾਭ ਪਾਤਰੀ ਸਕੀਮਾਂ ਦਾ ਲਾਭ ਦਿਵਾਉਣ ਵਿਚ ਅਹਿਮ ਭੂਮਿਕਾ ਹੈ । ਇਸ ਮੌਕੇ ਬਾਬਾ ਵਿਸ਼ਵਕਰਮਾ ਰਾਜ ਮਿਸਤਰੀ ਮਜ਼ਦੂਰ ਯੂਨੀਅਨ ਦੇ ਪ੍ਰਧਾਨ ਸੰਤੋਖ ਸਿੰਘ, ਕੁਲਵੰਤ ਸਿੰਘ, ਗੁਰਤੇਜ ਸਿੰਘ ਘਾਲੀ, ਰੂਪ ਸਿੰਘ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

# ਕੱਚੇ ਅਧਿਆਪਕਾਂ ਤੇ ਨਾਨ ਟੀਚਿੰਗ ਨੂੰ ਰੈਗੂਲਰ ਨੌਕਰੀ ਦੇ ਸਾਰੇ ਲਾਭਾਂ ਸਹਿਤ ਪੱਕੇ ਕਰਨ ਦੀ ਮੰਗ

**ਸੰਗਰੂਰ (ਪ੍ਰਵੀਨ ਸਿੰਘ)**-ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਵੱਲੋਂ ਬੀਤੇ ਵਰ੍ਹੇ ਅਧਿਆਪਕ ਦਿਵਸ ਮੌਕੇ ਵਿਸ਼ੇਸ਼ ਸਮਾਗਮ ਕਰਕੇ ਸਿੱਖਿਆ ਵਿਭਾਗ ਦੇ 8736 ਕੱਚੇ ਅਧਿਆਪਕਾਂ ਤੇ ਹੋਰ ਕਰਮਚਾਰੀਆਂ ਨੂੰ ਪੱਕਾ ਕਰਨ ਦਾ ਐਲਾਨ ਕੇਵਲ ਕਾਗਜ਼ਾਂ ਤੱਕ ਹੀ ਸੀਮਤ ਹੋ ਕੇ ਰਹਿ ਗਿਆ ਹੈ, ਕਿਉਂਕਿ ਨੌਂ ਮਹੀਨੇ ਤੋਂ ਵੱਧ ਸਮਾਂ ਬੀਤਣ ਦੇ ਬਾਵਜੂਦ ਇੱਕ ਵੀ ਅਧਿਆਪਕ ਨੂੰ ਰੈਗੂਲਰ ਕਰਨ ਦੇ ਆਰਡਰ ਨਹੀਂ ਪ੍ਰਾਪਤ ਹੋਏ। ਨਿਗੂਣੀਆਂ ਤਨਖਾਹਾਂ ਲੈਣ ਵਾਲੇ ਇਹ ਕੱਚੇ ਅਧਿਆਪਕ ਹਾਲੇ ਵੀ ਕੱਚੇ ਰੁਜ਼ਗਾਰ ਦਾ ਸੰਤਾਪ ਭੁਗਤ ਰਹੇ ਹਨ ਅਤੇ ਕਈ ਅਧਿਆਪਕ ਕੱਚੇ ਹੀ ਸੇਵਾ ਮੁਕਤ ਹੋ ਕੇ ਖਾਲੀ ਹੱਥ ਘਰਾਂ ਨੂੰ ਜਾ ਰਹੇ ਹਨ। ਇਸ ਸੰਤਾਪ ਤੋਂ ਛੁਟਕਾਰੇ ਦੀ ਆਸ ਵਿੱਚ ਸੰਘਰਸ਼ ਦੇ ਰਾਹ ਪੈਂਦਿਆਂ ਉਨ੍ਹਾਂ ਵੱਲੋਂ ਪਿਛਲੇ ਕਈ ਦਿਨਾਂ ਤੋਂ ਸੰਗਰੂਰ ਵਿਖੇ ਪੱਕੇ ਧਰਨਾ ਲਗਾਇਆ ਹੋਇਆ ਹੈ। ਇਨ੍ਹਾਂ ਅਧਿਆਪਕਾਂ ਦੀ ਹਮਾਇਤ ਕਰਦਿਆਂ ਡੀ.ਟੀ.ਐੱਫ.ਪੰਜਾਬ ਦੇ ਸੂਬਾ ਪ੍ਰਧਾਨ ਵਿਕਰਮ ਦੇਵ ਸਿੰਘ, ਜਨਰਲ ਸਕੱਤਰ ਮੁਕੇਸ਼ ਕੁਮਾਰ, ਵਿੱਤ ਸਕੱਤਰ ਅਸ਼ਵਨੀ ਅਵਸਥੀ ਅਤੇ ਸੂਬਾ ਮੀਤ ਪ੍ਰਧਾਨ ਰਘਵੀਰ ਸਿੰਘ ਭਵਾਨੀਗੜ੍ਹ ਨੇ ਮੰਗ ਕੀਤੀ ਕਿ ਸਿੱਖਿਆ ਵਿਭਾਗ ਅਧੀਨ ਕੰਮ ਕਰਦੇ ਸਾਰੇ ਦੇ ਸਾਰੇ ਕੱਚੇ ਅਧਿਆਪਕਾਂ ਤੇ ਨਾਨ ਟੀਚਿੰਗ ਕਰਮਚਾਰੀਆਂ ਜਿਨ੍ਹਾਂ ਦੀ ਗਿਣਤੀ 14000 ਦੇ ਕਰੀਬ ਹੈ, ਨੂੰ ਸਰਕਾਰੀ ਨੌਕਰੀ ਦੇ ਸਾਰੇ ਲਾਭਾਂ ਸਮੇਤ ਫੌਰੀ ਰੈਗੂਲਰ ਕੀਤਾ ਜਾਵੇ। ਡੈਮੋਕ੍ਰੇਟਿਕ ਟੀਚਰਜ਼ ਫਰੰਟ (ਡੀ ਟੀ ਐੱਫ) ਦੇ ਆਗੂਆਂ ਜਗਪਾਲ ਬੰਗੀ, ਬੇਅੰਤ ਫੂਲੇਵਾਲਾ, ਰਾਜੀਵ ਬਰਨਾਲਾ, ਗੁਰਪਿਆਰ ਕੋਟਲੀ, ਜਸਵਿੰਦਰ ਔਜਲਾ, ਰਘਵੀਰ ਭਵਾਨੀਗੜ੍ਹ, ਹਰਜਿੰਦਰ ਸਿੰਘ ਵਡਾਲਾ ਬਾਂਗਰ, ਦਲਜੀਤ ਸਫੀਪੁਰ, ਕੁਲਵਿੰਦਰ ਜੋਸਨ, ਪਵਨ ਕੁਮਾਰ ਮੁਕਤਸਰ, ਮਹਿੰਦਰ ਕੌੜਿਆਂਵਾਲੀ, ਤੇਜਿੰਦਰ ਸਿੰਘ, ਰੁਪਿੰਦਰ ਗਿੱਲ ਅਤੇ ਸੁਖਦੇਵ ਡਾਨਸੀਵਾਲ ਨੇ ਕਿਹਾ ਕਿ ਪੰਜ ਤੋਂ ਦਸ ਹਜ਼ਾਰ ਪ੍ਰਤੀ ਮਹੀਨਾ ਤਨਖਾਹ 'ਤੇ ਗੁਜ਼ਾਰਾ ਕਰਨ ਵਾਲੇ ਅਤੇ ਪੰਜਾਬ ਦੇ ਪ੍ਰਾਇਮਰੀ ਸਕੂਲਾਂ ਵਿੱਚ ਕਈ-ਕਈ ਸਾਲਾਂ ਤੋਂ ਪੂਰੇ ਸਿਰੜ ਨਾਲ ਪੜ੍ਹਾਉਣ ਦੇ ਕਾਰਜ ਵਿੱਚ ਲੱਗੇ ਕੱਚੇ ਅਧਿਆਪਕਾਂ ਨੂੰ ਪੱਕਾ ਕਰਨ ਦੀ ਚੋਣਾਵੀ ਗਰੰਟੀ ਨੂੰ ਹਾਲੇ ਤੱਕ ਜ਼ਮੀਨੀ ਪੱਧਰ 'ਤੇ ਲਾਗੂ ਕਰਨ ਵਿੱਚ 'ਆਪ' ਸਰਕਾਰ ਨਾ-ਕਾਮਯਾਬ ਰਹੀ ਹੈ।



ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by **Gurmit Singh Shugli** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: **Chand Fatehpuri**
ਸੰਪਾਦਕ : **ਚੰਦ ਫਤਿਹਪੁਰੀ** * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ **ਗੁਰਮੀਤ ਸਿੰਘ ਸ਼ੁਗਲੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।
ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

# ਹਰੀਕੇ ਝੀਲ 'ਚ ਕਲਾਲੀ ਬੂਟੀ ਦਾ ਵੱਡਾ ਜਮਾਵੜਾ, ਪੁਲਾਂ ਨੂੰ ਸੰਭਾਵੀ ਖਤਰਾ



**ਪੱਟੀ, (ਬਲਦੇਵ ਸਿੰਘ ਸੰਧੂ)**

ਹਰੀਕੇ ਝੀਲ, ਹੈੱਡ ਵਰਕਸ ਅਤੇ ਨਹਿਰਾਂ 'ਚ ਆ ਰਹੀ ਕਲਾਲੀ ਬੂਟੀ ਪੁਲਾਂ ਲਈ ਵੱਡੇ ਖਤਰੇ ਤੋਂ ਘੱਟ ਨਹੀਂ। ਪੂਰੇ ਵਿਸ਼ਵ 'ਚ ਵਾਟਰ ਹਾਈਸਿੰਥ ਨਾਮ ਨਾਲ ਜਾਣੀ ਜਾਂਦੀ ਕਲਾਲੀ ਬੂਟੀ ਦੀ ਖਾਤਮੇ ਲਈ ਸਮੇਂ ਸਮੇਂ ਤੇ ਸਰਕਾਰਾਂ ਨੇ ਵਿਸ਼ੇਸ਼ ਉਪਰਾਲੇ ਵੀ ਕੀਤੇ ਪਰ ਸਭ ਵਿਅਰਥ ਸਿੱਧ ਹੋਏ। ਇਥੋਂ ਤੱਕ ਕੇਂਦਰ 'ਚ ਵਾਜਪਾਈ ਸਰਕਾਰ ਦੇ ਕਾਰਜਕਾਲ ਦੌਰਾਨ ਇਸ ਕੰਮ ਲਈ ਅਤਿ ਆਧੁਨਿਕ ਮਸ਼ੀਨਾਂ ਨਾਲ ਲੈਸ ਆਰਮੀ ਦੇ ਜਵਾਨਾਂ ਦੀਆਂ ਸੇਵਾਵਾਂ ਵੀ ਲਈਆਂ ਗਈਆਂ ਪਰ ਉਹ ਵੀ ਬੂਟੀ ਖਤਮ ਕਰਨ 'ਚ ਅਸਫਲ ਸਿੱਧ ਹੋਏ। ਅਜੋਕੇ ਹਾਲਾਤ ਨੂੰ ਵੇਖਣ ਤੇ ਜਿਥੇ ਹਰ ਪਾਸੇ ਕਲਾਲੀ ਬੂਟੀ ਦੇ ਅੰਬਾਰ ਨਜ਼ਰ ਆ ਰਹੇ ਹਨ ਉਥੇ ਹੀ ਕਲਾਲੀ ਬੂਟੀ ਹਰੀਕੇ ਹੈੱਡ ਵਰਕਸ 'ਤੇ ਬਣੇ ਪੁਲ ਸਮੇਤ ਇਲਾਕੇ ਦੀਆਂ ਨਹਿਰਾਂ 'ਤੇ ਬਣੇ ਪੁਲਾਂ ਲਈ ਨੇੜਲੇ ਭਵਿੱਖ ਲਈ ਵੱਡਾ ਖਤਰਾ ਦਿਖਾਈ ਦੇ ਰਹੀ ਹੈ। ਬੀਤੇ ਕਈ ਦਿਨਾਂ ਤੋ ਕਲਾਲੀ ਬੂਟੀ ਦੇ ਵੱਡੇ ਜਮਾਵੜੇ ਕਾਰਨ ਬੇਸ਼ੱਕ ਪਾਣੀ ਦੇ ਵਹਿਣ ਨੂੰ ਕੋਈ ਰੋਕ ਨਹੀ ਪਰ ਸੰਭਾਵੀ ਹੜ੍ਹਾਂ ਦੀ ਆਮਦ ਸਾਹਮਣੇ ਇਹ ਬੂਟੀ ਡਾਫ ਬਣ ਕੇ ਪੁਲਾਂ ਦੀ ਹੋਂਦ ਕਥਿੱਤ ਤੌਰ 'ਤੇ ਖਤਮ ਕਰਨ ਦੇ ਨਾਲ ਨਾਲ ਡਾਊਨ ਸਟਰੀਮ ਦੀਆਂ ਫਸਲਾਂ ਨੂੰ ਚਪੇਟ ਵਿੱਚ ਲੈਣ ਤੋ ਮੁਨਕਰ ਨਹੀ ਹੋਇਆ ਜਾ ਸਕਦਾ। ਸਰਕਾਰੀ ਸੰਪਤੀ ਦੇ ਨੁਕਸਾਨ ਦੇ ਨਾਲ ਨਾਲ ਕਿਸਾਨਾਂ ਦੀਆਂ ਫਸਲਾਂ ਦੇ ਖਰਾਬੇ ਤੋ ਪਹਿਲਾਂ ਵਿਭਾਗ ਕੋਈ ਕਦਮ ਚੁੱਕਦਾ ਹੈ ਜਾਂ ਨਹੀਂ ਇਹ ਆਉਣ ਵਾਲਾ ਸਮਾਂ ਹੀ ਦੱਸੇਗਾ। ਇਸ ਸਬੰਧੀ ਸੰਪਰਕ ਕਰਨ 'ਤੇ ਨਹਿਰੀ ਵਿਭਾਗ ਦੇ ਐਕਸੀਅਨ ਰਾਜਨ ਢੀਂਗਰਾ ਨਾਲ ਸੰਪਰਕ ਕੀਤਾ ਤਾਂ ਉਨਾਂ ਦੱਸਿਆ ਕਿ ਬੂਟੀ ਦੇ ਵਧਣ ਸਬੰਧੀ ਉਨਾਂ ਪਾਸ ਕੋਈ ਜਾਣਕਾਰੀ ਨਹੀਂ ਹੈ। ਉਨ੍ਹਾਂ ਕਿਹਾ ਕਿ ਜੇਕਰ ਬੂਟੀ ਤੋਂ ਕੋਈ ਖਤਰਾ ਜਾਂ ਨੁਕਸਾਨ ਹੋਣ ਸਬੰਧੀ ਗੱਲ ਸਾਹਮਣੇ ਆਈ ਤਾਂ ਇਸ ਸਥਿਤੀ ਨਾਲ ਨਜਿੱਠਣ ਲਈ ਪਹਿਲ ਦੇ ਆਧਾਰ 'ਤੇ ਉਪਰਾਲੇ ਕੀਤੇ ਜਾਣਗੇ।

# ਕੌਮੀ ਸਿੱਖਿਆ ਨੀਤੀ ਸੰਬੰਧੀ ਚਰਚਾ ਦੀਆਂ ਤਿਆਰੀਆਂ ਮੁਕੰਮਲ

**ਜਲੰਧਰ (ਕੇਸਰ)**- ਦੇਸ਼ ਭਗਤ ਯਾਦਗਰ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ, ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ ਅਤੇ ਸੱਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਲਿਖਤੀ ਪ੍ਰੈਸ ਬਿਆਨ ਰਾਹੀਂ ਦੱਸਿਆ ਕਿ ਕੌਮੀ ਸਿੱਖਿਆ ਨੀਤੀ: 2020 ਸੰਬੰਧੀ 24 ਜੂਨ ਸ਼ਨੀਵਾਰ ਸਵੇਰੇ 10:30 ਵਜੇ ਹੋ ਰਹੀ ਵਿਚਾਰ-ਚਰਚਾ ਦੀਆਂ ਤਿਆਰੀਆਂ ਨੂੰ ਅੱਜ ਅੰਤਿਮ ਛੋਹਾਂ ਦਿੱਤੀਆਂ। ਦੇਸ਼ ਭਗਤ ਯਾਦਗਾਰ ਹਾਲ 'ਚ ਬਣੇ ਸ਼ਹੀਦ ਵਿਸ਼ਨੂੰ ਗਣੇਸ਼ ਪਿੰਗਲੇ ਹਾਲ ਵਿੱਚ ਹੋਣ ਵਾਲੀ ਇਸ ਵਿਚਾਰ-ਚਰਚਾ ਮੌਕੇ ਕੌਮੀ ਸਿੱਖਿਆ ਨੀਤੀ: 2020 - ਸਿੱਖਿਆ, ਵਿਗਿਆਨ ਅਤੇ ਤਰਕਸ਼ੀਲਤਾ ਵਿਸ਼ੇ ਉਪਰ ਉੱਘੇ ਵਿਦਵਾਨ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਪ੍ਰੋ. ਕੁਲਦੀਪ ਪੁਰੀ ਮੁੱਖ ਬੁਲਾਰੇ ਹੋਣਗੇ। ਕਮੇਟੀ ਨੇ ਸਮੂਹ ਵਿਦਿਅਕ ਅਦਾਰਿਆਂ, ਵਿਦਿਆਰਥੀ, ਨੌਜਵਾਨ, ਤਰਕਸ਼ੀਲ, ਜਮਹੂਰੀ, ਲੋਕ-ਪੱਖੀ ਸੰਸਥਾਵਾਂ ਨੂੰ ਇਸ ਭਖਵੇਂ ਮੁੱਦੇ ਉਪਰ ਵਿਚਾਰ-ਚਰਚਾ ਵਿੱਚ ਸ਼ਾਮਲ ਹੋਣ ਦੀ ਜ਼ੋਰਦਾਰ ਅਪੀਲ ਕੀਤੀ ਹੈ ਤਾਂ ਜੋ ਸਿੱਖਿਆ ਉਪਰ ਚੌਤਰਫ਼ੇ ਹੱਲਿਆਂ ਖ਼ਿਲਾਫ਼ ਜਾਗਰੂਕ ਹੋ ਕੇ ਸਾਂਝੀ ਜਨਤਕ ਆਵਾਜ਼ ਬੁਲੰਦ ਕੀਤੀ ਜਾ ਸਕੇ।

ਤਿਆਰੀਆਂ ਨੂੰ ਅੰਤਿਮ ਛੋਹਾਂ ਦੇਣ ਮੌਕੇ ਕਮੇਟੀ ਦੇ ਸਹਾਇਕ ਸਕੱਤਰ ਚਰੰਜੀ ਲਾਲ ਕੰਗਣੀਵਾਲ, ਮਿਊਜ਼ੀਅਮ ਕਮੇਟੀ ਦੇ ਕਨਵੀਨਰ ਸੁਰਿੰਦਰ ਕੁਮਾਰੀ ਕੋਛੜ, ਆਡਿਟ ਅਤੇ ਦੇਖ ਰੇਖ ਕਮੇਟੀ ਦੇ ਕਨਵੀਨਰ ਰਣਜੀਤ ਸਿੰਘ ਔਲਖ ਅਤੇ ਲਾਇਬਰੇਰੀ ਕਮੇਟੀ ਦੇ ਕਨਵੀਨਰ ਡਾ. ਗੋਪਾਲ ਬੁੱਟਰ ਵੀ ਹਾਜ਼ਰ ਸਨ।

# ਨਹਿਰ 'ਚ ਛੱਡੇ ਪਾਣੀ ਕਾਰਨ ਪਿਆ ਪਾੜ, ਸੈਂਕੜੇ ਏਕੜ ਫਸਲ ਤਬਾਹ

**ਪੱਟੀ, (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)**



ਨਹਿਰਾਂ ਦੀ ਖਲਾਈ ਕਰਕੇ ਪਾਣੀ ਟੇਲਾਂ 'ਤੇ ਪਹੁੰਚਾਉਣ ਦੇ ਸਰਕਾਰੀ ਵਾਅਦੇ ਉਸ ਵਕਤ ਖੋਖਲੇ ਸਾਬਿਤ ਹੋਏ ਜਦ ਅੱਪਰਬਾਰ ਦੁਆਬ ਨਹਿਰ ਵਿੱਚ ਬਗੈਰ ਖਲਾਈ ਤੋਂ ਛੱਡੇ ਗਏ ਪਾਣੀ ਕਾਰਨ ਨਹਿਰ ਵਿੱਚ ਪਾੜ ਪੈ ਗਿਆ ਜਿਸ ਕਾਰਨ ਕਿਸਾਨਾਂ ਵੱਲੋਂ ਲਗਾਈ ਗਈ ਝੋਨੇ ਦੀ ਫਸਲ ਦੇ ਨਾਲ-ਨਾਲ ਮੂੰਗੀ, ਕਮਾਦ, ਹਰੇ ਚਾਰੇ ਤੇ ਸਬਜ਼ੀਆਂ ਦੀਆਂ ਫਸਲਾਂ ਪਾਣੀ ਵਿੱਚ ਡੁੱਬ ਗਈਆਂ। ਇਸ ਸਬੰਧੀ ਕਿਸਾਨ ਹੀਰਾ ਸਿੰਘ, ਗੁਰਪ੍ਰੀਤ ਸਿੰਘ, ਮਲੂਕ ਸਿੰਘ, ਬਲਜੀਤ ਸਿੰਘ ਆਦਿ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਅੱਪਰਬਾਰ ਦੁਆਬ ਨਹਿਰ ਜਿਸ ਦੀ ਲੰਬੇ ਸਮੇ ਤੋਂ ਖਲਾਈ ਨਾ ਹੋਣ ਕਾਰਨ ਨਹਿਰ ਵਿੱਚ ਰੁੱਖ ਤੇ ਝਾੜੀਆਂ ਉੱਗੀਆਂ ਹੋਈਆਂ ਹਨ। ਇਸ ਦੇ ਨਾਲ ਹੀ ਇਸ ਵਾਰ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਪੰਜਾਬ ਨਿਵਾਸੀਆਂ ਨਾਲ ਵਾਅਦਾ ਕੀਤਾ ਸੀ ਕਿ ਝੋਨੇ ਦੀ ਫਸਲ ਦੀ ਲਵਾਈ ਤੋਂ ਪਹਿਲਾਂ ਪੰਜਾਬ ਦੀ ਹਰੇਕ ਨਹਿਰ ਤੇ ਖਾਲਿਆਂ ਦੀ ਖਲਾਈ ਕਰਕੇ ਨਹਿਰੀ ਪਾਣੀ ਹਰੇਕ ਕਿਸਾਨ ਦੀ ਫਸਲ ਤੱਕ ਪਹੁੰਚਾਇਆ ਜਾਵੇਗਾ ਪਰ ਇਸ ਦੇ ਉਲਟ ਸਿੰਚਾਈ ਵਿਭਾਗ ਨੇ ਸਰਕਾਰ ਦੇ ਫੈਸਲੇ ਨੂੰ ਟਿੱਚ ਸਮਝਦਿਆਂ ਨਾ ਤਾਂ ਅੱਪਰਬਾਰ ਦੁਆਬ ਨਹਿਰ ਤੇ ਨਾ ਹੀ ਰਸੂਲਪੁਰ ਡਿਸਟ੍ਰੀਬਿਊਟਰ ਨਹਿਰ ਦੀ ਖਲਾਈ ਕੀਤੀ ਜਿਸ ਦੇ ਨਤੀਜੇ ਇਸ ਵਕਤ ਕਿਸਾਨਾਂ ਨੂੰ ਭੁਗਤਣੇ ਪੈ ਰਹੇ ਹਨ। ਨਾ ਤਾਂ ਟੇਲਾਂ 'ਤੇ ਪਾਣੀ ਪਹੁੰਚਿਆ ਤੇ ਜੋ ਪਾਣੀ ਨਹਿਰਾਂ ਵਿੱਚ ਛੱਡਿਆ ਉਸ ਨਾਲ ਖਲਾਈ ਨਾ ਹੋਣ ਕਾਰਨ ਨਹਿਰਾਂ ਵਿੱਚ ਪਾੜ ਪੈ ਰਹੇ ਹਨ। ਕਿਸਾਨਾਂ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਨਹਿਰਾਂ ਦੀ ਖਲਾਈ ਨਾ ਹੋਣ ਦੀ ਜਾਂਚ ਕਰਵਾਈ ਜਾਵੇ ਅਤੇ ਜੋ ਨਹਿਰ ਵਿੱਚ ਪਾੜ ਪੈਣ ਨਾਲ ਫਸਲਾਂ ਦਾ ਨੁਕਸਾਨ ਹੋਇਆ ਹੈ ਉਸ ਦੀ ਭਰਪਾਈ ਕੀਤੀ ਜਾਵੇ। ਜਦ ਇਸ ਸਬੰਧੀ ਸਿੰਚਾਈ ਵਿਭਾਗ ਦੇ ਐੱਸਸੀ ਕੁਲਵਿੰਦਰ ਸਿੰਘ ਨਾਲ ਫੋਨ 'ਤੇ ਸੰਪਰਕ ਕਰਨਾ ਚਾਹਿਆ ਤਾਂ ਉਨਾਂ ਫੋਨ ਸੁਣਨਾ ਵੀ ਮੁਨਾਸਿਬ ਨਹੀਂ ਸਮਝਿਆ ਤੇ ਐਕਸੀਅਨ ਸਿਮਰਨਜੀਤ ਸਿੰਘ ਦਾ ਮੋਬਾਇਲ ਫੋਨ ਦਾ ਸਵਿਚ ਬੰਦ ਪਾਇਆ ਗਿਆ।

# ਮਹਾਜਨ ਸਭਾ ਵੱਲੋਂ ਨਵੀਂ ਟੀਮ ਦਾ ਗਠਨ



**ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)**-ਮਹਾਜਨ ਸਭਾ ਦੀ ਇਕ ਅਹਿਮ ਮੀਟਿੰਗ ਨਵ-ਨਿਯੁਕਤ ਪ੍ਰਧਾਨ ਕੁਲਦੀਪ ਮਹਾਜਨ ਦੀ ਪ੍ਰਧਾਨਗੀ ਹੇਠ ਉਨ੍ਹਾਂ ਦੇ ਦਫਤਰ ਵਿਖੇ ਹੋਈ। ਸਭ ਤੋਂ ਪਹਿਲਾਂ ਪ੍ਰੋਗਰਾਮ ਦੀ ਸ਼ੁਰੂਆਤ ਗਾਇਤਰੀ ਮੰਤਰ ਨਾਲ ਕੀਤੀ ਗਈ। ਮੀਟਿੰਗ ਦੌਰਾਨ ਨਵ-ਨਿਯੁਕਤ ਪ੍ਰਧਾਨ ਨੇ ਆਪਣੀ ਨਵੀਂ ਟੀਮ ਦਾ ਗਠਨ ਕੀਤਾ ਜਿਸ ਵਿਚ ਜਤਿੰਦਰ ਮਹਾਜਨ ਜਨਰਲ ਸਕੱਤਰ, ਕਮਲ ਮਹਾਜਨ, ਅਰੁਣ ਮਹਾਜਨ, ਚੇਤਨ ਮੋਹਨ ਮਹਾਜਨ ਸਕੱਤਰ, ਸੰਜੀਵ ਕੁਮਾਰ ਮਹਾਜਨ ਖਜ਼ਾਨਚੀ, ਰਾਕੇਸ਼ ਮਹਾਜਨ, ਨੀਰਜ ਮਹਾਜਨ, ਅਨਿਲ ਮਹਾਜਨ ਮੀਤ ਪ੍ਰਧਾਨ, ਸੀਤਾ ਰਾਮ ਮਹਾਜਨ, ਯੁਧਿਸ਼ਠਰ ਮਹਾਜਨ, ਭਾਰਤ ਭੂਸ਼ਣ ਜੁਗੀਆਣਾ, ਛੱਜੂ ਰਾਮ ਆਦਿ ਸ਼ਾਮਲ ਸਨ। ਅਸ਼ਵਨੀ ਮਹਾਜਨ ਸਰਪ੍ਰਸਤ, ਕਾਨੂੰਨੀ ਸਲਾਹਕਾਰ ਸੁਬੀਰ ਮਹਾਜਨ, ਪ੍ਰੈੱਸ ਸਕੱਤਰ ਕਮਲ ਮਹਾਜਨ ਨਿਯੁਕਤ ਕੀਤੇ ਗਏ। ਪ੍ਰਧਾਨ ਕੁਲਦੀਪ ਮਹਾਜਨ ਨੇ ਨਵੀਂ ਟੀਮ ਨੂੰ ਵਧਾਈ ਦਿੰਦੇ ਹੋਏ ਕਿਹਾ ਕਿ ਉਹ ਆਪਣੀ ਜ਼ਿੰਮੇਵਾਰੀ ਤਨਦੇਹੀ ਨਾਲ ਨਿਭਾਉਣ। ਇਸ ਮੌਕੇ ਅਨਿਲ ਮਹਾਜਨ, ਨਿਤਿਨ ਮਹਾਜਨ, ਗੁਲਸ਼ਨ ਮਹਾਜਨ ਆਦਿ ਹਾਜ਼ਰ ਸਨ।

# ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਪਠਾਨਕੋਟ ਵਿਖੇ ਮਨਾਇਆ 9ਵਾਂ ਅੰਤਰਰਾਸ਼ਟਰੀ ਯੋਗ ਦਿਵਸ

**ਪਠਾਨਕੋਟ (ਦਵਿੰਦਰ ਸਿੰਘ)**

ਪੰਜਾਬ ਸਰਕਾਰ ਅਤੇ ਆਯੁਰਵੈਦਿਕ ਵਿਭਾਗ ਪੰਜਾਬ ਵੱਲੋਂ ਜਾਰੀ ਦਿਸ਼ਾ ਨਿਰਦੇਸ਼ਾਂ ਅਨੁਸਾਰ ਹਰ ਘਰ ਹਰ ਆਂਗਣ ਯੋਗ ਥੀਮ ਦੇ ਅਧੀਨ ਜ਼ਿਲ੍ਹਾ ਪੱਧਰੀ ਨੌਵਾਂ ਅੰਤਰਰਾਸ਼ਟਰੀ ਯੋਗ ਦਿਵਸ ਜ਼ਿਲ੍ਹਾ ਆਯੁਰਵੈਦਿਕ ਅਤੇ ਯੂਨਾਨੀ ਅਫਸਰ ਪਠਾਨਕੋਟ ਡਾ. ਮਲਕੀਤ ਸਿੰਘ ਘੱਗਾ ਦੀ ਪ੍ਰਧਾਨਗੀ ਵਿੱਚ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ, ਪਠਾਨਕੋਟ (ਕਮਰਾ ਨੰ: 218) ਵਿਖੇ ਮਨਾਇਆ ਗਿਆ। ਇਸ ਮੌਕੇ ਹਰਬੀਰ ਸਿੰਘ ਡਿਪਟੀ ਕਮਿਸ਼ਨਰ ਪਠਾਨਕੋਟ ਅਤੇ ਅੰਕੁਰਜੀਤ ਸਿੰਘ ਵਧੀਕ ਡਿਪਟੀ ਕਮਿਸ਼ਨਰ (ਜ) ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ। ਮੁੱਖ ਮਹਿਮਾਨਾਂ ਵੱਲੋਂ ਮਾਂ ਸਰਸਵਤੀ ਦੀ ਪ੍ਰਤਿਮਾ ਅੱਗੇ ਦੀਪਕ ਰੌਸ਼ਨ ਕਰਕੇ ਯੋਗ ਦਿਵਸ ਦੀ ਸ਼ੁਰੂਆਤ ਕੀਤੀ। ਇਸ ਮੌਕੇ ਹੋਰਨਾਂ ਤੋਂ ਇਲਾਵਾ ਕਾਲਾ ਰਾਮ ਕਾਂਸਲ ਐਸਡੀਐਮ ਪਠਾਨਕੋਟ, ਰਾਮ ਲੁਭਾਇਆ ਜ਼ਿਲ੍ਹਾ ਲੋਕ ਸੰਪਰਕ ਅਫਸਰ ਪਠਾਨਕੋਟ, ਰਾਜੇਸ਼ ਕੁਮਾਰ ਜ਼ਿਲ੍ਹਾ ਸਿੱਖਿਆ ਅਧਿਕਾਰੀ ਸੈਕੰਡਰੀ, ਰਜਿੰਦਰ ਗੋਤਰਾ ਐਕਸੀਅਨ ਲੋਕ ਨਿਰਮਾਣ ਵਿਭਾਗ, ਡੀਜੀ ਸਿੰਘ ਡਿਪਟੀ ਡੀਈਓ ਪ੍ਰਾਇਮਰੀ, ਸਰਬਜੀਤ ਸਿੰਘ ਤਹਿਸੀਲਦਾਰ ਚੋਣਾਂ, ਸਤੀਸ਼ ਸੈਣੀ ਐਸਈ ਕਾਰਪੋਰੇਸ਼ਨ ਪਠਾਨਕੋਟ ਅਤੇ ਹੋਰ ਡਿਪਟੀ ਕਮਿਸ਼ਨਰ ਦਫਤਰ ਦੇ ਕਰੀਬ 300 ਕਰਮਚਾਰੀਆਂ/ਅਧਿਕਾਰੀਆਂ ਨੇ ਭਾਗ ਲਿਆ।



ਡਾ. ਜਤਿੰਦਰ ਸਿੰਘ ਠਾਕੁਰ ਨੋਡਲ ਅਫਸਰ ਪ੍ਰੋਗਰਾਮ ਦੀ ਦੇਖ ਰੇਖ ਵਿੱਚ ਮਨਾਇਆ ਗਿਆ। ਡਾ. ਪੰਕਜ ਠਾਕੁਰ, ਡਾ. ਮੀਨਾ, ਡਾ. ਮਾਲਤੀ ਅਤੇ ਆਰਟ ਆਫ ਲਿਵਿੰਗ ਇੰਡੀਆ ਤੋਂ ਸੰਜੀਵ ਸ਼ਰਮਾ ਨੇ ਯੋਗ ਦੀਆਂ ਵੱਖ-ਵੱਖ ਕਿਰਿਆਵਾਂ ਤੋਂ ਜਾਣੂ ਕਰਵਾਇਆ। ਇਸ ਮੌਕੇ ਸੰਬੋਧਨ ਕਰਦਿਆਂ ਹਰਬੀਰ ਸਿੰਘ ਡਿਪਟੀ ਕਮਿਸ਼ਨਰ ਪਠਾਨਕੋਟ ਨੇ ਕਿਹਾ ਕਿ ਯੋਗ ਸਾਨੂੰ ਕੇਵਲ ਸਰੀਰਿਕ ਤੌਰ 'ਤੇ ਹੀ ਤੰਦਰੁਸਤੀ ਪ੍ਰਦਾਨ ਨਹੀਂ ਕਰਦਾ ਬਲਕਿ ਮਾਨਸਿਕ ਤੌਰ 'ਤੇ ਵੀ ਪੂਰੀ ਤਰ੍ਹਾਂ ਨਾਲ ਤੰਦਰੁਸਤ ਰੱਖਦਾ ਹੈ। ਉਨ੍ਹਾਂ ਕਿਹਾ ਕਿ ਆਓ ਸਾਰੇ ਮਿਲ ਕੇ ਇਹ ਪ੍ਰਣ ਕਰੀਏ ਕਿ ਅੱਜ ਤੋਂ ਅਸੀਂ ਸਾਰੇ ਯੋਗ ਨੂੰ ਆਪਣੀ ਜ਼ਿੰਦਗੀ ਵਿੱਚ ਸ਼ਾਮਲ ਕਰਾਂਗੇ ਅਤੇ ਪ੍ਰਤੀਦਿਨ ਯੋਗ ਕਰਕੇ ਸਰੀਰ ਨੂੰ ਨਿਰੋਗ ਰੱਖਾਂਗੇ। ਉਨ੍ਹਾਂ ਕਿਹਾ ਕਿ ਆਪ ਵੱਲੋਂ ਕੀਤਾ ਗਿਆ ਯੋਗ ਆਪ ਦੇ ਪਰਿਵਾਰਕ ਜਾਂ ਹੋਰ ਦੋਸਤਾਂ-ਮਿੱਤਰਾਂ ਦੇ ਲਈ ਪ੍ਰੇਰਣਾ ਬਣੇਗਾ ਅਤੇ ਉਹ ਵੀ ਯੋਗ ਨੂੰ ਅਪਣਾ ਕੇ ਤੰਦਰੁਸਤ ਰਹਿ ਸਕਦੇ ਹਨ।

ਇਸ ਮੌਕੇ ਡਾ. ਮਲਕੀਤ ਸਿੰਘ ਘੱਗਾ ਨੇ ਸੰਬੋਧਨ ਕਰਦਿਆਂ ਕਿਹਾ ਕਿ ਅੱਜ ਦਾ ਯੋਗ ਦਿਵਸ ਰਵੀ ਕੁਮਾਰ ਡੂਮਰਾ ਡਾਇਰੈਕਟਰ ਆਯੁਰਵੈਦਿਕ ਪੰਜਾਬ ਦੇ ਦਿਸ਼ਾ ਨਿਰਦੇਸ਼ਾਂ ਹੇਠ ਮਨਾਇਆ ਗਿਆ ਹੈ ਅਤੇ ਜ਼ਿਆਦਾ ਤੋਂ ਜ਼ਿਆਦਾ ਲੋਕਾਂ ਨੂੰ ਯੋਗ ਕਰਨ ਲਈ ਪ੍ਰੇਰਿਤ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਅੱਜ ਜ਼ਿਲ੍ਹੇ ਅੰਦਰ 21 ਡਿਸਪੈਂਸਰੀਆਂ ਅਤੇ ਵੈੱਲਨੈੱਸ ਸੈਂਟਰਾਂ ਅਤੇ ਐੱਨਐੱਚਐੱਮਆਈ ਦੀਆਂ 8 ਡਿਸਪੈਂਸਰੀਆਂ ਅੰਦਰ ਵੀ ਯੋਗ ਦਿਵਸ ਮਨਾਇਆ ਗਿਆ। ਉਨ੍ਹਾਂ ਯੋਗ ਦਿਵਸ ਵਿੱਚ ਸ਼ਾਮਲ ਅਧਿਕਾਰੀਆਂ ਅਤੇ ਕਰਮਚਾਰੀਆਂ ਦਾ ਵਿਸ਼ੇਸ਼ ਤੌਰ 'ਤੇ ਹਾਜ਼ਰ ਰਹਿਣ ਲਈ ਧੰਨਵਾਦ ਕੀਤਾ। ਸਮਾਰੋਹ ਦੇ ਅੰਤ ਵਿੱਚ ਯੋਗ ਦਿਵਸ ਤੇ ਸ਼ਾਮਲ ਹੋਣ ਵਾਲੇ ਅਧਿਕਾਰੀਆਂ ਨੂੰ ਪੌਦੇ ਭੇਟ ਕਰਕੇ ਸਨਮਾਨਤ ਕੀਤਾ ਗਿਆ। ਹੋਰਨਾਂ ਤੋਂ ਇਲਾਵਾ ਇਸ ਮੌਕੇ ਡਾ. ਪੁਨੀਤ, ਜਤਿੰਦਰ ਸ਼ਰਮਾ ਪੀਏ ਟੂ ਡਿਪਟੀ ਕਮਿਸ਼ਨਰ, ਸੰਜੀਵ ਪਠਾਨੀਆ ਸੁਪਰਡੈਂਟ, ਮਾਸਟਰ ਅਰੁਣ ਸ਼ਰਮਾ ਡੀਈਓ ਸਪੋਰਟਸ, ਡਾ. ਰਿਤੂ, ਡਾ. ਨਮਿਤਾ, ਜਤਿਨ ਸੀਨੀਅਰ ਸਹਾਇਕ, ਅੰਕੁਸ਼, ਡਾ. ਜਸਵਿੰਦਰ, ਡਾ. ਰਾਜਵਿੰਦਰ, ਉਪਵੈਦ ਅਭਿਸ਼ੇਕ, ਉਪਵੈਦ ਸੰਦੀਪ ਅਤੇ ਹੋਰ ਵਿਭਾਗੀ ਅਧਿਕਾਰੀ/ਕਰਮਚਾਰੀ ਹਾਜ਼ਰ ਸਨ।

# ਹਜ਼ਾਰਾਂ ਦੀ ਨਕਦੀ ਸਮੇਤ ਜੁਆਰੀਏ ਪੁਲਸ ਅੜਿੱਕੇ

**ਗੁਰਦਾਸਪੁਰ, (ਜਨਕ ਮਹਾਜਨ)**-ਥਾਣਾ ਸਿਟੀ ਗੁਰਦਾਸਪੁਰ ਦੇ ਏ. ਐਸ. ਆਈ. ਅਮਰੀਕ ਸਿੰਘ ਨੇ ਸਮੇਤ ਪੁਲਸ ਪਾਰਟੀ ਗਸ਼ਤ ਬਾ ਭੈੜੇ ਪੁਰਸ਼ਾਂ ਦੇ ਸਬੰਧ ਵਿੱਚ ਮੁੱਖਬਰ ਖਾਸ ਦੀ ਇਤਲਾਹ 'ਤੇ ਲਾਇਬਰੇਰੀ ਚੌਕ ਨੇੜੇ ਨਹਿਰੂ ਪਾਰਕ ਵਿਖੇ ਰੇਡ ਕਰਕੇ ਦੋਸ਼ੀਆਂ ਮਨੋਜ ਪੁੱਤਰ ਰਫੀਕ ਮਸੀਹ, ਗੁਰਬਚਨ ਸਿੰਘ ਪੁੱਤਰ ਬੂਟੀ ਰਾਮ, ਕਿਸ਼ਨ ਚੰਦ ਪੁੱਤਰ ਫਕੀਰ ਚੰਦ ਵਾਸੀਆਨ ਪ੍ਰੇਮ ਨਗਰ, ਰਕੇਸ਼ ਕੁਮਾਰ ਪੁੱਤਰ ਸੱਤਪਾਲ ਵਾਸੀ ਬੇਰੀਆਂ ਮੁਹੱਲਾ ਗੁਰਦਾਸਪੁਰ, ਵਿਲੀਅਮ ਪੁੱਤਰ ਮਾਨੂ ਰਾਮ ਵਾਸੀ ਸ਼ਹਿਜ਼ਾਦਾ ਨੰਗਲ, ਰਕੇਸ਼ ਕੁਮਾਰ ਪੁੱਤਰ ਅਮਰਨਾਥ ਵਾਸੀ ਗੀਤਾ ਭਵਨ ਰੋਡ ਗੁਰਦਾਸਪੁਰ ਨੂੰ ਕਾਬੂ ਕਰਕੇ ਮੌਕੇ ਤੋਂ 52 ਪੱਤੇ ਤਾਸ਼ ਅਤੇ 35100 ਰੁਪਏ ਭਾਰਤੀ ਕਰੰਸੀ ਨੋਟ ਬਰਾਮਦ ਕੀਤੇ। ਪੁਲਸ ਨੇ ਉਕਤ ਵਿਅਕਤੀਆਂ ਖ਼ਿਲਾਫ਼ ਧਾਰਾ 13 ਏ ਜੂਆ ਐਕਟ ਅਧੀਨ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਆਰੰਭ ਕਰ ਦਿੱਤੀ ਹੈ।

# ਲੈਕਚਰਾਰ ਸਰਤਾਜ ਸਿੰਘ ਨੂੰ ਪ੍ਰਸੰਸਾ ਪੱਤਰ

**ਸਰਾਏ ਅਮਾਨਤ ਖਾਂ (ਮੱਖਣ ਮਨੋਜ)**-ਜ਼ਿਲ੍ਹਾ ਤਰਨਤਾਰਨ ਦੇ ਜ਼ਿਲ੍ਹਾ ਸਿੱਖਿਆ ਅਧਿਕਾਰੀ ਸਤਨਾਮ ਸਿੰਘ ਬਾਠ ਦੁਆਰਾ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਗੱਗੋਬੂਹਾ ਵਿਖੇ ਕਮਿਸਟਰੀ ਲੈਕਚਰਾਰ ਸਰਤਾਜ ਸਿੰਘ ਨੂੰ ਪ੍ਰਸੰਸਾ ਪੱਤਰ ਦੇ ਕੇ ਸਨਮਾਨਿਤ ਕੀਤਾ ਗਿਆ। ਗੌਰਤਲਬ ਹੈ ਕਿ ਸਰਤਾਜ ਸਿੰਘ ਨੇ ਸਕੂਲ ਵਿਚ ਮੌਜੂਦ ਫੋਕਟ ਅਤੇ ਵਿਅਰਥ ਪਦਾਰਥਾਂ ਨੂੰ ਵਰਤ ਕੇ ਸਕੂਲ ਵਿੱਚ ਕਮਿਸਟਰੀ ਪਾਰਕ ਤਿਆਰ ਕੀਤਾ ਹੈ ਜਿਸ ਦਾ ਮੁੱਖ ਮਕਸਦ ਵਿਦਿਆਰਥੀਆਂ ਨੂੰ ਗਤੀਵਿਧੀ ਆਧਾਰਿਤ ਪੜ੍ਹਾਈ ਕਰਵਾਉਣਾ ਅਤੇ ਕਮਿਸਟਰੀ ਵਿਸ਼ੇ ਨੂੰ ਹੋਰ ਰੋਮਾਂਚਕ ਤਰੀਕੇ ਨਾਲ ਪੜ੍ਹਾਉਣਾ ਹੈ। ਇਨ੍ਹਾਂ ਦੇ ਇਸ ਕਾਰਜ ਨੂੰ ਧਿਆਨ ਵਿੱਚ ਰੱਖਦੇ ਹੋਏ ਜ਼ਿਲ੍ਹਾ ਸਿੱਖਿਆ ਅਧਿਕਾਰੀ (ਸੈਸਿ) ਤਰਨ ਤਾਰਨ ਦੁਆਰਾ ਇਨ੍ਹਾਂ ਦਾ ਸਨਮਾਨ ਕੀਤਾ ਗਿਆ। ਗੌਰਤਲਬ ਹੈ ਕਿ ਇਹ ਪੰਜਾਬ ਦਾ ਪਹਿਲਾ ਕਮਿਸਟਰੀ ਪਾਰਕ ਹੈ ਜੋ ਵੇਸਟ ਮਟੀਰੀਅਲ ਤੋਂ ਤਿਆਰ ਕੀਤਾ ਗਿਆ ਹੈ।



# ਜ਼ਿਲ੍ਹੇ ਦੇ ਸਾਰੇ ਪਿੰਡਾਂ ਨੂੰ ਤਿੰਨ ਮਹੀਨਿਆਂ ਅੰਦਰ ਬੈਂਕਿੰਗ ਖੇਤਰ ਨਾਲ ਜੋੜਿਆ ਜਾਵੇ : ਡਿਪਟੀ ਕਮਿਸ਼ਨਰ




**ਅੰਮ੍ਰਿਤਸਰ (ਨਰਿੰਦਰਜੀਤ ਸਿੰਘ)**

ਜ਼ਿਲ੍ਹਾ ਸਲਾਹਕਾਰ ਕਮੇਟੀ ਦੀ ਮੀਟਿੰਗ ਦੀ ਪ੍ਰਧਾਨਗੀ ਕਰਦੇ ਡਿਪਟੀ ਕਮਿਸ਼ਨਰ ਅਮਿਤ ਤਲਵਾੜ ਨੇ ਜ਼ਿਲ੍ਹੇ ਵਿੱਚ ਕੰਮ ਕਰ ਰਹੇ ਸਾਰੇ ਬੈਂਕਾਂ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਅੰਮ੍ਰਿਤਸਰ ਜ਼ਿਲ੍ਹੇ ਦੇ ਸਾਰੇ ਪਿੰਡਾਂ ਨੂੰ ਅਗਲੇ ਤਿੰਨ ਮਹੀਨਿਆਂ ਦੌਰਾਨ ਬੈਂਕਿੰਗ ਖੇਤਰ ਨਾਲ ਸਿੱਧੇ ਤੌਰ 'ਤੇ ਜੋੜਿਆ ਜਾਵੇ। ਉਨਾਂ ਕਿਹਾ ਕਿ ਜ਼ਿਲ੍ਹੇ ਵਿੱਚ 800 ਦੇ ਕਰੀਬ ਪਿੰਡ ਹਨ ਜਦਕਿ ਪੇਂਡੂ ਅਤੇ ਅਰਧ ਸ਼ਹਿਰੀ ਖੇਤਰਾਂ ਵਿੱਚ ਬੈਂਕਾਂ ਦੀਆਂ 263 ਬ੍ਰਾਂਚਾਂ ਹਨ ਜਿਸ ਤੋਂ ਸਪੱਸ਼ਟ ਹੈ ਕਿ ਕਈ ਪਿੰਡ ਬੈਂਕਿੰਗ ਸੇਵਾਵਾਂ ਤੋਂ ਵਾਂਝੇ ਹਨ। ਉਨ੍ਹਾਂ ਕਿਹਾ ਕਿ ਲੋੜਵੰਦ ਲੋਕਾਂ ਨੂੰ ਕਰਜ਼ਾ ਦੇਣਾ ਅਤੇ ਉਨ੍ਹਾਂ ਦੀਆਂ ਵਿੱਤੀ ਲੋੜਾਂ ਦੀ ਪੂਰਤੀ ਕਰਨਾ ਬੈਂਕਾਂ ਦਾ ਮੁੱਢਲਾ ਫਰਜ਼ ਹੈ ਅਤੇ ਇਸ ਵੱਲ ਧਿਆਨ ਦਿੱਤਾ ਜਾਵੇ। ਉਨ੍ਹਾਂ ਬੈਂਕਾਂ ਨੂੰ ਆਪਣੀ ਸਮਾਜਿਕ ਜ਼ਿੰਮੇਵਾਰੀ ਨਿਭਾਉਣ, ਛੋਟੇ ਕਿਰਸਾਨਾਂ, ਛੋਟੇ ਵਪਾਰੀਆਂ, ਕਿਰਤੀਆਂ, ਮਜ਼ਦੂਰਾਂ ਅਤੇ ਗਰੁੱਪ ਫਾਈਨਾਂਸਰ ਨੂੰ ਤਰਜੀਹ ਦੇਣ ਲਈ ਹਦਾਇਤ ਵੀ ਕੀਤੀ।

ਡਿਪਟੀ ਕਮਿਸ਼ਨਰ ਨੇ ਕਿਹਾ ਕਿ ਵੱਡੇ ਕਾਰੋਬਾਰੀਆਂ, ਵੱਡੇ ਕਿਰਸਾਨਾਂ ਅਤੇ ਵਪਾਰੀਆਂ ਕੋਲ ਕਰਜ਼ਾ ਲੈਣ ਲਈ ਬਹੁਤ ਸਾਧਨ ਹੁੰਦੇ ਹਨ, ਜਦਕਿ ਆਮ ਲੋਕਾਂ ਜਿਨ੍ਹਾਂ ਨੂੰ ਕਰਜ਼ੇ ਦੀ ਵੱਧ ਲੋੜ ਹੁੰਦੀ ਹੈ, ਕੋਲ ਕਰਜ਼ਾ ਲੈਣ ਦੇ ਸੀਮਿਤ ਸਾਧਨ ਹੁੰਦੇ ਹਨ। ਇਸ ਲਈ ਅਜਿਹੇ ਲੋਕਾਂ ਦੀਆਂ ਲੋੜਾਂ ਦੀ ਪੂਰਤੀ ਲਈ ਬੈਂਕ ਵਿਸ਼ੇਸ਼ ਧਿਆਨ ਦੇਣ। ਉਨਾਂ ਨੇ ਕੋਰੋਨਾ ਤੋਂ ਬਾਅਦ ਬੈਂਕਿੰਗ ਖੇਤਰ ਦੀ ਕਾਰਗੁਜ਼ਾਰੀ ਵਿਚ ਹੋਏ ਵਾਧੇ 'ਤੇ ਖੁਸ਼ੀ ਪ੍ਰਗਟ ਕਰਦਿਆਂ ਬੈਂਕਰਾਂ ਨੂੰ ਕਿਹਾ ਕਿ ਉਹ ਇਸ ਤਰੱਕੀ ਦਾ ਲਾਭ ਆਪਣੇ ਕੰਮ ਵਿੱਚ ਵਿਸਥਾਰ ਕਰਕੇ ਹੋਰ ਲੋਕਾਂ ਨੂੰ ਦੇਣ। ਤਲਵਾੜ ਨੇ ਕਿਹਾ ਕਿ ਸਰਕਾਰ ਦੇ ਤਰਜੀਹੀ ਖੇਤਰਾਂ ਵਿੱਚ ਬੈਂਕਾਂ ਨੂੰ ਕੰਮ ਕਰਨ ਦੀ ਲੋੜ ਹੈ ਤਾਂ ਜੋ ਰੋਜ਼ਗਾਰ ਦੇ ਵੱਧ ਮੌਕੇ ਪੈਦਾ ਕੀਤੇ ਜਾ ਸਕਣ। ਉਨ੍ਹਾਂ ਸਾਰੇ ਬੈਂਕ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਉਹ ਆਪਣੇ ਗਾਹਕਾਂ ਨੂੰ ਡਿਜੀਟਲ ਬੈਂਕਿੰਗ ਨਾਲ ਜੋੜਨ ਲਈ ਇਸਦੀ ਵਿਸ਼ੇਸ਼ ਸਿਖਲਾਈ ਦੇਣ ਤਾਂ ਜੋ ਜਿਥੇ ਲੋਕ ਇਸਦਾ ਲਾਹਾ ਲੈ ਸਕਣ ਉਥੇ ਆਨਲਾਈਨ ਹੁੰਦੀ ਧੋਖੇਬਾਜ਼ੀ ਤੋਂ ਵੀ ਬਚ ਸਕਣ। ਉਨ੍ਹਾਂ ਕਿਹਾ ਕਿ ਜਵਾਨ ਹੋ ਰਹੇ ਬੱਚੇ ਜਿਨ੍ਹਾਂ ਨੇ ਬਾਲਗ ਹੋਣਾ ਹੈ ਜਾਂ ਹੋ ਚੁੱਕੇ ਹਨ, ਨੂੰ ਵੀ ਬੈਂਕਾਂ ਦੀਆਂ ਸੇਵਾਵਾਂ ਅਤੇ ਡਿਜੀਟਲ ਬੈਂਕਿੰਗ ਬਾਰੇ ਵਿਸਥਾਰ ਵਿੱਚ ਜਾਣਕਾਰੀ ਦਿੱਤੀ ਜਾਵੇ। ਇਸ ਮੌਕੇ ਰਿਜ਼ਰਵ ਬੈਂਕ ਆਫ ਇੰਡੀਆ ਦੇ ਅਧਿਕਾਰੀ ਗਰਿਮਾ, ਲੀਡ ਬੈਂਕ ਮੈਨੇਜਰ ਪ੍ਰੀਤਮ ਸਿੰਘ, ਨਾਬਾਰਡ ਦੇ ਡੀ.ਐਮ. ਜਸਕੀਰਤ ਸਿੰਘ ਅਤੇ ਹੋਰ ਬੈਂਕਾਂ ਦੇ ਜ਼ਿਲ੍ਹਾ ਮੈਨੇਜ਼ਰ ਹਾਜ਼ਰ ਸਨ।

# ਖ਼ਬਰ ਦਾ ਅਸਰ, ਖੇਤਾਂ 'ਚ ਡਿੱਗੇ ਰੁੱਖਾਂ ਨੂੰ ਵਿਭਾਗ ਨੇ ਚੁੱਕਿਆ

**ਗੁਰਦਾਸਪੁਰ, (ਜਨਕ ਮਹਾਜਨ)**-ਬੀਤੇ ਦਿਨੀਂ ਤੇਜ਼ ਮੀਂਹ, ਹਨੇਰੀ ਚੱਲਣ ਦੇ ਨਾਲ ਗੁਰਦਾਸਪੁਰ ਤੋਂ ਬਹਿਰਾਮਪੁਰ ਨੂੰ ਜਾਣ ਵਾਲੀ ਸੜਕ 'ਤੇ ਸਥਿਤ ਪਿੰਡ ਡਾਲਾ ਤੇ ਖ਼ੁਦਾਦਪੁਰ ਨਜ਼ਦੀਕ ਸਫ਼ੈਦਿਆਂ ਦੇ ਰੁੱਖ ਕਿਸਾਨਾਂ ਦੇ ਖੇਤਾਂ ਵਿਚ ਡਿੱਗਣ ਉਪਰੰਤ ਵਿਭਾਗ ਵੱਲੋਂ ਇਨ੍ਹਾਂ ਨੂੰ ਨਾ ਚੁੱਕਣ ਦੀ ਖ਼ਬਾਰ ਨਵਾਂ ਜ਼ਮਾਨਾ ਅਖ਼ਬਾਰ ਵਿਚ ਪ੍ਰਕਾਸ਼ਿਤ ਕੀਤੀ ਗਈ ਸੀ। ਖ਼ਬਰ ਪ੍ਰਕਾਸ਼ਿਤ ਹੋਣ 'ਤੇ ਅਗਲੇ ਦਿਨ ਹੀ ਇਸ ਦਾ ਅਸਰ ਦੇਖਣ ਨੂੰ ਮਿਲਿਆ ਅਤੇ ਸੰਬੰਧਿਤ ਵਿਭਾਗ ਵੱਲੋਂ ਕਿਸਾਨਾਂ ਦੇ ਖੇਤਾਂ ਵਿੱਚ ਡਿੱਗੇ ਰੁੱਖਾਂ ਨੂੰ ਮਸ਼ੀਨਾਂ ਰਾਹੀਂ ਚੁਕਣ ਦਾ ਕੰਮ ਸ਼ੁਰੂ ਕਰ ਦਿੱਤਾ ਗਿਆ। ਸਵੇਰੇ ਤੜਕਸਾਰ ਪਹੁੰਚੀ ਵਿਭਾਗ ਦੀ ਟੀਮ ਵੱਲੋਂ ਇਕ-ਇਕ ਕਰਕੇ ਸਫੈਦਿਆਂ ਦੇ ਰੁੱਖਾਂ ਨੂੰ ਖੇਤਾਂ ਵਿਚੋ ਚੁੱਕ ਲਿਆ ਗਿਆ। ਇਨ੍ਹਾਂ ਰੁੱਖਾਂ ਦੇ ਚੁੱਕੇ ਜਾਣ ਨਾਲ ਕਿਸਾਨਾਂ ਨੇ ਰਾਹਤ ਮਹਿਸੂਸ ਕੀਤੀ। ਕਿਸਾਨਾਂ ਦਾ ਕਹਿਣਾ ਹੈ ਕਿ ਖੇਤਾਂ ਵਿਚ ਡਿੱਗੇ ਰੁੱਖਾਂ ਦੇ ਚੁੱਕੇ ਜਾਣ ਨਾਲ ਹੁਣ ਉਹ ਆਪਣੀ ਫਸਲ ਦੀ ਬਿਜਾਈ ਆਰਾਮ ਨਾਲ ਕਰ ਸਕਣਗੇ। ਕਿਸਾਨਾਂ ਨੇ ਅਖ਼ਬਾਰ ਨਵਾਂ ਜ਼ਮਾਨਾ ਅਤੇ ਸੰਬੰਧਿਤ ਵਿਭਾਗ ਦਾ ਧੰਨਵਾਦ ਕੀਤਾ ਜਿਨ੍ਹਾਂ ਦੀ ਬਦੌਲਤ ਕਾਫ਼ੀ ਦਿਨਾਂ ਤੋਂ ਪੇਸ਼ ਆ ਰਹੀ ਮੁਸ਼ਕਿਲ ਦਾ ਹੱਲ ਹੋ ਸਕਿਆ।

# ਗੁਰੂ ਰਵਿਦਾਸ ਭਵਨ ਵਿਖੇ ਧਾਰਮਿਕ ਸਮਾਗਮ ਆਯੋਜਿਤ



**ਗੁਰਦਾਸਪੁਰ, (ਜਨਕ ਮਹਾਜਨ)**-ਪਿੰਡ ਭੰਗਵਾਂ ਵਿਖੇ ਧੰਨ-ਧੰਨ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਭਵਨ ਵਿਖੇ ਸਾਲਾਨਾ ਸਥਾਪਨਾ ਦਿਵਸ ਨੂੰ ਸਮਰਪਿਤ ਵਿਸ਼ਾਲ ਧਾਰਮਿਕ ਸਮਾਗਮ ਕਰਵਾਇਆ ਗਿਆ ਜਿਸ ਵਿਚ ਗੁਰਦੀਪ ਗਿਰੀ ਮਹਾਰਾਜ ਨੇ ਆਪਣੇ ਸ਼ਬਦਾਂ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਵਿਸ਼ੇਸ਼ ਮਹਿਮਾਨ ਰਮਨ ਬਹਿਲ ਚੇਅਰਮੈਨ ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ ਪੰਜਾਬ ਨੇ ਹਾਜ਼ਰੀ ਲਵਾ ਕੇ ਧੰਨ-ਧੰਨ ਗੁਰੂ ਰਵਿਦਾਸ ਮਹਾਰਾਜ ਜੀ ਦਾ ਆਸ਼ੀਰਵਾਦ ਪ੍ਰਾਪਤ ਕੀਤਾ। ਇਸ ਮੌਕੇ ਸੇਵਾਦਾਰ ਸੂਬੇਦਾਰ ਮੋਹਨ ਲਾਲ, ਬਾਊ ਗੁਰਦਾਸ ਚੰਦ, ਗੁਰਬਚਨ ਸਿੰਘ, ਸੇਵਦਾਰ ਹਰਬਜਨ ਲਾਲ, ਲੰਬੜਦਾਰ ਅਸ਼ੋਕ ਕੁਮਾਰ, ਪਿਆਰਾ ਮਸੀਹ, ਰਾਜੇਸ਼ ਮਸੀਹ, ਅਸ਼ੋਕ ਸੋਕਾ, ਲੋਕ ਰਾਜ ਬਿੱਲਾ, ਲਵਪ੍ਰੀਤ, ਰੋਕੀ ਮਸੀਹ, ਕੁਲਵਿੰਦਰ ਸਿੰਘ, ਹਰਿ ਪਾਲ, ਸੁਖਜੀਵਨ ਸਿੰਘ ਲਾਡੀ ਆਦਿ ਹਾਜ਼ਰ ਸਨ।

# 11 ਗਰਾਮ ਹੈਰੋਇਨ ਸਮੇਤ ਇਕ ਕਾਬੂ

**ਗੁਰਦਾਸਪੁਰ, (ਜਨਕ ਮਹਾਜਨ)**-ਥਾਣਾ ਧਾਰੀਵਾਲ ਦੇ ਏਐਸਆਈ ਜਗਦੀਸ਼ ਸਿੰਘ ਨੇ ਸਮੇਤ ਪੁਲਸ ਪਾਰਟੀ ਗਸ਼ਤ ਦੇ ਸਬੰਧ ਵਿੱਚ ਪਿੰਡ ਸੋਹਲ ਸਾਂਸੀਆਂ ਕਲੋਨੀ ਨਜ਼ਦੀਕ ਤੋਂ ਇਕ ਔਰਤ ਨੂੰ ਸ਼ੱਕ ਦੇ ਆਧਾਰ 'ਤੇ ਮੋਮੀ ਲਿਫਾਫੇ ਸਮੇਤ ਕਾਬੂ ਕਰਕੇ ਤਲਾਸ਼ੀ ਲਈ ਤਾਂ ਉਸ ਪਾਸੋਂ 11 ਗ੍ਰਾਮ ਹਰੋਇਨ ਬ੍ਰਾਮਦ ਕੀਤੀ। ਪੁਲਸ ਨੇ ਉਕਤ ਦੋਸ਼ਣ ਔਰਤ ਦੇ ਖ਼ਿਲਾਫ਼ ਐੱਨਡੀਪੀਐੱਸ ਐਕਟ ਤਹਿਤ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਆਰੰਭ ਕਰ ਦਿੱਤੀ ਹੈ।

# ਸਰਕਾਰੀ ਹਸਪਤਾਲ ਘਰਿਆਲਾ 'ਚ ਯੋਗ ਦਿਵਸ ਮਨਾਇਆ

**ਪੱਟੀ (ਬਲਦੇਵ ਸਿੰਘ ਸੰਧੂ)**-ਸੂਬਾ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਤੇ ਸਿਵਲ ਸਰਜਨ ਤਰਨ ਤਾਰਨ ਡਾਕਟਰ ਗੁਰਪ੍ਰੀਤ ਸਿੰਘ ਰਾਏ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਤੇ ਡਾ. ਨੀਤੂ ਚੱਢਾ ਸੀਨੀਅਰ ਮੈਡੀਕਲ ਅਫਸਰ ਸੀਐੱਚਸੀ ਘਰਿਆਲਾ ਦੀ ਰਹਿਨੁਮਾਈ ਹੇਠ ਸੀਐੱਚਸੀ ਘਰਿਆਲਾ ਵਿਖੇ ਸਟਾਫ ਦੇ ਨਾਲ ਅੰਤਰਰਾਸ਼ਟਰੀ ਯੋਗਾ ਦਿਵਸ ਮਨਾਇਆ ਗਿਆ। ਸੀਨੀਅਰ ਮੈਡੀਕਲ ਅਫਸਰ ਮੈਡਮ ਨੀਤੂ ਚੱਢਾ ਨੇ ਸਮੂਹ ਸਟਾਫ ਨੂੰ ਯੋਗਾ ਸਬੰਧੀ ਵਿਸਥਾਰ ਨਾਲ ਜਾਣਕਾਰੀ ਦਿੱਤੀ ਕਿ ਅੱਜ ਦੇ ਪਦਾਰਥਵਾਦੀ ਯੁੱਗ ਵਿਚ ਖਾਣ-ਪੀਣ ਤੇ ਪੌਣ-ਪਾਣੀ ਖਰਾਬ ਹੋਣ ਕਾਰਨ ਮਨੁੱਖ ਭਿਆਨਕ ਬੀਮਾਰੀਆਂ ਦੀ ਲਪੇਟ ਵਿਚ ਆ ਰਿਹਾ। ਮਨੁੱਖ ਨੂੰ ਕੰਮਕਾਜ ਦੀ ਭੱਜ-ਦੌੜ ਦੇ ਨਾਲ-ਨਾਲ ਵੱਧ ਤੋਂ ਵੱਧ ਯੋਗਾ ਕਰਨ ਲਈ ਸਮਾਂ ਕੱਢਣਾ ਚਾਹੀਦਾ ਹੈ। ਡਾ. ਚੱਢਾ ਨੇ ਸਟਾਫ ਨੂੰ ਯੋਗ ਅਭਿਆਸ ਕਰਵਾਇਆ ਅਤੇ ਯੋਗ ਕਰਨ ਨਾਲ ਸਰੀਰ ਨੂੰ ਮਿਲਣ ਵਾਲੇ ਲਾਭ ਸਬੰਧੀ ਵਿਸਥਾਰ ਨਾਲ ਜਾਣਕਾਰੀ ਦਿੱਤੀ ਗਈ। ਉਨ੍ਹਾਂ ਕਿਹਾ ਕਿ ਅਸੀਂ ਹਰ ਰੋਜ਼ ਥੋੜ੍ਹਾ ਸਮਾਂ ਯੋਗ ਅਭਿਆਸ ਕਰਨ ਨਾਲ ਸਰੀਰ ਨੂੰ ਲੱਗਣ ਵਾਲੀਆਂ ਅਨੇਕਾਂ ਭਿਆਨਕ ਬਿਮਾਰੀਆਂ ਤੋਂ ਛੁਟਕਾਰਾ ਪਾ ਸਕਦੇ ਹਾਂ।



# ਗੁਰੂ ਗੋਬਿੰਦ ਸਿੰਘ ਕਾਨਵੈਂਟ ਸਕੂਲ ਸੁਹਾਵਾ ਹਰ ਖੇਤਰ 'ਚ ਬੁਲੰਦੀਆਂ 'ਤੇ

**ਤਰਨ ਤਾਰਨ, ਸਰਹਾਲੀ ਕਲਾਂ (ਸਾਗਰ ਅਰੋੜਾ, ਹਰਪ੍ਰੀਤ ਸਿੰਘ ਚੰਬਾ)**

ਗੁਰੂ ਗੋਬਿੰਦ ਸਿੰਘ ਕਾਨਵੈਂਟ ਸਕੂਲ ਪਿੰਡ ਸੁਹਾਵਾ ਜ਼ਿਲ੍ਹਾ ਤਰਨ ਤਾਰਨ ਜੋ ਕਿ ਮਹਾਨ ਸ਼ਖ਼ਸੀਅਤ ਸੰਤ ਬਾਬਾ ਸੁੱਖਾ ਸਿੰਘ ਦੀ ਸਰਪ੍ਰਸਤੀ ਹੇਠ ਚਲ ਰਿਹਾ, ਇਮਾਨਦਾਰੀ, ਵਿਸ਼ਵਾਸ ਅਤੇ ਆਪਸੀ ਸਨਮਾਨ ਸਦਕਾ ਦਿਨੋਂ ਦਿਨ ਤਰੱਕੀ ਦੀ ਰਾਹ 'ਤੇ ਹੈ। ਹਰ ਖੇਤਰ ਵਿੱਚ ਸਕੂਲ ਦੇ ਵਿਦਿਆਰਥੀ ਅਤੇ ਵਿਦਿਆਰਥਣਾਂ ਮੱਲਾਂ ਮਾਰ ਰਹੇ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਕਰਵਾਈ ਗਈ ਸਾਲ 2022-23 ਦੀ ਧਾਰਮਿਕ ਪ੍ਰੀਖਿਆ ਵਿੱਚੋਂ ਇਸ ਸਕੂਲ ਦੀਆਂ ਪਹਿਲੇ ਦਰਜੇ ਦੀਆਂ 10 ਵਿਦਿਆਰਥਣਾਂ ਨੂੰ 1100 ਰੁਪਏ ਅਤੇ ਦੂਜੇ ਦਰਜੇ ਦੀਆਂ 4 ਵਿਦਿਆਰਥਣਾਂ ਨੂੰ 2100 ਰੁਪਏ ਵਜ਼ੀਫਾ ਦੇਣਾ ਐਲਾਨਿਆ ਹੋਇਆ ਹੈ। ਇਹ ਗੱਲ ਦੱਸਣਯੋਗ ਹੈ ਕਿ ਸੰਤ ਬਾਬਾ ਸੁੱਖਾ ਸਿੰਘ ਦੀ ਪ੍ਰੇਰਨਾ ਅਤੇ ਅਸ਼ੀਰਵਾਦ ਸਦਕਾ ਸਕੂਲ ਦੇ ਵਿਦਿਆਰਥੀ ਅਤੇ ਵਿਦਿਆਰਥਣਾਂ ਨੂੰ ਗੁਰਬਾਣੀ ਵਿੱਚ ਗਹਿਰੀ ਸ਼ਰਧਾ ਹੈ ਅਤੇ ਸਕੂਲ ਦੇ ਬਹੁਤ ਸਾਰੇ ਬੱਚੇ ਘਰਾਂ ਵਿੱਚ ਸਿੱਖ ਰਹਿਤ ਮਰਿਆਦਾ ਦਾ ਪਾਲਣ ਕਰਦੇ ਹਨ। ਸਕੂਲ ਪ੍ਰਿੰਸੀਪਲ ਡਾ. ਗੀਤੂ ਨੇ ਦੱਸਿਆ ਕਿ ਸਕੂਲ ਵਿੱਚ ਧਾਰਮਿਕ ਸਿੱਖਿਆ ਦੇ ਇੰਚਾਰਜ ਮੈਡਮ ਗੁਰਪ੍ਰੀਤ ਕੌਰ ਹਨ ਜੋ ਬੜੀ ਲਗਨ ਅਤੇ ਸ਼ਰਧਾ ਨਾਲ ਬੱਚਿਆਂ ਨੂੰ ਗੁਰਬਾਣੀ ਅਤੇ ਗੁਰੂਆਂ ਦੀਆਂ ਸਿੱਖਿਆਵਾਂ ਨਾਲ ਜੋੜਨ ਦਾ ਪੁਰਜ਼ੋਰ ਯਤਨ ਕਰਦੇ ਹਨ ਤਾਂ ਕਿ ਬੱਚੇ ਸਾਰੀ ਮਨੁੱਖਤਾ ਨੂੰ ਇਕੋ ਹੀ ਵਾਹਿਗੁਰੂ ਦੀ ਦੇਣ ਸਮਝ ਕੇ ਮਾਨਵਤਾ ਦੀ ਸੇਵਾ ਕਰਨ।



# ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਫਾਊਂਡੇਸ਼ਨ ਵੱਲੋਂ ਲਗਾਇਆ 10 ਰੋਜ਼ਾ ਗੁਰਮਤਿ ਕੈਂਪ ਜਾਰੀ

**ਬਟਾਲਾ (ਤਰਲੋਕ ਬੱਗਾ)**

ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਫਾਊਂਡੇਸ਼ਨ ਵੱਲੋਂ ਗੁਰੂ ਨਾਨਕ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਸਿੰਬਲ ਵਿਖੇ ਲਗਾਏ 10 ਰੋਜ਼ਾ ਗੁਰਮਤਿ ਕੈਂਪ ਵਿੱਚ ਵੱਡੀ ਗਿਣਤੀ ਵਿੱਚ ਵਿਦਿਆਰਥੀ ਹਾਜ਼ਰ ਹੋ ਕੇ ਭਰਪੂਰ ਜਾਣਕਾਰੀ ਪ੍ਰਾਪਤ ਕਰ ਰਹੇ ਹਨ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਕੈਂਪ ਇੰਚਾਰਜ ਮਾਸਟਰ ਗੁਰਮੀਤ ਸਿੰਘ ਅਤੇ ਭਾਈ ਉਂਕਾਰ ਸਿੰਘ ਨੇ ਪ੍ਰੈੱਸ ਨਾਲ ਸਾਂਝਾ ਕੀਤਾ। ਉਨ੍ਹਾਂ ਦੱਸਿਆ ਕਿ ਇਸ ਕੈਂਪ ਵਿੱਚ ਗੁਰਬਾਣੀ ਇਤਿਹਾਸ ਦੇ ਨਾਲ-ਨਾਲ ਉਚੇਰੀ ਸਿੱਖਿਆ ਹਾਸਲ ਕਰਨ ਲਈ ਲੋੜੀਂਦੀ ਜਾਣਕਾਰੀ ਵੀ ਵਿਦਿਆਰਥੀਆਂ ਨੂੰ ਦਿੱਤੀ ਜਾ ਰਹੀ ਹੈ। ਜਥੇਬੰਦੀ ਦੇ ਸਰਪ੍ਰਸਤ ਅਤੇ ਪ੍ਰਧਾਨ ਭਾਈ ਗੁਰਦਰਸਨ ਸਿੰਘ ਅਤੇ ਭਾਈ ਰਣਧੀਰ ਸਿੰਘ ਨੇ ਦੱਸਿਆ ਕਿ ਹੁਣ ਤੱਕ ਇੰਜੀ: ਜਸਬੀਰ ਸਿੰਘ ਨੇ ਜੀਵਨ ਵਿੱਚ ਬਦਲਾਅ, ਭਾਈ ਰਾਜਿੰਦਰ ਸਿੰਘ ਨੇ ਕੈਰੀਅਰ ਕੌਂਸਲਿੰਗ, ਭਾਈ ਦਲਬੀਰ ਸਿੰਘ ਸੱਤੋਵਾਲ ਨੇ ਅੰਗਰੇਜ਼ੀ ਬੋਲਚਾਲ ਦਾ ਸੌਖਾ ਤਰੀਕਾ, ਪ੍ਰਿੰਸੀਪਲ ਕੈਪਟਨ ਸਿੰਘ ਨੇ ਨਕਲ ਤੇ ਟਿਊਸ਼ਨ ਦੇ ਕੋਹੜ ਤੋਂ ਬਚ ਕੇ ਉਚੇਰੀ ਸਿੱਖਿਆ ਪ੍ਰਾਪਤ ਕਰਨ, ਸਿਵਲ ਡਿਫੈਂਸ ਅਤੇ ਫਾਇਰ ਬ੍ਰਿਗੇਡ ਦੇ ਹਰਬਖਸ਼ ਸਿੰਘ ਤੇ ਨੀਰਜ ਸ਼ਰਮਾ ਵੱਲੋਂ ਅੱਗ ਅਤੇ ਭੂਚਾਲ ਤੋਂ ਬਚਣ ਲਈ ਵਿਦਿਆਰਥੀਆਂ ਨੂੰ ਜਾਣਕਾਰੀ ਦਿੱਤੀ ਗਈ, ਜਦੋਂਕਿ ਗੁਰਬਾਣੀ ਸੰਥਿਆ ਭਾਈ ਜਗਪ੍ਰੀਤ ਸਿੰਘ ਅਤੇ ਇਤਿਹਾਸ ਦੀ ਜਾਣਕਾਰੀ ਗਿਆਨੀ ਹੀਰਾ ਸਿੰਘ ਸਾਰਚੂਰ ਵੱਲੋਂ ਦਿੱਤੀ ਜਾ ਰਹੀ ਹੈ। ਉਨ੍ਹਾਂ ਹੋਰ ਦੱਸਿਆ ਕਿ ਗੁਰਮਤਿ ਕੈਂਪ ਵਿੱਚ ਗਤਕੇ ਦੀ ਸਿਖਲਾਈ ਭਾਈ ਭੁਪਿੰਦਰ ਸਿੰਘ ਪ੍ਰਿੰਸ ਪ੍ਰਧਾਨ ਤੇ ਸਾਥੀ ਖਾਲਸਾ ਗਤਕਾ ਸੁਸਾਇਟੀ ਵੱਲੋਂ ਦਿੱਤੀ ਜਾ ਰਹੀ ਹੈ ਅਤੇ ਰੋਜ਼ਾਨਾ ਵਿਦਿਆਰਥੀਆਂ ਲਈ ਚਾਹ-ਪਾਣੀ ਦੀ ਸੇਵਾ ਵੀ ਕੀਤੀ ਜਾ ਰਹੀ ਹੈ। ਇਹ ਗੁਰਮਤਿ ਕੈਂਪ 24 ਜੂਨ ਤੱਕ ਰੋਜ਼ਾਨਾ ਚੱਲੇਗਾ ਅਤੇ ਇਸ ਵਿੱਚ ਭਾਈ ਗੁਰਮੀਤ ਸਿੰਘ, ਜਤਿੰਦਰ ਸਿੰਘ ਭੱਟੀ, ਬਲਵਿੰਦਰ ਸਿੰਘ ਹੀਰਾ, ਸਿਮਰਨਜੀਤ ਸਿੰਘ, ਬਲਜੀਤ ਸਿੰਘ, ਬਲਜਿੰਦਰ ਸਿੰਘ, ਭੁਪਿੰਦਰ ਕੌਰ ਅਤੇ ਗਗਨਦੀਪ ਕੌਰ ਵੱਲੋਂ ਵੱਖ-ਵੱਖ ਵੰਲਟੀਅਰ ਸੇਵਾਵਾਂ ਨਿਭਾਈਆਂ ਜਾ ਰਹੀਆਂ ਹਨ।




# ਯਾਦਗਾਰੀ ਹੋ ਨਿੱਬੜਿਆ ਧੰਨ-ਧੰਨ ਬਾਬਾ ਛੱਜੋ ਦਾ ਸਾਲਾਨਾ ਜੋੜ ਮੇਲਾ

**ਜੰਡਿਆਲਾ ਗੁਰੂ, ਮਾਨਾਂਵਾਲਾ (ਹਰਿੰਦਰ ਪਾਲ ਸਿੰਘ/ਮਨਦੀਪ ਸਿੰਘ)**

ਮਹਾਨ ਤਪੱਸਵੀ ਤੇ ਰੂਹਾਨੀਅਤ ਦੇ ਮਾਲਕ ਧੰਨ ਧੰਨ ਬਾਬਾ ਛੱਜੋ ਜੀ ਦੀ ਨਿੱਘੀ ਯਾਦ ਵਿਚ ਸਾਲਾਨਾ ਜੋੜ ਮੇਲਾ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਮੇਲੇ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਪ੍ਰਧਾਨ ਸਮਿੱਤਰ ਸਿੰਘ ਨੇ ਦੱਸਿਆ ਕਿ ਸਵੇਰ ਦੇ ਸਮੇਂ ਸ੍ਰੀ ਅਖੰਡ ਪਾਠ ਸਾਹਿਬ ਦੇ ਪਹਿਲਾਂ ਭੋਗ ਪਾਏ ਗਏ, ਉਪਰੰਤ ਹੈੱਡ ਗ੍ਰੰਥੀ ਭਾਈ ਸਿਮਰਨਜੀਤ ਸਿੰਘ ਵੱਲੋਂ ਸਰਬੱਤ ਦੇ ਭਲੇ ਲਈ ਅਰਦਾਸ ਬੇਨਤੀ ਕੀਤੀ ਗਈ ਜਿਸ ਤੋਂ ਬਾਅਦ ਗੁਰੂ ਕੀ ਇਲਾਹੀ ਬਾਣੀ ਦਾ ਜਾਪ ਕਰਦਿਆਂ ਦੀਵਾਨ ਹਾਲ ਵਿਚ ਕੀਰਤਨ ਦਰਬਾਰ ਸਜਾਏ ਗਏ ਜਿਸ ਵਿਚ ਹਜ਼ੂਰੀ ਰਾਗੀ ਭਾਈ ਸਿਮਰਨਜੀਤ ਸਿੰਘ ਦੇ ਜਥੇ ਵੱਲੋਂ ਸ਼ਬਦ ਕੀਰਤਨ ਕੀਤੇ ਗਏ। ਦੀਵਾਨ ਵਿਚ ਪਹੁੰਚੇ ਹੋਏ ਰਾਗੀਆਂ ਢਾਡੀਆਂ ਵੱਲੋਂ ਬਾਬਾ ਜੀ ਦੀ ਜੀਵਨੀ ਨਾਲ ਜੁੜੇ ਪ੍ਰਸੰਗ ਸੁਣਾਏ ਗਏ। ਨਤਮਸਤਕ ਹੋਈਆਂ ਸੰਗਤਾਂ ਲਈ ਗੁਰੂ ਕੇ ਅਟੁੱਟ ਲੰਗਰ ਲਗਾਏ ਗਏ। ਸ਼ਾਮ ਤੱਕ ਠੰਡੇ-ਮਿੱਠੇ ਜਲ ਦੀ ਛਬੀਲ ਵਰਤੀ ਅਤੇ ਵੱਖ-ਵੱਖ ਜੂਸ ਸੰਗਤ ਨੂੰ ਛਕਾਏ ਗਏ। ਅੱਤ ਦੀ ਗਰਮੀ ਵਿਚ ਵੀ ਸੰਗਤਾਂ ਨੇ ਦੂਰ-ਦੁਰਾਡਿਓਂ ਪਹੁੰਚ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ। ਇਸ ਮੌਕੇ ਪ੍ਰਧਾਨ ਸਮਿੱਤਰ ਸਿੰਘ ਨੇ ਸੇਵਾਦਾਰਾਂ ਵਲੋਂ ਨਿਮਰਤਾ ਸਹਿਤ ਸੇਵਾ ਨਿਭਾਉਣ ਤੋਂ ਪ੍ਰਭਾਵਤ ਹੋ ਕੇ ਉਨ੍ਹਾਂ ਦਾ ਦਿਲੋਂ ਧੰਨਵਾਦ ਕੀਤਾ ਅਤੇ ਉਨ੍ਹਾਂ ਦੀ ਚੜ੍ਹਦੀ ਕਲਾ ਲਈ ਅਰਦਾਸ ਬੇਨਤੀ ਕੀਤੀ। ਸੇਵਾ ਨਿਭਾਉਣ ਵਾਲਿਆਂ ਵਿਚ ਬਾਪੂ ਨਿਰੰਜਨ ਸਿੰਘ, ਮਲਕੀਤ ਸਿੰਘ ਬੱਬੂ, ਇਕਬਾਲ ਸਿੰਘ, ਗੁਰਜੀਤ ਸਿੰਘ ਟੀਟੂ, ਸੁਖਦੇਵ ਸਿੰਘ, ਰਸ਼ਪਾਲ ਸਿੰਘ, ਸੁਰਜੀਤ ਸਿੰਘ ਜੋਸਨ ਮਾਨਾਂ ਵਾਲਾ, ਸੁਰਿੰਦਰ ਸਿੰਘ, ਸਤਪਾਲ ਸਿੰਘ ਵਸੀਕਾ, ਰਾਣਾ ਸੱਤਪਾਲ ਸਿੰਘ, ਕਸ਼ਮੀਰ ਸਿੰਘ, ਦਲਜੀਤ ਸਿੰਘ, ਨਿਰਮਲ ਸਿੰਘ, ਜੱਸਾ ਮਾਨ, ਮੰਗਾ ਸਿੰਘ, ਦਲਬੀਰ ਸਿੰਘ, ਕੁਲਵਿੰਦਰ ਸਿੰਘ ਬਿੱਟੂ ਹਲਵਾਈ, ਸਕੱਤਰ ਸਿੰਘ, ਨੱਥਾ ਸਿੰਘ, ਜਗੀਰ ਸਿੰਘ, ਬਲਬੀਰ ਸਿੰਘ, ਕਸ਼ਮੀਰ ਸਿੰਘ, ਜਗਤਾਰ ਸਿੰਘ, ਪਿਆਰਾ ਸਿੰਘ, ਪ੍ਰੀਤ ਸਿੰਘ ਪੱਟੀ, ਹਰਵਿੰਦਰ ਸਿੰਘ ਅਤੇ ਅਰਸ਼ਦੀਪ ਸਿੰਘ ਆਦਿ ਹਾਜ਼ਰ ਸਨ।



# ਜੈਕਾਰਿਆਂ ਦੀ ਗੂੰਜ 'ਚ ਦਸ ਰੋਜ਼ਾ ਗੁਰਮਤਿ ਸਿਖਲਾਈ ਕੈਂਪ ਚੜ੍ਹਦੀਕਲਾ ਨਾਲ ਸੰਪੰਨ

**ਪੱਟੀ, (ਬਲਦੇਵ ਸਿੰਘ ਸੰਧੂ)/ਸ਼ਮਸ਼ੇਰ ਸਿੰਘ ਯੋਧਾ)**

ਸ਼ਹੀਦ ਭਾਈ ਤਾਰੂ ਸਿੰਘ ਗੁਰਮਤਿ ਪ੍ਰਚਾਰ ਸੁਸਾਇਟੀ ਦਸਤੂਰ-ਏ-ਦਸਤਾਰ ਅਤੇ ਸਤਨਾਮ ਸਰਬ ਕਲਿਆਨ ਟਰਸਟ ਵੱਲੋਂ ਗੁਰੂ ਅਰਜਨ ਸਾਹਿਬ ਜੀ ਦੇ ਸ਼ਹੀਦੀ ਪੁਰਬ ਅਤੇ 1984 ਦੇ ਸ਼ਹੀਦ ਹੋਏ ਸਮੂਹ ਸਿੰਘ-ਸਿੰਘਣੀਆਂ ਦੀ ਯਾਦ ਨੂੰ ਸਮਰਪਤ ਜੋ ਦਸ ਰੋਜ਼ਾ ਗੁਰਮਤਿ ਸਿਖਲਾਈ ਕੈਂਪ ਜੋ ਗੁਰਦੁਆਰਾ ਜਨਮ ਅਸਥਾਨ ਭਾਈ ਭੂਪ ਸਿੰਘ ਪਿੰਡ ਬਾਹਮਣੀ ਵਾਲਾ ਵਿਖੇ ਲਗਾਇਆ ਗਿਆ ਸੀ ਅੱਜ ਚੜ੍ਹਦੀ ਕਲਾ ਨਾਲ ਜੈਕਾਰਿਆਂ ਦੀ ਗੂੰਜ ਵਿੱਚ ਸਮਾਪਤ ਹੋਇਆ। ਇਸ ਵਿੱਚ ਵੱਡੀ ਗਿਣਤੀ ਵਿੱਚ ਬੱਚਿਆਂ ਅਤੇ ਸੰਗਤਾਂ ਵੱਲੋਂ ਸ਼ਮੂਲੀਅਤ ਕੀਤੀ ਗਈ। ਇਸ ਕੈਂਪ ਵਿਚ ਪੰਥ ਦੀਆਂ ਮਹਾਨ ਹਸਤੀਆਂ ਬੀਬੀ ਗੁਰਬੀਰ ਕੌਰ, ਭਾਈ ਜਗਜੀਤ ਸਿੰਘ ਅਹਿਮਦਪੁਰ, ਭਾਈ ਸੰਤੋਖ ਸਿੰਘ ਪੱਟੀ, ਪ੍ਰੋਫੈਸਰ ਸੁਖਪਾਲ ਸਿੰਘ ਠੱਟਾ, ਭਾਈ ਹਰਪ੍ਰੀਤ ਸਿੰਘ ਬਾਹਮਣੀਵਾਲਾ, ਭਾਈ ਗੁਰਪ੍ਰੀਤ ਸਿੰਘ ਜੋਤੀ ਸ਼ਾਹ, ਭਾਈ ਅਮ੍ਰਿਤਪਾਲ ਸਿੰਘ ਸਹਿਜ ਪਾਠ ਸੇਵਾ ਸੁਸਾਇਟੀ, ਭਾਈ ਹਰਚਰਨ ਸਿੰਘ ਅਤੇ ਭਾਈ ਨਿਰਮਲ ਸਿੰਘ ਸੁਰਸਿੰਘ ਨੇ ਬਹੁਤ ਸਰਲ ਤਰੀਕੇ ਨਾਲ ਗੁਰਮਤਿ ਸਿਧਾਂਤ ਦ੍ਰਿੜ ਕਰਵਾਉਣ ਦਾ ਯਤਨ ਕੀਤਾ। ਉਨ੍ਹਾਂ ਨੇ ਬੱਚਿਆਂ ਨਾਲ ਵਿਚਾਰਾਂ ਦੀ ਸਾਂਝ ਪਾਉਂਦਿਆਂ ਕਿਹਾ ਕਿ ਧਰਮ ਦੀ ਵਿੱਦਿਆ ਮਨੁੱਖ ਨੂੰ ਸਚਿਆਰਾ ਬਣਾਉਂਦੀ ਹੈ ਜਦੋਂ ਮਨੁੱਖ ਇਸਨੂੰ ਆਪਣੇ ਜੀਵਨ ਵਿੱਚ ਅਪਣਾਉਣਾ ਸ਼ੁਰੂ ਕਰ ਦਿੰਦਾ ਹੈ। ਇਹ ਵਿੱਦਿਆ ਕਿਤਾਬਾਂ ਰਾਹੀਂ ਪ੍ਰਾਪਤ ਕੀਤੀ ਜਾ ਸਕਦੀ ਹੈ ਪਰ ਇਸਦਾ ਅਸਰ ਜੀਵਨ ਵਿਚੋਂ ਝਲਕਣਾ ਅਤਿ ਜ਼ਰੂਰੀ ਹੈ, ਨਹੀਂ ਤਾਂ ਇਹ ਵੀ ਦੁਨਿਆਵੀ ਵਿੱਦਿਆ ਵਾਂਗ ਇੱਕ ਕਿਤਾਬੀ ਕੀੜਾ ਬਣ ਕੇ ਰਹਿ ਜਾਂਦੀ ਹੈ। ਸਟੇਜ ਸੰਚਾਲਨ ਦੀ ਸੇਵਾ ਭਾਈ ਦਿਲਬਾਗ ਸਿੰਘ ਧਾਰੀਵਾਲ ਵੱਲੋਂ ਬਾਖੂਬੀ ਨਿਭਾਈ ਗਈ। ਨੰਨ੍ਹੇ- ਨੰਨ੍ਹੇ ਬੱਚਿਆਂ ਵਿੱਚ ਸਮਾਜ ਨੂੰ ਹਲੂਣਾ ਦਿੰਦੀਆਂ ਨਸ਼ਿਆਂ, ਸਮਾਜਿਕ ਕੁਰੀਤੀਆਂ ਅਤੇ ਇਤਿਹਾਸਕ ਕਵਿਤਾਵਾਂ ਰਾਹੀਂ ਜਾਗਰੂਕ ਕਰਨ ਦਾ ਯਤਨ ਕੀਤਾ ਜਿਨ੍ਹਾਂ ਵਿੱਚੋਂ ਵਧੀਆ ਕਵਿਤਾਵਾਂ ਪੇਸ਼ ਕਰਨ ਵਾਲੇ ਬੱਚਿਆਂ ਨੂੰ ਬੀਬੀ ਦਰਸ਼ਨ ਕੌਰ ਵੱਲੋਂ ਗੁਰੂ ਦੀ ਬਖਸ਼ਿਸ਼ ਸਿਰੋਪਾਓ ਅਤੇ ਨਕਦ ਰਾਸ਼ੀ ਦੇ ਕੇ ਸਨਮਾਨਿਤ ਕੀਤਾ ਗਿਆ। ਜਿਹੜੇ ਬੱਚਿਆਂ ਨੇ ਲਗਾਤਾਰ ਕੈਂਪ ਵਿੱਚ ਭਾਗ ਲਿਆ ਉਨ੍ਹਾਂ ਦਾ ਇੱਕ ਪੇਪਰ ਲਿਆ ਗਿਆ, ਜਿਨ੍ਹਾਂ ਵਿੱਚੋਂ ਪਹਿਲੇ ਦੂਸਰੇ ਅਤੇ ਤੀਸਰੇ ਸਥਾਨ ਤੇ ਆਉਣ ਵਾਲੇ ਬੱਚਿਆਂ ਨੂੰ ਸ਼ੀਲਡਾਂ ਦੇ ਕੇ ਅਤੇ ਬਾਕੀ ਸਭਨਾ ਨੂੰ ਮੈਡਲ ਦੇ ਕੇ ਸਨਮਾਨਿਤ ਕੀਤਾ ਗਿਆ। ਬੱਚਿਆਂ ਨੂੰ ਧਾਰਮਿਕ ਫਿਲਮਾਂ ਫਾਇਵ ਫੋਲਡਸ, ਕੁੰਡੀ ਅਤੇ ਚਾਰ ਸਾਹਿਬਜ਼ਾਦੇ ਵੀ ਵਿਖਾਈਆਂ ਗਈਆਂ। ਸਮਾਪਤੀ ਤੇ ਪੱਟੀ ਦੇ ਆਸ ਪਾਸ ਦੇ ਪਿੰਡਾਂ ਦੇ ਬੱਚਿਆਂ ਦਾ ਦਸਤਾਰ ਦੁਮਾਲਾ ਮੁਕਾਬਲਾ ਵੀ ਕਰਵਾਇਆ ਗਿਆ, ਜਿਸ ਵਿੱਚ ਲੜਕੇ ਅਤੇ ਲੜਕੀਆਂ ਨੇ ਭਾਗ ਲੈ ਕੇ ਗੁਰੂ ਦੇ ਤਾਜ ਨੂੰ ਸੁਚੱਜਤਾ ਨਾਲ ਸਜਾ ਕੇ ਆਪਣੀ ਕਲਾ ਦਾ ਪ੍ਰਦਰਸ਼ਨ ਕੀਤਾ ਅਤੇ ਇਨਾਮ ਪ੍ਰਾਪਤ ਕਰਕੇ ਆਪਣੇ ਇਲਾਕੇ ਦਾ ਨਾਮ ਰੌਸ਼ਨ ਕੀਤਾ। ਇਸ ਮੁਕਾਬਲੇ ਵਿੱਚ ਜੱਜਮੈਂਟ ਦੀ ਭੂਮਿਕਾ ਹਰਪ੍ਰੀਤ ਸਿੰਘ ਪੱਟੀ ਦਸਤਾਰ ਇੰਚਾਰਜ ਅਤੇ ਕੋਚ ਬਹੁਤ ਸੋਹਣੇ ਤਰੀਕੇ ਨਾਲ ਨਿਭਾਈ ਗਈ। ਦਸ ਦਿਨ ਹੀ ਨਗਰ ਦੇ ਤਰਸੇਮ ਸਿੰਘ, ਹਰਪ੍ਰੀਤ ਸਿੰਘ, ਗੁਰਨੇਕ ਸਿੰਘ ਫੌਜੀ, ਬਲਜੀਤ ਸਿੰਘ ਡਰਾਈਵਰ, ਕੇ. ਪੀ. ਗਿੱਲ, ਡਾਕਟਰ ਨਿਸ਼ਾਨ ਸਿੰਘ, ਬੀਬੀ ਦਰਸ਼ਨ ਕੌਰ ਅਤੇ ਹੋਰ ਪਤਵੰਤੇ ਸੱਜਣਾਂ ਵੱਲੋਂ ਬੱਚਿਆਂ ਲਈ ਖਾਣ ਪੀਣ ਦਾ ਪ੍ਰਬੰਧ ਬਹੁਤ ਵਧੀਆ ਤਰੀਕੇ ਅਤੇ ਜ਼ਿੰਮੇਵਾਰੀ ਨਾਲ ਕੀਤਾ ਗਿਆ। ਪੰਥ ਦੇ ਮਹਾਨ ਕਥਾਵਾਚਕ ਭਾਈ ਪਲਵਿੰਦਰ ਸਿੰਘ ਬਾਹਮਣੀਵਾਲਾ ਨੇ ਸੁਸਾਇਟੀ ਵੱਲੋ ਕੀਤੇ ਜਾ ਰਹੇ ਕਾਰਜਾਂ ਦੀ ਭਰਪੂਰ ਸ਼ਲਾਘਾ ਕੀਤੀ ਅਤੇ ਭਵਿੱਖ ਵਿੱਚ ਇਨ੍ਹਾਂ ਕਾਰਜਾਂ ਨੂੰ ਨਿਰੰਤਰ ਜਾਰੀ ਰੱਖਣ ਦੀ ਬੇਨਤੀ ਕਰਦਿਆਂ ਹਰ ਪੱਖ ਤੋਂ ਸਹਿਯੋਗ ਕਰਨ ਦਾ ਭਰੋਸਾ ਦਿਵਾਇਆ ਅਤੇ ਭਾਈ ਹਰਪ੍ਰੀਤ ਸਿੰਘ ਨੇ ਸੁਸਾਇਟੀ ਦੇ ਸਮੂਹ ਮੈਂਬਰਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਹੋ ਜਿਹੇ ਕਾਰਜਾਂ ਦੀ ਅੱਜ ਵਧੇਰੇ ਲੋੜ ਹੈ ਜੋ ਸੁਸਾਇਟੀ ਵੱਲੋਂ ਕੀਤੇ ਜਾ ਰਹੇ ਹਨ ਤੇ ਅਖੀਰ ਸਭਨਾਂ ਨੂੰ ਗੁਰੂ ਦੀ ਬਖਸ਼ਿਸ਼ ਸਿਰਪਾਓ ਦੇ ਕੇ ਸਨਮਾਨਿਤ ਕੀਤਾ ਗਿਆ ਹੈ। ਇਸ ਮੌਕੇ ਹਰਚਰਨ ਸਿੰਘ ਉਬੋਕੇ, ਸਰਪੰਚ ਦਲਜੀਤ ਸਿੰਘ, ਮਾਸਟਰ ਸੁੱਖਾ ਸਿੰਘ, ਗ੍ਰੰਥੀ ਇੰਦਰਜੀਤ ਸਿੰਘ, ਗ੍ਰੰਥੀ ਭਾਈ ਹਰਦੀਪ ਸਿੰਘ ਕੈਰੋਂ ਪੱਤੀ ਸ਼ਾਹੂ ਕੀ ਆਦਿ ਸੰਗਤਾਂ ਹਾਜ਼ਰ ਸਨ।



# ਸਤਿਗੁਰੂ ਕਬੀਰ ਦੇ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਸਮਾਗਮ ਆਯੋਜਿਤ

**ਧਾਰੀਵਾਲ, (ਮਨਦੀਪ ਸਿੰਘ ਵਿੱਕੀ)**

ਭਗਤ ਕਬੀਰ ਯੂਥ ਕਲੱਬ ਫੱਜੂਪੁਰ ਵਲੋਂ ਐਨ.ਆਰ.ਆਈ. ਵੀਰਾਂ ਦੇ ਸਹਿਯੋਗ ਨਾਲ ਪਿੰਡ ਫੱਜੂਪੁਰ 'ਚ ਸਤਿਗੁਰੂ ਕਬੀਰ ਜੀ ਦੇ 625ਵੇਂ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਧਾਰਮਿਕ ਸਮਾਗਮ ਕਰਵਾਇਆ। ਇਸ ਸਬੰਧੀ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਦੇ ਭੋਗ ਪਾਏ ਗਏ। ਉਪਰੰਤ ਕਥਾਵਾਚਕ ਭਾਈ ਜਸਵਿੰਦਰ ਸਿੰਘ ਕਲੇਰ ਇਤਿਹਾਸਕ ਗੁਰਦੁਆਰਾ ਸ੍ਰੀ ਬੁਰਜ ਸਾਹਿਬ ਧਾਰੀਵਾਲ ਵਾਲਿਆਂ ਨੇ ਸਤਿਗੁਰੂ ਕਬੀਰ ਸਾਹਿਬ ਦੀ ਬਾਣੀ 'ਤੇ ਅਧਾਰਿਤ ਕਥਾ ਵਿਚਾਰਾਂ ਕਰਦੇ ਹੋਏ ਸੰਗਤ ਨੂੰ ਵਹਿਮਾਂ ਭਰਮਾਂ ਤੇ ਕਰਮਕਾਂਡਾਂ ਤੋਂ ਦੂਰ ਰਹਿਣ ਅਤੇ ਕਬੀਰ ਜੀ ਦੀਆਂ ਸਿੱਖਿਆਵਾਂ ਨੂੰ ਆਪਣੇ ਜੀਵਨ ਵਿੱਚ ਅਪਨਾਉਣ 'ਤੇ ਜ਼ੋਰ ਦਿੱਤਾ। ਇਸ ਮੌਕੇ ਸਤਿਗੁਰੂ ਕਬੀਰ ਮੰਦਿਰ ਫੱਜੂਪੁਰ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਅਸ਼ਵਨੀ ਫੱਜੂਪੁਰ ਨੇ ਯੂਥ ਕਲੱਬ ਦੇ ਨੌਜਵਾਨਾਂ ਵਲੋਂ ਕੀਤੇ ਉਪਰਾਲੇ ਦੀ ਸ਼ਲਾਘਾ ਕੀਤੀ ਅਤੇ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਤੋਂ ਦੂਰ ਰਹਿਣ ਅਤੇ ਸਮਾਜ ਭਲਾਈ ਦੇ ਕੰਮ ਕਰਨ ਲਈ ਪ੍ਰੇਰਿਤ ਕੀਤਾ। ਇਸ ਮੌਕੇ ਭਗਤ ਕਬੀਰ ਯੂਥ ਕਲੱਬ ਫੱਜੂਪੁਰ ਦੇ ਆਗੂ ਗੋਪੀ ਤਲਵਾੜ, ਹੇਮੰਤ ਕੁਮਾਰ, ਰਾਜਾ ਉਸਾਹਨ, ਰਵੀ ਤਲਵਾੜ, ਦਲੀਪ ਕੁਮਾਰ, ਪਵਨ ਕੁਮਾਰ ਪੈਨੀ, ਪ੍ਰਿੰਸ ਭਗਤ, ਚਰਨਜੀਤ ਚੰਨੀ, ਹਰਮਨ, ਗੌਰਵ ਕੁਮਾਰ, ਦਵਿੰਦਰ ਕੁਮਾਰ ਸੁਨਿਆਰਾ, ਹੈਪੀ ਦੁਬਈ, ਮਨਦੀਪ ਸਿੰਘ ਆਦਿ ਕਲੱਬ ਆਗੂਆਂ ਤੋਂ ਇਲਾਵਾ ਸਤਿਗੁਰੂ ਕਬੀਰ ਮੰਦਿਰ ਕਮੇਟੀ ਦੇ ਅਸ਼ਵਨੀ ਫੱਜੂਪੁਰ, ਸੈਕਟਰੀ ਗੁਰਬਚਨ ਸਿੰਘ ਜ਼ਿਲ੍ਹੇਦਾਰ, ਕੈਸ਼ੀਅਰ ਪ੍ਰੇਮ ਅਹਿਮਦਾਬਾਦ, ਮਾ. ਸੁਭਾਸ਼ ਚੰਦਰ, ਸਾਈਂ ਦਾਸ ਭਗਤ, ਹਰੀ ਰਾਮ ਭਗਤ, ਪ੍ਰੇਮ ਸਿੰਘ ਬੇਦੀ ਕਲੋਨੀ, ਹਰਮੀਤ ਭਗਤ, ਤਲਵਿੰਦਰ ਪਾਲ ਹੈਪੀ, ਕੀਮਤੀ ਲਾਲ ਭਗਤ, ਸ਼ਮਸ਼ੇਰ ਸਿੰਘ ਆਦਿ ਹਾਜ਼ਰ ਸਨ। ਇਸ ਮੌਕੇ ਪ੍ਰਬੰਧਕਾਂ ਵਲੋਂ ਗੁਰੂ ਕਾ ਲੰਗਰ ਅਟੁੱਟ ਵਰਤਾਇਆ ਗਿਆ।



22-JUNE-PAGE-4.qxd 6/21/2023 10:12 PM Page 1

ਨਵਾਂ ਜ਼ਮਾਨਾ
ਵੀਰਵਾਰ, 22 ਜੂਨ 2023

# ਮਣੀਪੁਰ ਸੜ ਰਿਹੈ ਤੇ ਨੀਰੋ ਲੁਤਫ਼ ਲੈ ਰਿਹੈ

ਪਿਛਲੇ ਡੇਢ ਮਹੀਨੇ ਤੋਂ ਮਣੀਪੁਰ ਵਿੱਚ ਦੋ ਫਿਰਕੇ ਦੁਸ਼ਮਣਾਂ ਵਾਂਗ ਲੜ ਰਹੇ ਹਨ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਮਣੀਪੁਰ ਬਾਰੇ ਚੁੱਪ ਐਨ ਉਸੇ ਤਰ੍ਹਾਂ ਦੀ ਸੋਚ ਦਾ ਮੁਜ਼ਾਹਰਾ ਕਰਦੀ ਹੈ, ਜਿਸ ਤਰ੍ਹਾਂ ਉਨ੍ਹਾ ਗੁਜਰਾਤ ਦੰਗਿਆਂ ਸਮੇਂ ਮੁਸਲਮਾਨਾਂ ਦੇ ਕਤਲੇਆਮ ਬਾਰੇ ਅਪਣਾਈ ਸੀ। ਮਣੀਪੁਰ ਵਿੱਚ ਭਾਜਪਾ ਦੀ ਡਬਲ ਇੰਜਣ ਸਰਕਾਰ ਹੈ। ਮਈ ਚੜ੍ਹਦਿਆਂ ਹੀ ਸ਼ੁਰੂ ਹੋਈ ਹਿੰਸਾ ਵਿੱਚ ਸੈਂਕੜੇ ਲੋਕ ਮਾਰੇ ਜਾ ਚੁੱਕੇ ਹਨ ਤੇ ਕਰੋੜਾਂ ਦੀ ਜਾਇਦਾਦ ਸੜ ਕੇ ਸੁਆਹ ਹੋ ਗਈ ਹੈ।

ਇਸ ਸਮੇਂ ਮਣੀਪੁਰ ਦੀਆਂ ਸੜਕਾਂ ਉੱਤੇ ਕੁੱਕੀ ਤੇ ਮੈਤੇਈ ਹਥਿਆਰਬੰਦ ਭੀੜਾਂ ਦਾ ਰਾਜ ਹੈ। ਉਨ੍ਹਾਂ ਪਾਸ ਸਰਕਾਰੀ ਅਸਲਾ ਖਾਨਿਆਂ ਵਿੱਚੋਂ ਲੁੱਟੇ ਗਏ ਨਵੀਨਤਮ ਹਥਿਆਰ ਹਨ। ਉਹ ਇੱਕ ਦੂਜੇ ਦੇ ਖ਼ੂਨ ਦੇ ਪਿਆਸੇ ਹੋ ਚੁੱਕੇ ਹਨ। ਵੱਖ-ਵੱਖ ਅਸਲਾਖਾਨਿਆਂ ਵੱਲੋਂ ਦਰਜ ਕਰਾਈਆਂ ਗਈਆਂ ਪੁਲਸ ਰਪਟਾਂ ਤੋਂ ਸਥਿਤੀ ਦੀ ਗੰਭੀਰਤਾ ਦਾ ਅੰਦਾਜ਼ਾ ਲਾਇਆ ਜਾ ਸਕਦਾ ਹੈ। ਇਹ ਹਥਿਆਰ ਭੀੜਾਂ ਵੱਲੋਂ ਰਾਤ ਨੂੰ ਨਹੀਂ ਸਗੋਂ ਚਿੱਟੇ ਦਿਨ ਲੁੱਟੇ ਗਏ ਸਨ।

ਭਾਰਤੀ ਰਾਈਫਲਜ਼ ਕਮਾਂਡੋ ਬਟਾਲੀਅਨ ਵੱਲੋਂ ਹਿੰਗਾਗ ਥਾਣੇ ਵਿੱਚ ਦਰਜ ਕਰਾਈ ਗਈ ਰਿਪੋਰਟ ਅਨੁਸਾਰ ਭੀੜ ਨੇ 28 ਮਈ ਨੂੰ ਦੁਪਹਿਰ 3 ਵਜੇ ਬਟਾਲੀਅਨ ਦੇ ਹੈਡਕੁਆਰਟਰ ਉੱਤੇ ਹਮਲਾ ਬੋਲ ਦਿੱਤਾ ਸੀ। ਇਹ ਭੀੜ ਉੱਥੋਂ 322 ਇੰਸਾਸ ਰਾਈਫਲਾਂ, 9 ਏ ਐਫ ਰਾਈਫਲਾਂ ਤੇ ਅਸਾਲਟਾਂ ਸਮੇਤ ਵੱਖ-ਵੱਖ ਆਧੁਨਿਕ ਹਥਿਆਰ ਲੁੱਟ ਕੇ ਲੈ ਗਈ ਸੀ। ਮਣੀਪੁਰ ਪੁਲਸ ਟ੍ਰੇਨਿੰਗ ਕਾਲਜ ਦੇ ਸੂਬੇਦਾਰ ਵੱਲੋਂ 4 ਮਈ ਨੂੰ ਦਰਜ ਕਰਾਈ ਗਈ ਰਿਪੋਰਟ ਅਨੁਸਾਰ ਦੁਪਹਿਰ ਪੌਣੇ ਦੋ ਵਜੇ ਭੀੜ ਜਬਰੀ ਕਾਲਜ ਵਿੱਚ ਵੜ ਕੇ ਅਸਲਾਖਾਨੇ ਦੇ ਜਿੰਦੇ ਖੋਲ੍ਹ ਕੇ 157 ਇੰਸਾਸ ਰਾਈਫਲਾਂ, 54 ਐਸ ਐਲ ਆਰ, 9 ਕਾਰਬਾਈਨਾਂ, 22 ਐਲ ਐਮ ਜੀ, 9 ਐਮ ਐਮ ਪਿਸਤੌਲ, ਏ ਕੇ 47 ਤੇ 303 ਰਾਈਫਲਾਂ ਸਮੇਤ ਵੱਡੀ ਮਾਤਰਾ ਵਿੱਚ ਮੈਗਜ਼ੀਨ ਤੇ ਕਾਰਤੂਸ ਲੁੱਟ ਕੇ ਲੈ ਗਈ ਸੀ।

ਮਣੀਪੁਰ ਰਾਈਫ਼ਲਜ਼ ਵੱਲੋਂ 28 ਮਈ ਨੂੰ ਦਰਜ ਕਰਾਈ ਗਈ ਰਪਟ ਅਨੁਸਾਰ ਘਾਟੀ ਦੇ ਦੰਗਾਕਾਰੀਆਂ ਦੀ ਇੱਕ ਭੀੜ ਨੇ ਉਨ੍ਹਾਂ ਪਾਸੋਂ ਬੰਬ, ਹਥਿਆਰ ਅਤੇ ਗੋਲਾ-ਬਾਰੂਦ ਖੋਹ ਲਿਆ ਸੀ। ਇੰਫਾਲ ਪੂਰਬੀ ਜ਼ਿਲ੍ਹੇ ਦੇ ਅਰਿਲਬੰਗ ਪੁਲਸ ਥਾਣੇ ਦੇ ਇੰਚਾਰਜ ਨੇ 4 ਮਈ ਨੂੰ ਲਿਖੀ ਰਪਟ ਵਿੱਚ ਕਿਹਾ ਹੈ ਕਿ ਦੋ ਹਜ਼ਾਰ ਲੋਕ, ਜਿਨ੍ਹਾਂ ਵਿੱਚ ਔਰਤਾਂ ਵੀ ਸ਼ਾਮਲ ਸਨ, ਨੇ ਪੁਲਸ ਥਾਣੇ ਉੱਤੇ ਹਮਲਾ ਕਰਕੇ ਸਭ ਹਥਿਆਰ ਲੁੱਟ ਲਏ ਸਨ। ਇਸੇ ਤਰ੍ਹਾਂ ਦੀ ਰਪਟ 4 ਮਈ ਨੂੰ ਹੀ ਲਾਮਲਾਈ ਥਾਣੇ ਦੇ ਮੁਖੀ ਵੱਲੋਂ ਲਿਖੀ ਗਈ ਸੀ।

ਇਸ ਸਮੇਂ ਮਣੀਪੁਰ ਦੇ ਸਭ ਅਸਲੇਖਾਨੇ ਖਾਲੀ ਹੋ ਚੁੱਕੇ ਹਨ। ਇਹ ਹਥਿਆਰ ਦੋ ਪੜਾਵਾਂ ਵਿੱਚ ਲੁੱਟੇ ਗਏ ਸਨ। ਪਹਿਲਾਂ 3-4 ਮਈ ਨੂੰ ਤੇ ਫਿਰ 27 ਮਈ ਤੋਂ ਬਾਅਦ। ਉਕਤ ਸਾਰੇ ਅਸਲਾਖਾਨੇ ਇੰਫਾਲ ਘਾਟੀ ਦੇ ਖੇਤਰ ਵਿੱਚ ਸਨ, ਜਿੱਥੇ ਮੈਤੇਈ ਕਬੀਲੇ ਦੇ ਲੋਕਾਂ ਦੀ ਬਹੁਗਿਣਤੀ ਹੈ। ਇਨ੍ਹਾਂ ਅਸਲਾਖਾਨਿਆਂ ਦੀ ਰਾਖੀ ਲਈ ਤਾਇਨਾਤ ਸੁਰੱਖਿਆ ਦਸਤਿਆਂ ਵੱਲੋਂ ਕੋਈ ਵੀ ਵਿਰੋਧ ਨਾ ਕਰਨਾ ਇਹ ਸ਼ੱਕ ਪ੍ਰਗਟ ਕਰਦਾ ਹੈ ਕਿ ਇਹ ਹਥਿਆਰਾਂ ਦੀ ਲੁੱਟ ਸਰਕਾਰੀ ਸਹਿਮਤੀ ਨਾਲ ਹੋਈ ਹੋ ਸਕਦੀ ਹੈ ਤਾਂ ਜੋ ਮੈਤੇਈ ਕਬੀਲੇ ਨੂੰ ਹਥਿਆਰਬੰਦ ਕਰਕੇ ਕੁੱਕੀ ਕਬੀਲੇ ਦਾ ਸਫ਼ਾਇਆ ਕੀਤਾ ਜਾ ਸਕੇ। ਇਹੋ ਕੁਝ ਗੁਜਰਾਤ ਦੇ ਦੰਗਿਆਂ ਦੌਰਾਨ ਵਾਪਰਿਆ ਸੀ, ਜਿਸ ਨੂੰ ਹੁਣ ਮਣੀਪੁਰ ਵਿੱਚ ਦੁਹਰਾਇਆ ਜਾ ਰਿਹਾ ਹੈ।

ਇਸੇ ਸੋਚੀ-ਸਮਝੀ ਨੀਤੀ ਦਾ ਨਤੀਜਾ ਹੈ ਕਿ ਪ੍ਰਧਾਨ ਮੰਤਰੀ ਮਣੀਪੁਰ ਵੱਲੋਂ ਬੇਫਿਕਰ ਹਨ। ਮਣੀਪੁਰ ਦੇ ਸ਼ਾਂਤੀਪਸੰਦ ਲੋਕ ਭਾਰੀ ਗੁੱਸੇ ਵਿੱਚ ਹਨ। ਮਣੀਪੁਰ ਵਿੱਚ ਪ੍ਰਧਾਨ ਮੰਤਰੀ ਲਾਪਤਾ ਦੇ ਪੋਸਟਰ ਲੱਗ ਗਏ ਹਨ। 'ਮਨ ਕੀ ਬਾਤ' ਪ੍ਰੋਗਰਾਮ ਦੇ ਪ੍ਰਸਾਰਨ ਮੌਕੇ ਲੋਕਾਂ ਨੇ ਰੇਡੀਓ ਸੈਟ ਤੋੜ ਕੇ ਆਪਣਾ ਵਿਰੋਧ ਪ੍ਰਗਟ ਕੀਤਾ ਸੀ। ਮਣੀਪੁਰ ਦੇ ਭਾਜਪਾ ਵਿਧਾਇਕਾਂ ਦੇ ਦੋ ਗਰੁੱਪ ਪਿਛਲੇ ਇੱਕ ਹਫ਼ਤੇ ਤੋਂ ਪ੍ਰਧਾਨ ਮੰਤਰੀ ਨੂੰ ਮਿਲਣ ਲਈ ਦਿੱਲੀ ਵਿੱਚ ਬੈਠੇ ਹਨ, ਪਰ ਉਨਾਂ ਨੂੰ ਸਮਾਂ ਨਹੀਂ ਦਿੱਤਾ ਗਿਆ। ਇਨ੍ਹਾਂ ਮੈਤੇਈ ਕਬੀਲੇ ਦੇ 9 ਵਿਧਾਇਕਾਂ ਨੇ ਪ੍ਰਧਾਨ ਮੰਤਰੀ ਦਫ਼ਤਰ ਨੂੰ ਦਿੱਤੇ ਮੰਗ-ਪੱਤਰ ਵਿੱਚ ਕਿਹਾ ਹੈ ਕਿ ਰਾਜ ਵਿੱਚ ਅਮਨ-ਕਾਨੂੰਨ ਦੀ ਹਾਲਤ ਬਦਤਰ ਹੋ ਚੁੱਕੀ ਹੈ। ਮੌਜੂਦਾ ਸਰਕਾਰ ਲੋਕਾਂ ਦਾ ਭਰੋਸਾ ਗੁਆ ਚੁੱਕੀ ਹੈ। ਇਸ ਦੇ ਨਾਲ ਹੀ ਉਨ੍ਹਾਂ ਵੱਲੋਂ ਸੂਬੇ ਦੀ ਅਖੰਡਤਾ ਨੂੰ ਕਾਇਮ ਰੱਖਦਿਆਂ ਕੁੱਕੀ ਖੇਤਰ ਲਈ ਵੱਖਰੇ ਪ੍ਰਸ਼ਾਸਨ ਦੀ ਮੰਗ ਕੀਤੀ ਗਈ ਹੈ। ਇਸ ਤੋਂ ਇਲਾਵਾ ਇੱਕ ਹੋਰ ਵਫ਼ਦ, ਜਿਸ ਵਿੱਚ ਸਹਿਯੋਗੀ ਪਾਰਟੀਆਂ ਦੇ ਵਿਧਾਇਕ ਵੀ ਸ਼ਾਮਲ ਸਨ ਨੇ ਵੀ ਪ੍ਰਧਾਨ ਮੰਤਰੀ ਦੀ ਥਾਂ ਰਾਜਨਾਥ ਸਿੰਘ ਤੇ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨਾਲ ਮੁਲਾਕਾਤ ਕਰਕੇ ਆਪਣਾ ਪੱਖ ਪੇਸ਼ ਕੀਤਾ ਸੀ, ਜਿਸ ਵਿੱਚ ਕੁੱਕੀ ਭਾਈਚਾਰੇ ਲਈ ਵੱਖਰੇ ਪ੍ਰਸ਼ਾਸਨ ਦਾ ਵਿਰੋਧ ਕੀਤਾ ਗਿਆ ਸੀ। ਇਸ ਤੋਂ ਸਪੱਸ਼ਟ ਹੈ ਕਿ ਮਣੀਪੁਰ ਵਿੱਚ ਭਾਜਪਾ ਵੀ ਬੁਰੀ ਤਰ੍ਹਾਂ ਵੰਡੀ ਜਾ ਚੁੱਕੀ ਹੈ, ਜਿਸ ਦਾ ਖਮਿਆਜ਼ਾ ਮਣੀਪੁਰ ਦੀ ਜਨਤਾ ਭੁਗਤ ਰਹੀ ਹੈ।

ਇਸੇ ਦੌਰਾਨ ਮਣੀਪੁਰ ਦੀਆਂ 75 ਔਰਤਾਂ ਨੇ ਜੰਤਰ-ਮੰਤਰ ਉੱਤੇ ਮੁਜ਼ਾਹਰਾ ਕੀਤਾ ਤੇ ਕਿਹਾ ਕਿ ਮਣੀਪੁਰ ਵਿੱਚ ਸਾਰੇ ਭਾਈਚਾਰੇ ਸ਼ਾਂਤੀ ਨਾਲ ਰਹਿ ਰਹੇ ਸਨ, ਪਰ ਹੁਣ ਇੱਕ-ਦੂਜੇ ਦੇ ਦੁਸ਼ਮਣ ਬਣਾ ਦਿੱਤੇ ਗਏ ਹਨ। ਅਸੀਂ ਪ੍ਰਧਾਨ ਮੰਤਰੀ ਨੂੰ ਮਿਲ ਕੇ ਆਪਣੀਆਂ ਸ਼ਿਕਾਇਤਾਂ ਪੇਸ਼ ਕਰਨ ਆਏ ਹਾਂ। ਪਿਛਲੇ 45 ਦਿਨਾਂ ਤੋਂ ਹਿੰਸਾ ਜਾਰੀ ਹੈ, ਕਈ ਮੌਤਾਂ ਹੋ ਚੁੱਕੀਆਂ ਹਨ, ਇਸ ਦੇ ਬਾਵਜੂਦ ਨਾ ਪ੍ਰਧਾਨ ਮੰਤਰੀ ਆਏ ਤੇ ਨਾ ਉਨ੍ਹਾ ਕੋਈ ਸ਼ਬਦ ਬੋਲਿਆ। ਕੀ ਅਸੀਂ ਭਾਰਤ ਦੇ ਨਾਗਰਿਕ ਨਹੀਂ ਹਾਂ?

ਮਣੀਪੁਰ ਵਿੱਚ ਗ੍ਰਹਿ ਯੁੱਧ ਲੱਗਾ ਹੋਇਆ ਹੈ ਤੇ ਪ੍ਰਧਾਨ ਮੰਤਰੀ ਵਿਦੇਸ਼ੀ ਮਹਿਮਾਨ-ਨਵਾਜ਼ੀ ਦਾ ਲੁਤਫ਼ ਉਠਾ ਰਹੇ ਹਨ।

**-ਚੰਦ ਫਤਿਹਪੁਰੀ**

# ਧੀਆਂ ਵੱਲੋਂ ਪਹਿਲਵਾਨੀ ਦੇ ਨਾਲ-ਨਾਲ ਇਨਸਾਫ ਦਾ ਸੰਘਰਸ਼



ਜਗੀਰ ਸਿੰਘ ਜਗਤਾਰ

ਨੌਂ ਸਾਲਾਂ ਤੋਂ ਕੇਂਦਰ ਵਿੱਚ ਰਾਜ ਕਰ ਰਹੀ ਭਾਜਪਾ ਤੇ ਉਸ ਦੇ ਆਗੂ ਦਾਅਵਾ ਕਰ ਰਹੇ ਹਨ ਕਿ ਦੇਸ਼ ਨੂੰ ਪੁਰਾਤਨ ਭਾਰਤੀ ਸੰਸਕ੍ਰਿਤੀ ਅਨੁਸਾਰ ਚਲਾ ਰਹੇ ਹਨ। ਉਹਨਾਂ ਨਰੋਈਆਂ ਕਦਰਾਂ-ਕੀਮਤਾਂ ਨੂੰ ਪ੍ਰਫੁਲਿਤ ਕਰਨਾ ਇਸ ਸਰਕਾਰ ਦਾ ਮੁੱਖ ਟੀਚਾ ਦਰਸਾਇਆ ਜਾ ਰਿਹਾ ਹੈ।

ਭਾਰਤੀ ਸੰਸਕ੍ਰਿਤੀ ਅਨੁਸਾਰ ਔਰਤਾਂ ਨੂੰ ਲਕਸ਼ਮੀ ਦੇ ਰੂਪ ਵਿੱਚ ਲਿਆ ਜਾਂਦਾ ਹੈ, ਖਾਸ ਕਰਕੇ ਕੁਆਰੀਆਂ ਲੜਕੀਆਂ ਨੂੰ ਕੰਨਿਆਂ ਦੇ ਰੂਪ ਵਿੱਚ ਵਧੇਰੇ ਮਹੱਤਵ, ਸਤਿਕਾਰ ਦੇਣ ਦੀ ਰਵਾਇਤ ਹੈ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਸਰਕਾਰ ਅਤੇ ਉਹਨਾਂ ਦੀ ਪਾਰਟੀ ਭਾਜਪਾ ਜੋ ਦਾਅਵੇ ਕਰਦੀ ਹੈ, ਉਸ ਦੀ ਅਸਲੀ ਕਾਰਜਸ਼ੈਲੀ ਸਹੀ ਟੀਚਿਆਂ 'ਚ ਕੋਹਾਂ ਦੂਰ ਹੈ। ਇਸ ਤੋਂ ਪਰਦਾ ਦਿੱਲੀ ਦੇ ਜੰਤਰ ਮੰਤਰ ਮੈਦਾਨ ਵਿੱਚ ਧਰਨਾ ਦੇ ਕੇ ਬੈਠੀਆਂ ਦੇਸ਼ ਦੀਆਂ ਪਹਿਲਵਾਨ ਧੀਆਂ ਵੱਲ਼ ਸਰਕਾਰ ਵੱਲੋਂ ਅਪਣਾਈ ਬੇਰੁਖੀ ਨੇ ਢਕ ਦਿੱਤਾ ਹੈ।

ਆਮ ਤੌਰ 'ਤੇ ਸਮਾਜਿਕ ਵਰਤਾਰਾ ਇਹ ਹੈ ਕਿ ਜੇ ਕਿਸੇ ਕੁਆਰੀ ਕੁੜੀ ਨਾਲ ਕੋਈ ਵਧੀਕੀ ਕਰਦਾ ਹੈ ਤਾਂ ਉਹ ਬਦਨਾਮੀ ਹੋਣ ਤੋਂ ਬਚਣ ਲਈ ਚੁੱਪ ਰਹਿਣਾ ਠੀਕ ਸਮਝਦੀ ਹੈ। ਜਦੋਂ ਕੋਈ ਧੀ ਆਪਣੇ ਨਾਲ ਹੋਏ ਗੰਦੇ ਵਿਹਾਰ ਬਾਰੇ ਦੱਸਦੀ ਹੈ ਤਾਂ ਉਸ ਦਾ ਭਾਵ ਇਹ ਹੁੰਦਾ ਹੈ ਕਿ ਉਹ ਆਪਣੀ ਕਾਰਜਸ਼ੈਲੀ ਨੂੰ ਤਾਂ ਹੀ ਜਾਰੀ ਰੱਖ ਸਕਦੀ ਹੈ, ਜਦ ਉਸ ਨਾਲ ਹੋ ਰਹੀ ਵਧੀਕੀ ਖਤਮ ਹੋਵੇ। ਦਿੱਲੀ ਦੇ ਜੰਤਰ ਮੰਤਰ 'ਤੇ ਧਰਨਾ ਦੇਣ ਵਾਲੀਆਂ ਦੇਸ਼ ਦੀਆਂ ਪਹਿਲਵਾਨ ਧੀਆਂ ਆਪਣੀ ਪਹਿਲਵਾਨੀ ਨੂੰ ਜਾਰੀ ਰੱਖ ਕੇ ਦੇਸ਼ ਦਾ ਨਾਂਅ ਹੋਰ ਉੱਚਾ ਚੁੱਕਣਾ ਚਾਹੁੰਦੀਆਂ ਹਨ।

ਸਰੀਰਕ ਸ਼ੋਸ਼ਣ ਦਾ ਦੋਸ਼ ਲਾਉਣ ਵਾਲੀਆਂ ਛੇ ਸਭ ਧੀਆਂ ਵਿੱਚੋਂ ਇੱਕ ਨਾਬਾਲਗ ਹੈ। ਇਹਨਾਂ ਨੂੰ ਗਿਲਾ ਹੈ ਕਿ ਕੁਸ਼ਤੀ ਫੈਡਰੇਸ਼ਨ ਦੇ ਪ੍ਰਧਾਨ, ਸੰਸਦ ਮੈਂਬਰ ਬ੍ਰਿਜ ਭੂਸ਼ਨ ਸ਼ਰਨ ਸਿੰਘ ਨੇ ਆਪਣੀ ਪਦਵੀ ਦੇ ਦਬਾਅ ਤਹਿਤ ਉਹਨਾਂ ਨਾਲ ਸਰੀਰਕ ਵਧੀਕੀ ਕੀਤੀ ਹੈ।

ਆਮ ਹਾਲਤਾਂ ਵਿੱਚ ਹੁੰਦਾ ਇਹ ਹੈ ਕਿ ਜੇ ਕਿਸੇ ਵੀ ਵਿਅਕਤੀ 'ਤੇ ਕੋਈ ਅਜਿਹਾ ਦੋਸ਼ ਹੋਵੇ ਤਾਂ ਪੁਲਸ ਤੁਰੰਤ ਕੇਸ ਦਰਜ ਕਰਕੇ ਗ੍ਰਿਫਤਾਰ ਕਰਦੀ ਹੈ। ਵੱਧ ਤੋਂ ਵੱਧ ਪੀੜਤਾਂ ਦੇ ਬਿਆਨ ਅਦਾਲਤ ਵਿੱਚ ਕਰਵਾ ਕੇ ਅਗਲੀ ਕਾਰਵਾਈ ਸ਼ੁਰੂ ਕੀਤੀ ਜਾਂਦੀ ਹੈ, ਪਰ ਇੱਥੇ ਸਰਕਾਰ ਨੇ ਜੋ ਰੁਖ ਅਪਣਾਇਆ ਹੈ, ਉਹ ਨਾਮਜ਼ਦ ਦੋਸ਼ੀ ਨੂੰ ਬਚਾਉਣ ਵਾਲਾ ਹੈ।

ਪਹਿਲਾਂ ਤਾਂ ਮੁਕੱਦਮਾ ਮਾਮਲੇ ਨੂੰ ਲਟਕਾਅ ਕੇ ਦਰਜ ਕੀਤਾ ਗਿਆ। ਪਹਿਲਵਾਨਾਂ ਵੱਲੋਂ ਸ਼ੁਰੂ ਕੀਤੇ ਧਰਨੇ ਨੂੰ ਲੱਗਭੱਗ ਇੱਕ ਮਹੀਨਾ ਹੋਣ ਦੇ ਬਾਵਜੂਦ ਗ੍ਰਿਫਤਾਰ ਨਹੀਂ ਕੀਤਾ ਗਿਆ। ਰੋਸ ਵਧਦਾ ਵੇਖ ਉਸ ਨੂੰ ਅਹੁਦੇ ਤੋਂ ਹਟਾ ਕੇ ਪ੍ਰਧਾਨਗੀ ਦਾ ਕਾਰਜ ਇੱਕ ਗਰੁੱਪ ਨੂੰ ਸੌਂਪ ਦਿੱਤਾ ਹੈ। ਸਰਕਾਰ ਨੇ ਇਹ ਰੁਖ ਇਸ ਲਈ ਅਪਣਾਇਆ ਹੈ ਕਿ ਬ੍ਰਿਜ ਭੂਸ਼ਨ ਸ਼ਰਨ ਸਿੰਘ ਭਾਜਪਾ ਦਾ ਸੰਸਦ ਮੈਂਬਰ ਹੈ। ਇਹ ਮਾਮਲਾ



ਜਨਤਕ ਪੱਧਰ 'ਤੇ ਸਾਹਮਣੇ ਆਉਣ ਦੇ ਸਮੇਂ 'ਤੇ ਸਰਕਾਰ ਨੂੰ ਪੀੜਤ ਧੀਆਂ ਨੂੰ ਇਨਸਾਫ ਦੇਣ ਦਾ ਰੁਖ ਲੈਣ ਦੀ ਥਾਂ ਮਾਮਲਾ ਲਟਕਾ ਕੇ ਗਿਆ ਆਇਆ ਕਰਨ ਵਾਲਾ ਰੂਪ ਲਿਆ ਹੈ। ਇਸੇ ਕਾਰਨ ਉਹ ਆਏ ਦਿਨ ਨਵਾਂ ਵਿਵਾਦ ਖੜਾ ਕਰਨ ਦਾ ਯਤਨ ਕਰ ਰਿਹਾ ਹੈ। ਹੁਣ ਉਸ ਨੇ ਕਿਹਾ ਹੈ ਕਿ ਜੋ ਮੈਡਲ ਪਹਿਲਵਾਨ ਲੜਕੀਆਂ ਨੇ ਪ੍ਰਾਪਤ ਕੀਤੇ ਹਨ, ਇਹ ਤਾਂ 15 ਰੁਪਏ ਵਿੱਚ ਆ ਜਾਂਦਾ ਹੈ, ਕੁਸ਼ਤੀ ਦੀ ਤਿਆਰੀ 'ਤੇ ਜੋ ਲੱਖਾਂ ਰੁਪਏ ਖਰਚ ਹੋਏ ਹਨ, ਉਹ ਵਾਪਸ ਦਿੱਤੇ ਜਾਣ। ਇਹ ਕੁਝ ਇਸ ਅੰਦਾਜ਼ ਵਿੱਚ ਕਿਹਾ ਹੈ, ਜਿਸ ਤਰ੍ਹਾਂ ਪ੍ਰਧਾਨ ਨੇ ਆਪਣੇ ਪਾਸੋਂ ਖਰਚੇ ਹੋਣ। ਲੜਕੀਆਂ ਨੇ ਮੈਡਲ ਦੇਸ਼ ਦੀ ਸ਼ਾਨ ਵਧਾਉਣ ਲਈ ਜਿੱਤੇ ਹਨ, ਉਹ ਕੁਸ਼ਤੀ ਦੀ ਤਿਆਰੀ ਵੀ ਇਸ ਉਦੇਸ਼ ਨਾਲ ਕਰ ਰਹੀਆਂ ਹਨ। ਜੇ ਸਿਰਫ ਪੈਸਾ ਹੀ ਪ੍ਰਾਪਤੀ ਹੈ ਤਾਂ ਸਾਡੇ ਪੈਸੇ ਪ੍ਰਧਾਨਗੀ ਦੇ ਨਾਂਅ 'ਤੇ ਉਸ ਦੇ ਹੱਥਾਂ ਵਿੱਚ ਹਨ, ਉਸ ਨੇ ਕਿੰਨੇ ਕੁ ਮੈਡਲ ਹਾਸਲ ਕੀਤੇ ਹਨ।

ਪਹਿਲਵਾਨ ਧੀਆਂ ਦੇ ਮਸਲੇ ਨੇ ਭਾਜਪਾ, ਉਸ ਦੇ ਪਿੱਛੇ ਕੰਮ ਕਰ ਰਹੇ ਆਰ.ਐੱਸ.ਐੱਸ ਦੇ ਸਾਰੇ ਕਾਰਜ ਭਾਰਤੀਅਤਾ ਦੇ ਪੱਖੋਂ ਕਰਨ ਦੇ ਦਾਅਵਿਆਂ ਨੂੰ ਨਕਾਰਾ ਕਰ ਦਿੱਤਾ ਹੈ। ਆਦਰਸ਼ ਦੀਆਂ ਗੱਲਾਂ ਸਿਰਫ ਵਿਖਾਵਾ ਹੈ। ਅਸਲ ਵਿੱਚ ਦੇਸ਼ ਦਾ ਰਾਜਕਾਜ ਹਥਿਆ ਕੇ ਰੱਖਣ ਦੀ ਰਾਜਨੀਤੀ ਹੀ ਹੈ। ਇਹੀ ਕਾਰਨ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਖ-ਵੱਖ ਮੁੱਦਿਆਂ 'ਤੇ ਭਾਸ਼ਣਾਂ ਦੀ ਝੜੀ ਲਾਉਂਦੇ ਹਨ, ਉਹਨਾਂ ਪਹਿਲਵਾਨ ਧੀਆਂ ਦੀ ਸਮੱਸਿਆ ਨੂੰ ਅਣਦੇਖੀ ਕਰਦਿਆਂ ਚੁੱਪ ਧਾਰੀ ਹੋਈ ਹੈ। ਉਹ ਹਰ ਮਹੀਨੇ ਰੇਡੀਓ 'ਤੇ ਮਨ ਕੀ ਬਾਤ ਕਰਦੇ ਹਨ, ਆਪਣੇ 500ਵੇਂ ਭਾਸ਼ਣ ਨੂੰ ਮੀਡੀਆ ਦੀ ਨਵੀਂ ਤਕਨੀਕ ਸਹਾਰੇ ਵਿਦੇਸ਼ਾਂ ਤੱਕ ਪਰੋਸੀ ਹੈ, ਪਰ ਇਸ ਵਿੱਚ ਵੀ ਦੇਸ਼ ਦੀਆਂ ਪਹਿਲਵਾਨ ਧੀਆਂ ਨੂੰ ਯਾਦ ਨਹੀਂ ਕੀਤਾ। ਅਜਿਹਾ ਇਸ ਲਈ ਹੈ ਕਿਉਂਕਿ ਧੱਕੇਸ਼ਾਹੀ ਕਰਨ ਵਾਲਾ ਰਾਜ ਕਰਦੀ ਪਾਰਟੀ ਦਾ ਕਹਿੰਦਾ-ਕਹਾਉਂਦਾ ਸੰਸਦ ਮੈਂਬਰ ਹੈ। ਸਰਕਾਰ ਵਾਲੇ ਜੋ ਮਰਜ਼ੀ ਵਧੀਕੀ ਕਰੀ ਜਾਣ, ਉਥੇ ਕਾਨੂੰਨ, ਭਾਰਤੀਅਤਾ ਸਭ ਚੁੱਪ ਹਨ। ਕਿਸਾਨ ਅੰਦੋਲਨ ਵਿੱਚ ਉੱਤਰ ਪ੍ਰਦੇਸ਼ ਦੇ ਲਖੀਮਪੁਰ ਖੀਰੀ ਕਾਂਡ ਵਿੱਚ ਵਧੀਕੀਆਂ ਕਰਨ ਵਾਲਿਆਂ ਦੀ ਪਿੱਠ ਥਾਪੜਨ ਵਾਲੇ ਮੰਤਰੀ ਤੋਂ ਅਸਤੀਫਾ ਨਹੀਂ ਲਿਆ ਗਿਆ।

ਸਪੱਸ਼ਟ ਹੈ ਕਿ ਕੇਂਦਰੀ ਸਰਕਾਰ ਅਤੇ ਉਸ ਦੇ ਮੁਖੀ ਜੋ ਮਰਜ਼ੀ ਦਾਅਵੇ ਕਰੀ ਜਾਣ, ਦੇਸ਼ ਦੇ ਹਰ ਖੇਤਰ ਦੇ ਮਿਹਨਤਕਸ਼ਾਂ ਨੂੰ ਆਪ ਇਕੱਠੇ ਹੋ ਕੇ ਆਪਣੇ ਹਿੱਤਾਂ ਦੀ ਰਾਖੀ ਕਰਨੀ ਪਵੇਗੀ। ਪਹਿਲਵਾਨ ਧੀਆਂ ਨੂੰ ਸਾਥੀ ਪਹਿਲਵਾਨਾਂ, ਹੋਰ ਖਿਡਾਰੀਆਂ ਅਤੇ ਦੇਸ਼ ਦੇ ਇਨਸਾਫ-ਪਸੰਦਾਂ ਨੂੰ ਨਾਲ ਲੈ ਕੇ ਆਪਣੇ ਹਿੱਤਾਂ ਦੀ ਰਖਵਾਲੀ ਕਰਨ ਦਾ ਸੰਘਰਸ਼ ਜਾਰੀ ਰੱਖਣਾ ਪਵੇਗਾ।

ਪਹਿਲਵਾਨ ਧੀਆਂ ਜ਼ਿੰਮੇ ਆਪਣੇ ਸਾਥੀਆਂ ਨੂੰ ਨਾਲ ਲੈ ਕੇ ਦੋਹਰੇ ਕਾਰਜ ਸਾਂਭਣੇ ਹਨ, ਉਹਨਾਂ ਜਿੱਥੇ ਇਨਸਾਫ ਲਈ ਸੰਘਰਸ਼ ਕਰਨਾ ਹੈ, ਉਥੇ ਨਾਲ ਹੀ ਆਪਣੀ ਪਹਿਲਵਾਨੀ ਦਾ ਅਭਿਆਸ ਵੀ ਯਾਰੀ ਰੱਖਣਾ ਹੋਵੇਗਾ ਤਾਂ ਕਿ ਹੋਰ ਮੈਡਲ ਪ੍ਰਾਪਤ ਕਰਕੇ ਦੇਸ਼ ਦਾ ਨਾਂਅ ਰੌਸ਼ਨ ਕਰਨ। ਉਹਨਾਂ ਦਾ ਇਹ ਸੰਘਰਸ਼ ਦੇਸ਼ ਦੀਆਂ ਇਨਸਾਫ-ਪਸੰਦ ਧਿਰਾਂ ਨੂੰ ਇੱਕਮੁੱਠ ਕਰਨ ਦਾ ਮਾਰਗ ਵੀ ਸਿੱਧ ਹੋਵੇਗਾ।

ਕਿਸਾਨ ਅੰਦੋਲਨ ਸਮੇਂ ਜੰਤਰ ਮੰਤਰ ਦੇ ਮੈਦਾਨ 'ਚ ਹੋਈ ਮੁਕਾਬਲੇਬਾਜ਼ੀ ਸੰਸਦ ਦੇ ਸਮਾਗਮਾਂ ਦੀ ਸੰਸਾਰ ਭਰ ਵਿੱਚ ਅਵਾਜ਼ ਗੂੰਜੀ। ਉਸੇ ਮੈਦਾਨ ਵਿੱਚੋਂ ਪਹਿਲਵਾਨ ਧੀਆਂ ਨੇ ਇਨਸਾਫ ਲਈ ਹੋਕਾ ਦਿੱਤਾ ਹੈ।

*# ਸੰਪਰਕ : 94179 71600*

# ਬੋਹੜ ਦੀ ਛਾਂ ਵਰਗੇ ਬਜ਼ੁਰਗ ਦੀਆਂ ਦਿਲਚਸਪ ਯਾਦਾਂ

**ਪਰਮਵੀਰ ਜਨਾਗਲ**

ਇਕ ਦਿਨ ਦਫਤਰ ਵਿੱਚ ਵਿਹਲੇ ਸਮੇਂ ਬੈਠਾ ਗੁਜ਼ਰੇ ਹੋਏ ਪਲਾਂ ਦੀਆਂ ਕੌੜੀਆਂ ਅਤੇ ਕੁਝ ਮਿੱਠੀਆਂ ਯਾਦਾਂ ਦੇ ਸਮੁੰਦਰ ਵਿੱਚ ਡੁੱਬਕੀ ਲਗਾ ਰਿਹਾ ਸਾਂ। ਉਸੇ ਸਮੇਂ ਸਾਥੋਂ ਵਿੱਛੜੀ ਹੋਈ ਰੂਹ ਮੇਰੇ ਦਾਦਾ ਜੀ ਦੀ ਯਾਦ ਨੇ ਆਪ-ਮੁਹਾਰੇ ਹੀ ਆ ਕੇ ਮੇਰੇ ਜ਼ਿਹਨ ਦੀਆਂ ਬਰੂਹਾਂ ਵਿੱਚ ਦਸਤਕ ਦਿੱਤੀ। ਨਿੱਕੀ ਉਮਰ ਵਿੱਚ ਦਾਦਾ ਜੀ ਨਾਲ ਬਿਤਾਏ ਹੋਏ ਇੱਕ-ਇੱਕ ਪਲ ਚਿੱਤਰ ਬਣ ਕੇ ਮੇਰੀਆਂ ਅੱਖਾਂ ਦੇ ਮੂਹਰੇ ਘੁੰਮਣ ਲੱਗ ਪਏ। ਅਸੀਂ ਅਕਸਰ ਆਪਣੇ ਦਾਦਾ ਜੀ ਨੂੰ ਬਾਈ ਜੀ ਕਹਿ ਕੇ ਪੁਕਾਰਦੇ ਸਾਂ। ਆਪਣੇ ਘਰ ਵਿੱਚ ਸਾਰੇ ਭੈਣ-ਭਰਾਵਾਂ ਨਾਲੋਂ ਛੋਟਾ ਹੋਣ ਦੇ ਕਾਰਨ ਉਹ ਮੈਨੂੰ ਵਧੇਰੇ ਲਾਡ ਲੜਾਉਂਦੇ ਸਨ।

ਪਿੰਡ ਵਿੱਚ ਜਦੋਂ ਵੀ ਕੋਈ ਮੇਲਾ, ਛਿੰਜ, ਬਾਜ਼ੀ ਜਾਂ ਧਮਾਲ ਆਦਿ ਦਾ ਪ੍ਰੋਗਰਾਮ ਹੁੰਦਾ ਤਾਂ ਬਾਈ ਜੀ ਮੈਨੂੰ ਆਪਣੇ ਮੋਢੇ 'ਤੇ ਬਿਠਾ ਕੇ ਸਾਰਾ ਦ੍ਰਿਸ਼ ਚੰਗੀ ਤਰ੍ਹਾਂ ਦਿਖਾਉਂਦੇ।

ਬਾਈ ਜੀ ਹਰ ਰੋਜ਼ ਸਵੇਰੇ ਜਲਦੀ ਉੱਠਦੇ ਅਤੇ ਨਹਾ-ਧੋਅ ਕੇ ਨਿਤਨੇਮ ਦਾ ਪਾਠ ਕਰਨ ਬੈਠ ਜਾਂਦੇ ਅਤੇ ਮਾਤਾ ਜੀ ਉਨ੍ਹਾਂ ਲਈ ਇਕ ਚਾਹ ਦਾ ਕੱਪ ਬਣਾ ਦਿੰਦੇ । ਦਿਨ ਵੇਲੇ ਉਹ ਕੁਝ ਨਾ ਕੁਝ ਜ਼ਰੂਰ ਕਰਦੇ ਰਹਿੰਦੇ ਸਨ, ਜਿਵੇਂ ਕਿ ਆਮ ਕਿਹਾ ਜਾਂਦਾ ਹੈ ਕਿ ਕਿਰਤ ਕਰਨ ਵਾਲਾ ਬੰਦਾ ਕਦੇ ਵੀ ਵਿਹਲਾ ਨਹੀਂ ਬੈਠ ਸਕਦਾ। ਉਹ ਮੈਨੂੰ ਅਕਸਰ ਦੱਸਿਆ ਕਰਦੇ ਸਨ ਕਿ ਕਿਸ ਤਰ੍ਹਾਂ ਉਨ੍ਹਾਂ ਨੇ ਆਪਣੀ ਜ਼ਿੰਦਗੀ ਵਿੱਚ ਬਹੁਤ ਗਰੀਬੀ ਦੇਖੀ ਹੈ, ਪਰ ਫਿਰ ਵੀ ਕਿਸੇ ਅੱਗੇ ਹੱਥ ਨਹੀਂ ਅੱਡਿਆ ਅਤੇ ਆਪਣੀ ਮਿਹਨਤ ਅਤੇ ਸਿਰੜ ਨਾਲ ਆਪਣੇ ਸਾਰੇ ਹੀ ਬੱਚਿਆਂ ਨੂੰ ਪੜ੍ਹਾਇਆ-ਲਿਖਾਇਆ ਅਤੇ ਚੰਗੇ-ਚੰਗੇ ਅਹੁਦਿਆਂ 'ਤੇ ਲਗਵਾਇਆ। ਸ਼ਾਮ ਵੇਲੇ ਅਕਸਰ ਖਾਣਾ ਖਾਣ ਤੋਂ ਬਾਅਦ ਮੈਂ ਉਨ੍ਹਾਂ ਦੇ ਕੋਲ ਜਾ ਕੇ ਉਨ੍ਹਾਂ ਦੇ ਮੰਜੇ 'ਤੇ ਲੇਟ ਜਾਂਦਾ ਅਤੇ ਉਨ੍ਹਾਂ ਨੂੰ ਕਹਾਣੀ ਸੁਣਾਉਂਣ ਦੀ ਜ਼ਿੱਦ ਕਰਦਾ ਅਤੇ ਉਹ ਮੈਨੂੰ ਕਹਾਣੀਆਂ ਅਤੇ ਬੁਝਾਰਤਾਂ ਆਦਿ ਜ਼ਰੂਰ ਸੁਣਾਉਂਦੇ ।

ਮੈਂ ਅਕਸਰ ਉਨ੍ਹਾਂ ਦੀਆਂ ਕਹਾਣੀਆਂ ਨੂੰ ਧਿਆਨ ਨਾਲ ਸੁਣਦਾ ਸੀ ਅਤੇ ਉਨ੍ਹਾਂ ਵਿੱਚੋਂ ਬਹੁਤ ਸਾਰੀਆਂ ਕਹਾਣੀਆਂ ਅਤੇ ਬੁਝਾਰਤਾਂ ਮੈਨੂੰ ਅੱਜ ਵੀ ਚੰਗੀ ਤਰ੍ਹਾਂ ਯਾਦ ਹਨ। ਦਾਦਾ ਜੀ ਪਹਿਲਾਂ ਖੱਡੀ ਦਾ ਕੰਮ ਕਰਿਆ ਕਰਦੇ ਸਨ । ਮੈਂ ਨਿੱਕਾ ਹੋਣ ਦੇ ਬਾਵਜੂਦ ਅਕਸਰ ਆਪਣੀ ਸਮਰੱਥਾ ਅਨੁਸਾਰ ਉਨ੍ਹਾਂ ਦੇ ਕੰਮ ਵਿੱਚ ਹੱਥ ਵਟਾਇਆ ਕਰਦਾ ਸੀ। ਉਨ੍ਹਾਂ ਵੱਲੋਂ ਖੱਡੀ ਦੇ ਕੰਮ ਵਿੱਚ ਵਰਤਿਆ ਜਾਣ ਵਾਲਾ ਸਾਮਾਨ ਜਿਵੇਂ ਕਿ ਲੱਕੜ ਦਾ ਚਰਖਾ, ਅਟੇਰਨ ਅਤੇ ਸੂਤ ਕੱਤਣ ਵਾਲੀਆਂ ਨਲਪੀਆਂ ਤੋਂ ਇਲਾਵਾ ਲੱਕੜ ਦਾ ਤੁਣਾ ਆਦਿ ਅਜੇ ਤੱਕ ਵੀ ਮੇਰੇ ਘਰ ਵਿੱਚ ਸਾਂਭੇ ਪਏ ਹਨ।

ਮੈਂ ਜਦੋਂ ਵੀ ਉਨ੍ਹਾਂ ਨੂੰ ਦੇਖਦਾ ਹਾਂ ਤਾਂ ਦਾਦਾ ਜੀ ਦੀਆਂ ਪੁਰਾਣੀਆਂ ਯਾਦਾਂ ਤਾਜ਼ਾ ਹੋ ਜਾਂਦੀਆਂ ਹਨ । ਮੈਂ ਅਕਸਰ ਸੁਣਿਆ ਕਰਦਾ ਸੀ ਕਿ 'ਘਰ ਵਿੱਚ ਬਜ਼ੁਰਗ ਘਰ ਦਾ ਜਿੰਦਰਾ ਹੁੰਦਾ ਹੈ' । ਅਸੀਂ ਜਦੋਂ ਵੀ ਕਿਸੇ ਕੰਮ ਲਈ ਜਾਂ ਕਿਸੇ ਵਿਆਹ-ਸ਼ਾਦੀ ਲਈ ਘਰ ਦੇ ਸਾਰੇ ਮੈਂਬਰ ਜਾਂਦੇ ਤਾਂ ਅਸੀਂ ਘਰ ਨੂੰ ਕਦੇ ਵੀ ਜਿੰਦਰਾ ਨਹੀਂ ਸੀ ਲਗਾਇਆ ਅਤੇ ਘਰ ਨੂੰ ਦਾਦਾ ਜੀ ਦੇ ਹਵਾਲੇ ਛੱਡ ਕੇ ਚਲੇ ਜਾਂਦੇ। ਪਰੰਤੂ ਜਦੋਂ ਦਾਦਾ ਜੀ ਦੇ ਸਵਰਗ ਸਿਧਾਰਨ ਤੋਂ ਬਾਅਦ ਮੇਰੇ ਪਿਤਾ ਜੀ ਘਰ ਲਈ 5, 7 ਜਿੰਦਰੇ ਲੈ ਕੇ ਆਏ ਤਾਂ ਮੈਨੂੰ ਉਦੋਂ ਪਤਾ ਚੱਲਿਆ ਕਿ ਇਹ ਕਹਾਵਤ ਪੂਰੀ ਤਰ੍ਹਾਂ ਸੱਚ ਹੈ ਕਿ 'ਘਰ ਵਿੱਚ ਬਜ਼ੁਰਗ ਘਰ ਦਾ ਜਿੰਦਰਾ ਹੁੰਦਾ ਹੈ'। ਅਸੀਂ ਇਸ ਗੱਲ ਤੋਂ ਭਲੀਭਾਂਤ ਜਾਣੂ ਹਾਂ ਕਿ ਪਹਿਲੇ ਸਮਿਆਂ ਵਿੱਚ ਘਰ ਵਿੱਚ ਛੋਟੇ ਬੱਚਿਆਂ ਦੇ ਸਾਥੀ ਅਤੇ ਹਰਮਨ ਪਿਆਰੇ ਦੋਸਤ ਦੀ ਭੂਮਿਕਾ ਨਿਭਾਉਣ ਵਾਲੇ ਦਾਦਾ ਅਤੇ ਦਾਦੀ ਦੀ ਜਗ੍ਹਾ ਅੱਜ ਦੇ ਤਕਨੀਕੀ ਯੁੱਗ ਵਿੱਚ ਮੋਬਾਈਲ ਨੇ ਲੈ ਲਈ ਹੈ। ਆਮ ਦੇਖਿਆ ਜਾਂਦਾ ਹੈ ਕਿ ਘਰਾਂ ਵਿੱਚ ਅਸੀਂ ਛੋਟੇ ਬੱਚਿਆਂ ਨੂੰ ਆਪਣੇ ਗਲੋਂ ਲਾਹੁਣ ਦੀ ਖਾਤਰ ਹੱਥ ਵਿੱਚ ਮੋਬਾਈਲ ਥਮਾ ਕੇ ਬਿਠਾ ਦਿੰਦੇ ਹਾਂ। ਅਸੀਂ ਕਿਵੇਂ ਭੁੱਲ ਗਏ ਹਾਂ ਕਿ ਜੋ ਸੰਸਕਾਰ ਦਾਦਾ-ਦਾਦੀ ਦੇ ਪਿਆਰ ਦੀ ਉਪਜ ਵਿੱਚੋਂ ਬੱਚੇ ਨੂੰ ਮਿਲਣੇ ਹਨ, ਉਹ ਇਹ ਤਕਨੀਕੀ ਯੁੱਗ ਦਾ ਦੋਸਤ ਨਹੀਂ ਦੇ ਸਕਦਾ।

ਬਜ਼ੁਰਗ ਤਾਂ ਬੁੱਢੇ ਬੋਹੜ ਦੀ ਉਹ ਛਾਂ ਹੁੰਦੇ ਹਨ, ਜੋ ਹਮੇਸ਼ਾ ਆਪਣੇ ਬੱਚਿਆਂ ਦੇ ਸੁਖੀ ਜੀਵਨ ਅਤੇ ਖੁਸ਼ਹਾਲੀ ਦੀ ਕਾਮਨਾ ਹੀ ਕਰਦੇ ਹਨ, ਪਰੰਤੂ ਫਿਰ ਵੀ ਪਤਾ ਨਹੀਂ ਅਜੋਕੇ ਸਮੇਂ ਵਿੱਚ ਇਸ ਬੇਸ਼ਕੀਮਤੀ ਦੌਲਤ ਨੂੰ ਅਸੀਂ ਬਿਰਧ ਅਤੇ ਅਨਾਥ ਆਸ਼ਰਮਾਂ ਦੇ ਹਵਾਲੇ ਕਿਵੇਂ ਕਰ ਦਿੰਦੇ ਹਾਂ। ਭਾਵੇਂ ਹੀ ਇਸ ਤਕਨੀਕੀ ਯੁੱਗ ਦੀ ਭੱਜਦੌੜ ਵਾਲੀ ਜ਼ਿੰਦਗੀ ਵਿੱਚ ਅਸੀਂ ਆਪਣੇ ਰਿਸ਼ਤੇ, ਨਾਤਿਆਂ ਨੂੰ ਭੁੱਲਦੇ ਜਾ ਰਹੇ ਹਾਂ ਅਤੇ ਰਿਸ਼ਤੇ ਕੇਵਲ ਗਰਜ਼ਾਂ ਤੱਕ ਹੀ ਸੀਮਤ ਰਹਿ ਗਏ ਹਨ, ਪਰੰਤੂ ਸਾਡੇ ਜੀਵਨ ਵਿੱਚ ਸਾਡੇ ਮਾਂ-ਬਾਪ ਅਤੇ ਸਾਡੇ ਬਜ਼ੁਰਗਾਂ ਦੀ ਦੇਣ ਅਤੇ ਉਨ੍ਹਾਂ ਦੀ ਅਹਿਮੀਅਤ ਨੂੰ ਕਦੀ ਵੀ ਅਣਗੌਲਿਆਂ ਨਹੀਂ ਕੀਤਾ ਜਾ ਸਕਦਾ। ਮੇਰੀ ਜ਼ਿੰਦਗੀ ਵਿੱਚ ਦਾਦਾ ਜੀ ਦੀ ਕਮੀ ਅੱਜ ਵੀ ਕਿਤੇ ਨਾ ਕਿਤੇ ਜ਼ਰੂਰ ਖਲਕਦੀ ਹੈ।

ਅਖੀਰ ਵਿੱਚ ਮੈਂ ਇਹ ਹੀ ਕਹਿਣਾ ਚਾਹੁੰਦਾ ਹਾਂ ਕਿ ਉਹ ਲੋਕ ਬਹੁਤ ਹੀ ਖੁਸ਼ਨਸੀਬ ਹੁੰਦੇ ਹਨ, ਜਿਨ੍ਹਾਂ ਨੂੰ ਆਪਣੇ ਬਜ਼ੁਰਗਾਂ ਦੀ ਸੇਵਾ ਕਰਨ ਦਾ ਸੁਭਾਗਾ ਸਮਾਂ ਪ੍ਰਾਪਤ ਹੁੰਦਾ ਹੈ ਅਤੇ ਉਨ੍ਹਾਂ ਦਾ ਪਿਆਰ ਨਸੀਬ ਹੁੰਦਾ ਹੈ।

**# ਸੰਪਰਕ : 94644-51553**

# ਵਾਤਾਵਰਨ ਪ੍ਰਦੂਸ਼ਣ 'ਚ ਸੁਧਾਰ ਲਈ ਵੱਡੇ ਯਤਨਾਂ ਦੀ ਲੋੜ



ਨਰਿੰਦਰ ਸਿੰਘ

ਵਾਤਾਵਰਨ ਪ੍ਰਦੂਸ਼ਣ ਦੀ ਸਮੱਸਿਆ ਵਿਸ਼ਵ-ਵਿਆਪੀ ਸਮੱਸਿਆ ਹੈ। ਵਾਤਾਵਰਨ ਪ੍ਰਦੂਸ਼ਣ ਅਤੇ ਵਧੇ ਤਾਪਮਾਨ ਕਾਰਨ ਅਸੀਂ ਲਗਾਤਾਰ ਮੌਤ ਵੱਲ ਵਧ ਰਹੇ ਹਾਂ। ਮਨੁੱਖੀ ਜੀਵਨ ਅਤੇ ਵਾਤਾਵਰਨ ਦਾ ਆਪਸ ਵਿਚ ਗਹਿਰਾ ਸੰਬੰਧ ਹੈ। ਮਨੁੱਖੀ ਜੀਵਨ ਦੀ ਹੋਂਦ ਬਹੁਤ ਹੱਦ ਤੱਕ ਵਾਤਾਵਰਨ 'ਤੇ ਹੀ ਨਿਰਭਰ ਕਰਦੀ ਹੈ। ਪਿਛਲੇ ਕੁਝ ਸਾਲਾਂ ਵਿੱਚ ਵਾਤਾਵਰਨ ਵਿਚ ਗੰਭੀਰ ਬਦਲਾਅ ਦੇਖਣ ਨੂੰ ਮਿਲੇ ਹਨ। ਆਲਮੀ ਤਪਸ਼, ਸ਼ੋਰ ਪ੍ਰਦੂਸ਼ਣ, ਪੀਣ ਵਾਲੇ ਪਾਣੀ ਦਾ ਪ੍ਰਦੂਸ਼ਣ, ਹਵਾ ਪ੍ਰਦੂਸ਼ਣ ਅਤੇ ਧਰਤੀ ਦਾ ਪ੍ਰਦੂਸ਼ਣ ਲਗਾਤਾਰ ਵਧ ਰਿਹਾ ਹੈ। ਵਾਤਾਵਰਨ ਦੀ ਸੁਰੱਖਿਆ ਅਤੇ ਬਹੁਮੁੱਲੇ ਕੁਦਰਤੀ ਵਸੀਲਿਆਂ ਦੀ ਸੰਭਾਲ ਕਰਨਾ ਅੱਜ ਆਲਮੀ ਪੱਧਰ 'ਤੇ ਚੁਣੌਤੀ ਬਣਿਆ ਹੋਇਆ ਹੈ। ਵਿਗੜ ਰਹੇ ਵਾਤਾਵਰਨ ਸੰਤੁਲਨ ਨੇ ਜਿਹੜੀਆਂ ਕੁਦਰਤੀ ਆਫ਼ਤਾਂ ਨੂੰ ਸੱਦਾ ਦਿੱਤਾ ਹੈ, ਉਸ ਲਈ ਅਸੀਂ ਖ਼ੁਦ ਜ਼ਿੰਮੇਵਾਰ ਹਾਂ।

ਭਾਵੇਂ ਵਾਤਾਵਰਨ ਦੀ ਰਾਖੀ ਲਈ ਵਿਸ਼ਵ ਪੱਧਰ 'ਤੇ ਯਤਨ ਕੀਤੇ ਜਾ ਰਹੇ ਹਨ, ਪਰ ਅਜੇ ਵੱਡੇ ਪੱਧਰ 'ਤੇ ਇਨ੍ਹਾਂ ਯਤਨਾਂ ਨੂੰ ਅਮਲੀ ਰੂਪ ਵਿਚ ਲਿਆਉਣਾ ਬਾਕੀ ਹੈ। ਵਾਤਾਵਰਨ ਸੰਤੁਲਨ ਕਾਇਮ ਕਰਨਾ ਅੱਜ ਵੱਡੀ ਚੁਣੌਤੀ ਹੈ। ਬਿਨਾਂ ਸ਼ੱਕ ਸਰਕਾਰਾਂ ਵੱਲੋਂ ਅੱਜ ਵਾਤਾਵਰਨ ਸੰਤੁਲਨ ਕਾਇਮ ਕਰਨ ਲਈ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ, ਪਰ ਗੁਰੂ ਸਾਹਿਬਾਨ ਵੱਲੋਂ ਇਹ ਬੀੜਾ ਸਦੀਆਂ ਪਹਿਲਾਂ ਉਠਾਇਆ ਗਿਆ ਸੀ। ਅਸੀਂ ਗੁਰੂ ਸਾਹਿਬਾਨ ਦੇ ਪ੍ਰਵਚਨਾਂ ਨੂੰ ਭੁੱਲ ਕੇ ਰੁੱਖਾਂ ਦੀ ਅੰਨ੍ਹੇਵਾਹ ਕਟਾਈ ਤੇ ਕੁਦਰਤੀ ਸਾਧਨਾਂ ਦੀ ਲੁੱਟ ਕਰਨ ਦੀ ਹੋੜ ਵਿਚ ਪੈ ਗਏ, ਜਿਸ ਦੇ ਨਤੀਜੇ ਅਸੀਂ ਭੁਗਤ ਰਹੇ ਹਾਂ। ਅੱਜ ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ 'ਤੇ ਚੱਲਣ ਦੀ ਲੋੜ ਹੈ। ਜਿਉਣ ਦਾ ਹੱਕ ਸਭ ਨੂੰ ਹੈ। ਜੀਓ ਤੇ ਜਿਉਣ ਦਿਓ। ਇਹ ਤਾਂ ਹੀ ਸੰਭਵ ਹੈ ਜੇਕਰ ਵਾਤਾਵਰਨ ਸੰਤੁਲਨ ਕਾਇਮ ਰਹੇਗਾ।

ਇਕ ਅਧਿਐਨ ਅਨੁਸਾਰ ਵਿਸ਼ਵ ਭਰ ਵਿੱਚ ਹਰ ਸਾਲ ਪ੍ਰਦੂਸ਼ਣ ਕਾਰਨ 90 ਲੱਖ ਲੋਕਾਂ ਦੀ ਮੌਤ ਹੋ ਜਾਂਦੀ ਹੈ। ਵਿਸ਼ਵ ਭਰ ਵਿਚ ਹਰ ਸਾਲ 50 ਲੱਖ ਵਿਅਕਤੀ ਵੱਧ ਗਰਮੀ ਤੇ ਵੱਧ ਸਰਦੀ ਕਾਰਨ ਮਰ ਜਾਂਦੇ ਹਨ। ਪ੍ਰਦੂਸ਼ਣ ਕਾਰਨ ਦੁਨੀਆ ਨੂੰ ਹਰ ਸਾਲ 4-6 ਟ੍ਰਿਲੀਅਨ ਡਾਲਰ ਪ੍ਰਤੀ ਮਿੰਟ ਦਾ ਨੁਕਸਾਨ ਹੁੰਦਾ ਹੈ। ਪ੍ਰਦੂਸ਼ਣ ਅਤੇ ਤਾਪਮਾਨ ਵਿਚ ਹੋਏ ਵਾਧੇ ਕਾਰਨ ਹੋਣ ਵਾਲੀਆਂ ਮੌਤਾਂ ਵਿਚ ਭਾਰਤ ਸਭ ਤੋਂ ਅੱਗੇ ਹੈ। ਭਾਰਤ ਵਿਚ ਹਰ ਸਾਲ 24 ਲੱਖ ਲੋਕ ਇਸ ਕਾਰਨ ਮਰ ਜਾਂਦੇ ਹਨ, ਜਦਕਿ ਚੀਨ ਵਿਚ 22 ਲੱਖ ਲੋਕ ਇਸ ਕਾਰਨ ਹਰ ਸਾਲ ਮਰ ਜਾਂਦੇ ਹਨ। ਇਨ੍ਹਾਂ ਵਿਚ ਸਭ ਤੋਂ ਵੱਧ ਖੇਤਾਂ ਵਿਚ ਕੰਮ ਕਰਨ ਵਾਲੇ ਮਜ਼ਦੂਰ ਤੇ ਗਰੀਬ ਕਿਸਾਨ ਹੁੰਦੇ ਹਨ। ਖੇਤ ਮਜ਼ਦੂਰਾਂ ਦੇ ਤੌਰ ਉੱਤੇ ਔਰਤਾਂ ਵੀ ਹੁੰਦੀਆਂ ਹਨ, ਜਿਨ੍ਹਾਂ ਨੂੰ ਤੇਜ਼ ਧੁੱਪ ਵਿਚ ਕੰਮ ਕਰਨਾ ਪੈਂਦਾ ਹੈ। ਗਰਭਵਤੀ ਮਹਿਲਾਵਾਂ ਜਦੋਂ ਤੇਜ਼ ਧੁੱਪ ਵਿਚ ਕੰਮ ਕਰਦੀਆਂ ਹਨ ਤਾਂ ਵਧੇ ਤਾਪਮਾਨ ਦਾ ਅਸਰ ਉਨ੍ਹਾਂ ਦੇ ਗਰਭ ਵਿਚ ਪਲ ਰਹੇ ਬੱਚੇ ਉੱਤੇ ਵੀ ਪੈਂਦਾ ਹੈ।

ਪੌਣ-ਪਾਣੀ, ਪ੍ਰਦੂਸ਼ਣ ਦੀ ਵਜ੍ਹਾ ਨਾਲ ਕਈ ਤਰ੍ਹਾਂ ਦੀਆਂ ਪ੍ਰੇਸ਼ਾਨੀਆਂ ਪੈਦਾ ਹੁੰਦੀਆਂ ਹਨ। ਪੌਣ-ਪਾਣੀ ਪ੍ਰਦੂਸ਼ਣ ਤੋਂ ਪੈਦਾ ਹੋਣ ਵਾਲੇ ਅਸਰ ਸਮੇਂ ਤੋਂ ਪਹਿਲਾਂ ਪੈਦਾ ਹੋਣ ਵਾਲੇ ਬੱਚਿਆਂ 'ਤੇ ਵੀ ਪੈਂਦਾ ਹੈ। ਸੰਯੁਕਤ ਰਾਸ਼ਟਰ ਦੀ ਏਜੰਸੀ ਵੱਲੋਂ ਜਾਰੀ ਰਿਪੋਰਟ ਅਨੁਸਾਰ ਘੱਟ ਅਤੇ ਦਰਮਿਆਨੀ ਆਮਦਨ ਵਾਲੇ ਦੇਸ਼ਾਂ ਵਿਚ ਸਮੇਂ ਤੋਂ ਪਹਿਲਾਂ ਪੈਦਾ ਹੋਏ ਬੱਚਿਆਂ ਵਿਚੋਂ 91 ਫੀਸਦੀ ਦੀ ਮੌਤ ਦਾ ਕਾਰਨ ਹਵਾ ਪ੍ਰਦੂਸ਼ਣ ਹੈ। ਇਸ ਰਿਪੋਰਟ ਵਿਚ ਇਹ ਵੀ ਕਿਹਾ ਗਿਆ ਹੈ ਕਿ ਵੱਧ ਆਮਦਨ ਵਾਲੇ ਦੇਸ਼ਾਂ ਵੱਲੋਂ ਇਸ 'ਤੇ ਚੁੱਕੇ ਗਏ ਮਹੱਤਵਪੂਰਨ ਕਦਮਾਂ ਦੇ ਕਾਰਨ ਉੱਥੇ ਅਸਰ ਘੱਟ ਨਜ਼ਰ ਆਉਂਦਾ ਹੈ। ਵਾਤਾਵਰਨ ਮਾਹਿਰਾਂ ਮੁਤਾਬਿਕ ਪੌਣ-ਪਾਣੀ ਤਬਦੀਲੀ, ਗਰਮੀ ਦੇ ਜੋਖਮ, ਤੂਫਾਨ, ਅਸੁਰੱਖਿਆ, ਪਾਣੀ ਜਾਂ ਖੁਰਾਕ ਤੋਂ ਪੈਦਾ ਹੋਣ ਵਾਲੀਆਂ ਬਿਮਾਰੀਆਂ, ਹਿਜਰਤ ਆਦਿ ਗਰਭ ਅਵਸਥਾ ਨੂੰ ਪ੍ਰਭਾਵਿਤ ਕਰਦੀ ਹੈ। ਰਿਪੋਰਟ ਵਿਚ ਇਹ ਵੀ ਕਿਹਾ ਗਿਆ ਹੈ ਕਿ ਇਸ ਦੇ ਅਸਰ ਨੂੰ ਘੱਟ ਕਰਨ ਲਈ ਇਸ ਮਾਮਲੇ ਨੂੰ ਲੈ ਕੇ ਵੱਧ ਨਿਵੇਸ਼ ਕਰਨ ਦੀ ਜ਼ਰੂਰਤ ਹੈ। ਇਕ ਅੰਦਾਜ਼ੇ ਮੁਤਾਬਿਕ ਹਰ ਸਾਲ 60 ਲੱਖ ਸਮੇਂ ਤੋਂ ਪਹਿਲਾਂ ਬੱਚਿਆਂ ਦੇ ਜਨਮ ਲਈ ਹਵਾ ਪ੍ਰਦੂਸ਼ਣ ਜ਼ਿੰਮੇਵਾਰ ਹੈ। ਅਨੁਮਾਨਾਂ ਨਾਲ ਇਹ ਵੀ ਪਤਾ ਲੱਗਾ ਹੈ ਕਿ ਵਿਸ਼ੇਸ਼ ਰੂਪ ਨਾਲ ਘੱਟ ਆਮਦਨ ਵਾਲੇ ਦੇਸ਼ਾਂ ਵਿੱਚ ਘਰੇਲੂ ਹਵਾ ਪ੍ਰਦੂਸ਼ਣ 15.6 ਫੀਸਦੀ ਘੱਟ ਵਜ਼ਨ ਵਾਲੇ ਬੱਚਿਆਂ ਅਤੇ 35.7 ਫੀਸਦੀ ਸਮੇਂ ਤੋਂ ਪਹਿਲਾਂ ਜਨਮਾਂ ਲਈ ਜ਼ਿੰਮੇਵਾਰ ਸੀ। ਪੌਣ-ਪਾਣੀ ਵਿਚ ਤਬਦੀਲੀਆਂ ਦੇ ਕਾਰਨ ਦੁਨੀਆ ਭਰ ਵਿਚ ਲੋਕਾਂ ਨੂੰ ਵੱਖ-ਵੱਖ ਤਰ੍ਹਾਂ ਦੀਆਂ ਸਿਹਤ ਸਮੱਸਿਆਵਾਂ ਨਾਲ ਦੋ-ਚਾਰ ਹੋਣਾ ਪੈ ਰਿਹਾ ਹੈ। ਹਵਾ ਪ੍ਰਦੂਸ਼ਣ ਦੀ ਸਮੱਸਿਆ ਵਿਸ਼ਵ-ਵਿਆਪੀ ਹੈ, ਪਰ ਦੱਖਣੀ ਏਸ਼ੀਆ ਦੇ ਦੇਸ਼ ਭਾਰਤ ਸਮੇਤ ਚੀਨ, ਪਾਕਿਸਤਾਨ ਅਤੇ ਬੰਗਲਾਦੇਸ਼ ਇਸ ਮਾਮਲੇ ਵਿਚ ਬਹੁਤ ਅੱਗੇ ਹਨ। ਇਸ ਰਿਪੋਰਟ ਅਨੁਸਾਰ ਵਿਸ਼ਵ ਦੇ 20 ਚੋਟੀ ਦੇ ਪ੍ਰਦੂਸ਼ਣ ਫੈਲਾਉਣ ਵਾਲੇ ਸ਼ਹਿਰਾਂ ਵਿਚੋਂ 19 ਸ਼ਹਿਰ ਏਸ਼ੀਆਈ ਦੇਸ਼ਾਂ ਦੇ ਹਨ। ਇਸ ਤੋਂ ਸਪੱਸ਼ਟ ਨਤੀਜਾ ਇਹੀ ਪ੍ਰਗਟ ਹੁੰਦਾ ਹੈ ਕਿ ਪਿਛਲੇ ਸਾਲ ਭਾਰਤ ਵਿਚ ਹਵਾ ਦੀ ਗੁਣਵੱਤਾ ਅਤੇ ਵਾਤਾਵਰਨ ਪ੍ਰਦੂਸ਼ਣ ਦੀ ਸਥਿਤੀ ਵਧੇਰੇ ਖਰਾਬ ਹੋਈ ਹੈ। ਹਵਾ ਪ੍ਰਦੂਸ਼ਣ ਨਾਲ ਲੋਕ ਦਿਲ, ਲਕਵਾ, ਫੇਫੜਿਆਂ ਦੇ ਕੈਂਸਰ, ਫੇਫੜਿਆਂ ਦੀਆਂ ਦੂਜੀਆਂ ਬਿਮਾਰੀਆਂ, ਸ਼ੂਗਰ ਆਦਿ ਦਾ ਸ਼ਿਕਾਰ ਹੋ ਜਾਂਦੇ ਹਨ। ਕਾਰਖ਼ਾਨਿਆਂ ਵਿੱਚੋਂ ਨਿਕਲਦਾ ਧੂੰਆਂ, ਵਾਹਨਾਂ ਕਾਰਨ ਪੈਦਾ ਹੁੰਦਾ ਧੂੰਆਂ, ਪਰਾਲੀ, ਕਣਕ ਦੇ ਨਾੜ ਜਾਂ ਰਹਿੰਦ ਖੂਹਦ ਆਦਿ ਨੂੰ ਜਲਾਉਣ ਨਾਲ ਫੈਲਦਾ ਧੂੰਆ ਵਾਤਾਵਰਨ ਨੂੰ ਦੂਸ਼ਿਤ ਕਰਦਾ ਹੈ, ਜਿਸ ਨਾਲ ਸਾਹ ਲੈਣਾ ਵੀ ਔਖਾ ਹੋ ਜਾਂਦਾ ਹੈ।

ਇਸ ਨਾਲ ਹੀ ਮਨੁੱਖ ਦਮਾ, ਸਾਹ ਦੀਆਂ ਹੋਰ ਬਿਮਾਰੀਆਂ ਦੀ ਲਪੇਟ ਵਿਚ ਆ ਜਾਂਦਾ ਹੈ। ਵਾਤਾਵਰਨ ਮਾਹਿਰਾਂ ਅਨੁਸਾਰ ਜੇਕਰ ਸਥਿਤੀ ਵਿਚ ਸੁਧਾਰ ਨਾ ਕੀਤਾ ਗਿਆ ਤਾਂ ਵਿਸ਼ਵ ਦੀ ਅੱਧੀ ਆਬਾਦੀ ਤੇ ਰੋਗਾਂ ਅਤੇ ਮੌਤ ਦਾ ਖ਼ਤਰਾ ਵਧ ਜਾਵੇਗਾ। ਇਸ ਲਈ ਵਿਸ਼ਵ ਦੇ ਕੁਝ ਵੱਡੇ ਦੇਸ਼ਾਂ ਨੇ ਹਵਾ ਪ੍ਰਦੂਸ਼ਣ ਨੂੰ ਘੱਟ ਕਰਨ ਲਈ ਮੁਹਿੰਮ ਚਲਾਉਣ ਦਾ ਫੈਸਲਾ ਕੀਤਾ ਹੈ। ਭਾਰਤ ਵਿਚ ਵੀ ਇਸ ਤਰ੍ਹਾਂ ਦੇ ਯਤਨਾਂ ਦੀ ਵੱਡੀ ਲੋੜ ਹੈ। ਹਵਾ ਦੀ ਗੁਣਵੱਤਾ ਵਿਚ ਸੁਧਾਰ ਲਿਆਉਣ ਲਈ ਪਹਿਲਾਂ ਉਨ੍ਹਾਂ ਕਾਰਕਾਂ ਅਤੇ ਕਾਰਨਾਂ ਦਾ ਪਤਾ ਲਗਾਉਣਾ ਹੋਵੇਗਾ, ਜਿਨ੍ਹਾਂ ਕਾਰਨ ਪ੍ਰਦੂਸ਼ਣ ਵਧਦਾ ਹੈ ਅਤੇ ਹਵਾ ਦੀ ਗੁਣਵੱਤਾ ਖਰਾਬ ਹੁੰਦੀ ਹੈ। ਬਿਜਲੀ ਦੇ ਉਤਪਾਦਨ ਲਈ ਕੋਲੇ ਦੀ ਵਰਤੋਂ ਵੀ ਇਸ ਲਈ ਵੱਡਾ ਕਾਰਨ ਮੰਨਿਆ ਜਾਂਦਾ ਹੈ।

ਸਾਲ 2022 ਲਈ ਜਾਰੀ ਸੂਚੀ ਅਨੁਸਾਰ ਵਿਸ਼ਵ ਦੇ 50 ਸਭ ਤੋਂ ਪ੍ਰਦੂਸ਼ਿਤ ਸ਼ਹਿਰਾਂ ਦੀ ਸੂਚੀ ਵਿਚ 39 ਸ਼ਹਿਰ ਭਾਰਤ ਦੇ ਹਨ। ਦੁਨੀਆਂ ਵਿਚ ਸਭ ਤੋਂ ਪ੍ਰਦੂਸ਼ਿਤ ਸ਼ਹਿਰ ਪਾਕਿਸਤਾਨ ਦਾ ਲਾਹੌਰ ਹੈ। ਸੂਚੀ ਬਣਾਉਣ ਦੌਰਾਨ 131 ਦੇਸ਼ਾਂ ਦੇ 30 ਹਜ਼ਾਰ ਪ੍ਰਦੂਸ਼ਣ ਕੇਂਦਰਾਂ ਦੇ ਅੰਕੜਿਆਂ ਨੂੰ ਸ਼ਾਮਲ ਕੀਤਾ ਗਿਆ ਹੈ। ਦੇਸ਼ ਦੇ ਮਾਮਲੇ ਵਿਚ ਸੂਚੀ ਵਿਚ ਪੰਜਵੇਂ ਤੋਂ ਅੱਠਵੇਂ ਸਥਾਨ 'ਤੇ ਭਾਰਤ ਪੁੱਜਾ ਹੈ, ਜਦੋਂ ਕਿ ਤੀਜੇ ਅਤੇ ਚੌਥੇ ਸਥਾਨ 'ਤੇ ਲੜੀਵਾਰ ਭਿਵਾੜੀ ਤੇ ਦਿੱਲੀ ਹਨ। ਦੂਜੇ 'ਤੇ ਭਾਰਤ ਤੇ ਚੀਨ ਦੇ ਹੋਤਾਨ ਦਾ ਸਥਾਨ ਹੈ। ਭਾਰਤ ਵਿਚ ਪੀ.ਐੱਮ 2.5 ਪ੍ਰਦੂਸ਼ਣ ਲਈ 20 ਤੋਂ 35 ਫੀਸਦੀ ਤੱਕ ਆਵਾਜਾਈ ਖੇਤਰ ਜ਼ਿੰਮੇਵਾਰ ਹਨ, ਜਦਕਿ ਬਾਕੀ ਸੋਮਿਆਂ ਵਿਚ ਸਨਅਤੀ ਇਕਾਈਆਂ, ਕੋਲੇ ਨਾਲ ਚੱਲਣ ਵਾਲੇ ਬਿਜਲੀ ਪਲਾਂਟ ਤੇ ਬਾਇਓਮਾਸ ਸਾੜਨਾ ਸ਼ਾਮਲ ਹਨ। ਪਰ ਭਾਰਤ ਦੀ ਕੇਂਦਰ ਸਰਕਾਰ ਦਾ ਦਾਅਵਾ ਹੈ ਕਿ ਨੈਸ਼ਨਲ ਕਲੀਨ ਏਅਰ ਪ੍ਰੋਗਰਾਮ (ਐੱਨ.ਸੀ.ਏ.ਪੀ) ਵਿਚ ਸ਼ਾਮਲ 131 ਸ਼ਹਿਰਾਂ ਵਿੱਚੋਂ 95 ਸ਼ਹਿਰਾਂ ਦੀ ਆਬੋਹਵਾ ਵਿਚ ਪਹਿਲਾਂ ਦੇ ਮੁਕਾਬਲੇ ਸੁਧਾਰ ਹੋਇਆ ਹੈ। ਕਈ ਸ਼ਹਿਰਾਂ ਵਿਚ ਇਹ ਬਦਲਾਅ ਔਸਤਨ 50 ਫੀਸਦੀ ਤੱਕ ਹੋਇਆ ਹੈ। ਕੇਂਦਰ ਸਰਕਾਰ ਦਾ ਧਿਆਨ ਪ੍ਰੋਗਰਾਮ ਵਿਚ ਸ਼ਾਮਲ ਅਜਿਹੇ 36 ਸ਼ਹਿਰਾਂ 'ਤੇ ਹੈ, ਜਿੱਥੇ ਹਵਾ ਪ੍ਰਦੂਸ਼ਣ ਦੇ ਪੱਧਰ ਵਿਚ ਕੋਈ ਬਦਲਾਅ ਨਹੀਂ ਹੋਇਆ ਜਾਂ ਫਿਰ ਉਹ ਵਧਿਆ ਹੈ। ਉੱਥੇ ਸਰਕਾਰ ਛੇਤੀ ਹੀ ਵੱਡੀ ਮੁਹਿੰਮ ਚਲਾਉਣ ਦੀ ਤਿਆਰੀ ਵਿਚ ਹੈ। ਵਧਦੇ ਪ੍ਰਦੂਸ਼ਣ ਬਾਰੇ ਜੰਗਲਾਤ ਤੇ ਵਾਤਾਵਰਨ ਮੰਤਰਾਲੇ ਨੇ ਸੰਸਦ ਵਿਚ ਰਿਪੋਰਟ ਪੇਸ਼ ਕੀਤੀ ਹੈ। ਕੇਂਦਰ ਸਰਕਾਰ ਦਾ ਇਸ ਸੰਦਰਭ ਵਿਚ ਜ਼ੋਰ ਇਸ ਲਈ ਵੀ ਹੈ, ਕਿਉਂਕਿ ਨੈਸ਼ਨਲ ਕਲੀਨ ਏਅਰ ਪ੍ਰੋਗਰਾਮ ਵਿਚ ਸ਼ਾਮਲ ਸਾਰੇ ਸ਼ਹਿਰਾਂ ਵਿਚ ਹਵਾ ਪ੍ਰਦੂਸ਼ਣ ਦੇ ਪੱਧਰ ਵਿਚ ਸਾਲ 2024 ਤੱਕ 20 ਤੋਂ 30 ਫੀਸਦੀ ਤੱਕ ਸੁਧਾਰ ਦਾ ਟੀਚਾ ਰੱਖਿਆ ਗਿਆ ਹੈ।

ਸ਼ੋਰ ਪ੍ਰਦੂਸ਼ਣ ਵੀ ਇਕ ਵੱਡੀ ਸਮੱਸਿਆ ਬਣਦਾ ਜਾ ਰਿਹਾ ਹੈ। ਸ਼ੋਰ ਪ੍ਰਦੂਸ਼ਣ ਨਾਲ ਸਿਹਤ ਲਈ ਕਈ ਤਰ੍ਹਾਂ ਦੀਆਂ ਸਮੱਸਿਆਵਾਂ ਖੜ੍ਹੀਆਂ ਹੋ ਜਾਂਦੀਆਂ ਹਨ। ਸ਼ੋਰ ਪ੍ਰਦੂਸ਼ਣ ਨਾਲ ਦਿਲ ਦੀ ਧੜਕਣ ਤੇਜ਼ ਹੋ ਜਾਂਦੀ ਹੈ ਅਤੇ ਹਾਰਟ ਅਟੈਕ ਦੀ ਸੰਭਾਵਨਾ ਵਧ ਜਾਂਦੀ ਹੈ। ਸ਼ੋਰ ਪ੍ਰਦੂਸ਼ਣ ਨਾਲ ਸੁਣਨ ਸ਼ਕਤੀ ਵੀ ਨਸ਼ਟ ਹੁੰਦੀ ਹੈ। ਉੱਚੀ ਆਵਾਜ਼ ਨਾਲ ਸਰੀਰ ਦੀਆਂ ਨਾੜੀਆਂ ਤੰਗ ਹੋ ਜਾਂਦੀਆਂ ਹਨ। ਸ਼ੋਰ ਪ੍ਰਦੂਸ਼ਣ ਨਾਲ ਸਰੀਰ 'ਤੇ ਮਨੋਵਿਗਿਆਨਕ ਪ੍ਰਭਾਵ ਵੀ ਪੈਂਦੇ ਹਨ। ਭਾਰਤ ਵਿਚ ਸੰਵਿਧਾਨ ਦੀ ਧਾਰਾ 268 ਅਧੀਨ ਉੱਚੀ ਆਵਾਜ਼ ਇਕ ਅਪਰਾਧ ਮੰਨਿਆ ਗਿਆ ਹੈ, ਪਰ ਫਿਰ ਵੀ ਲੋਕ ਉੱਚੀ ਆਵਾਜ਼ ਵਿਚ ਸਪੀਕਰ ਲਾਉਂਦੇ ਹਨ, ਜੋ ਸ਼ੋਰ ਪ੍ਰਦੂਸ਼ਣ ਨੂੰ ਜਨਮ ਦਿੰਦਾ ਹੈ।

ਸਰਕਾਰ ਨੇ ਭਾਵੇਂ ਪਲਾਸਟਿਕ ਅਤੇ ਪੋਲੀਥੀਨ ਦੇ ਲਿਫ਼ਾਫਿਆਂ 'ਤੇ ਰੋਕ ਲਗਾਈ ਹੋਈ ਹੈ, ਪਰ ਫਿਰ ਵੀ ਪਲਾਸਟਿਕ ਅਤੇ ਪੋਲੀਥੀਨ ਦੇ ਲਿਫ਼ਾਫਿਆਂ ਦੀ ਵਰਤੋਂ ਨਿਰੰਤਰ ਜਾਰੀ ਹੈ। ਪਲਾਸਟਿਕ ਅਤੇ ਪੋਲੀਥੀਨ ਦੇ ਲਿਫ਼ਾਫਿਆਂ ਦੀ ਵਰਤੋਂ ਨਾਲ ਵੀ ਵਾਤਾਵਰਨ ਪ੍ਰਦੂਸ਼ਿਤ ਹੁੰਦਾ ਹੈ। ਜ਼ਿਆਦਾਤਰ ਲੋਕ ਸਵੇਰ ਤੋਂ ਪਲਾਸਟਿਕ ਦੀ ਦੁੱਧ ਵਾਲੀ ਥੈਲੀ, ਦਹੀਂ ਜਾਂ ਸਬਜ਼ੀ ਦੇ ਭਰੇ ਪੋਲੀਥੀਨ ਲਿਫਾਫੇ ਨਾਲ ਸ਼ੁਰੂਆਤ ਕਰਦੇ ਹਨ। ਵਰਤੋਂ ਤੋਂ ਬਾਅਦ ਪਲਾਸਟਿਕ ਦੇ ਥੈਲਿਆਂ ਨਾਲ ਆਲੇ-ਦੁਆਲੇ ਕੂੜੇ-ਕਰਕਟ ਦੇ ਢੇਰ ਲੱਗ ਜਾਂਦੇ ਹਨ। ਹਰ ਥਾਂ ਹਰ ਕੋਨੇ ਦੇ ਹਰ ਕਚਰੇ ਵਿਚ ਪਲਾਸਟਿਕ ਹੀ ਪਲਾਸਟਿਕ ਨਜ਼ਰ ਆਉਂਦਾ ਹੈ। ਇਹ ਪਲਾਸਟਿਕ ਨਾ ਤਾਂ ਜ਼ਮੀਨ ਦੀ ਮਿੱਟੀ ਵਿਚ ਗਲਦਾ ਹੈ ਅਤੇ ਨਾ ਹੀ ਪਾਣੀ ਵਿਚ ਸੜ ਕੇ ਖ਼ਤਮ ਹੁੰਦਾ ਹੈ। ਇਸ ਨਾਲ ਜ਼ਮੀਨ ਦੀ ਉਪਜਾਊ ਸ਼ਕਤੀ ਵੀ ਘਟਦੀ ਹੈ। ਬਰਸਾਤ ਦੇ ਦਿਨਾਂ ਵਿਚ ਇਹ ਲਿਫ਼ਾਫੇ ਸੜਕਾਂ 'ਤੇ ਆ ਜਾਂਦੇ ਹਨ ਤੇ ਲੋਕਾਂ ਨੂੰ ਪਰੇਸ਼ਾਨੀ ਹੁੰਦੀ ਹੈ। ਇਸ ਤੋਂ ਇਲਾਵਾ ਗੰਦੇ ਪਾਣੀ ਨਾਲ ਬਿਮਾਰੀਆਂ ਵੀ ਫੈਲਦੀਆਂ ਹਨ। ਕੂੜੇ ਦੇ ਢੇਰ ਨੂੰ ਅੱਗ ਲਗਾਉਣ ਨਾਲ ਧੂੰਏਂ ਕਾਰਨ ਵਾਤਾਵਰਨ ਪ੍ਰਦੂਸ਼ਿਤ ਹੁੰਦਾ ਹੈ, ਜਿਸ ਨਾਲ ਲੋਕਾਂ ਨੂੰ ਸਾਹ, ਦਮਾ ਤੇ ਹੋਰ ਅਨੇਕ ਬਿਮਾਰੀਆਂ ਲੱਗਦੀਆਂ ਹਨ। ਪੋਲੀਥੀਨ ਦੀ ਵਜ੍ਹਾ ਕਾਰਨ ਹੀ ਜੰਗਲ, ਨਦੀਆਂ, ਝੀਲਾਂ ਤੇ ਸਮੁੰਦਰ ਪ੍ਰਦੂਸ਼ਿਤ ਹੁੰਦੇ ਜਾ ਰਹੇ ਹਨ। ਸਰਕਾਰ ਨੂੰ ਇਸ ਦਾ ਬਦਲ ਜ਼ਰੂਰ ਲੱਭਣਾ ਚਾਹੀਦਾ ਹੈ ਤਾਂ ਜੋ ਲੋਕਾਂ ਨੂੰ ਬਿਮਾਰੀਆਂ ਤੋਂ ਰਾਹਤ ਮਿਲ ਸਕੇ।

ਵਾਤਾਵਰਨ ਵਿਚ ਜ਼ਹਿਰੀਲੀਆਂ ਗੈਸਾਂ ਦੇ ਵਾਧੇ ਦਾ ਮੁੱਖ ਕਾਰਨ ਜੰਗਲਾਂ ਦੀ ਅੰਨ੍ਹੇਵਾਹ ਕਟਾਈ ਹੀ ਹੈ। ਧਰਤੀ ਉਪਰ ਦਰੱਖਤਾਂ ਦੀ ਤਾਦਾਦ ਲਗਾਤਾਰ ਘਟਦੀ ਜਾ ਰਹੀ ਹੈ। ਵਾਤਾਵਰਨ ਨੂੰ ਬਚਾਉਣ ਲਈ ਅਤੇ ਪ੍ਰਦੂਸ਼ਿਤ ਹੋਣ ਤੋਂ ਰੋਕਣ ਵਿਚ ਸਰਕਾਰਾਂ ਦਾ ਬਹੁਤ ਵੱਡਾ ਰੋਲ ਹੈ ਅਤੇ ਇਸ ਕੰਮ ਲਈ ਸਰਕਾਰਾਂ ਵੱਲੋਂ ਕਾਨੂੰਨ ਵੀ ਬਣਾਏ ਜਾਂਦੇ ਹਨ, ਪਰ ਆਮ ਤੌਰ 'ਤੇ ਇਨ੍ਹਾਂ ਕਾਨੂੰਨਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਨਹੀਂ ਕਰਵਾਇਆ ਜਾਂਦਾ। ਵਾਤਾਵਰਨ ਪ੍ਰਦੂਸ਼ਣ ਨੂੰ ਰੋਕਣ ਲਈ ਰੁੱਖ ਲਗਾਉਣਾ ਸਭ ਤੋਂ ਉੱਤਮ ਹੈ। ਕੇਵਲ ਰੁੱਖ ਲਗਾਉਣਾ ਹੀ ਕਾਫ਼ੀ ਨਹੀਂ, ਸਗੋਂ ਰੁੱਖਾਂ ਦੇ ਵੱਡੇ ਹੋਣ ਤੱਕ ਦੇਖਭਾਲ ਕਰਨਾ ਬਹੁਤ ਜ਼ਰੂਰੀ ਹੈ, ਕਿਉਂਕਿ ਰੁੱਖ ਹਵਾ ਵਿਚ ਕਾਰਬਨਡਾਈਆਕਸਾਈਡ ਘਟਾਉਂਦੇ ਹਨ। ਰੁੱਖ ਜ਼ਮੀਨ ਵਿਚੋਂ ਜ਼ਹਿਰੀਲੇ ਤੱਤ ਸੋਖਦੇ ਹਨ ਅਤੇ ਜ਼ਮੀਨਾਂ ਦਾ ਭੌਂ ਖੋਰ ਘਟਾਉਂਦੇ ਹਨ। ਇਸ ਲਈ ਸਾਨੂੰ ਵੱਧ ਤੋਂ ਵੱਧ ਰੁੱਖ ਲਗਾਉਣੇ ਚਾਹੀਦੇ ਹਨ ਤਾਂ ਜੋ ਅਸੀਂ ਇਕ ਸਾਫ ਅਤੇ ਨਿਰਮਲ ਵਾਤਾਵਰਨ ਵਿਚ ਇਕ ਸਿਹਤਮੰਦ ਜੀਵਨ ਜੀ ਸਕੀਏ।

ਦੁਨੀਆ 'ਤੇ ਲੱਖਾਂ ਸਾਲਾਂ ਵਿਚ ਪ੍ਰਫੁੱਲਤ ਹੋਇਆ ਜੀਵਨ, ਕੁਦਰਤ ਵੱਲੋਂ ਸਿਰਜੇ ਸਾਫ਼-ਸੁਥਰੇ ਵਾਤਾਵਰਨ ਦੀ ਪੈਦਾਵਾਰ ਹੈ। ਜੀਵਨ ਦਾ ਵਿਗਸਣਾ, ਧਰਤੀ ਦਾ ਪਨਪਣਾ, ਕੁਦਰਤ ਦਾ ਮੌਲਣਾ ਅਤੇ ਮਨੁੱਖ ਦਾ ਸਾਵਾਂ ਵਿਕਾਸ ਕੇਵਲ ਵਾਤਾਵਰਨ ਦੇ ਸੰਤੁਲਨ ਨਾਲ ਹੀ ਸੰਭਵ ਹੋਇਆ ਹੈ। ਰੁਮਕਦੀ ਸ਼ੁੱਧ ਪੌਣ, ਸਵੱਛ ਵਗਦਾ ਪਾਣੀ, ਬਨਸਪਤੀ ਦੀ ਵਿਭਿੰਨਤਾ ਅਤੇ ਸਿਹਤਮੰਦ ਧਰਤੀ ਹੀ ਨਿੱਗਰ ਇਨਸਾਨੀ ਸੱਭਿਅਤਾ ਦੀ ਜਨਮਦਾਤਾ ਅਤੇ ਪਾਲਣਹਾਰ ਹੈ। ਜੇ ਅਸੀਂ ਵਾਤਾਵਰਨ ਪ੍ਰਤੀ ਆਪਣੀ ਸੋਚ ਹੁਣ ਵੀ ਨਾ ਬਦਲੀ ਤਾਂ ਪ੍ਰਦੂਸ਼ਿਤ ਰੂਪੀ ਦੈਂਤ ਸਾਨੂੰ ਸਾਰਿਆਂ ਨੂੰ ਆਉਣ ਵਾਲੇ ਸਮੇਂ ਵਿਚ ਨਿਗਲ ਜਾਵੇਗਾ। ਹਰ ਵਿਅਕਤੀ ਦਾ ਫ਼ਰਜ਼ ਬਣਦਾ ਹੈ ਕਿ ਉਹ ਵਾਤਾਵਰਨ ਤਬਾਹੀ ਵਿਰੁੱਧ ਅਵਾਜ਼ ਉਠਾਏ ਤਾਂ ਜੋ ਆਉਣ ਵਾਲੀਆਂ ਨਸਲਾਂ ਨੂੰ ਬਚਾਇਆ ਜਾ ਸਕੇ। ਵਾਤਾਵਰਨ ਪ੍ਰਦੂਸ਼ਣ ਨੂੰ ਘੱਟ ਕਰਨ ਲਈ ਸਰਕਾਰਾਂ ਨੂੰ ਵਾਤਾਵਰਨ ਬਚਾਓ ਜਾਗਰੂਕਤਾ ਮੁਹਿੰਮ ਸ਼ੁਰੂ ਕਰਨੀ ਚਾਹੀਦੀ ਹੈ। ਵਾਤਾਵਰਨ ਬਚਾਓ ਮੁਹਿੰਮ ਚਲਾਉਣ ਲਈ ਸਮਾਜਿਕ ਚੇਤਨਾ ਦੀ ਬੇਹੱਦ ਲੋੜ ਹੈ।

*# ਸੰਪਰਕ: 98146-62260*

# ਅੰਤਰਰਾਸ਼ਟਰੀ ਯੋਗ ਦਿਵਸ ਵੱਖ-ਵੱਖ ਥਾਈਂ ਉਤਸ਼ਾਹ ਨਾਲ ਮਨਾਇਆ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**
ਨਾਲਸਾ/ਕਾਰਜਕਾਰੀ ਚੇਅਰਮੈਨ, ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਤੇ ਮਾਣਯੋਗ ਹਾਈ ਕੋਰਟ ਪੰਜਾਬ ਅਤੇ ਹਰਿਆਣਾ, ਚੰਡੀਗੜ੍ਹ ਦੀ ਮਿਲੀਆਂ ਹਦਾਇਤਾਂ ਅਨੁਸਾਰ ਅੰਤਰਰਾਸ਼ਟਰੀ ਯੋਗ ਦਿਵਸ ਮਨਾਇਆ ਗਿਆ। ਸ੍ਰੀ ਰਾਜ ਕੁਮਾਰ, ਜ਼ਿਲ੍ਹਾ ਤੇ ਸ਼ੈਸ਼ਨ ਜੱਜ ਕਮ-


ਸ੍ਰੀ ਮੁਕਤਸਰ ਸਾਹਿਬ

ਚੇਅਰਮੈਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਦੀ ਰਹਿਨੁਮਾਈ ਹੇਠ ਸ੍ਰੀ ਸੰਦੀਪ ਸਿੰਘ ਬਾਜਵਾ, ਵਧੀਕ ਜ਼ਿਲ੍ਹਾ ਅਤੇ ਸੈਸ਼ਨਜ਼ ਜੱਜ ਨੇ ਜ਼ਿਲ੍ਹਾ ਕਚਹਿਰੀ ਵਿਖੇ ਸਟਾਫ਼ ਸਮੇਤ ਯੋਗਾ ਦਿਵਸ ਵਿੱਚ ਭਾਗ ਲਿਆ। ਇਸ ਮੌਕੇ ਯੋਗ ਟ੍ਰੇਨਰ ਸ੍ਰੀ ਸੁਮਨ ਦਾਬੜਾ ਵੱਲੋਂ ਹਾਜ਼ਰ ਹੋਏ ਸਟਾਫ਼ ਮੈਂਬਰਾਂ ਨੂੰ ਯੋਗ ਪ੍ਰਣਾਲੀ ਰਾਹੀਂ ਯੋਗਾ ਕਰਾਇਆ ਗਿਆ ਅਤੇ ਉਨ੍ਹਾਂ ਵੱਲੋਂ ਅਪੀਲ ਕੀਤੀ ਗਈ ਕਿ ਹਰੇਕ ਵਿਅਕਤੀ ਨੂੰ ਆਪਣੀ ਜ਼ਿੰਦਗੀ ਵਿੱਚ ਯੋਗਾ ਕਰਨੀ ਚਾਹੀਦੀ ਹੈ ਅਤੇ ਯੋਗਾ ਤੋਂ ਹੋਣ ਵਾਲੇ ਲਾਭਾਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ। ਇਸ ਮੌਕੇ ਜੱਜ ਸਾਹਿਬ ਨੇ ਵੀ ਅੰਤਰਰਾਸ਼ਟਰੀ ਯੋਗਾ ਦਿਵਸ ਤੇ ਯੋਗਾ ਤੋਂ ਮਿਲਣ ਵਾਲੇ ਲਾਭਾਂ ਬਾਰੇ ਦੱਸਦੇ ਹੋਏ ਰੋਜ਼ਾਨਾ ਯੋਗਾ ਕਰਨ ਲਈ ਜਾਗਰੂਕ ਕੀਤਾ। ਇਸ ਤੋਂ ਇਲਾਵਾ ਸਬ ਡਵੀਜ਼ਨ, ਮਲੋਟ ਤੇ ਗਿੱਦੜਬਾਹਾ ਵਿਖੇ ਵੀ ਜੁਡੀਸ਼ੀਅਲ ਅਫ਼ਸਰ ਸਾਹਿਬਾਨਾਂ ਸਮੇਤ ਸਟਾਫ਼ ਵੱਲੋਂ ਕਚਹਿਰੀ ਕੰਪਲੈਕਸ, ਮਲੋਟ ਤੇ ਗਿੱਦੜਬਾਹਾ ਵਿਖੇ ਅੰਤਰਰਾਸ਼ਟਰੀ ਯੋਗ ਮਨਾਇਆ ਗਿਆ। ਇਸ ਦੇ ਨਾਲ ਹੀ ਜ਼ਿਲ੍ਹਾ ਜੇਲ੍ਹ, ਸ੍ਰੀ ਮੁਕਤਸਰ ਸਾਹਿਬ ਵਿੱਚ ਬੰਦ ਕੈਦੀਆਂ/ਹਵਾਲਾਤੀਆਂ ਨੂੰ ਵੀ ਸ੍ਰੀ ਸੁਮਨ ਦਾਬੜਾ ਵੱਲੋਂ ਯੋਗ ਦੇ ਵੱਖ-ਵੱਖ ਮਹੱਤਵਾਂ ਬਾਰੇ ਜਾਣਕਾਰੀ ਦਿੰਦੇ ਹੋਏ ਉਨ੍ਹਾਂ ਨੂੰ ਯੋਗ ਕਰਾਇਆ ਗਿਆ। ਇਸ ਮੌਕੇ ਮਿਸ: ਹਰਪ੍ਰੀਤ ਕੌਰ, ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਨੇ ਯੋਗ ਦਿਵਸ ਨੂੰ ਮਨਾਉਣ ਸਬੰਧੀ ਜਾਣਕਾਰੀ ਦਿੱਤੀ ਗਈ ਕਿ ਜ਼ਿਲ੍ਹਾ ਅੰਤਰਰਾਸ਼ਟਰੀ ਯੋਗ ਦਿਵਸ ਪੂਰੇ ਭਾਰਤ ਵਿਚ ਮਨਾਇਆ ਜਾ ਰਿਹਾ ਹੈ। ਉਪਰੋਕਤ ਯੋਗ ਕੈਂਪਾਂ ਦੌਰਾਨ ਮਿਸ: ਦਿਲਸ਼ਾਦ ਕੌਰ, ਜੁਡੀਸ਼ੀਅਲ ਮੈਜਿਸਟ੍ਰੇਟ ਦਰਜਾ ਪਹਿਲਾ, ਮਲੋਟ ਤੇ ਮਿਸ: ਏਕਤਾ, ਜੁਡੀਸ਼ੀਅਲ ਮੈਜਿਸਟ੍ਰੇਟ ਦਰਜਾ ਪਹਿਲਾ, ਗਿੱਦੜਬਾਹਾ ਵੀ ਹਾਜ਼ਰ ਸਨ।

**ਸ੍ਰੀ ਮੁਕਤਸਰ ਸਾਹਿਬ, (ਸ਼ਮਿੰਦਰਪਾਲ, ਪੂਜਾ)** : ਅੰਤਰਰਾਸ਼ਟਰੀ ਯੋਗਾ ਦਿਵਸ ਦੇ ਸਬੰਧ ਵਿੱਚ ਡਾ. ਰੰਜੂ ਸਿੰਗਲਾ ਸਿਵਲ ਸਰਜਨ ਦੀ ਯੋਗ ਅਗਵਾਈ ਵਿੱਚ ਸਿਹਤ ਵਿਭਾਗ ਵੱਲੋਂ ਸਿਵਲ ਹਸਪਤਾਲ ਵਿਖੇ ਸਿਹਤ ਸਟਾਫ ਲਈ ਵਿਸ਼ੇਸ਼ ਯੋਗਾ ਕੈਂਪ ਲਾਇਆ ਗਿਆ, ਜਿਸ ਦੌਰਾਨ ਡਾ. ਰੰਜੂ ਸਿੰਗਲਾ ਸਿਵਲ ਸਰਜਨ ਵੱਲੋਂ ਖੁਦ ਯੋਗਾ ਕੀਤਾ ਗਿਆ ਅਤੇ


ਸ੍ਰੀ ਮੁਕਤਸਰ ਸਾਹਿਬ

ਸਿਵਲ ਹਸਤਪਾਲ ਦੇ ਸਮੂਹ ਸਟਾਫ ਅਤੇ ਸਿਵਲ ਸਰਜਨ ਦਫਤਰ ਦੇ ਸਟਾਫ਼ ਵੱਲੋਂ ਵੀ ਇਸ ਯੋਗਾ ਕੈਂਪ ਵਿਚ ਭਾਗ ਲਿਆ ਗਿਆ। ਇਸ ਮੌਕੇ ਡਾ. ਰੰਜੂ ਸਿੰਗਲਾ ਨੇ ਦੱਸਿਆ ਕਿ 9ਵਾਂ ਅੰਤਰਰਾਸ਼ਟਰੀ ਯੋਗ ਦਿਵਸ ਅੱਜ ਦੁਨੀਆ ਭਰ ਵਿਚ ਮਨਾਇਆ ਜਾ ਰਿਹਾ ਹੈ ਤੇ ਆਮ ਲੋਕਾਂ ਨੂੰ ਯੋਗ ਦੀ ਮਹੱਤਤਾ ਬਾਰੇ ਜਾਗਰੂਕ ਕਰਨ ਲਈ ਜ਼ਿਲ੍ਹੇ ਦੀਆਂ ਸਾਰੀਆਂ ਸਿਹਤ ਸੰਸਥਾਵਾਂ ਵਿੱਚ ਵੀ ਵਿਸ਼ੇਸ਼ ਯੋਗਾ ਕੈਂਪ ਲਾਏ ਜਾ ਰਹੇ ਹਨ। ਉਨ੍ਹਾ ਕਿਹਾ ਕਿ ਅੰਤਰ ਰਾਸ਼ਟਰੀ ਯੋਗ ਦਿਵਸ ਦਾ ਇਸ ਸਾਲ ਦਾ ਥੀਮ 'ਹਰ ਘਰ ਦੇ ਵੇਹੜੇ ਵਿਚ ਯੋਗ' ਹੈ ਅਤੇ ਮਾਨਯੋਗ ਮੁੱਖ ਮੰਤਰੀ ਪੰਜਾਬ ਵੱਲੋਂ ਸੂਬੇ ਵਿੱਚ ਵਿਸ਼ੇਸ਼ ਯੋਗਾ ਮੁਹਿੰਮ ਦੀ ਸ਼ੁਰੂਆਤ ਖੁਦ ਯੋਗਾ ਕਰਕੇ ਕੀਤੀ ਗਈ ਹੈ ਤੇ ਸੁਨੇਹਾ ਦਿੱਤਾ ਗਿਆ ਹੈ ਕਿ ਲੋਕਾਂ ਨੂੰ ਤੰਦਰੁਸਤ ਰੱਖਣ ਲਈ ਹਰ ਘਰ ਵਿੱਚ ਯੋਗ ਨੂੰ ਲੈ ਕੇ ਜਾਣਾ ਹੈ। ਅਜੋਕੇ ਸਮੇਂ ਵਿੱਚ ਸਰੀਰਕ ਗਤੀਵਿਧੀਆਂ ਦੀ ਕਮੀ ਕਾਰਨ ਕਈ ਤਰ੍ਹਾਂ ਦੀਆਂ ਬਿਮਾਰੀਆਂ ਸਰੀਰ ਨੂੰ ਘੇਰ ਲੈਂਦੀਆਂ ਹਨ, ਬਿਮਾਰੀਆਂ ਤੋਂ ਬਚਣ ਲਈ ਸਵੇਰੇ ਇੱਕ ਘੰਟਾ ਯੋਗ ਅਭਿਆਸ ਤੇ ਸੈਰ ਜ਼ਰੂਰ ਕਰਨੀ ਚਾਹੀਦੀ ਹੈ। ਇਸ ਮੌਕੇ ਡਾ. ਪ੍ਰਭਜੀਤ ਸਿੰਘ ਸਹਾਇਕ ਸਿਵਲ ਸਰਜਨ ਨੇ ਕਿਹਾ ਕਿ ਦਵਾਈਆਂ ਦੇ ਚੱਕਰ ਵਿੱਚ ਪੈਣ ਨਾਲੋਂ ਚੰਗਾ ਹੈ ਕਿ ਅਸੀਂ ਯੋਗ ਨੂੰ ਅਪਣਾ ਕੇ ਕੁਦਰਤੀ ਤੌਰ 'ਤੇ ਸਰੀਰ ਨੂੰ ਨਿਰੋਗ ਰੱਖੀਏ। ਉਨ੍ਹਾਂ ਕਿਹਾ ਕਿ ਯੋਗ ਸਿਰਫ਼ ਇੱਕ ਕਸਰਤ ਨਹੀਂ, ਸਗੋਂ ਇੱਕ ਪੂਰੀ ਜੀਵਨ ਸ਼ੈਲੀ ਹੈ ਤੇ ਇਸ ਨੂੰ ਅਪਣਾ ਕੇ ਆਪਣੇ ਜੀਵਨ ਅਤੇ ਚੌਗਿਰਦੇ ਨੂੰ ਖੂਬਸੂਰਤ ਅਤੇ ਤੰਦਰੁਸਤ ਬਨਾਇਆ ਜਾ ਸਕਦਾ ਹੈ। ਇਸ ਮੌਕੇ ਡਾ. ਭੁਪਿੰਦਰਜੀਤ ਕੌਰ ਐਸ.ਐਮ.ਓ. ਇੰਚ ਸਿਵਲ ਹਸਤਪਾਲ ਨੇ ਕਿਹਾ ਕਿ ਸਾਨੂੰ ਆਪਣੇ ਆਪ ਨੂੰ ਤੰਦਰੁਸਤ ਰੱਖਣ ਤੇ ਬਿਮਾਰੀਆਂ ਤੋਂ ਬਚਣ ਲਈ ਤੰਬਾਕੂ ਅਤੇ ਸ਼ਰਾਬ ਦਾ ਸੇਵਨ ਨਹੀ ਕਰਨਾ ਚਾਹੀਦਾ। ਰੋਜ਼ਾਨਾ ਜਿੰਦਗੀ ਵਿੱਚ ਹਰੀਆਂ ਸਬਜ਼ੀਆਂ, ਫ਼ਲ ਅਤੇ ਸੰਤੁਲਤ ਭੋਜਨ ਦਾ ਇਸਤੇਮਾਲ ਕਰਨਾ ਚਾਹੀਦਾ ਹੈ।

**ਚੀਮਾ ਮੰਡੀ (ਰਵਿੰਦਰ ਚੀਮਾ)** : ਮਾਡਰਨ ਕਾਲਜ ਆਫ ਐਜੂਕੇਸ਼ਨ,


ਚੀਮਾ ਮੰਡੀ

ਬੀਰ ਕਲਾਂ ਵਿਖੇ ਅੰਤਰਰਾਸ਼ਟਰੀ ਯੋਗਾ ਦਿਵਸ ਪ੍ਰਿੰਸੀਪਲ ਡਾ. ਵੀ.ਕੇ. ਰਾਏ ਦੀ ਅਗਵਾਈ ਹੇਠ ਮਨਾਇਆ ਗਿਆ। ਪ੍ਰੋਗਰਾਮ ਵਿੱਚ ਸਭ ਤੋਂ ਪਹਿਲਾ ਪ੍ਰਿੰਸੀਪਲ ਨੇ ਸਾਰੇ ਵਿਦਿਆਰਥੀਆਂ ਤੇ ਸਟਾਫ਼ ਨੂੰ ਇਹ ਦਿਵਸ ਮਨਾਏ ਜਾਣ ਦੇ ਇਤਿਹਾਸ ਬਾਰੇ ਜਾਣੂ ਕਰਾਇਆ ਅਤੇ ਕਿਹਾ ਕਿ ਯੋਗ ਆਸਣ ਰੋਜ਼ਾਨਾ ਕਰਨ ਨਾਲ ਸਰੀਰ ਕਿਵੇਂ ਤੰਦਰੁਸਤ ਰੱਖਿਆ ਜਾਂਦਾ ਹੈ। ਇਸ ਤੋਂ ਫ਼ਿਜ਼ੀਕਲ ਐਜੂਕੇਸ਼ਨ ਦੇ ਪ੍ਰੋਫੈਸਰ ਵੱਲੋਂ ਵਿਦਿਆਰਥੀਆਂ ਨੂੰ ਯੋਗ ਆਸਣ ਕਰਾਏ ਅਤੇ ਇਨ੍ਹਾਂ ਦੇ ਲਾਭ ਦੱਸੇ। ਵਿਦਿਆਰਥੀ ਵੀ ਇਨ੍ਹਾਂ ਯੋਗ ਆਸਣਾਂ ਨੂੰ ਸਮਝਣ ਤੋਂ ਬਾਅਦ ਬਹੁਤ ਖੁਸ਼ ਨਜ਼ਰ ਆ ਰਹੇ ਸਨ। ਇਸ ਮੌਕੇ ਕਾਲਜ ਦੇ ਚੇਅਰਮੈਨ ਰਵਿੰਦਰ ਬਾਂਸਲ ਨੇ ਅਪਣੇ ਵਿਚਾਰ ਦੌਰਾਨ ਦੱਸਿਆ ਕਿ ਵਿਦਿਆਰਥੀਆਂ ਨੂੰ ਪੜ੍ਹਾਈ ਦੇ ਨਾਲ-ਨਾਲ ਸਿਹਤ ਸਬੰਧੀ ਜਾਣਕਾਰੀ ਹੋਣਾ ਬਹੁਤ ਜ਼ਰੂਰੀ ਹੈ, ਜਿਸ ਸਦਕਾਂ ਇਹੋ ਜਿਹੇ ਪ੍ਰੋਗਰਾਮ ਕਾਲਜ ਵਿੱਚ ਸਮੇਂ-ਸਮੇਂ ਸਿਰ ਕਰਾਏ ਜਾਂਦੇ ਹਨ। ਇਸ ਮੌਕੇ ਸਮੂਹ ਵਿਦਿਆਰਥੀਆਂ ਸਮੇਤ ਕਾਲਜ ਸਟਾਫ਼ ਸ਼ਾਮਲ ਸੀ।

**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)** : ਜ਼ਿਲ੍ਹਾ ਪ੍ਰਸ਼ਾਸਨ ਅਤੇ ਸਿੱਖਿਆ ਵਿਭਾਗ ਤੋਂ ਪ੍ਰਾਪਤ ਦਿਸ਼ਾ ਨਿਰਦੇਸ਼ਾ ਅਨੁਸਾਰ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ (ਲੜਕੇ) ਫ਼ਿਰੋਜ਼ਪੁਰ ਦੇ ਕੌਮੀ ਸੇਵਾ ਯੋਜਨਾ


ਫਿਰੋਜ਼ਪੁਰ

ਯੂਨਿਟ ਸਬੰਧਤ ਯੁਵਕ ਸੇਵਾਵਾਂ ਵਿਭਾਗ ਫ਼ਿਰੋਜ਼ਪੁਰ ਵੱਲੋਂ ਪ੍ਰਿੰਸੀਪਲ ਜਗਦੀਪ ਪਾਲ ਸਿੰਘ ਦੀ ਰਹਿਨੁਮਾਈ ਹੇਠ ਲੈਕਚਰਾਰ ਕਮ ਪ੍ਰੋਗਰਾਮ ਅਫ਼ਸਰ ਜਸਬੀਰ ਕੌਰ ਤੇ ਲਖਵਿੰਦਰ ਸਿੰਘ ਜ਼ਿਲ੍ਹਾ ਵੋਕੇਸ਼ਨਲ ਕੋਆਰਡੀਟੇਟਰ ਰਾਹੀਂ ਸਕੂਲ ਦੇ ਵਿਹੜੇ ਵਿੱਚ 21 ਜੂਨ ਨੂੰ ਵਿਸ਼ਵ ਯੋਗ ਦਿਵਸ ਮੌਕੇ ਵਿਦਿਆਰਥੀਆਂ ਨੂੰ ਯੋਗ ਨਾਲ ਜੋੜ ਕੇ ਸਰੀਰਕ ਤੌਰ 'ਤੇ ਤੰਦਰੁਸਤ ਰਹਿਣ ਲਈ ਵਿਦਿਆਰਥੀਆਂ ਨਾਲ ਸਬੰਧਤ ਯੋਗ ਕਿਰਿਆਵਾ ਡਾ. ਮੰਜੂ ਜ਼ਿਲ੍ਹਾ ਆਯੁਰਵੈਦਿਕ ਅਤੇ ਯੂਨਾਨੀ ਅਫਸਰ ਦੇ ਸਹਿਯੋਗ ਨਾਲ ਡਾ. ਲਵਦੀਪ ਸਿੰਘ ਕੱਕੜ ਆਯੁਰਵੈਦਿਕ ਵਿਭਾਗ ਕਰੀਆਂ ਪਹਿਲਵਾਨ ਵੱਲੋਂ ਕਰਾਈਆਂ ਗਈਆਂ।ਸਕੂਲ ਵਿੱਚ ਯੋਗ ਦਿਵਸ ਤੇ ਕੌਮੀ ਸੇਵਾ ਯੋਜਨਾ ਯੂਨਿਟ ਦੇ 54 ਵਲੰਟੀਅਰਜ ਹਾਜ਼ਰ ਸਨ। ਇਸ ਮੌਕੇ ਪ੍ਰਿੰਸੀਪਲ ਜਗਦੀਪ ਪਾਲ ਸਿੰਘ ਨੇ ਕਿਹਾ ਕਿ ਆਪਣੇ ਆਪ ਨੂੰ ਤੰਦਰੁਸਤ ਕਰਨ ਲਈ ਯੋਗ ਜ਼ਰੂਰੀ ਹੈ, ਕਿਉਂਕਿ ਇਸ ਨਾਲ ਸਾਡੀ ਕੰਮ ਕਰਨ ਦੀ ਸਮਰੱਥਾ ਵਧਦੀ ਹੈ ਅਤੇ ਅਸੀਂ ਇਸ ਨੂੰ ਆਪਣ ਜੀਵਲ ਸ਼ੈਲੀ ਵਿੱਚ ਸ਼ਾਮਲ ਕਰਕੇ ਆਪਣੇ ਆਪ ਨੂੰ ਤੰਦਰੁਸਤ ਰੱਖ ਸਕਦੇ ਹਾਂ।ਇਸ ਉਪਰੰਤ ਡਾ. ਲਵਦੀਪ ਸਿੰਘ ਵੱਲੋਂ ਸਮੂਹ ਵਲੰਟੀਅਰਜ਼ ਨੂੰ ਹਰ ਰੋਜ਼ ਆਪਣੀ ਸਿਹਤ ਦੀ ਤੰਦਰੁਸਤੀ ਲਈ, ਯਾਦ ਸ਼ਕਤੀ, ਕੱਦ ਵਧਾਉਣ ਲਈ ਅਤੇ ਹੋਰ ਬਿਮਾਰੀਆਂ ਤੋਂ ਬੱਚਣ ਲਈ ਕੁਝ ਯੋਗ ਅਭਿਆਸ ਜਿਵੇਂ ਬਰਿਕਸ਼ ਆਸਨ, ਤਾੜ ਆਸਨ, ਕੱਟੀ ਚਾਲਣ, ਅਰਦ ਚੱਕਰ ਆਸਨ, ਤ੍ਰਿਕੋਣ ਆਸਨ, ਪੱਦ ਆਸਨ, ਬਜਰੰਗ ਆਸਨ, ਮਕਰ ਆਸਨ, ਭੁਜੰਗ ਆਸਨ, ਉਤਾਨ ਮਡਿਊਲ ਆਸਨ, ਪਵਨ ਆਸਨ, ਕਪਾਲਭਾਤੀ ਆਸਨ, ਨਾਰੀ ਸ਼ੋਧਨ, ਬਾਮਰੀ ਅਤੇ ਲੋਮ ਵਿਲੋਮ ਆਦ ਆਸਨ ਕਰਵਾਏ ਗਏ। ਇਸ ਤੋਂ ਪਹਿਲਾਂ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਗਾਂਧੀ ਗਾਰਡਨ ਵਿਚ ਜ਼ਿਲ੍ਹਾ ਪੱਧਰੀ 9ਵੀਂ ਅੰਤਰਰਾਸ਼ਟਰੀ ਯੋਗ ਦਿਵਸ ਮੌਕੇ ਜਗਦੀਪ ਪਾਲ ਸਿੰਘ, ਲਖਵਿੰਦਰ ਸਿੰਘ, ਚਰਨਜੀਤ ਸਿੰਘ, ਰਾਕੇਸ਼ ਗਰੋਵਰ, ਦਿਨੇਸ ਕੁਮਾਰ, ਮਹੇਸ਼ ਕੁਮਾਰ, ਸੰਗੀਤਾ ਰਾਣੀ, ਰਣਜੀਤ ਕੋਰ, ਮੋਨਿਕਾ, ਸੋਨਮ, ਨਵਪ੍ਰੀਤ, ਸਤਿੰਦਰ ਕੌਰ, ਹਰਲੀਨ ਕੌਰ, ਸੀਮਾ, ਰਜਿੰਦਰ ਕੌਰ ਅਤੇ ਸ਼ੈਲੀ ਬਜਾਜ ਵੀ ਹਾਜ਼ਰ ਸਨ।

**ਮਮਦੋਟ (ਜਸਬੀਰ ਸਿੰਘ ਕੰਬੋਜ, ਹਰਪਾਲ ਸੋਢੀ)** : ਵਿਸ਼ਵ ਯੋਗਾ ਦਿਵਸ ਦੇ ਚੱਲਦਿਆਂ ਕਮਿਊਨਿਟੀ ਹੈਲਥ ਸੈਂਟਰ ਵਿਖੇ ਬਿਮਾਰੀਆਂ ਤੋਂ ਬਚਣ ਦਾ ਸੁਨੇਹਾ ਦਿੰਦਿਆਂ ਡਾ. ਰੇਖਾ ਐਸ ਐਮ ਓ ਦੀ ਅਗਵਾਈ ਹੇਠ ਵੱਡੀ ਗਿਣਤੀ ਹਾਜ਼ਰੀਨ ਨੂੰ ਜਿਥੇ ਯੋਗਾ ਦੇ ਗੁਰ ਸਿਖਾਏ ਗਏ, ਉਥੇ ਯੋਗਾ ਨੂੰ ਆਪਣੀ ਜ਼ਿੰਦਗੀ ਵਿੱਚ ਅਹਿਮ ਸਥਾਨ ਦੇਣ ਦਾ ਵੀ ਪ੍ਰਣ ਲਿਆ। ਡਾ. ਰੇਖਾ ਭੱਟੀ ਸੀਨੀਅਰ ਮੈਡੀਕਲ ਅਫਸਰ, ਸ੍ਰੀ ਅੰਕੁਸ਼ ਭੰਡਾਰੀ ਤੇ ਸਾਥੀਆਂ ਨੇ ਸਪੱਸ਼ਟ ਕੀਤਾ ਕਿ ਅਜੋਕੀ ਭੱਜ ਦੌੜ ਵਾਲੀ ਜ਼ਿੰਦਗੀ ਵਿੱਚ ਜਿੱਥੇ ਮਨੁੱਖ ਮਸ਼ੀਨਰੀ ਦੀ ਤਰ੍ਹਾਂ ਕੰਮ ਕਰ ਰਿਹਾ ਹੈ, ਉਥੇ ਇਸ ਮਨੁੱਖੀ ਸਰੀਰ ਨੂੰ ਊਰਜਾ ਦੇਣ ਲਈ ਯੋਗਾ ਅਹਿਮ ਯੋਗਦਾਨ ਅਦਾ ਕਰਦਾ ਹੈ। ਉਨ੍ਹਾਂ ਕਿਹਾ ਕਿ ਯੋਗਾ ਨਾਲ ਜਿੱਥੇ ਮਨੁੱਖ ਨੂੰ ਅਨੇਕਾਂ


ਫਿਰੋਜ਼ਪੁਰ

ਬਿਮਾਰੀਆਂ ਤੋਂ ਛੁਟਕਾਰਾ ਮਿਲਦਾ ਹੈ, ਉਥੇ ਮਨੁੱਖੀ ਸਰੀਰ ਰਿਸ਼ਟ-ਪੁਸ਼ਟ ਰਹਿੰਦਾ ਹੈ। ਇਸ ਮੌਕੇ ਗੁਰਦੇਵ ਸਿੰਘ ਕੌਂਸਲਰ ਤੇ ਮੈਡਮ ਲੱਛਮੀ ਬਾਈ ਵੱਲੋਂ ਹਾਜ਼ਰੀਨ ਲੋਕਾਂ ਨੂੰ ਯੋਗਾ ਦੇ ਵੱਖ-ਵੱਖ ਆਸਨ ਕਰਾਏ ਗਏ ਅਤੇ ਅਪੀਲ ਕੀਤੀ ਕਿ ਜੇਕਰ ਇਨ੍ਹਾਂ ਆਸਣਾਂ ਨੂੰ ਆਪਣੇ ਰੋਜ਼ਾਨਾ ਜ਼ਿੰਦਗੀ ਵਿੱਚ ਸ਼ਾਮਲ ਕਰਦੇ ਹਨ ਤਾਂ ਇੱਕ ਨਵੀਂ ਊਰਜਾ ਦਾ ਉਨ੍ਹਾਂ ਦੀ ਜ਼ਿੰਦਗੀ ਵਿੱਚ ਪ੍ਰਵਾਹ ਹੋਵੇਗਾ।

**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)** : ਫਿਰੋਜ਼ਪੁਰ ਛਾਉਣੀ ਸਥਿਤ ਗਾਂਧੀ ਗਾਰਡਨ ਵਿਖੇ 9ਵੇਂ ਅੰਤਰਰਾਸ਼ਟਰੀ ਯੋਗ ਦਿਵਸ ਦੇ ਸਬੰਧ ਵਿੱਚ ਜ਼ਿਲ੍ਹਾ ਪੱਧਰੀ ਯੋਗ ਦਿਵਸ ਦਾ ਆਯੋਜਨ ਕੀਤਾ ਗਿਆ।ਇਸ ਸਾਲ ਦੇ ਯੋਗਾ ਦਿਵਸ ਦੇ ਜਸ਼ਨਾਂ ਦਾ ਥੀਮ 'ਹਰ ਘਰ ਆਂਗਣ ਯੋਗ' ਹੈ।ਇਸ ਯੋਗਾ ਦਿਵਸ ਮੌਕੇ ਡਿਪਟੀ ਕਮਿਸ਼ਨਰ ਫ਼ਿਰੋਜ਼ਪੁਰ ਰਾਜੇਸ਼ ਧੀਮਾਨ ਆਈ.ਏ.ਐਸ. ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ।ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ ਵਿਕਾਸ ਅਰੁਣ ਕੁਮਾਰ ਸ਼ਰਮਾ, ਐੱਸਡੀਐੱਮ ਫ਼ਿਰੋਜ਼ਪੁਰ ਰਣਜੀਤ ਸਿੰਘ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

ਡਿਪਟੀ ਕਮਿਸ਼ਨਰ ਰਾਜੇਸ਼ ਧੀਮਾਨ ਨੇ ਦੱਸਿਆ ਕਿ ਯੋਗ ਕਰਨਾ ਸਾਡੇ ਲਈ ਜ਼ਰੂਰੀ ਹੈ।ਯੋਗ ਕਰਨ ਵਾਲਾ ਇਨਸਾਨ ਇਕ ਤੰਦਰੁਸਤ ਸਰੀਰ ਤੇ ਦਿਮਾਗ ਦਾ ਮਾਲਕ ਹੁੰਦਾ ਹੈ।ਉਨ੍ਹਾਂ ਕਿਹਾ ਕਿ ਹਰੇਕ ਵਿਅਕਤੀ ਨੂੰ ਯੋਗ ਆਪਣੀ ਰੋਜ਼ਮਰ੍ਹਾ ਦੀ ਜ਼ਿੰਦਗੀ ਵਿੱਚ ਸ਼ਾਮਲ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਅੱਜ-ਕੱਲ੍ਹ ਦੇ ਤੇਜ਼ ਤਰਾਰ ਮਸ਼ੀਨੀ ਯੁੱਗ ਵਿੱਚ ਯੋਗ ਕਈ ਤਰ੍ਹਾਂ ਦੀਆਂ ਮਾਨਸਿਕ ਤੇ ਸਰੀਰਕ ਬਿਮਾਰੀਆਂ ਤੋਂ ਛੁਟਕਾਰਾ ਪਾਉਣ ਵਿੱਚ ਸਹਾਈ ਹੋ ਸਕਦਾ ਹੈ।ਯੋਗਾ ਸੈਸ਼ਨ ਦੀ ਅਗਵਾਈ ਕਰਦੇ ਹੋਏ ਯੋਗਾਚਾਰੀਆ ਸ੍ਰੀ ਪ੍ਰਮੋਦ ਨੇ ਦੱਸਿਆ ਕਿ ਕਿਵੇਂ ਯੋਗਾ ਤੰਦਰੁਸਤੀ ਤੇ ਚੰਗੀ ਸਿਹਤ ਲਈ ਇੱਕ ਸੰਪੂਰਨ ਪਹੁੰਚ ਹੈ।ਸਮਾਗਮ ਵਿੱਚ 400 ਦੇ ਕਰੀਬ ਲੋਕਾਂ ਨੇ ਬੜੇ ਉਤਸ਼ਾਹ ਨਾਲ ਆਪਣੀ ਭਾਗੀਦਾਰੀ ਦਰਜ ਕਰਵਾਈ।ਇਸ ਮੌਕੇ ਸਿਵਲ ਸਰਜਨ ਡਾ. ਰਾਜਿੰਦਰਪਾਲ, ਸਕੱਤਰ ਰੈੱਡ ਕਰਾਸ ਅਸ਼ੋਕ ਬਹਿਲ, ਪ੍ਰਿੰਸੀਪਲ ਡਾ. ਸਤਿੰਦਰ ਸਿੰਘ, ਬਾਬਾ ਲਛਮਣ ਦਾਸ ਤੋਂ ਇਲਾਵਾ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ, ਯੋਗ ਸਾਧਨਾ ਕੇਂਦਰ ਫਿਰੋਜ਼ਪੁਰ ਦੇ ਮੈਂਬਰ ਤੋਂ ਇਲਾਵਾ ਆਮ ਲੋਕਾਂ ਨੇ ਵੀ ਸ਼ਮੂਲੀਅਤ ਕੀਤੀ।

**ਇਸੇ ਤਰ੍ਹਾਂ** ਬੀਐਸਐਫ ਦੀ 182 ਬਟਾਲੀਅਨ ਦੇ ਕਮਾਂਡੈਂਟ ਸ੍ਰੀ ਰਾਜੇਸ਼ ਵਰਮਾ ਦੇ ਦਿਸ਼ਾ-ਨਿਰਦੇਸ਼ ਹੇਠ ਹੈੱਡ ਕੁਆਰਟਰ ਜਲਾਲਾਬਾਦ ਤੇ ਮਮਦੋਟ ਵਿਖੇ ਸਰਹੱਦ ਸਥਿਤ ਸੀਮਾ ਚੌਕੀ ਰਾਜਾ ਮੋਹਤਮ ਵਿਖੇ ਅਧਿਕਾਰੀਆ ਤੇ ਜਵਾਨਾ ਵੱਲੋਂ ਅੰਤਰ ਰਾਸ਼ਟਰੀ ਯੋਗਾ ਯੋਗਾ ਦਿਵਸ ਮਨਾਇਆ ਗਿਆ।ਇਸ ਯੋਗਾ ਪ੍ਰੋਗਰਾਮ ਵਿੱਚ ਰਾਜਾ ਮੋਹਤਮ ਬੀਓਪੀ ਦੇ ਕੰਪਨੀ ਕਮਾਂਡਰ ਪੰਕਜ ਕੁਮਾਰ ਅਸਿਸਟੈਂਟ ਕਮਾਂਡੈਂਟ ਨੇ ਸ਼ੁਰੂ ਕਰਵਾਇਆ।ਰਾਜਾ ਮੋਹਤਮ ਬੀਓਪੀ ਦੇ ਕੰਪਨੀ ਕਮਾਂਡਰ ਪੰਕਜ ਕੁਮਾਰ ਨੇ ਯੋਗਾ ਕੈਂਪ ਵਿਚ ਹਿੱਸਾ ਲੈਣ ਵਾਲੇ ਬੀਐਸਐਫ ਦੇ ਜਵਾਨਾ ਤੇ ਸਥਾਨਿਕ ਲੋਕਾ ਨੂੰ ਸਿਹਤ ਪ੍ਰਤੀ ਜਾਗਰੂਕ ਕਰਦਿਆ ਯੋਗਾ ਦੀ ਮਹੱਤਤਾ ਬਾਰੇ ਦੱਸਿਆ ਕਿਹਾ ਯੋਗਾ ਦੇ ਅਭਿਆਸ ਨਾਲ ਸਰੀਰ ਸਿਹਤਮੰਦ ਰਹਿੰਦਾ ਹੈ ਤੇ ਦਿਮਾਗ ਤੋ ਤਣਾਅ ਨੂੰ ਘਟਾਉਣ ਲਈ ਹਮੇਸ਼ਾ ਲਾਭ ਪਹੁੰਚਾਉਂਦਾ ਹੈ।ਇਸ ਪੂਰੇ ਸਮਾਗਮ ਵਿੱਚ ਬੀ.ਐਸ.ਐਫ ਦੇ ਅਧਿਕਾਰੀਆ ਤੇ ਜਵਾਨਾਂ ਨੇ ਪੂਰੇ ਉਤਸ਼ਾਹ ਨਾਲ ਹਿੱਸਾ ਲਿਆ।

**ਸ੍ਰੀ ਫ਼ਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)** : ਦੇਸ਼ ਭਗਤ ਯੂਨੀਵਰਸਿਟੀ, ਮੰਡੀ ਗੋਬਿੰਦਗੜ੍ਹ ਤੇ ਦੇਸ਼ ਭਗਤ ਰੇਡੀਓ ਨੇ ਯੂਨੀਵਰਸਿਟੀ ਕੈਂਪਸ ਵਿਖੇ ਭਾਰਤ ਸਰਕਾਰ ਦੇ ਆਯੂਸ਼ ਮੰਤਰਾਲੇ ਤੇ ਸੀ.ਈ.ਐਮ.ਸੀ.ਈ. ਦੀ ਅਗਵਾਈ ਹੇਠ ਆਯੁਰਵੇਦ ਵਿਭਾਗ, ਪੰਜਾਬ ਦੇ ਸਹਿਯੋਗ ਨਾਲ ਅੰਤਰਰਾਸ਼ਟਰੀ ਯੋਗ ਦਿਵਸ ਮਨਾਇਆ। ਸਮਾਗਮ ਦੇ ਆਰੰਭ ਵਿੱਚ ਡਾ. ਸ਼੍ਰੀਦੇਵ ਫੁਨਦਾਨੀ, ਪ੍ਰਿੰਸੀਪਲ ਆਯੁਰਵੇਦ ਵਿਭਾਗ ਨੇ ਡਾ. ਰਵੀ ਡੂਮਰਾ, ਡਾਇਰੈਕਟਰ, ਆਯੁਰਵੇਦ, ਆਯੂਸ਼ ਮੰਤਰਾਲਾ, ਸ. ਗੁਰਿੰਦਰ ਸਿੰਘ ਜੌਹਲ, ਐਸ.ਡੀ.ਐਮ, ਅਮਲੋਹ ਦਾ ਮੁੱਖ ਮਹਿਮਾਨ ਤੇ ਡਾ. ਜ਼ੋਰਾ ਸਿੰਘ, ਚਾਂਸਲਰ, ਦੇਸ਼ ਭਗਤ ਯੂਨੀਵਰਸਿਟੀ, ਡਾ. ਤਜਿੰਦਰ ਕੌਰ, ਪ੍ਰੋ ਚਾਂਸਲਰ, ਡਾ. ਵਰਿੰਦਰ ਸਿੰਘ, ਵਾਈਸ ਚਾਂਸਲਰ ਦਾ ਵਿਸ਼ੇਸ਼ ਮਹਿਮਾਨ ਅਤੇ ਹੋਰ ਪਤਵੰਤੇ ਮਹਿਮਾਨ, ਉੱਘੀਆਂ ਸ਼ਖ਼ਸੀਅਤਾਂ, ਸਿੱਖਿਆ ਸ਼ਾਸਤਰੀ, ਉਦਯੋਗ ਮਾਹਿਰ ਤੇ ਕਮਿਊਨਿਟੀ ਲੀਡਰ ਦਾ ਅੰਤਰਰਾਸ਼ਟਰੀ ਯੋਗ ਦਿਵਸ ਦੇ ਜਸ਼ਨ ਵਿੱਚ ਸ਼ਾਮਲ ਹੋਣ 'ਤੇ ਜੀ ਆਇਆਂ ਆਖਿਆ। ਇਸ ਮੌਕੇ ਡਾ. ਜ਼ੋਰਾ ਸਿੰਘ, ਚਾਂਸਲਰ, ਦੇਸ਼ ਭਗਤ ਯੂਨੀਵਰਸਿਟੀ ਨੇ ਸਮੂਹ ਪਤਵੰਤਿਆਂ ਦਾ ਕੈਂਪਸ ਵਿੱਚ ਸਵਾਗਤ ਕੀਤਾ ਅਤੇ ਉਨ੍ਹਾਂ ਦੀ ਸ਼ਾਨਦਾਰ ਹਾਜ਼ਰੀ ਲਈ ਧੰਨਵਾਦ ਪ੍ਰਗਟ ਕੀਤਾ। ਡਾ. ਜ਼ੋਰਾ ਸਿੰਘ ਨੇ ਸਾਂਝਾ ਕੀਤਾ ਕਿ ਵਿਸ਼ਵ ਭਰ ਵਿੱਚ ਯੋਗਾ ਅਤੇ ਧਿਆਨ ਦੇ ਲਾਭਾਂ ਬਾਰੇ ਜਾਗਰੂਕਤਾ ਫੈਲਾਉਣ ਦਾ ਮਹੱਤਵਪੂਰਨ ਦਿਨ ਹੈ। ਸਾਲ 2023 ਲਈ ਅੰਤਰਰਾਸ਼ਟਰੀ ਯੋਗਾ ਦਿਵਸ ਦੇ 9ਵੇਂ ਸਾਲ, ਇੱਕ ਧਰਤੀ,


ਫਤਿਹਗੜ੍ਹ ਸਾਹਿਬ

ਇੱਕ ਪਰਵਾਰ ਤੇ ਇੱਕ ਭਵਿੱਖ ਦੇ ਸੰਦੇਸ਼ ਨੂੰ ਉਜਾਗਰ ਕਰਦੇ ਹੋਏ 'ਵਸੁਦੈਵ ਕੁਟੁੰਬਕਮ ਲਈ ਯੋਗ' ਥੀਮ ਚੁਣਿਆ ਗਿਆ ਹੈ। ਡਾ. ਕੁਲਭੂਸ਼ਨ, ਡਾਇਰੈਕਟਰ, ਦੇਸ਼ ਭਗਤ ਆਯੁਰਵੇਦ ਕਾਲਜ ਨੇ ਆਪਣੇ ਵਿਚਾਰ ਸਾਂਝੇ ਕਰਦਿਆਂ ਦੱਸਿਆ ਕਿ ਆਯੂਸ਼ ਮੰਤਰਾਲਾ ਦੇ ਯੋਗਾ ਪ੍ਰੋਟੋਕੋਲ ਮੁਤਾਬਕ ਹੀ ਯੋਗਾ ਦੀ ਸ਼ੁਰੂਆਤ ਕੀਤੀ ਗਈ ਸੀ। ਉਨ੍ਹਾਂ ਦੱਸਿਆ ਕਿ ਸਮਾਗਮ ਵਿੱਚ ਯੂਨੀਵਰਸਿਟੀ ਦੇ ਸਮੂਹ ਫੈਕਲਟੀ ਮੈਂਬਰ, ਸਟਾਫ, ਵੱਖ-ਵੱਖ ਵਿਭਾਗਾਂ ਦੇ ਵਿਦਿਆਰਥੀਆਂ ਅਤੇ ਮੰਡੀ ਗੋਬਿੰਦਗੜ੍ਹ, ਅਮਲੋਹ ਦੇ ਨੇੜਲੇ ਪਿੰਡਾਂ ਵਿੱਚੋਂ 1000 ਤੋਂ ਵੱਧ ਭਾਗੀਦਾਰਾਂ ਨੇ ਹਿੱਸਾ ਲਿਆ।

**ਮੁਕਤਸਰ (ਸ਼ਮਿੰਦਰਪਾਲ/ਪੂਜਾ)** : ਸਿਹਤ ਮੰਤਰੀ ਡਾ. ਬਲਬੀਰ ਸਿੰਘ ਸੈਣੀ ਅਤੇ ਸਿਵਲ ਸਰਜਨ ਡਾ. ਰੰਜੂ ਸਿੰਗਲਾ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਤੇ ਸੀਨੀਅਰ ਮੈਡੀਕਲ ਅਫ਼ਸਰ ਡਾ. ਜਤਿੰਦਰ ਪਾਲ ਸਿੰਘ ਦੀ ਅਗਵਾਈ ਤੇ ਮੈਡੀਕਲ ਅਫ਼ਸਰ ਡਾ. ਨਿਧੀ ਗੁਪਤਾ ਦੀ ਨਿਗਰਾਨੀ 'ਚ ਸੀਐਚਸੀ ਚੱਕ ਸ਼ੇਰੇ ਵਾਲਾ ਅਤੇ ਬਲਾਕ ਅਧੀਨ ਆਉਂਦੇ ਸਿਹਤ ਕੇਂਦਰਾਂ ਵਿਖੇ ਯੋਗ ਕੈਂਪ ਆਯੋਜਤ ਕੀਤੇ ਗਏ। ਡਾ. ਨਿਧੀ ਗੁਪਤਾ ਨੇ ਦੱਸਿਆ ਕਿ ਯੋਗਾ ਕਰਨ ਨਾਲ ਜਿੱਥੇ ਸਰੀਰਕ ਸ਼ਕਤੀ ਮਿਲਦੀ ਹੈ, ਉਸਦੇ ਨਾਲ-ਨਾਲ ਅੰਦਰੂਨੀ ਤਾਕਤ ਵੀ ਪੈਦਾ ਹੁੰਦੀ ਹੈ ਅਤੇ ਅੱਜ ਦੇ ਪਦਾਰਥਵਾਦ ਯੁੱਗ ਵਿੱਚ ਯੋਗਾ ਸੰਜੀਵਨੀ ਬੂਟੀ ਦੀ ਭੂਮਿਕਾ ਨਿਭਾ ਰਿਹਾ ਹੈ। ਉਨ੍ਹਾਂ ਕਿਹਾ ਕਿ ਯੋਗ ਆਸਨ ਰਾਹੀ ਜਿੱਥੇ ਆਮ ਇਨਸਾਨ ਵੱਖ-ਵੱਖ ਬਿਮਾਰੀਆਂ ਤੋਂ ਨਿਜ਼ਾਤ ਪਾ ਸਕਦਾ ਹੈ, ਉੱਥੇ ਬੁੱਧੀ ਵਧਾਉਣ ਅਤੇ ਸਰੀਰਕ ਪੱਖੋਂ ਰਿਸ਼ਟ ਪੁਸ਼ਟ ਰੱਖਣ ਵਿਚ ਯੋਗਾ ਆਸਨ ਇਕ ਸੋਨੇ ਤੇ ਸੁਹਾਗੇ ਵਰਗੀ ਭੂਮਿਕਾ ਨਿਭਾਉਂਦੇ ਹਨ। ਉਨ੍ਹਾਂ ਕਿਹਾ ਕਿ ਸਾਨੂੰ ਆਪਣੇ ਰੁਝੇਵਿਆਂ ਭਰੇ ਸਮੇਂ ਵਿਚੋਂ ਥੋੜ੍ਹਾ ਸਮਾਂ ਕੱਢ ਕੇ ਸਰੀਰਕ ਪੱਖੋਂ ਤੰਦਰੁਸਤ


ਸ੍ਰੀ ਮੁਕਤਸਰ ਸਾਹਿਬ

ਅਤੇ ਚੁਸਤ ਰਹਿਣ ਲਈ ਯੋਗਾ ਨਾਲ ਜੁੜਨਾ ਚਾਹੀਦਾ ਹੈ। ਬੀ.ਈ.ਈ ਮਨਬੀਰ ਸਿੰਘ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਵੀ ਲੋਕਾਂ ਦੀ ਸਿਹਤ ਸੰਭਾਲ ਅਤੇ ਵਾਤਾਵਰਣ ਦੀ ਸੰਭਾਲ ਲਈ ਠੋਸ ਉਪਰਾਲੇ ਕੀਤੇ ਜਾ ਰਹੇ।

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)** : ਹਰ ਸਾਲ ਦੀ ਤਰ੍ਹਾਂ


ਸ੍ਰੀ ਮੁਕਤਸਰ ਸਾਹਿਬ

ਇਸ ਸਾਲ ਵੀ ਅੰਤਰਰਾਸ਼ਟਰੀ ਯੋਗ ਦਿਵਸ ਮਾਈ ਭਾਗੋ ਆਯੁਰਵੈਦਿਕ ਕਾਲਜ, ਫਿਰੋਜ਼ਪੁਰ ਰੋਡ ਵਿਖੇ ਮਨਾਇਆ ਗਿਆ। ਸਮਾਗਮ ਦੌਰਾਨ ਡਿਪਟੀ ਕਮਿਸ਼ਨਰ ਡਾ. ਰੂਹੀ ਦੁੱਗ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਇਸ ਮੌਕੇ ਐਸ.ਡੀ.ਐਮ, ਸ੍ਰੀ ਕੰਵਰਜੀਤ ਸਿੰਘ ਵੱਲੋਂ ਡਿਪਟੀ ਕਮਿਸ਼ਨਰ, ਡਾ. ਰੂਹੀ ਦੁੱਗ ਨੂੰ ਗੁਲਦਸਤਾ ਭੇਟ ਕਰਕੇ ਜੀ ਆਇਆਂ ਕਿਹਾ ਗਿਆ। ਡਿਪਟੀ ਕਮਿਸ਼ਨਰ ਡਾ. ਰੂਹੀ ਦੁੱਗ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਯੋਗ ਨੂੰ ਪ੍ਰਫੁੱਲਤ ਕਰਨ ਲਈ ਮੁੱਖ ਮੰਤਰੀ ਭਗਵੰਤ ਮਾਨ ਦੇ ਨਿਰਦੇਸਾਂ ਅਨੁਸਾਰ ਸੀ.ਐਮ ਦੀ ਯੋਗਸ਼ਾਲਾ ਪ੍ਰੋਗਰਾਮ ਸ਼ੁਰੂ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਯੋਗ ਲੋਕਾਂ ਨੂੰ ਤੰਦਰੁਸਤੀ ਨਾਲ ਜੋੜਦਾ ਹੈ। ਉਨ੍ਹਾਂ ਸਭ ਨੂੰ ਅਪੀਲ ਕੀਤੀ ਕਿ ਉਹ ਯੋਗ ਨੂੰ ਰੋਜ਼ਾਨਾ ਕਰਨ ਕਿਉਂਕਿ ਮਨੁੱਖ ਲਈ ਸਿਹਤ ਸਭ ਤੋਂ ਵੱਡੀ ਨਿਆਮਤ ਹੈ ਅਤੇ ਸਿਹਤ ਸੰਭਾਲ ਮਨੁੱਖ ਦਾ ਪਹਿਲਾਂ ਫ਼ਰਜ਼ ਵੀ ਹੈ। ਇਸ ਮੌਕੇ ਉਨ੍ਹਾਂ ਸਮਾਗਮ ਦੌਰਾਨ ਆਏ ਹੋਏ ਸਮੂਹ ਹਾਜ਼ਰੀਨ ਨੂੰ ਨੌਵੇਂ ਅੰਤਰਰਾਸ਼ਟਰੀ ਯੋਗ ਦਿਵਸ ਦੀ ਵਧਾਈ ਦਿੱਤੀ ਅਤੇ ਮਾਈ ਭਾਗੋ ਆਯੁਰਵੈਦਿਕ ਕਾਲਜ ਵੱਲੋਂ ਕਰਾਏ ਜਾ ਰਹੇ ਇਸ ਸਮਾਗਮ ਦੀ ਸ਼ਲਾਘਾ ਕੀਤੀ।

**ਫ਼ਰੀਦਕੋਟ (ਐਲਿਗਜੈਂਡਰ ਡਿਸੂਜ਼ਾ)** : ਮਾਊਂਟ ਲਿਟਰਾ ਜੀ ਸਕੂਲ ਵੱਲੋਂ ਅੰਤਰਰਾਸ਼ਟਰੀ ਯੋਗ ਦਿਵਸ ਮਨਾਇਆ ਗਿਆ। ਸਕੂਲ ਦੇ ਚੇਅਰਮੈਨ ਇੰਜਨੀਅਰ ਸ੍ਰੀ ਚਮਨ ਲਾਲ ਗੁਲਾਟੀ ਨੇ ਦੱਸਿਆ ਕਿ ਇਸ ਅੰਤਰਰਾਸ਼ਟਰੀ ਯੋਗ ਦਿਵਸ ਮੌਕੇ ਸਕੂਲ ਵੱਲੋਂ ਵੱਖ-ਵੱਖ ਤਰ੍ਹਾਂ ਦੀਆਂ ਯੋਗਾ ਗਤੀਵਿਧੀਆਂ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਅਲੋਮ, ਵਿਲੋਮ, ਕਪਾਲਭਾਤੀ, ਵਜਰ ਆਸਨ ਆਦਿ ਦਾ ਅਭਿਆਸ ਕੀਤਾ ਆਏ ਬੱਚਿਆਂ ਨੂੰ ਦੱਸਿਆ ਗਿਆ ਕਿ ਯੋਗਾ ਸਾਡੇ ਜੀਵਨ ਦਾ ਆਧਾਰ ਹੈ, ਸਾਨੂੰ ਇਸ ਨੂੰ ਰੋਜ਼ਾਨਾ ਜੀਵਨ ਵਿੱਚ ਅਪਨਾਉਣਾ ਚਾਹੀਦਾ ਹੈ, ਤਾਂ ਹੀ ਅਸੀਂ ਸਿਹਤਮੰਦ ਜੀਵਨ ਸ਼ੈਲੀ ਜੀਅ ਸਕਦੇ ਹਾਂ। ਸਕੂਲ ਦੇ ਚੇਅਰਮੈਨ ਸ੍ਰੀ ਚਮਨ ਲਾਲ ਗੁਲਾਟੀ ਨੇ ਕਿਹਾ ਕਿ ਮਨੁੱਖ ਦੇ ਜੀਵਨ ਵਿੱਚ ਯੋਗ ਦਾ ਸਥਾਨ ਮਹੱਤਵਪੂਰਨ ਹੈ। ਸਕੂਲ ਦੇ ਚੇਅਰਮੈਨ ਸ੍ਰੀ ਚਮਨ ਲਾਲ ਗੁਲਾਟੀ ਨੇ ਕਿਹਾ ਕਿ ਯੋਗ ਦਾ ਸਾਡੇ ਜੀਵਨ ਵਿੱਚ ਅਹਿਮ ਸਥਾਨ ਹੈ। ਇਹ ਸਾਡੇ ਭਾਰਤੀ ਸੱਭਿਆਚਾਰ ਦੀ ਨੀਂਹ ਹੈ। ਇਹ ਸਾਡੇ ਲਈ ਮਾਣ


ਫਰੀਦਕੋਟ

ਵਾਲੀ ਗੱਲ ਹੈ ਕਿ ਯੂ.ਕੇ. ਐਨ. ਓ. ਦੁਆਰਾ ਅੰਤਰਰਾਸ਼ਟਰੀ ਪੱਧਰ 'ਤੇ ਯੋਗਾ ਮਨਾਇਆ ਜਾਂਦਾ ਹੈ, ਇਸ ਸਾਲ ਦੇਸ ਭਰ ਵਿੱਚ 9ਵਾਂ ਅੰਤਰਰਾਸ਼ਟਰੀ ਯੋਗਾ ਦਿਵਸ ਬੜੀ ਧੂਮਧਾਮ ਨਾਲ ਮਨਾਇਆ ਜਾ ਰਿਹਾ ਹੈ ਅਤੇ ਸਕੂਲ ਵੱਲੋਂ ਯੋਗ ਦਿਵਸ ਦਾ ਆਯੋਜਨ ਬਹੁਤ ਹੀ ਵਧੀਆ ਢੰਗ ਨਾਲ ਕੀਤਾ ਗਿਆ।

**ਫ਼ਾਜ਼ਿਲਕਾ (ਨਿਸ਼ਾ ਸ਼ਰਮਾ)** : ਕੌਮਾਂਤਰੀ ਯੋਗ ਦਿਵਸ ਦੇ ਸਬੰਧ ਵਿੱਚ ਜ਼ਿਲ੍ਹਾ ਪੱਧਰੀ ਯੋਗ ਦਿਵਸ ਸਮਾਗਮ ਸ਼ਹੀਦ ਭਗਤ ਸਿੰਘ ਸਟੇਡੀਅਮ


ਫਾਜ਼ਿਲਕਾ

ਵਿਖੇ ਉਤਸ਼ਾਹ ਤੇ ਜੋਸ਼ ਨਾਲ ਕਰਾਇਆ ਗਿਆ। ਇਸ ਮੌਕੇ ਜ਼ਿਲ੍ਹੇ ਦੇ ਡਿਪਟੀ ਕਮਿਸਨਰ ਡਾ. ਸੇਨੂ ਦੁੱਗਲ ਆਈਏਐਸ, ਐਸਐਸਪੀ ਅਵਨੀਤ ਕੌਰ ਸਿੱਧੂ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ।

ਡਿਪਟੀ ਕਮਿਸਨਰ ਡਾ. ਸੇਨੂ ਦੁੱਗਲ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਯੋਗ ਨੂੰ ਪ੍ਰਫੁੱਲਤ ਕਰਨ ਲਈ ਮੁੱਖ ਮੰਤਰੀ ਭਗਵੰਤ ਮਾਨ ਦੇ ਨਿਰਦੇਸ਼ਾਂ ਅਨੁਸਾਰ ਸੀਐਮ ਦੀ ਯੋਗਸ਼ਾਲਾ ਪ੍ਰੋਗਰਾਮ ਸ਼ੁਰੂ ਕੀਤਾ ਗਿਆ


ਸ੍ਰੀ ਮੁਕਤਸਰ ਸਾਹਿਬ

ਹੈ। ਉਨ੍ਹਾਂ ਨੇ ਕਿਹਾ ਕਿ ਯੋਗ ਲੋਕਾਂ ਨੂੰ ਤੰਦਰੁਸਤੀ ਨਾਲ ਜੋੜਦਾ ਹੈ। ਇਸ ਮੌਕੇ ਆਰਟ ਆਫ਼ ਲਿਵਿੰਗ ਸੰਸਥਾ ਤੋਂ ਯੋਗ ਕਿਰਿਆਵਾਂ ਰਾਹੀਂ ਆਪਣੇ ਅੰਤਰਮਨ ਨੂੰ ਮਜਬੂਤ ਕਰ ਚੁੱਕੇ ਬੱਚਿਆਂ ਵੱਲੋਂ ਆਪਣੇ ਹੁਨਰ ਦਾ ਪ੍ਰਦਰਸ਼ਨ ਵੀ ਕੀਤਾ ਗਿਆ। ਆਯੁਰਵੈਦਿਕ ਵਿਭਾਗ ਤੋਂ ਡਾ. ਸਤਪਾਲ ਤੇ ਡਾ. ਵਿਨੋਦ ਨੇ ਸਭ ਦਾ ਧੰਨਵਾਦ ਕੀਤਾ।

**ਮੁਕਤਸਰ (ਸ਼ਮਿੰਦਰਪਾਲ/ਪੂਜਾ)** : ਕੋਟਕਪੂਰਾ ਰੋਡ ਸਥਿਤ ਗੁਰੂ ਗੋਬਿੰਦ ਸਿੰਘ ਪਾਰਕ ਵਿਖੇ ਅੰਤਰਰਾਸ਼ਟਰੀ ਯੋਗ ਦਿਵਸ ਮੌਕੇ ਭਾਜਪਾ ਸਰਕਲ-1 ਵੱਲੋਂ ਪ੍ਰਧਾਨ ਰਾਜਕੁਮਾਰ ਭਟੇਜਾ ਮੇਲੂ ਦੀ ਅਗਵਾਈ ਹੇਠ ਯੋਗ ਕੈਂਪ ਲਾਇਆ ਗਿਆ, ਜਿਸ 'ਚ ਜਿੱਥੇ ਭਾਜਪਾ ਆਗੂਆਂ ਨੇ ਤਾਂ ਹਿੱਸਾ ਲਿਆ ਹੀ, ਵੱਡੀ ਗਿਣਤੀ 'ਚ ਸ਼ਹਿਰ ਵਾਸੀਆਂ ਨੇ ਵੀ ਯੋਗ ਕੈਂਪ 'ਚ ਸ਼ਾਮਲ ਹੋ ਕੇ ਯੋਗਾਸਨ ਤੇ ਪ੍ਰਾਣਾਯਾਮ ਕੀਤਾ। ਯੋਗ ਮਾਹਰ ਸੰਦੀਪ ਗਿਰਧਰ, ਸੁਨੀਤਾ ਪਾਲ ਤੇ ਹੋਰਾਂ ਵੱਲੋਂ ਸ਼ਹਿਰ ਵਾਸੀਆਂ ਨੂੰ ਯੋਗਾਸਨ ਤੇ ਪ੍ਰਾਣਾਯਾਮ ਕਰਾਉਂਦਿਆਂ ਇਸਦੇ ਲਾਭ ਦੱਸੇ ਗਏ। ਨਾਲ ਹੀ ਯੋਗ ਨੂੰ ਰੁਜਾਨਾ ਜੀਵਨ ਦਾ ਹਿੱਸਾ ਬਣਾਉਣ ਲਈ ਪ੍ਰੇਰਤ ਕੀਤਾ ਗਿਆ। ਇਸ ਮੌਕੇ ਭਾਜਪਾ ਮੁਕਤਸਰ ਹਲਕਾ ਇੰਚਾਰਜ ਤੇ ਫ਼ਾਜ਼ਿਲਕਾ ਸਹਿ ਪ੍ਰਭਾਰੀ ਰਾਜੇਸ਼ ਗੋਰਾ ਪਠੇਲਾ, ਭੰਵਰ ਲਾਲ, ਮੋਨੂੰ ਸਤਸੰਗੀ, ਪਰਮਜੀਤ ਸ਼ਰਮਾ ਰੁਪਾਣਾ, ਗੌਰਵ ਛਾਬੜਾ, ਅਜੈ ਕੁੱਛਲ, ਰਾਜਨ ਬਾਂਸਲ, ਰਜਿੰਦਰ ਖੁਰਾਣਾ, ਡਾ. ਵਿਜੇ ਸੁਖੀਜਾ, ਬਲਜੀਤ ਕੌਰ ਸਮੇਤ ਵੱਡੀ ਗਿਣਤੀ ਚ ਸ਼ਹਿਰਵਾਸੀ ਮੌਜੂਦ ਸਨ।

**ਧੂਰੀ ( ਸੁਖਦੇਵ ਧੂਰੀ)** : ਸਥਾਨਕ ਸ਼ਾਂਤੀ ਨਿਕੇਤਨ ਪਾਰਕ, ਰਾਮ ਬਾਗ ਧੂਰੀ ਵਿਖੇ 5:00 ਤੋਂ 6:30 ਤੱਕ ਸਵੇਰੇ 9ਵਾਂ ਅੰਤਰਰਾਸ਼ਟਰੀ ਯੋਗ ਦਿਵਸ ਭਾਰਤੀ ਯੋਗ ਸੰਸਥਾਨ (ਰਜਿ:) ਧੂਰੀ ਵੱਲੋਂ ਬੜੀ ਧੂਮ-ਧਾਮ ਨਾਲ ਮਨਾਇਆ ਗਿਆ। ਇਸ ਦੌਰਾਨ ਯੋਗ ਅਭਿਆਸੀ ਸਾਧਕਾਂ ਅਤੇ


ਧੂਰੀ

ਸਾਧਿਕਾਵਾਂ ਨੇ ਵਧ ਚੜ੍ਹ ਕੇ ਹਿੱਸਾ ਲਿਆ। ਯੋਗ ਸੰਸਥਾਨ ਦੇ ਜ਼ੋਨ ਪ੍ਰਧਾਨ ਸਤੀਸ਼ ਗੋਇਲ ਨੇ ਆਏ ਹੋਏ ਮਹਿਮਾਨਾਂ ਦਾ ਸਵਾਗਤ ਕੀਤਾ ਅਤੇ ਯੋਗ ਦੀ ਮਹੱਤਤਾ ਬਾਰੇ ਵਿਸਥਾਰਪੂਰਵਕ ਦੱਸਿਆ। ਮਦਨ ਲਾਲ ਬਾਂਸਲ ਜ਼ਿਲ੍ਹਾ ਪ੍ਰਧਾਨ ਵੱਲੋਂ ਵੱਖ ਵੱਖ ਆਸਨ, ਪ੍ਰਾਣਾਯਾਮ ਅਤੇ ਧਿਆਨ ਕਰਵਾਇਆ ਗਿਆ। ਸਟੇਜ ਸੱਕਤਰ ਦੀ ਭੂਮਿਕਾ ਨਿਸ਼ੀ ਗੋਇਲ ਅਤੇ ਸਰੋਜ ਗਰਗ ਨੇ ਨਿਭਾਈ । ਪਰਵੀਨ ਕੁਮਾਰ ਸਿੰਗਲਾ ਅਤੇ ਮਹਿੰਦਰ ਕੁਮਾਰ ਗਰਗ ਨੇ ਵੀ ਯੋਗ ਪ੍ਰਤੀ ਆਪਣੇ ਵਿਚਾਰ ਪੇਸ਼ ਕੀਤੇ ਅਤੇ ਆਪਣੇ ਜੀਵਨ ਵਿੱਚ ਯੋਗ ਕਰਨ ਨਾਲ ਮਿਲਣ ਵਾਲੇ ਲਾਭਾਂ ਦੀ ਚਰਚਾ ਕੀਤੀ। ਸ਼ਹਿਰ ਦੀਆਂ ਮਸ਼ਹੂਰ ਸੰਸਥਾਵਾਂ ਰੋਟਰੀ ਕਲੱਬ ਅਤੇ ਭਾਰਤੀ ਵਿਕਾਸ ਪ੍ਰੀਸ਼ਦ (ਸ਼ਹੀਦ ਭਗਤ ਸਿੰਘ ਬ੍ਰਾਂਚ) ਨੇ ਵਿਸ਼ੇਸ਼ ਸਹਿਯੋਗ ਦਿੱਤਾ। ਇਸ ਮੌਕੇ ਸੰਸਥਾਨ ਦੇ ਜ਼ਿਲ੍ਹਾ ਸਰਪ੍ਰਸਤ ਹੰਸ ਰਾਜ ਗਰਗ, ਕੇਂਦਰ ਪ੍ਰਮੁੱਖ ਗੁਰਦਿਆਲ ਨਿਰਮਾਣ, ਨਰੰਜਣ ਸਿੰਘ, ਬਲਜਿੰਦਰ ਸਿੰਘ, ਐਡਵੋਕੇਟ ਪਵਨ ਗਰਗ, ਪਵਨ ਗਰਗ, ਸੰਜੀਵ ਕੁਮਾਰ, ਨਰੇਸ਼ ਕੁਮਾਰ, ਮੈਡਮ ਕਿਰਨ ਰਾਣੀ, ਮੈਡਮ ਜੀਵਨ ਲਤਾ, ਲੁਕੇਸ਼ ਸਿੰਗਲਾ (ਲੱਕੀ), ਰਜਨੀਸ਼ ਗਰਗ, ਅਵਨੀਸ਼ ਗਰਗ, ਦੀਪਕ ਗਰਗ ਐਡਵੋਕੇਟ, ਸੇਵਾ ਮੁਕਤ ਜ਼ਿਲ੍ਹਾ ਸਿੱਖਿਆ ਅਫਸਰ ਸਰਬਜੀਤ ਸਿੰਘ ਅਤੇ ਪ੍ਰਿੰਸੀਪਲ ਸੁਰਿੰਦਰ ਕੌਰ ਆਦਿ ਹਾਜ਼ਰ ਸਨ। ਇਸ ਉਪਰੰਤ ਭਾਰਤੀਯ ਯੋਗ ਸੰਸਥਾਨ ਦੇ ਤਿੰਨ ਮੈਂਬਰਜ਼ ਮਦਨ ਲਾਲ ਬਾਂਸਲ, ਨਰੇਸ਼ ਕੁਮਾਰ ਅਤੇ ਮਹਿੰਦਰ ਕੁਮਾਰ ਗਰਗ ਵੱਲੋਂ ਦੇਸ਼ ਭਗਤ ਕਾਲਜ ਬਰੜਵਾਲ ਧੂਰੀ ਵਿਖੇ ਸਵੇਰੇ 7:00 ਤੋਂ 8:00 ਵਜੇ ਤੱਕ ਕਾਲਜ ਦੇ ਐਨ.ਸੀ.ਸੀ. ਬੱਚਿਆਂ ਦੇ ਨਾਲ ਅੰਤਰਰਾਸ਼ਟਰੀ ਯੋਗ ਦਿਵਸ ਮਨਾਇਆ ਗਿਆ। ਮਦਨ ਲਾਲ ਬਾਂਸਲ ਨੇ ਯੋਗ ਦੀ ਵਿਦਿਆਰਥੀਆਂ ਦੇ ਜੀਵਨ ਵਿੱਚ ਮਹੱਤਤਾ ਦੱਸੀ ਅਤੇ ਵੱਖ-ਵੱਖ ਆਸਨ ਕਰਵਾਏ ਉੱਥੇ ਨਰੇਸ਼ ਕੁਮਾਰ ਅਤੇ ਮਹਿੰਦਰ ਕੁਮਾਰ ਨੇ ਵੀ ਵੱਖ ਵੱਖ ਯੋਗ ਦੇ ਆਸਨ ਬੱਚਿਆਂ ਨੂੰ ਕਰਵਾਏ ਅਤੇ ਸਿਖਾਏ। ਕਾਲਜ ਪ੍ਰਿੰਸਿਪਲ ਡਾ. (ਮੇਜਰ) ਬਲਵੀਰ ਸਿੰਘ ਨੇ ਵੀ ਆਪ ਬੱਚਿਆਂ ਦੇ ਨਾਲ ਯੋਗ ਕੀਤਾ ਅਤੇ ਬੱਚਿਆਂ ਨੂੰ ਯੋਗ ਦੀ ਮਹੱਤਤਾ ਦੱਸੀ।

**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)** : 9ਵਾਂ ਅੰਤਰਰਾਸ਼ਟਰੀ ਯੋਗ ਦਿਵਸ ਕਲੀਨ ਐਂਡ ਗਰੀਨ ਪਾਰਕ ਕਲੱਬ ਸਮਾਣਾ ਦੇ ਪ੍ਰਧਾਨ ਰਾਜ ਕੁਮਾਰ ਐਡਵੋਕੇਟ ਦੀ ਅਗਵਾਈ ਹੇਠ ਤਹਿਸੀਲ ਨੇੜਲੇ ਪਾਰਕ ਵਿਖੇ ਮਨਾਇਆ ਗਿਆ । ਜਿਸ ਵਿੱਚ ਮੁੱਖ ਮਹਿਮਾਨ ਵਜੋਂ ਕੈਬਨਿਟ ਮੰਤਰੀ ਚੇਤਨ ਸਿੰਘ ਜੋੜਾਮਾਜਰਾ ਅਤੇ ਉਘੇ ਯੋਗਾ ਮਾਹਰ ਰਤਨ ਲਾਲ ਜੈਨ, ਮੈਡਮ ਸੋਨੀਆ ਸੋਢੀ ਅਤੇ ਮੈਨੇਜਰ ਅਮਰੀਕ ਸਿੰਘ ਸ਼ਾਮਲ ਹੋਏ। ਏਸ ਯੋਗਾ ਕੈਂਪ ਵਿੱਚ ਬੱਚਿਆਂ ਤੋਂ ਲੈ ਕੇ ਬਜ਼ੁਰਗਾਂ ਤੱਕ ਕਰੀਬ 400 ਲੋਕਾਂ ਨੇ ਸ਼ਮੂਲੀਅਤ ਕੀਤੀ । ਚੇਤਨ ਸਿੰਘ ਜੋੜੇਮਾਜਰਾ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਕਰੋ ਯੋਗ ਰਹੋ ਨਿਰੋਗ ਦੇ ਨਾਅਰੇ ਹੇਠ ਪੰਜਾਬ ਵਿਚ ਯੋਗ ਅਭਿਆਨ


ਸਮਾਣਾ

ਚਲਾਇਆ ਹੋਇਆ ਹੈ, ਜਿੱਥੇ ਵੀ ਯੋਗਾ ਟ੍ਰੇਨਰ ਦੀ ਜ਼ਰੂਰਤ ਹੋਵੇ ਉਹ ਭਗਵੰਤ ਮਾਨ ਮੁੱਖ ਮੰਤਰੀ ਵੱਲੋਂ ਯੋਗਸ਼ਾਲਾ ਲਈ ਦਿੱਤੇ ਨੰਬਰ 'ਤੇ ਕਾਲ ਕਰਕੇ ਯੋਗਾ ਟ੍ਰੇਨਰ ਦੀ ਮੰਗ ਕਰ ਸਕਦੇ ਹਨ। ਉਨ੍ਹਾਂ ਨੂੰ ਯੋਗਾ ਟ੍ਰੇਨਰ ਮੁਹੱਈਆ ਕਰਵਾਇਆ ਜਾਵੇਗਾ। ਯੋਗ ਨਾਲ ਬਹੁਤ ਸਾਰੇ ਰੋਗ ਦੂਰ ਹੁੰਦੇ ਹਨ, ਸਰੀਰ ਨਿਰੋਗ ਅਤੇ ਤੰਦਰੁਸਤ ਬਣਿਆ ਰਹਿੰਦਾ ਹੈ। ਇਸ ਲਈ ਸਾਨੂੰ ਹਰ ਰੋਜ਼ ਯੋਗ ਕਰਨਾ ਚਾਹੀਦਾ ਹੈ । ਇਸ ਮੌਕੇ ਰਤਨ ਲਾਲ ਜੈਨ ਨੇ ਯੋਗਾ ਦੇ ਗੁਣ ਦੱਸਦੇ ਹੋਏ ਕਿਹਾ ਕੇ ਹਰ ਰੋਜ਼ ਯੋਗਾ ਕਰਨ ਨਾਲ ਭਿਆਨਕ ਬਿਮਾਰੀਆਂ ਤੋਂ ਬਚਿਆ ਜਾ ਸਕਦਾ ਹੈ। ਉਨ੍ਹਾ ਦੱਸਿਆ ਕਿ ਉਨ੍ਹਾ ਦੀ 80 ਸਾਲ ਦੀ ਉਮਰ ਹੋਣ ਦੇ ਬਾਵਜੂਦ ਹਰ ਰੋਜ਼ ਯੋਗਾ ਕਰਦੇ ਹਨ, ਜਿਸ ਕਰਕੇ ਉਨ੍ਹਾ ਦੇ ਸਰੀਰ ਨੂੰ ਕੋਈ ਵੀ ਰੋਗ ਨਹੀਂ ਹੈ ਅਤੇ ਉਹ ਨਾ ਹੀ ਕਿਸੇ ਤਰ੍ਹਾਂ ਦੀ ਕੋਈ ਦਵਾਈ ਖਾਂਦੇ ਹਨ । ਉਨ੍ਹਾ ਕਿਹਾ ਕਿ ਜਿਨ੍ਹਾਂ ਲੋਕਾਂ ਨੂੰ ਬਲੱਡ ਪ੍ਰੈਸ਼ਰ, ਸ਼ੂਗਰ, ਥਾਇਰਾਇਡ, ਗੋਡਿਆਂ ਮੋਢਿਆਂ ਦਾ ਦਰਦ, ਅਲਰਜੀ ਅਤੇ ਹੋਰ ਘਾਤਕ ਬਿਮਾਰੀਆਂ ਲੱਗੀਆਂ ਹੋਈਆਂ ਹਨ ਉਹ ਲੋਕ ਯੋਗਾ ਨੂੰ ਆਪਣੇ ਜੀਵਨ ਦਾ ਅੰਗ ਬਣਾ ਲੈਣ ਤਾਂ ਜੋ ਇਨ੍ਹਾਂ ਭਿਆਨਕ ਬਿਮਾਰੀਆਂ ਤੋਂ ਬਚਿਆ ਜਾ ਸਕੇ ਹਨ । ਇਸ ਮੌਕੇ ਯੋਗਾ ਟ੍ਰੇਨਰ ਸੋਨੀਆ ਸੋਢੀ ਨੇ ਯੋਗਾ ਕਰਵਾਉਂਦੇ ਔਰਤਾਂ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕੀ ਔਰਤਾਂ ਨੂੰ ਕਈ ਤਰ੍ਹਾਂ ਦੀਆਂ ਲੱਗਣ ਵਾਲੀਆਂ ਬਿਮਾਰੀਆਂ ਦਾ ਇਲਾਜ ਯੋਗਾ ਨਾਲ ਕੀਤਾ ਜਾ ਸਕਦਾ ਹੈ। ਕਲੱਬ ਪ੍ਰਧਾਨ ਰਾਜ ਕੁਮਾਰ ਐਡਵੋਕੇਟ ਨੇ ਦੱਸਿਆ ਕਿ ਤਹਿਸੀਲ ਨੇੜਲੇ ਪਾਰਕ ਵਿੱਚ ਸਾਰਾ ਸਾਲ ਨਿਰੰਤਰ ਯੋਗਾ ਦੀ ਕਲਾਸ ਚੱਲਦੀ ਹੈ, ਯੋਗਾ ਟ੍ਰੇਨਰ ਮੈਨੇਜਰ ਅਮਰੀਕ ਸਿੰਘ ਨਿਸ਼ੁਲਕ ਯੋਗਾ ਕਰਵਾਉਂਦੇ ਹਨ। ਏਥੇ ਕਿਸੇ ਕੋਲੋਂ ਯੋਗਾ ਕਰਨ ਦੀ ਫੀਸ ਨਹੀਂ ਲਈ ਜਾਂਦੀ। ਉਨ੍ਹਾ ਸ਼ਹਿਰ ਵਾਸੀਆਂ ਨੂੰ ਅਪੀਲ ਕੀਤੀ ਕਿ ਆਪਣੇ ਸਰੀਰ ਨੂੰ ਨਿਰੋਗ ਅਤੇ ਤੰਦਰੁਸਤ ਰੱਖਣ ਲਈ ਯੋਗ ਕਰਨ ਲਈ ਸਵੇਰੇ 5.30 ਵਜੇ ਪਾਰਕ ਵਿੱਚ ਪਹੁੰਚਿਆ ਕਰਨ । ਕਲੀਨ ਐਂਡ ਗ੍ਰੀਨ ਕਲੱਬ ਵੱਲੋਂ ਆਏ ਟ੍ਰੇਨਰ ਮਹਿਮਾਨਾਂ ਨੂੰ ਮੋਮੈਂਟੋ ਅਤੇ ਸਿਰੋਪਾਓ ਭੇਟ ਕਰਕੇ ਸਨਮਾਨਤ ਕੀਤਾ ਗਿਆ ਅਤੇ ਯੋਗਾ ਵਿੱਚ ਭਾਗ ਲੈਣ ਵਾਲਿਆਂ ਨੂੰ ਰਿਫਰੈਸ਼ਮੈਂਟ ਵੀ ਦਿੱਤੀ ਗਈ। ਇਸ ਮੌਕੇ ਬੈਡਮਿੰਟਨ ਕਲੱਬ ਦੇ ਪ੍ਰਧਾਨ ਦਿਨੇਸ਼ ਕੁਮਾਰ ਜੈਨ, ਸਰਪ੍ਰਸਤ ਵਿਨੈ ਗੋਇਲ, ਸੈਕਟਰੀ ਅਸ਼ੋਕ ਕੁਮਾਰ, ਕੈਸ਼ੀਅਰ ਰਾਜਨ ਗੋਇਲ, ਉਪ ਪ੍ਰਧਾਨ ਕ੍ਰਿਸ਼ਨ ਗੋਗੀਆ ਵੱਲੋਂ ਯੋਗਾ ਟ੍ਰੇਨਰ ਸ੍ਰੀ ਰਤਨ ਲਾਲ ਜੈਨ, ਅਮਰੀਕ ਸਿੰਘ ਅਤੇ ਸੋਨੀਆ ਸੋਢੀ ਨੂੰ ਮੋਮੈਂਟੋ ਦੇ ਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਗਰੀਨ ਐਂਡ ਕਲੀਨ ਕਲੱਬ ਦੇ ਚੇਅਰਮੈਨ ਵਿਜੇ ਕੁਮਾਰ, ਪਾਲੀ ਕੋਚਰ, ਮੋਤੀ ਰਾਮ, ਦਿਨੇਸ਼ ਕੁਮਾਰ ਜੈਨ, ਰਾਜ ਕੁਮਾਰ ਗੋਗੀਆ, ਪ੍ਰੈਸ ਸੈਕਟਰੀ ਇਕਬਾਲ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਯੋਗਾ ਕਰਨ ਵਾਲੇ ਹਾਜ਼ਰ ਸਨ।

**ਜਗਰਾਉਂ (ਅਮਿਤ ਖੰਨਾ, ਨਛੱਤਰ ਸੰਧੂ)** : ਡੀ.ਏ.ਵੀ. ਸੈਂਟਨਰੀ ਪਬਲਿਕ ਸਕੂਲ ਵਿੱਚ ਯੋਗਾ ਦਿਵਸ ਵਾਲੇ ਦਿਨ ਬੱਚਿਆਂ ਤੇ ਅਧਿਆਪਕਾਂ ਦੁਆਰਾ ਯੋਗਾ ਕੀਤਾ ਗਿਆ। ਪ੍ਰਿੰਸੀਪਲ ਡਾਕਟਰ ਵੇਦ ਵ੍ਰਤ ਪਲਾਹਾ ਨੇ ਦੱਸਿਆ ਕਿ ਸਕੂਲ ਵਿੱਚ ਯੋਗਾ ਦਿਵਸ ਮਨਾਇਆ ਗਿਆ, ਜਿਸ ਵਿੱਚ ਸਕੂਲ ਦੇ ਵਿਦਿਆਰਥੀਆਂ ਅਤੇ ਸਮੂਹ ਸਟਾਫ਼ ਨੇ ਹਿੱਸਾ ਲਿਆ। ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਡਾਕਟਰ ਵੇਦ ਵ੍ਰਤ ਪਲਾਹਾ ਨੇ ਯੋਗਾ ਦੀ ਅਹਿਮੀਅਤ ਬਾਰੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਯੋਗਾ ਮਨੁੱਖ ਨੂੰ ਸਰੀਰਕ ਤੇ ਮਾਨਸਿਕ ਰੂਪ ਵਿੱਚ ਮਜਬੂਤ ਬਣਾਉਂਦਾ ਹੈ। ਯੋਗਾ ਕਰਨ ਵਾਲਾ ਮਨੁੱਖ ਸਰੀਰਕ ਤੌਰ 'ਤੇ ਅਰੋਗ ਰਹਿੰਦਾ ਹੈ। ਇਸ ਮੌਕੇ ਡੀ.ਪੀ. ਹਰਦੀਪ ਸਿੰਘ ਤੇ ਸਮੂਹ ਸਟਾਫ਼ ਹਾਜ਼ਰ ਸਨ।

**ਫ਼ਾਜ਼ਿਲਕਾ (ਨਿਸ਼ਾ ਸ਼ਰਮਾ)** : ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਸ਼ੁਰੂ ਕੀਤਾ ਗਿਆ ਪ੍ਰੋਗਰਾਮ ਸੀਐਮ ਦੀ ਯੋਗਸ਼ਾਲਾ ਸਿਹਤਮੰਦ ਤੇ ਰੰਗਲੇ ਪੰਜਾਬ ਦੀ ਸਿਰਜਣਾ ਲਈ ਸਹਾਈ ਸਿੱਧ ਹੋਵੇਗਾ, ਜਿਸ ਤਹਿਤ ਸਾਂਝੇ ਜਲ ਤਲਾਬਾਂ ਵਿਖੇ ਯੋਗ ਦਿਵਸ ਮਨਾਇਆ ਗਿਆ। ਮੌਜੂਦਾ ਸਮੇਂ ਵਿੱਚ ਤਣਾਅਪੂਰਨ ਜੀਵਨ ਵਿੱਚ ਵੱਖ-ਵੱਖ ਬਿਮਾਰੀਆਂ ਮਨੁੱਖੀ ਜੀਵਨ ਲਈ ਗੰਭੀਰ ਖਤਰਾ ਪੈਦਾ ਕਰ ਰਹੀਆਂ ਹਨ ਤੇ ਯੋਗ ਹੀ ਹੈ ਜੋ ਮਨੁੱਖ ਨੂੰ ਰੋਗਮੁਕਤ ਤੇ ਸਿਹਤਮੰਦ ਬਣਾਉਣ ਵਿੱਚ ਸਹਾਈ ਹੋ ਸਕਦਾ ਹੈ। ਡਿਪਟੀ ਕਮਿਸ਼ਨਰ ਡਾ. ਸੇਨੂੰ ਦੁੱਗਲ ਨੇ ਦੱਸਿਆ ਕਿ ਜ਼ਿਲ੍ਹੇ ਦੇ ਪਿੰਡ ਸੀਤੋ ਗੁੰਨੋ ਅਬੋਹਰ, ਅਹਾਲ ਬੋਦਲਾ ਫਾਜ਼ਿਲਕਾ, ਘੱਲੂ ਖੁਈਆ ਸਰਵਰ ਆਦਿ ਲਗਭਗ 23 ਪਿੰਡਾਂ ਦੇ ਸਾਂਝੇ ਜਲ ਤਲਾਬਾਂ ਨਜ਼ਦੀਕ ਪਿੰਡ ਵਾਸੀਆਂ ਨੂੰ


ਸਿਰਸਾ

ਯੋਗ ਕਿਰਿਆਵਾਂ ਕਰਾਈਆਂ ਗਈਆਂ ਤੇ ਯੋਗ ਦੀ ਮਹੱਤਤਾ ਤੋਂ ਜਾਣੂ ਕਰਾਇਆ ਗਿਆ। ਉਨ੍ਹਾਂ ਕਿਹਾ ਕਿ ਯੋਗ ਸਾਨੂੰ ਤੰਦਰੁਸਤ ਰੱਖਣ ਵਿੱਚ ਸਹਾਈ ਹੁੰਦਾ ਹੈ, ਸਾਨੂੰ ਰੋਜ਼ਾਨਾ ਯੋਗ ਕਰਨ ਦੀ ਆਦਤ ਪਾਉਣੀ ਚਾਹੀਦੀ ਹੈ। ਉਨ੍ਹਾਂ ਜ਼ਿਲ੍ਹਾ ਵਾਸੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਉਹ ਰੋਜ਼ਾਨਾ ਯੋਗ ਕਰਨ ਤਾਂ ਜੁ ਸਿਹਤਮੰਦ ਜੀਵਨ ਦਾ ਲਾਭ ਉਠਾ ਸਕਣ। ਉਨ੍ਹਾਂ ਕਿਹਾ ਕਿ ਯੋਗ ਸਰੀਰਕ ਤੇ ਆਤਮਿਕ ਸ਼ਾਂਤੀ ਹਾਸਿਲ ਕਰਨ ਦਾ ਸਭ ਤੋਂ ਆਸਾਨ ਅਤੇ ਵਧੀਆ ਤਰੀਕਾ ਹੈ। ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਅਮਿਤ ਪੰਚਾਲ ਨੇ ਦੱਸਿਆ ਕਿ ਅੱਜ ਯੋਗ ਦਿਵਸ ਮੌਕੇ ਜ਼ਿਲ੍ਹੇ ਦੇ ਵੱਖ-ਵੱਖ ਪਿੰਡਾਂ, ਸਕੂਲਾਂ ਆਦਿ ਵਿਖੇ ਯੋਗ ਦਿਵਸ ਮਨਾਇਆ ਗਿਆ ਹੈ ਤੇ ਸਰਕਾਰ ਵੱਲੋਂ ਸੀਐੱਮ ਦੀ ਯੋਗਸ਼ਾਲਾ ਬਹੁਤ ਵਧੀਆ ਉਪਰਾਲਾ ਹੈ। ਜੇਕਰ ਜ਼ਿਲ੍ਹੇ ਦੇ ਲੋਕ ਯੋਗ ਨਾ ਜੁੜਨਗੇ ਤਾਂ ਉਹ ਕਈ ਗੰਭੀਰ ਬਿਮਾਰੀਆਂ ਤੋਂ ਛੁਟਕਾਰਾ ਪਾ ਸਕਣਗੇ ਕਿਉਂਕਿ ਅੱਜ ਦੇ ਸਮੇਂ ਵਿੱਚ ਕਾਫ਼ੀ ਤਣਾਅਪੂਰਨ ਮਨੁੱਖੀ ਜੀਵਨ ਹੋ ਗਿਆ ਹੈ, ਜਿਸ ਲਈ ਯੋਗ ਬਹੁਤ ਜ਼ਰੂਰੀ ਹੈ।

**ਸਿਰਸਾ (ਸੁਰਿੰਦਰ ਪਾਲ ਸਿੰਘ)** : ਵਿਸ਼ਵ ਯੋਗ ਦਿਵਸ ਮੌਕੇ ਅਨਾਜ ਮੰਡੀ ਕਾਲਾਂਵਾਲੀ ਵਿਖੇ ਆਯੂਸ਼ ਵਿਭਾਗ ਸਿਰਸਾ ਦੇ ਸਹਿਯੋਗ ਨਾਲ ਨੌਵਾਂ ਅੰਤਰਰਾਸ਼ਟਰੀ ਯੋਗ ਦਿਵਸ ਮੰਡੀ ਵਾਸੀਆ ਦੀ ਭਰਵੀਂ ਹਾਜ਼ਰੀ ਵਿੱਚ ਮਨਾਇਆ ਗਿਆ। ਯੋਗ ਦਿਵਸ ਦੇ ਮੁੱਖ ਮਹਿਮਾਨ ਐਸ ਡੀ ਐਮ ਕਾਲਾਂਵਾਲੀ ਸੁਰੇਸ਼ ਰਵਿਸ ਤੇ ਵਿਸ਼ੇਸ਼ ਮਹਿਮਾਨ ਸਾਬਕਾ ਐਮ ਐਲ ਏ ਭਾਈ ਬਲਕੌਰ ਸਿੰਘ ਸਨ। ਆਯੂਸ਼ ਚਕਿਤਸ਼ਾ ਅਧਿਕਾਰੀ ਡਾਕਟਰ ਜੈਸਮੀਨ ਤੇ ਬਲਾਕ ਵਿਕਾਸ ਪੰਚਾਇਤ ਅਧਿਕਾਰੀ ਸ੍ਰੀਮਤੀ ਸੁਮਿਤਾ ਕਾਤਕੰਡੇ ਦੀ ਕਗਵਾਈ ਵਿੱਚ ਲੱਗੇ ਯੋਗ ਸਾਧਨਾ ਪ੍ਰੇਰਕ ਹੀਰਾ ਸਿੰਘ ਆਰਨੇਜਾ, ਪੂਰਨ ਚੰਦ ਨਾਗਰ, ਸੂਰਤ ਸਿੰਘ ਪੂਨੀਆ, ਸੁਖਵਿੰਦਰ ਕੌਰ,


ਫਾਜ਼ਿਲਕਾ

ਜਸਪਾਲ ਮਹਿਤਾ ਵੱਲੋਂ ਯੋਗ ਸਾਧਕਾਂ ਨੂੰ ਟਿਪਸ ਦਿੱਤੇ ਗਏ। ਕੈਂਪ ਦੇ ਮੰਚ ਸੰਚਾਲਕ ਮਾ. ਰਵੀ ਸਾਗਰ ਨੇ ਦੱਸਿਆ ਕਿ ਸਾਬਕਾ ਐਮ ਐਲ ਏ ਭਾਈ


ਮਲੋਟ

ਬਲਕੌਰ ਸਿੰਘ ਤੇ ਡੀਐਸਪੀ ਕਾਲਾਂਵਾਲੀ ਗੁਰਦਿਆਲ ਸਿੰਘ ਵੱਲੋਂ ਆਪਣੇ ਸੰਦੇਸ਼ ਵਿੱਚ ਕਿਹਾ ਗਿਆ ਕਿ ਜਿੱਥੇ ਦਵਾਈਆਂ ਤੇ ਹੋਰ ਵਿਧੀਆਂ ਕੰਮ ਨਹੀਂ ਕਰ ਰਹੀਆਂ, ਉੱਥੇ ਯੋਗਾ ਆਸ ਦੀ ਕਿਰਨ ਦੇ ਰੂਪ 'ਚ ਸ਼ਾਨਦਾਰ ਨਤੀਜੇ ਦੇ ਰਿਹਾ ਹੈ।ਉਨ੍ਹਾਂ ਕਿਹਾ ਕਿ ਇਸੇ ਕਰਕੇ ਦੁਨੀਆ ਦੇ ਵਿਕਸਤ ਦੇਸ਼ਾਂ ਵਿੱਚ ਵੀ ਇਸ ਦਾ ਪ੍ਰਚਾਰ ਵਧ ਰਿਹਾ ਹੈ।ਉਨ੍ਹਾਂ ਕਿਹਾ ਕਿ ਆਯੂਸ਼ ਵਿਭਾਗ ਤੇ ਹਰਿਆਣਾ ਯੋਗਾ ਵੱਲੋਂ ਇਹ ਯਤਨ ਕੀਤੇ ਜਾ ਰਹੇ ਹਨ ਕਿ ਯੋਗ ਦਿਵਸ ਨੂੰ ਤਿਉਹਾਰ ਵਾਂਗ ਮਨਾਇਆ ਜਾਵੇ।ਮੁੱਖ ਯੋਗ ਪ੍ਰੇਰਕ ਹੀਰਾ ਸਿੰਘ ਅਰਨੇਜਾ ਤੇ ਯਸ਼ਪਾਲ ਮਹਿਤਾ ਦਾ ਕਹਿਣਾ ਸੀ ਕਿ ਸਾਡਾ ਉਦੇਸ਼ ਸਾਰੇ ਲੋਕਾਂ ਨੂੰ ਯੋਗ ਦੇ ਅਸਲ ਫ਼ਾਇਦਿਆਂ ਤੋਂ ਜਾਣੂ ਕਰਾ ਕੇ ਸਿਹਤਮੰਦ ਰੱਖਣਾ ਹੈ।ਇਸ ਨੌਵੇਂ ਅੰਤਰਰਾਸ਼ਟਰੀ ਯੋਗ ਦਿਵਸ ਤੇ ਮੰਡੀ ਕਾਲਾਂਵਾਲੀ ਦੀਆਂ ਪ੍ਰਮੁੱਖ ਹਸਤੀਆਂ ਨੂੰ ਮੰਚ ਵਲੋ ਸਨਮਾਨ ਦਿੱਤਾ ਗਿਆ।

**ਮਲੋਟ (ਗੁਰਮੀਤ ਸਿੰਘ ਮੱਕੜ)** : ਡੀ.ਏ.ਵੀ. ਕਾਲਜ ਵਿਖੇ ਪ੍ਰਿੰਸੀਪਲ ਸ਼੍ਰੀ ਸ਼ੁਭਾਸ਼ ਗੁਪਤਾ ਦੀ ਅਗਵਾਈ ਵਿਚ ਐਨ.ਐਸ.ਐਸ. ਪ੍ਰੋਗਰਾਮ ਅਫ਼ਸਰ ਡਾ. ਜਸਬੀਰ ਕੌਰ ਤੇ ਐਨ.ਸੀ.ਸੀ. ਦੇ ਸੀ.ਟੀ.ਓ. ਸ਼੍ਰੀ ਸਾਹਿਲ ਗੁਲਾਟੀ ਦੇ ਦਿਸ਼ਾ-ਨਿਰਦੇਸ਼ਾਂ ਅਧੀਨ 9ਵਾਂ ਅੰਤਰਰਾਸ਼ਟਰੀ ਯੋਗ ਦਿਵਸ ਮਨਾਇਆ ਗਿਆ। ਸਭ ਤੋਂ ਪਹਿਲਾਂ ਡਾ. ਜਸਬੀਰ ਕੌਰ ਨੇ ਯੋਗ ਦੀ ਮਹੱਤਤਾ ਨੂੰ ਦਰਸਾਉਂਦੇ ਹੋਏ ਕਿਹਾ ਕਿ ਯੋਗ ਦਾ ਅਰਥ ਹੈ ਸਰੀਰਕ ਤੇ ਮਾਨਸਿਕ ਸ਼ਕਤੀਆਂ ਦਾ ਸੰਯੋਗ। ਉਨ੍ਹਾਂ ਕਿਹਾ ਕਿ ਯੋਗ ਇੱਕ ਅਜਿਹਾ ਅਭਿਆਸ ਹੈ ਜੋ ਮਾਨਸਿਕ, ਸਰੀਰਕ, ਅਧਿਆਤਮਕ ਤੇ ਸਮਾਜਿਕ ਅਵਸਥਾ ਨੂੰ ਬਣਾਏ ਰੱਖਦਾ ਹੈ ਅਤੇ ਯੋਗ ਸਾਡੇ ਜੀਵਨ ਵਿਚ ਇੱਕ ਦਵਾਈ ਦੀ ਤਰ੍ਹਾਂ ਹੈ, ਜੋ ਸਾਡੇ ਸਰੀਰ ਦੇ ਅੰਗਾਂ ਦੇ ਕੰਮ ਕਰਨ ਦੇ ਢੰਗ ਨੂੰ ਨਿਯਮਤ ਕਰਕੇ ਸਾਨੂੰ ਕਈ ਤਰ੍ਹਾਂ ਦੀਆਂ ਬਿਮਾਰੀਆਂ ਤੋਂ ਬਚਾਉਂਦਾ ਹੈ। ਇਸ ਮੌਕੇ 'ਤੇ


ਜਗਰਾਓਂ

ਸਭ ਤੋਂ ਪਹਿਲਾਂ ਵਲੰਟੀਅਰਾਂ ਤੇ ਕੈਡਿਟਾਂ ਨੇ ਯੋਗਾ ਨੂੰ ਅਪਨਾਉਣ ਲਈ ਸਹੁੰ ਚੁੱਕੀ। ਉਸ ਤੋਂ ਬਾਅਦ ਕਾਲਜ ਦੇ ਵਿਦਿਆਰਥੀ ਪ੍ਰਦੀਪ ਅਤੇ ਪਾਰਸ ਪ੍ਰਤੀਕ ਨੇ ਸਾਰਿਆਂ ਨੂੰ ਯੋਗਾ ਦੀਆਂ ਕੁੱਝ ਕਿਰਿਆਵਾਂ ਕਰਾਈਆਂ। ਇਹ ਪ੍ਰੋਗਰਾਮ ਰਾਸ਼ਟਰ ਗਾਨ ਨਾਲ ਸਮਾਪਤ ਕੀਤਾ ਗਿਆ। ਇਸ ਮੌਕੇ 'ਤੇ ਸ਼੍ਰੀ ਸ਼ੁਦੇਸ਼ ਗਰੋਵਰ ਸਮੇਤ ਕਾਲਜ ਦਾ ਸਮੂਹ ਟੀਚਿੰਗ ਅਤੇ ਨਾਨ ਟੀਚਿੰਗ ਸਟਾਫ਼ ਸ਼ਾਮਲ ਸੀ।

**ਮੱਖੂ (ਰਛਪਾਲ ਸਿੰਘ ਸੰਧੂ)** : ਸਰਵਹਿਤਕਾਰੀ ਸਿੱਖਿਆ ਸਮਿਤੀ ਜ਼ਿਲ੍ਹਾ ਫ਼ਿਰੋਜ਼ਪੁਰ ਵੱਲੋਂ ਸਰਵਹਿਤਕਾਰੀ ਵਿੱਦਿਆ ਮੰਦਰ ਹਾਈ ਸਕੂਲ ਵਿਖੇ ਅੰਤਰਰਾਸ਼ਟਰੀ ਯੋਗ ਦਿਵਸ ਮਨਾਇਆ ਗਿਆ। ਇਸ ਮੌਕੇ ਯੋਗ ਟੀਮ ਦੇ ਮੈਂਬਰ ਇਕਬਾਲ ਸਿੰਘ, ਸੱਤਪਾਲ ਦੂਆ, ਜਗਦੀਸ਼ ਗਰੋਵਰ, ਰਵੀ ਗਰੋਵਰ, ਸ੍ਰੀਮਤੀ ਸੰਤੋਸ਼ ਰਾਣੀ, ਸਕੂਲ ਦੇ ਪ੍ਰਿੰਸੀਪਲ ਮੈਡਮ ਅਮਨਦੀਪ ਕੌਰ ਤੇ ਸਮੂਹ ਅਧਿਆਪਕਾਂ ਨੇ ਯੋਗ ਦਿਵਸ ਦੇ ਮੌਕੇ ਯੋਗ ਕੀਤਾ। ਇਸ ਮੌਕੇ ਇਕਬਾਲ


ਮਖੂ

ਸਿੰਘ ਵੱਲੋਂ ਯੋਗ ਕਰਾਇਆ ਗਿਆ ਅਤੇ ਦੱਸਿਆ ਕਿ ਯੋਗ ਕਰਨ ਨਾਲ ਕਈ ਤਰ੍ਹਾਂ ਦੀਆਂ ਬਿਮਾਰੀਆਂ ਤੋਂ ਬਚਿਆ ਜਾ ਸਕਦਾ ਹੈ। ਇਸ ਲਈ ਹਰੇਕ ਵਿਅਕਤੀ ਨੂੰ ਰੋਜ਼ਾਨਾ ਯੋਗਾ ਕਰਨਾ ਚਾਹੀਦਾ ਹੈ। ਅੰਤਰਰਾਸ਼ਟਰੀ ਯੋਗ ਦਿਵਸ ਮੌਕੇ ਵਿਦਿਆ ਮੰਦਰ ਦੇ ਪ੍ਰਧਾਨ ਡਾ. ਰਾਜੀਵ ਅਹੂਜਾ, ਸੱਤਪਾਲ ਦੂਆ ਤੇ ਪ੍ਰਿੰਸੀਪਲ ਮੈਡਮ ਅਮਨਦੀਪ ਕੌਰ ਨੇ ਮੱਖੂ ਯੋਗਾ ਟੀਮ ਦਾ ਧੰਨਵਾਦ ਕੀਤਾ ਤੇ ਅੰਤ ਵਿੱਚ ਇਕਬਾਲ ਸਿੰਘ ਅਤੇ ਸਾਥੀਆਂ ਨੂੰ ਸ੍ਰੀਫਲ ਤੇ ਸਿਰੋਪਾਓ ਦੇ ਕੇ ਸਨਮਾਨਤ ਕੀਤਾ ਗਿਆ।

**ਮੋਗਾ (ਅਮਰਜੀਤ ਬੱਬਰੀ)** : ਸੂਬੇ ਦੀ ਪ੍ਰਮੁੱਖ ਵਿੱਦਿਅਕ ਸੰਸਥਾ ਆਈ.ਐਸ.ਐਫ. ਕਾਲਜ ਆਫ਼ ਫਾਰਮੇਸੀ ਵਿਖੇ ਅੰਤਰਰਾਸ਼ਟਰੀ ਯੋਗ ਦਿਵਸ ਮਨਾਇਆ ਗਿਆ। ਕੋਆਡੀਨੇਟਰ ਸਾਕਸ਼ੀ ਗੁਪਤਾ ਨੇ ਸੰਸਥਾ ਦੇ


ਮੋਗਾ

ਵਿਦਿਆਰਥੀਆਂ ਤੇ ਟੀਚਰਾਂ ਨੂੰ ਯੋਗ ਕ੍ਰਿਆਵਾਂ ਕਰਾਇਆ ਤੇ ਸਿਹਤਮੰਦ ਰਹਿਣ ਲਈ ਰੋਜ਼ਾਨਾ ਯੋਗਾ ਕਰਨ ਨੂੰ ਪ੍ਰੇਰਤ ਕੀਤਾ, ਜਿਸ ਨਾਲ ਮਾਨਸਿਕ ਤਨਾਅ ਦੇ ਨਾਲ-ਨਾਲ ਸਰੀਰ ਚੱਲਣ ਵਾਲੀ ਤਮਾਮ ਕ੍ਰਿਆਵਾਂ ਨੂੰ ਸਹੀ ਰੂਪ ਨਾਲ ਨਿਯੰਤਰਿਤ ਰੱਖ ਕੇ ਜੀਵਨ ਨੂੰ ਸੁਖੀ ਜੀਵਨ ਵਿਅਕਤ ਕੀਤਾ ਜਾ ਸਕਦਾ ਹੈ। ਸੰਸਥਾ ਦੇ ਚੇਅਰਮੈਨ ਪ੍ਰਵੀਨ ਗਰਗ ਨੇ ਸਾਰਿਆਂ ਨੂੰ ਅੰਤਰਰਾਸ਼ਟਰੀ ਯੋਗ ਦਿਵਸ ਦੀ ਵਧਾਈ ਦਿੰਦੇ ਹੋਏ ਸਾਰਿਆਂ ਨੂੰ ਰੋਜ਼ਾਨਾ ਯੋਗਾ ਤੇ ਸੈਰ ਕਰਨ ਨੂੰ ਪ੍ਰੇਰਤ ਕੀਤਾ। ਇਸ ਮੌਕੇ ਸੰਸਥਾ ਦੇ ਡਾਇਰੈਕਟਰ ਡਾ.ਜੀ.ਡੀ.ਗੁਪਤਾ, ਵਾਈਸ ਪ੍ਰਿੰਸੀਪਲ ਡਾ ਆਰ.ਕੇ.ਨਾਰੰਗ, ਡਾ. ਪੂਜਾ ਚਾਵਲਾ, ਡਾ. ਅਮਿਤ ਸਰਮਾ, ਡਾ. ਦਿਲਪ੍ਰੀਤ ਸਿੰਘ, ਇੰਜੀ.ਜਸਪ੍ਰੀਤ ਸਿੰਘ, ਸੀਮਾ ਬਰਾੜ ਤੇ ਹੋਰ ਟੀਚਰਾਂ ਤੇ ਵਿਦਿਆਰਥੀਆਂ ਨੇ ਹਿੱਸਾ ਲਿਆ।

**ਗਿੱਦੜਬਾਹਾ (ਜਸਵੰਤ ਗਿੱਲ)** : ਯੋਗਾ ਪਤੰਜਲੀ ਵੱਲੋਂ ਸੀਨੀਅਰ ਸਿਟੀਜਨਜ਼ ਦੇ ਸਹਿਯੋਗ ਨਾਲ ਅੰਤਰਰਾਸ਼ਟਰੀ ਯੋਗ ਦਿਵਸ ਮੰਡੀ ਵਾਲੇ ਪਾਰਕ ਵਿਚ ਧੂਮਧਾਮ ਨਾਲ ਮਨਾਇਆ ਗਿਆ। ਇਸ ਮੌਕੇ ਯੋਗ ਗੁਰੂ ਤੇ ਸੰਸਥਾ ਦੇ ਚੇਅਰਮੈਨ ਡਾ. ਕੇਵਲ ਕ੍ਰਿਸ਼ਨ ਸਿੰਗਲਾ ਵੱਲੋਂ ਹਾਜ਼ਰੀਨ ਨੂੰ


ਗਿੱਦੜਬਾਹਾ

ਯੋਗਾ ਆਸਨ ਕਰਾਉਣ ਤੋਂ ਇਲਾਵਾ ਯੋਗਾ ਦੇ ਲਾਭਾਂ ਬਾਰੇ ਵਿਸਥਾਰ ਸਹਿਤ ਜਾਣਕਾਰੀ ਦਿੱਤੀ। ਪ੍ਰਧਾਨ ਡਾ. ਸਵਰਨ ਲਤਾ ਸਿੰਗਲਾ, ਸ਼ਵੇਤਾ ਪਪਨੇਜਾ, ਰੇਸ਼ਮਾ ਜੈਨ, ਸੋਨੂੰ ਗਰਗ, ਨਿੱਕਾ ਗਰਗ, ਪ੍ਰੇਮ ਗਰਗ, ਵਿਸ਼ਾਲ ਕੁਮਾਰ, ਰਤਨ ਸੋਨੀ, ਨੇਹਾ ਰਾਣੀ, ਰਜਨੀ ਰਾਣੀ, ਪ੍ਰੋਮਿਲਾ ਰਾਣੀ, ਅੰਜਨਾ ਰਾਣੀ, ਆਸ਼ਾ ਗਰਗ, ਚੰਦਾ ਗਰਗ, ਰੂਬੀ ਬਾਂਸਲ, ਸ਼ੈਲੀ, ਕੈਲਾਸ਼ ਅਤੇ ਸੁਭਾਸ਼ ਆਦਿ ਵੀ ਮੌਜੂਦ ਸਨ।

**ਫ਼ਾਜ਼ਿਲਕਾ (ਨਿਸ਼ਾ ਸ਼ਰਮਾ)** : ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਦਿਸ਼ਾ ਨਿਰਦੇਸ਼ਾਂ ਤੇ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਅਤੇ ਮੈਡਮ ਜਤਿੰਦਰ ਕੌਰ, ਮਾਨਯੋਗ ਜ਼ਿਲ੍ਹਾ ਤੇ ਸੈਸ਼ਨਜ਼ ਜੱਜ ਦੀ ਰਹਿਨੁਮਾਈ ਹੇਠ ਜੁਡੀਸ਼ੀਅਲ ਕੋਰਟ ਕੰਪਲੈਕਸ ਵਿਖੇ ਅੰਤਰਰਾਸ਼ਟਰੀ ਯੋਗ ਦਿਵਸ ਮਨਾਇਆ ਗਿਆ। ਇਸ ਮੌਕੇ ਮੈਡਮ ਜਤਿੰਦਰ ਕੌਰ, ਸ਼੍ਰੀ ਜਗਮੋਹਨ ਸਿੰਘ ਸੰਘੇ ਮਾਨਯੋਗ ਵਧੀਕ ਜ਼ਿਲ੍ਹਾ ਤੇ ਸੈਸ਼ਨਜ਼ ਜੱਜ ਫ਼ਾਜ਼ਿਲਕਾ, ਸ਼੍ਰੀ ਪਰਵੀਨ ਸਿੰਘ, ਮਾਨਯੋਗ ਸਿਵਲ ਜੱਜ ਜੂਨੀਅਰ ਡਿਵੀਜ਼ਨ, ਫ਼ਾਜ਼ਿਲਕਾ ਦੇ ਨਾਲ ਜੁਡੀਸ਼ੀਅਲ ਕੋਰਟ ਕੰਪਲੈਕਸ ਦੇ ਸਟਾਫ਼ ਨੇ ਇਸ ਯੋਗ ਕੈਂਪ ਵਿੱਚ ਭਾਗ ਲਿਆ। ਇਸ ਕੈਂਪ ਵਿੱਚ ਅਚਾਰੀਆ ਸੀਤਾਰਾਮ ਵੱਲੋਂ ਯੋਗਾ ਕਰਾਇਆ ਗਿਆ। ਜਤਿੰਦਰ ਕੌਰ, ਮਾਨਯੋਗ ਜ਼ਿਲ੍ਹਾ ਤੇ ਸੈਸ਼ਨਜ਼ ਜੱਜ ਨੇ ਕਿਹਾ ਕਿ ਸਾਨੂੰ ਕੇਵਲ ਯੋਗ ਦਿਵਸ ਦਿਨ 'ਤੇ ਹੀ ਯੋਗਾ ਨਹੀਂ ਕਰਨਾ ਚਾਹੀਦਾ, ਬਲਕਿ ਨਿਯਮਿਤ ਤੌਰ 'ਤੇ ਰੋਜ਼ਾਨਾ ਯੋਗਾ ਕਰਨਾ ਚਾਹੀਦਾ ਹੈ, ਜਿਸ ਨਾਲ ਅਸੀਂ ਆਪਣੇ ਆਪ ਨੂੰ ਸਰੀਰਕ ਤੇ ਮਾਨਸਿਕ ਪੱਖੋਂ ਤੰਦਰੁਸਤ ਰੱਖ ਸਕਦੇ ਹਾਂ ਤੇ ਭਿਆਨਕ ਸਰੀਰਕ ਤੇ ਮਾਨਸਿਕ ਬਿਮਾਰੀਆਂ ਤੋਂ ਬਚ ਸਕਦੇ ਹਾਂ। ਅਚਾਰੀਆ ਸੀਤਾਰਾਮ ਨੇ ਕਿਹਾ ਕਿ ਜੇਕਰ ਅਸੀਂ ਯੋਗ ਨੂੰ ਰੋਜ਼ਾਨਾ ਜ਼ਿੰਦਗੀ ਦਾ ਹਿੱਸਾ ਬਣਾ ਲਈਏ ਤੇ ਨਿਯਮਤ ਰੂਪ ਵਿਚ ਯੋਗ ਕਰਦੇ ਰਹੀਏ ਤਾਂ ਜ਼ਿੰਦਗੀ ਵਿੱਚ ਕਦੇ ਬਿਮਾਰ ਜਾਂ ਲਾਚਾਰ ਨਹੀਂ ਹੋ ਸਕਦੇ।

# ਪੁਲਸ ਤੋਂ ਇਨਸਾਫ਼ ਨਾ ਮਿਲਦਾ ਦੇਖ ਥਾਣੇ ਕੋਲ ਨਿਗਲੀ ਜ਼ਹਿਰ

## ਮੌਤ ਹੋਣ 'ਤੇ ਵਾਰਿਸਾਂ ਵੱਲੋਂ ਥਾਣੇ ਅੱਗੇ ਪ੍ਰਦਰਸ਼ਨ

**ਬਠਿੰਡਾ (ਪਰਵਿੰਦਰਜੀਤ ਸਿੰਘ)**-ਕਰੀਬ ਇੱਕ ਮਹੀਨਾ ਪਹਿਲਾਂ ਘਰੋਂ ਚਲੀ ਗਈ ਲੜਕੀ ਨੂੰ ਲੱਭਣ ਲਈ ਪੁਲਸ ਕੋਲ ਗੁਹਾਰਾਂ ਲਾ-ਲਾ ਆਖਰ ਇਨਸਾਫ਼ ਨਾ ਮਿਲਦਾ ਦੇਖ ਨਗਰ ਦੇ ਦਲਿਤ ਭਾਈਚਾਰੇ ਦੇ ਇੱਕ ਵਿਅਕਤੀ ਨੇ ਥਾਣੇ ਕੋਲ ਹੀ ਅਨਾਜ ਮੰਡੀ 'ਚ ਇੱਕ ਗੱਡੀ 'ਚ ਬੈਠ ਕੇ ਕੀਟਨਾਸ਼ਕ ਦਵਾਈ ਪੀ ਲਈ, ਜਿਸਦੇ ਚੱਲਦਿਆਂ ਉਸਦੀ ਸਿਵਲ ਹਸਪਤਾਲ ਵਿੱਚ ਮੌਤ ਹੋ ਗਈ। ਉਧਰ ਮ੍ਰਿਤਕ ਦੇ ਵਾਰਿਸਾਂ ਨੇ ਜਦੋਂ ਥਾਣੇ ਅੱਗੇ ਆ ਕੇ ਪ੍ਰਦਰਸ਼ਨ ਆਰੰਭਿਆ ਤਾਂ ਥਾਣੇ ਵਿੱਚ ਏ.ਡੀ.ਜੀ.ਪੀ ਦੇ ਹਾਜ਼ਰ ਹੋਣ ਕਾਰਨ ਪੁਲਸ 'ਚ ਹੜਕੰਪ ਮੱਚ ਗਿਆ ਤੇ ਪੁਲਸ ਨੇ ਪ੍ਰਦਰਸ਼ਨਕਾਰੀਆਂ ਨੂੰ ਰੋਕ ਕੇ ਪਹਿਲਾਂ ਏ.ਡੀ.ਜੀ.ਪੀ ਦੇ ਕਾਫ਼ਲੇ ਨੂੰ ਥਾਣੇ 'ਚੋਂ ਕੱਢਿਆ। ਥਾਣੇ ਅੱਗੇ ਪ੍ਰਦਰਸ਼ਨ ਕਰ ਰਹੀਆਂ ਮ੍ਰਿਤਕ ਪਰਮਜੀਤ ਸਿੰਘ (48) ਪੁੱਤਰ ਮੈਂਗਲ ਸਿੰਘ ਦੀਆਂ ਭੈਣਾਂ ਵੀਰਪਾਲ ਕੌਰ ਤੇ ਹੋਰਨਾਂ ਨੇ ਦੱਸਿਆ ਕਿ ਪਿਛਲੇ ਮਹੀਨੇ ਪਰਮਜੀਤ ਸਿੰਘ ਦੀ ਨਾਬਾਲਗ ਲੜਕੀ ਅਮਨ ਕੌਰ ਨੂੰ ਚਰਨਜੀਤ ਸਿੰਘ ਨਾਮੀ ਇੱਕ ਵਿਅਕਤੀ ਵਰਗਲਾ ਕੇ ਲੈ ਗਿਆ, ਜਿਸ ਬਾਬਤ ਦਰਖਾਸਤ ਦੇਣ 'ਤੇ ਤਲਵੰਡੀ ਸਾਬੋ ਪੁਲਸ ਨੇ 11 ਮਈ ਨੂੰ ਰਿਪੋਰਟ ਦਰਜ ਕਰਨ ਦੇ ਬਾਵਜੂਦ ਉਨ੍ਹਾਂ ਨੂੰ ਲੱਭਣ ਲਈ ਕੋਈ ਯਤਨ ਨਹੀ ਕੀਤੇ। ਪ੍ਰਦਰਸ਼ਨਕਾਰੀਆਂ ਨੇ ਕਥਿਤ ਦੋਸ਼ ਲਾਏ ਕਿ ਪਰਮਜੀਤ ਸਿੰਘ ਵੱਲੋਂ ਵਾਰ-ਵਾਰ ਥਾਣੇ ਪਹੁੰਚ ਕੇ ਗੁਹਾਰ ਲਾਉਣ ਦੇ ਬਾਵਜੂਦ ਇਨਸਾਫ਼ ਨਾ ਮਿਲਦਾ ਦੇਖ ਆਖਰ ਉਸ ਨੇ ਥਾਣੇ ਸਾਹਮਣੇ ਅਨਾਜ ਮੰਡੀ 'ਚ ਇੱਕ ਗੱਡੀ 'ਚ ਬੈਠ ਕੇ ਸਪਰੇਅ ਪੀ ਲਈ ਅਤੇ ਹਸਪਤਾਲ ਵਿੱਚ ਇਲਾਜ ਦੌਰਾਨ ਉਸਦੀ ਮੌਤ ਹੋ ਗਈ। ਮ੍ਰਿਤਕ ਦੀਆਂ ਭੈਣਾਂ ਨੇ ਰੋਂਦਿਆਂ ਇਲਜ਼ਾਮ ਲਾਇਆ ਕਿ ਜੇਕਰ ਪੁਲਸ ਨੇ ਸਮੇਂ ਸਿਰ ਕਾਰਵਾਈ ਕੀਤੀ ਹੁੰਦੀ ਤਾਂ ਅੱਜ ਉਨ੍ਹਾਂ ਦਾ ਭਾਈ ਜਿਊਂਦਾ ਹੁੰਦਾ। ਬਾਅਦ ਵਿੱਚ ਮ੍ਰਿਤਕ ਦੀ ਇੱਕ ਵੀਡੀਓ ਵੀ ਸਾਹਮਣੇ ਆਈ ਹੈ, ਜਿਸ ਵਿੱਚ ਉਹ ਸਪਰੇਅ ਪੀਂਦਿਆਂ ਆਪਣੀ ਮੌਤ ਹੋਣ 'ਤੇ ਜ਼ਿੰਮੇਵਾਰ ਪ੍ਰਸ਼ਾਸਨ ਨੂੰ ਦੱਸ ਰਿਹਾ ਹੈ। ਉਧਰ ਥਾਣੇ ਵਿੱਚ ਏ.ਡੀ.ਜੀ.ਪੀ ਬਠਿੰਡਾ ਰੇਂਜ ਐੱਸ.ਪੀ.ਐੱਸ.ਪਰਮਾਰ ਦੇ ਜ਼ਿਲ੍ਹਾ ਪੁਲਸ ਮੁਖੀ ਬਠਿੰਡਾ ਗੁਲਨੀਤ ਸਿੰਘ ਖੁਰਾਣਾ ਸਮੇਤ ਪੁੱਜੇ ਹੋਣ ਕਾਰਨ ਪ੍ਰਦਰਸ਼ਨ ਕਾਰਨ ਪੁਲਸ 'ਚ ਹੜਕੰਪ ਮੱਚ ਗਿਆ। ਡੀ.ਐੱਸ.ਪੀ ਬੂਟਾ ਸਿੰਘ ਗਿੱਲ ਨੇ ਸਥਿਤੀ ਨੂੰ ਸੰਭਾਲਦਿਆਂ ਪੀੜਤਾਂ ਦੀ ਐੱਸ.ਐੱਸ.ਪੀ ਬਠਿੰਡਾ ਗੁਲਨੀਤ ਸਿੰਘ ਖੁਰਾਣਾ ਨਾਲ ਮੁਲਾਕਾਤ ਕਰਵਾਈ ਤੇ ਮ੍ਰਿਤਕ ਦੀ ਪਤਨੀ ਦੇ ਬਿਆਨਾਂ ਤੇ ਪੁਲਸ ਵੱਲੋਂ ਨਗਰ ਦੇ ਇੱਕ ਸਾਬਕਾ ਕੌਂਸਲਰ ਗੁਰਚਰਨ ਸਿੰਘ ਸਮੇਤ ਕੁੱਲ ਅੱਠ ਜਣਿਆਂ ਖਿਲਾਫ ਮ੍ਰਿਤਕ ਨੂੰ ਖੁਦਕੁਸ਼ੀ ਲਈ ਮਜਬੂਰ ਕਰਨ ਦੇ ਕਥਿਤ ਦੋਸ਼ਾਂ ਤਹਿਤ ਮਾਮਲਾ ਦਰਜ ਕਰ ਲਿਆ ਹੈ।

ਡੀ.ਐੱਸ.ਪੀ ਬੂਟਾ ਸਿੰਘ ਅਨੁਸਾਰ ਲੜਕੀ ਦੀ ਭਾਲ ਲਈ ਪਹਿਲਾਂ ਵੀ ਛਾਪੇਮਾਰੀ ਨਿਰੰਤਰ ਜਾਰੀ ਸੀ, ਹੁਣ ਪੁਲਸ ਪਾਰਟੀਆਂ ਬਣਾ ਕੇ ਛਾਪੇਮਾਰੀ ਆਰੰਭ ਦਿੱਤੀ ਹੈ ਅਤੇ ਜਲਦ ਸਾਰੇ ਕਥਿਤ ਦੋਸੀਆਂ ਨੂੰ ਕਾਬੂ ਕਰ ਲਿਆ ਜਾਵੇਗਾ।



ਪ੍ਰਦਰਸ਼ਨਕਾਰੀਆਂ ਨੂੰ ਸਮਝਾਉਂਦੇ ਡੀ.ਐੱਸ.ਪੀ ਗਿੱਲ।

# ਸੰਗਤਪੁਰ ਸੋਢੀਆਂ 'ਚ ਅੰਮ੍ਰਿਤ ਸਰੋਵਰ ਦਾ ਕੰਮ ਸ਼ੁਰੂ ਕਰਾਇਆ



**ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਵਿਧਾਇਕ ਲਖਵੀਰ ਸਿੰਘ ਰਾਏ ਵੱਲੋਂ ਪਿੰਡ ਸੰਗਤਪੁਰ ਸੋਢੀਆਂ ਵਿਖੇ ਅੰਮ੍ਰਿਤ ਸਰੋਵਰ ਦਾ ਕੰਮ ਸ਼ੁਰੂ ਕਰਾਇਆ ਗਿਆ। ਵਿਧਾਇਕ ਲਖਵੀਰ ਸਿੰਘ ਰਾਏ ਨੇ ਸੰਬੋਧਨ ਕਰਦਿਆਂ ਕਿਹਾ ਕਿ ਸਰਕਾਰ ਪਿੰਡਾਂ ਵਿੱਚ ਸ਼ਹਿਰਾਂ ਵਰਗੀਆਂ ਸਹੂਲਤਾਂ ਮੁਹੱਈਆ ਕਰਾਉਣ ਲਈ ਵਚਨਬੱਧ ਹੈ, ਜਿਸ ਤਹਿਤ ਪਿੰਡਾਂ ਦੇ ਵਿਕਾਸ ਕਾਰਜ ਜੰਗੀ ਪੱਧਰ 'ਤੇ ਕਰਾਏ ਜਾ ਰਹੇ ਹਨ। ਇਸੇ ਤਰ੍ਹਾਂ ਸੰਗਤਪੁਰ ਸੋਢੀਆਂ ਵਿਖੇ ਗੰਦੇ ਪਾਣੀ ਦੀ ਨਿਕਾਸੀ ਦੇ ਲਈ ਅੰਮ੍ਰਿਤ ਸਰੋਵਰ ਤਿਆਰ ਕੀਤਾ ਜਾ ਰਿਹਾ ਹੈ, ਜਿਸ ਵਿੱਚ ਨਿਕਾਸੀ ਦਾ ਪਾਣੀ ਪਾਇਆ ਜਾਵੇਗਾ। ਉਸ ਨਾਲ ਜਿੱਥੇ ਪਿੰਡ ਦਾ ਆਲਾ-ਦੁਆਲਾ ਸਾਫ਼ ਹੋਵੇਗਾ, ਉੱਥੇ ਹੀ ਪਾਣੀ ਧਰਤੀ ਵਿੱਚ ਸਮਾਏਗਾ। ਬਰਸਾਤਾਂ ਦੌਰਾਨ ਵੀ ਪਾਣੀ ਗਲੀਆਂ ਦੇ ਵਿੱਚ ਨਹੀਂ ਘੁੰਮੇਗਾ। ਪਾਈਪ ਲਾਇਨ ਰਾਹੀਂ ਪਾਣੀ ਅੰਮ੍ਰਿਤ ਸਰੋਵਰ ਤੱਕ ਜਾਵੇਗਾ। ਇਸ ਦਾ ਪਿੰਡ ਵਾਸੀਆਂ ਨੂੰ ਵਧੇਰੇ ਲਾਭ ਹੋਵੇਗਾ। ਉਨ੍ਹਾਂ ਦੱਸਿਆ ਕਿ ਉਹ ਪਿੰਡ ਸਿੱਧੂਪੁਰ ਵਿਖੇ ਵੀ ਗਏ, ਉੱਥੇ ਮੁਸਲਮਾਨ ਭਾਈਚਾਰੇ ਦੇ ਕਬਰ ਸਥਾਨ ਦਾ ਜਾਇਜ਼ਾ ਲਿਆ। ਉਨ੍ਹਾਂ ਦੇ ਕਬਰ ਸਥਾਨ ਦਾ ਨਵੀਨੀਕਰਨ ਕਰਾਉਣ ਦੇ ਲਈ ਵਿਚਾਰ-ਵਟਾਂਦਰਾ ਚੱਲ ਰਿਹਾ ਹੈ। ਜਲਦ ਹੀ ਉਸ ਦੀ ਹਾਲਤ ਸੁਧਾਰੀ ਜਾਵੇਗੀ। ਇਸ ਮੌਕੇ ਹੋਰਨਾਂ ਤੋਂ ਇਲਾਵਾ ਨਾਹਰ ਸਿੰਘ ਆਦਮਪੁਰ, ਸਤੀਸ਼ ਕੁਮਾਰ ਲਟੋਰ, ਸੁਰੇਸ਼ ਕੁਮਾਰ ਬੰਟੀ, ਸਰਪੰਚ ਰੁਪਿੰਦਰ ਕੌਰ, ਸੰਤੂ ਨੰਬਰਦਾਰ ਹਰਵਿੰਦਰ ਸਿੰਘ ਸੋਢੀ, ਬਲਬੀਰ ਸਿੰਘ ਸਿੱਧੂਪੁਰ, ਕੁਲਦੀਪ ਸਿੰਘ ਸਿੱਧੂਪੁਰ ਤੇ ਇੰਦਰਜੀਤ ਸਿੰਘ ਸਾਨੀਪੁਰ ਆਦਿ ਵੀ ਹਾਜ਼ਰ ਸਨ।

# ਤੇਜ਼ਧਾਰ ਹਥਿਆਰਾਂ ਨਾਲ ਜ਼ਖ਼ਮੀ ਕੀਤੇ ਨੌਜਵਾਨ ਦੀ ਇਲਾਜ ਦੌਰਾਨ ਮੌਤ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**

ਦੇਰ ਰਾਤ ਪਿੰਡ ਖੇੜੀ ਭਾਈ ਕੀ ਵਿਖੇ ਤੇਜ਼ਧਾਰ ਹਥਿਆਰਾਂ ਨਾਲ ਹਮਲਾ ਕਰਕੇ ਗੰਭੀਰ ਜ਼ਖ਼ਮੀ ਕੀਤੇ ਗਏ ਨੌਜਵਾਨ ਦੀ ਚੰਡੀਗੜ੍ਹ ਵਿਖੇ ਇਲਾਜ ਦੌਰਾਨ ਮੌਤ ਹੋ ਜਾਣ ਦਾ ਸਮਾਚਾਰ ਹੈ। ਡੀ.ਐਸ.ਪੀ. ਸਬ ਡਵੀਜ਼ਨ ਬਸੀ ਪਠਾਣਾਂ ਅਮਰਪ੍ਰੀਤ ਸਿੰਘ ਨੇ ਦੱਸਿਆ ਕਿ ਪੁਲਸ ਨੂੰ ਸੂਚਨਾ ਮਿਲੀ ਸੀ ਕਿ ਪਿੰਡ ਖੇੜੀ ਭਾਈ ਕੀ ਦੇ ਬਲਜਿੰਦਰ ਸਿੰਘ ਨੂੰ 6/7 ਵਿਅਕਤੀਆਂ ਨੇ ਤੇਜ਼ਧਾਰ ਹਥਿਆਰਾਂ ਨਾਲ ਹਮਲਾ ਕਰਕੇ ਗੰਭੀਰ ਜ਼ਖ਼ਮੀ ਕਰ ਦਿੱਤਾ ਹੈ, ਜਿਸ ਨੂੰ ਇਲਾਜ ਲਈ ਸੈਕਟਰ 32 ਹਸਪਤਾਲ ਚੰਡੀਗੜ੍ਹ ਵਿਖੇ ਦਾਖਲ ਕਰਾਇਆ ਗਿਆ ਹੈ, ਜਿਸ ਦੇ ਸਬੰਧ 'ਚ ਥਾਣਾ ਬਡਾਲੀ ਆਲਾ ਸਿੰਘ ਦੀ ਪੁਲਿਸ ਵੱਲੋਂ ਅਣਪਛਾਤਿਆਂ ਸਣੇ ਗੁਰਪ੍ਰੀਤ ਸਿੰਘ, ਕੁਲਵੀਰ ਸਿੰਘ ਤੇ ਗੁਰਪ੍ਰੀਤ ਸਿੰਘ ਨਾਮਕ ਵਿਅਕਤੀਆਂ ਵਿਰੁੱਧ ਅ/ਧ 307 ਆਈ.ਪੀ.ਸੀ. ਤਹਿਤ ਮੁਕੱਦਮਾ ਦਰਜ ਕਰਕੇ ਮਾਮਲੇ ਦੀ ਤਫ਼ਤੀਸ਼ ਸ਼ੁਰੂ ਕਰ ਦਿੱਤੀ ਗਈ, ਪਰ ਇਲਾਜ ਦੌਰਾਨ ਬਲਜਿੰਦਰ ਸਿੰਘ ਦੀ ਮੌਤ ਹੋ ਜਾਣ 'ਤੇ ਹੁਣ ਮਾਮਲੇ 'ਚ ਅ/ਧ 302 ਆਈ.ਪੀ.ਸੀ. ਦਾ ਵਾਧਾ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਦੋਸ਼ੀਆਂ ਦੀ ਭਾਲ ਜਾਰੀ ਹੈ ਤੇ ਜਲਦ ਹੀ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ ਜਾਵੇਗਾ। ਪੀੜਤ ਪਰਵਾਰ ਦੇ ਗਵਾਂਢ 'ਚ ਰਹਿੰਦੇ ਇੱਕ ਵਿਅਕਤੀ ਨੇ ਦੱਸਿਆ ਕਿ ਮ੍ਰਿਤਕ ਬਲਜਿੰਦਰ ਸਿੰਘ ਉਰਫ਼ ਬੰਟਾ ਜੋ ਸ਼ਾਦੀਸ਼ੁਦਾ ਸੀ ਤੇ 5 ਸਾਲਾ ਬੱਚੇ ਦਾ ਪਿਤਾ ਸੀ, ਕਾਫੀ ਸਾਊ ਸੁਭਾਅ ਦਾ ਨੌਜਵਾਨ ਸੀ, ਜੋ ਮਿਹਨਤ ਮਜ਼ਦੂਰੀ ਕਰਕੇ ਆਪਣੇ ਪਰਵਾਰ ਨੂੰ ਪਾਲ ਰਿਹਾ ਸੀ, ਜਿਸ ਨੇ ਕੁਝ ਦਿਨ ਪਹਿਲਾਂ ਹੀ ਪਿੰਡ ਦੇ ਕੁਝ ਬਦਮਾਸ਼ ਕਿਸਮ ਦੇ ਨੌਜਵਾਨਾਂ ਨੂੰ ਉਸਦੇ ਘਰ ਅੱਗੇ ਬੈਠ ਕੇ ਨਸ਼ਾ ਪੱਤਾ ਕਰਨ ਤੋਂ ਰੋਕਿਆ ਸੀ ਤੇ ਉਸੇ ਦਿਨ ਤੋਂ ਉਕਤ ਨੌਜਵਾਨ ਵਾਰ-ਵਾਰ ਉਸ ਨੂੰ ਸਬਕ ਸਿਖਾਉਣ ਦੀਆਂ ਧਮਕੀਆਂ ਦੇ ਰਹੇ ਸਨ, ਜਿਨ੍ਹਾਂ ਨੇ ਬੀਤੀ ਰਾਤ ਕਰੀਬ 11 ਵਜੇ ਉਸਦੇ ਘਰ ਅੱਗੇ ਆ ਲਲਕਾਰੇ ਮਾਰਨੇ ਸ਼ੁਰੂ ਕਰ ਦਿੱਤੇ ਤੇ ਬਲਜਿੰਦਰ ਸਿੰਘ ਉਰਫ ਬੰਟਾ ਜਿਵੇਂ ਵੀ ਆਵਾਜ਼ਾਂ ਸੁਣ ਕੇ ਬਾਹਰ ਨਿਕਲਿਆ ਤਾਂ ਤੇਜ਼ਧਾਰ ਹਥਿਆਰਾਂ ਨਾਲ ਲੈੱਸ ਹਮਲਾਵਰਾਂ ਨੇ ਹਮਲਾ ਕਰਕੇ ਉਸਨੂੰ ਗੰਭੀਰ ਜ਼ਖ਼ਮੀ ਕਰ ਦਿੱਤਾ, ਜਿਸ ਨੂੰ ਪਿੰਡ ਵਾਸੀਆਂ ਵੱਲੋਂ ਚੁੱਕ ਕੇ ਪਹਿਲਾਂ ਖੇੜਾ ਦੇ ਹਸਪਤਾਲ 'ਚ ਲਿਜਾਇਆ ਗਿਆ, ਜਿੱਥੇ ਡਾਕਟਰਾਂ ਨੇ ਉਸਦੀ ਹਾਲਤ ਗੰਭੀਰ ਦੇਖਦਿਆਂ ਉਸਨੂੰ ਚੰਡੀਗੜ੍ਹ ਰੈਫਰ ਕਰ ਦਿੱਤਾ, ਜਿੱਥੇ ਉਸਦੀ ਮੌਤ ਹੋ ਗਈ।



ਬਲਜਿੰਦਰ ਸਿੰਘ ਬੰਟਾ ਦੀ ਫਾਈਲ ਫੋਟੋ।

## ਕਾਤਰਾਂ

### ਪਸ਼ੂਆਂ 'ਚ ਗਲ਼ਘੋਟੂ ਬਿਮਾਰੀ ਦੀ ਰੋਕਥਾਮ ਵਾਸਤੇ ਟੀਕਾਕਰਨ ਕੈਂਪ

**ਸ੍ਰੀ ਮੁਕਤਸਰ (ਸ਼ਮਿੰਦਰਪਾਲ, ਪੂਜਾ)**-ਟਿੱਬੀ ਸਾਹਿਬ ਰੋਡ ਗਊਸ਼ਾਲਾ ਵਿਖੇ ਪਸ਼ੂ ਪਾਲਨ ਵਿਭਾਗ ਦੇ ਡਿਪਟੀ ਡਾਇਰੈਕਟਰ ਡਾ. ਗੁਰਦਿੱਤ ਸਿੰਘ ਔਲਖ ਤੇ ਸੀਨੀਅਰ ਵੈਟਰਨਿਰੀ ਅਫਸਰ ਡਾ. ਕੇਵਲ ਸਿੰਘ ਦੀਆਂ ਹਦਾਇਤਾਂ ਤੇ ਵਿਭਾਗ ਵੱਲੋਂ ਪਸ਼ੂਆਂ 'ਚ ਗੱਲ ਘੋਟੂ ਬਿਮਾਰੀ ਦੀ ਰੋਕਥਾਮ ਵਾਸਤੇ ਟੀਕਾਕਰਣ ਕੈਂਪ ਲਾਇਆ ਗਿਆ। ਇਸ ਦੌਰਾਨ ਵਿਭਾਗ ਵੱਲੋਂ ਡਾ. ਅਮਰਿੰਦਰ ਗੀਤ ਬਰਾੜ ਤੇ ਉਨ੍ਹਾਂ ਦੀ ਟੀਮ ਚ ਸ਼ਾਮਲ ਵੈਟਰਨਿਰੀ ਇੰਸਪੈਕਟਰ ਜਸਵਿੰਦਰ ਸਿੰਘ, ਸ਼ੇਰਬਾਜ ਸਿੰਘ, ਜੀਵਨ ਸਿੰਘ, ਕੁਲਵਿੰਦਰ ਸਿੰਘ, ਰਾਕੇਸ਼ ਖੰਨਾ ਆਦਿ ਨੇ ਪਸ਼ੂਆਂ ਦਾ ਟੀਕਾਕਰਣ ਕੀਤਾ ਤੇ ਪਸ਼ੂਆਂ ਨੂੰ ਗਲ਼ਘੋਟੂ ਬਿਮਾਰੀ ਦੀ ਰੋਕਥਾਮ ਸਬੰਧੀ ਜਾਣਕਾਰੀ ਦਿੱਤੀ। ਗਊਸ਼ਾਲਾ ਕਮੇਟੀ ਦੇ ਪ੍ਰਧਾਨ ਅਮ੍ਰਿਤ ਲਾਲ ਖੁਰਾਣਾ ਨੇ ਵਿਭਾਗ ਦੀ ਟੀਮ ਦਾ ਕੈਂਪ ਲਾ ਕੇ ਪਸ਼ੂਆਂ ਦਾ ਟੀਕਾਕਰਣ ਕਰਨ ਤੇ ਧੰਨਵਾਦ ਕੀਤਾ ਤੇ ਗਊਸ਼ਾਲਾ ਕਮੇਟੀ ਵੱਲੋਂ ਕੀਤੀਆਂ ਜਾ ਰਹੀਆਂ ਗਤੀਵਿਧੀਆਂ ਤੋਂ ਜਾਣੂ ਕਰਾਇਆ।

### ਯੂਥ ਅਕਾਲੀ ਦਲ ਦੇ ਪ੍ਰਧਾਨ ਝਿੰਜਰ ਦਾ ਸਨਮਾਨ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਸ਼੍ਰੋਮਣੀ ਅਕਾਲੀ ਦਲ ਯੂਥ ਵਿੰਗ ਦੇ ਨਵੇਂ ਬਣੇ ਪ੍ਰਧਾਨ ਸਰਬਜੀਤ ਸਿੰਘ ਝਿੰਜਰ ਦਾ ਆਗੂਆਂ ਵੱਲੋਂ ਸਨਮਾਨ ਕੀਤਾ ਗਿਆ। ਸੀਨੀਅਰ ਅਕਾਲੀ ਆਗੂ ਹਰਜਤਿੰਦਰ ਸਿੰਘ ਬਾਜਵਾ ਤੇ ਬਲਾਕ ਸੰਮਤੀ ਮੈਂਬਰ ਹਰਜੋਤ ਸਿੰਘ ਮਾਂਗਟ ਨੇ ਦੱਸਿਆ ਕਿ ਨੌਜਵਾਨ ਆਗੂ ਸਰਬਜੀਤ ਸਿੰਘ ਦੀ ਨਿਯੁਕਤੀ ਨਾਲ ਪਾਰਟੀ ਨੂੰ ਹੋਰ ਹੁਲਾਰਾ ਮਿਲੇਗਾ। ਉਨ੍ਹਾਂ ਕਿਹਾ ਕਿ ਪ੍ਰਧਾਨ ਝਿੰਜਰ ਵਲੋਂ ਪਾਰਟੀ ਦੀ ਮਜ਼ਬੂਤੀ ਲਈ ਵੱਧ ਤੋਂ ਵੱਧ ਨੌਜਵਾਨਾਂ ਨੂੰ ਲਾਮਬੰਦ ਕਰਕੇ ਜੋੜਿਆ ਜਾਵੇਗਾ ਤਾਂ ਜੁ ਅਕਾਲੀ ਦਲ ਹੋਰ ਮਜ਼ਬੂਤ ਹੋ ਸਕੇ। ਉਕਤ ਆਗੂਆਂ ਵੱਲੋਂ ਪ੍ਰਧਾਨ ਸਰਬਜੀਤ ਸਿੰਘ ਨੂੰ ਸਿਰੋਪਾਓ ਤੇ ਕ੍ਰਿਪਾਨ ਭੇਟ ਕਰਕੇ ਸਨਮਾਨਤ ਵੀ ਕੀਤਾ ਗਿਆ। ਇਸ ਮੌਕੇ ਹਰਿੰਦਰ ਸਿੰਘ ਧੱਪੀ, ਹਰਪ੍ਰੀਤ ਸਿੰਘ ਰਿਚੀ, ਰਣਦੀਪ ਸਿੰਘ ਰਾਏ ਤੇ ਪਰਮਿੰਦਰ ਸਿੰਘ ਸੋਮਲ ਵੀ ਮੌਜੂਦ ਸਨ।

### ਯੁਵਕਾਂ ਦੀ ਫ਼ਿਜ਼ੀਕਲ ਤੇ ਲਿਖਤੀ ਪੇਪਰ ਦੀ ਮੁਫ਼ਤ ਤਿਆਰੀ ਲਈ ਕੈਂਪ ਸ਼ੁਰੂ

**ਫ਼ਾਜ਼ਿਲਕਾ (ਨਿਸ਼ਾ ਸ਼ਰਮਾ)**-ਸੀ-ਪਾਈਟ ਕੈਂਪ, ਹਕੂਮਤ ਸਿੰਘ ਵਾਲਾ (ਫ਼ਿਰੋਜ਼ਪੁਰ) ਦੇ ਕੈਂਪ ਇੰਚਾਰਜ ਸ੍ਰੀ ਦਵਿੰਦਰ ਪਾਲ ਸਿੰਘ ਨੇ ਕਿਹਾ ਕਿ ਸੀ-ਪਾਈਟ ਕੈਂਪ, ਹਕੂਮਤ ਸਿੰਘ ਵਾਲਾ ਵਿਖੇ ਫ਼ਿਰੋਜ਼ਪੁਰ, ਫ਼ਾਜ਼ਿਲਕਾ, ਮੁਕਤਸਰ, ਫ਼ਰੀਦਕੋਟ ਤੇ ਮੋਗਾ ਜ਼ਿਲ੍ਹੇ ਦੇ ਜੋ ਯੁਵਕ ਫੌਜ, ਸੀ.ਆਰ.ਪੀ.ਐਫ਼, ਬੀ.ਐਸ.ਐਫ਼, ਨੇਵੀ, ਏਅਰ ਫੋਰਸ (ਸੀ.ਏ.ਪੀ.ਐਫ) ਅਤੇ ਸਟੇਟ ਪੁਲਸ ਫੋਰਸ ਆਦਿ ਵਿੱਚ ਭਰਤੀ ਹੋਣਾ ਚਾਹੁੰਦੇ ਹਨ। ਉਨ੍ਹਾਂ ਯੁਵਕਾਂ ਨੂੰ ਫ਼ਿਜ਼ੀਕਲ ਤੇ ਲਿਖਤੀ ਪੇਪਰ ਦੀ ਤਿਆਰੀ ਬਿਲਕੁਲ ਮੁਫ਼ਤ ਕਰਾਈ ਜਾਵੇਗੀ। ਉਹ ਯੁਵਕ ਜਲਦੀ ਤੋਂ ਜਲਦੀ ਸਵੇਰੇ 7:30 ਵਜੇ ਤੋਂ 11 ਵਜੇ ਤੱਕ (ਸੋਮਵਾਰ ਤੋਂ ਸ਼ੁੱਕਰਵਾਰ ਤੱਕ) ਸੀ-ਪਾਈਟ ਕੈਂਪ, ਹਕੂਮਤ ਸਿੰਘ ਵਾਲਾ (ਫ਼ਿਰੋਜ਼ਪੁਰ) ਵਿਖੇ ਆਉਣ ਸਮੇਂ ਦਸਤਾਵੇਜ਼ ਜਿਵੇਂ ਆਨਲਾਈਨ ਰਜਿਸਟ੍ਰੇਸ਼ਨ ਦੀ ਇੱਕ ਕਾਪੀ, ਰਿਜਲਟ ਦੀ ਇੱਕ ਕਾਪੀ, ਦਸਵੀਂ ਦਾ ਅਸਲ ਸਰਟੀਫਿਕੇਟ, ਦਸਵੀਂ ਦੇ ਸਰਟੀਫਿਕੇਟ ਦੀ ਫੋਟੋ ਸਟੇਟ ਕਾਪੀ, ਜੋ ਯੁਵਕ 10+2 ਪਾਸ ਹਨ, ਉਹ 10+2 ਸਰਟੀਫਿਕੇਟ ਦੀ ਫੋਟੋ ਸਟੇਟ ਕਾਪੀ, ਪੰਜਾਬ ਰੈਜੀਡੈਂਸ ਦੀ ਫੋਟੋ ਸਟੇਟ ਕਾਪੀ, ਜਾਤਿ ਦੇ ਸਰਟੀਫਿਕੇਟ ਦੀ ਫੋਟੋ ਸਟੇਟ ਕਾਪੀ, ਆਧਾਰ ਕਾਰਡ ਦੀ ਫੋਟੋ ਸਟੇਟ ਕਾਪੀ, ਬੈਂਕ ਖਾਤੇ ਦੀ ਫੋਟੋ ਸਟੇਟ ਕਾਪੀ ਤੇ ਖਾਤਾ ਚਾਲੂ ਹਾਲਤ ਵਿੱਚ ਹੋਵੇ ਤੇ ਇੱਕ ਪਾਸਪੋਰਟ ਸਾਈਜ਼ ਦੀ ਫੋਟੋ, ਇੱਕ ਕਾਪੀ ਇੱਕ ਪੈੱਨ, ਖਾਣਾ ਖਾਣ ਲਈ ਬਰਤਨ, ਰਹਿਣ ਲਈ ਬਿਸਤਰਾ ਆਦਿ ਨਾਲ ਲੈ ਕੇ ਆਉਣ।

### ਰੇਲਵੇ ਸੇਵਾਵਾਂ ਦਾ ਵਿਸਥਾਰ ਮੇਰੀ ਪਹਿਲ : ਸੁਨੀਤਾ ਦੁੱਗਲ

**ਸਿਰਸਾ (ਸੁਰਿੰਦਰ ਪਾਲ ਸਿੰਘ)**-ਸੰਸਦ ਮੈਂਬਰ ਸੁਨੀਤਾ ਦੁੱਗਲ ਨੇ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਚਲਾਈਆਂ ਜਾ ਰਹੀਆਂ ਸਕੀਮਾਂ ਦਾ ਲਾਭ ਲੋਕਾਂ ਨੂੰ ਪਾਰਦਰਸ਼ੀ ਢੰਗ ਨਾਲ ਮਿਲ ਰਿਹਾ ਹੈ।ਉਨ੍ਹਾਂ ਕਿਹਾ ਕਿ ਉਹ ਸਿਰਸਾ ਦੇ ਵਿਕਾਸ ਕਾਰਜਾਂ ਨੂੰ ਉਹ ਕੇਂਦਰ ਵਿੱਚ ਰੱਖਣਗੇ।ਸੰਸਦ ਮੈਂਬਰ ਦੁਗਲ ਨੇ ਕਿਹਾ ਕਿ ਇਸ ਤੋਂ ਪਹਿਲਾਂ ਕਿਸੇ ਨੇ ਸਿਰਸਾ ਖੇਤਰ ਦੇ ਰੇਲਵੇ ਦੇ ਵਿਕਾਸ ਬਾਰੇ ਸੋਚਿਆ ਵੀ ਨਹੀਂ ਸੀ ਤੇ ਸਿਰਸਾ ਰੇਲਵੇ ਦੇ ਮਾਮਲੇ ਵਿੱਚ ਮੋਹਰੀ ਬਣ ਗਿਆ ਹੈ ਤੇ ਸਿਰਸਾ ਰੇਲਵੇ ਸਟੇਸ਼ਨ ਦੀ ਪਛਾਣ ਤਹਿਤ ਰੇਲਵੇ ਸਟੇਸ਼ਨ ਦਾ ਨਵੀਨੀਕਰਨ ਕੀਤਾ ਜਾ ਰਿਹਾ ਹੈ। ਉਨ੍ਹਾਂ ਦੀ ਕੋਸ਼ਿਸ਼ ਹੈ ਕਿ ਸਿਰਸਾ ਨੂੰ ਚੰਡੀਗੜ੍ਹ ਨਾਲ ਰੇਲਵੇ ਰਾਹੀਂ ਜੋੜਿਆ ਜਾਵੇ। ਇਸ ਦੇ ਲਈ ਉਹ ਲਗਾਤਾਰ ਯਤਨਸ਼ੀਲ ਹਨ।ਉਨ੍ਹਾਂ ਕਿਹਾ ਕਿ ਸਿਰਸਾ ਮੈਡੀਕਲ ਕਾਲਜ ਦੀ ਉਸਾਰੀ ਜਲਦੀ ਸ਼ੁਰੂ ਹੋਣ ਨਾਲ ਸਿਰਸਾ ਤੇ ਆਸ-ਪਾਸ ਦੇ ਲੋਕਾਂ ਨੂੰ ਫ਼ਾਇਦਾ ਹੋਵੇਗਾ।ਉਨ੍ਹਾਂ ਦੱਸਿਆ ਕਿ ਆਸ਼ਾ ਖੇੜਾ, ਤੇਜਾ ਖੇੜਾ ਤੇ ਚੌਟਾਲਾ ਪਿੰਡਾਂ ਵਿੱਚ ਫੂਡ ਪ੍ਰੋਸੈਸਿੰਗ ਪਾਰਕ ਬਣਾਏ ਜਾ ਰਹੇ ਹਨ।ਇਸ ਦਾ ਜਿੱਥੇ ਕਿਸਾਨਾਂ ਨੂੰ ਫਾਇਦਾ ਹੋਵੇਗਾ, ਉੱਥੇ ਨੌਜਵਾਨਾਂ ਨੂੰ ਰੁਜ਼ਗਾਰ ਦੇ ਮੌਕੇ ਮਿਲਣਗੇ।

# ਫੂਡ ਸਪਲਾਈ ਅਫਸਰਾਂ ਵੱਲੋਂ ਸਮੇਂ ਸਿਰ ਦਫਤਰ 'ਚ ਨਾ ਹੋਣ 'ਤੇ ਲੋਕ ਹੋ ਰਹੇ ਪ੍ਰੇਸ਼ਾਨ



**ਮਲੋਟ (ਓਮ ਪ੍ਰਕਾਸ਼ ਸ਼ੇਖੂ)**

ਪੰਜਾਬ 'ਚ ਬਣੀ ਆਮ ਆਦਮੀ ਪਾਰਟੀ ਦੀ ਸਰਕਾਰ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਪੰਜਾਬ ਦੇ ਲੋਕਾਂ ਦੀ ਸਹੂਲਤਾਂ ਲਈ ਆਏ ਦਿਨ ਨਵੇਂ ਤੋਂ ਨਵੇਂ ਐਲਾਨ ਕੀਤੇ ਜਾ ਰਹੇ ਹਨ। ਉਨ੍ਹਾਂ ਵੱਲੋਂ ਗਰਮੀ ਨੂੰ ਧਿਆਨ ਵਿੱਚ ਰੱਖਦੇ ਹੋਏ ਪੂਰੇ ਪੰਜਾਬ ਵਿੱਚ ਸਰਕਾਰੀ ਦਫਤਰਾਂ ਦੇ ਅਫਸਰਾਂ ਦੇ ਆਉਣ ਦਾ ਸਮਾਂ ਸਵੇਰੇ ਸਾਢੇ 7 ਵਜੇ ਤੋਂ ਦੁਪਹਿਰ 2:30 ਵਜੇ ਤੱਕ ਕਰ ਦਿੱਤਾ ਹੈ ਤਾਂ ਜੁ ਆਮ ਲੋਕ ਸਮੇਂ ਸਿਰ ਜ਼ਰੂਰੀ ਕੰਮ ਨਬੇੜ ਕੇ ਸਮੇਂ ਸਿਰ ਆਪਣੇ ਘਰ ਪਹੁੰਚ ਜਾਣ। ਪ੍ਰੰਤੂ ਪੰਜਾਬ ਅਤੇ ਕੇਂਦਰ ਸਰਕਾਰ ਦਾ ਅਹਿਮ ਅਦਾਰਾ ਫੂਡ ਸਪਲਾਈ ਦੇ ਅਫਸਰ ਸਰਕਾਰੀ ਹੁਕਮਾਂ ਨੂੰ ਟਿੱਚ ਜਾਣਦੇ ਹੋਏ ਹੁਕਮਾਂ ਦੀ ਉਲੰਘਣਾ ਕਰਦੇ ਹੋਏ ਨਜ਼ਰ ਆਏ।

ਇਸ ਮੌਕੇ ਪ੍ਰਦੀਪ ਕੁਮਾਰ ਵਾਸੀ ਏਕਤਾ ਨਗਰ, ਸੁਰਿੰਦਰ ਸਿੰਘ ਕਾਲੜਾ ਡਿਪੂ ਹੋਲਡਰ ਨੇ ਕਿਹਾ ਕਿ ਸ਼ਹਿਰ ਵਿੱਚ ਸਥਿਤ ਫੂਡ ਸਪਲਾਈ ਦਫਤਰ ਦੇ ਅਫਸਰ ਜਿਨ੍ਹਾਂ ਦੀ ਗਿਣਤੀ 12 ਦੇ ਕਰੀਬ ਹੈ, ਜਿਸ ਦੇ ਜ਼ਿਆਦਾਤਰ ਅਫਸਰ ਆਪਣੀ ਮਨਮਰਜ਼ੀ ਨਾਲ ਡਿਊਟੀ ਪੂਰੀ ਕਰਦੇ ਹਨ ਅਤੇ ਆਪਣੀ ਮਰਜ਼ੀ ਨਾਲ ਚਲੇ ਜਾਂਦੇ ਹਨ। ਜਿਸ ਨਾਲ ਫੂਡ ਸਪਲਾਈ ਉਪਭੋਗਤਾ ਨੂੰ ਬਹੁਤ ਹੀ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਜਦੋਂ ਪੱਤਰਕਾਰ ਨੇ ਜਾ ਕੇ ਸਵੇਰੇ 7 ਵਜੇ ਫੂਡ ਸਪਲਾਈ ਦਫਤਰ ਦੇਖਿਆ ਤਾਂ ਉੱਥੇ ਸਿਰਫ ਤਿੰਨ ਅਫਸਰ ਹੀ ਹਾਜ਼ਰ ਸਨ। ਜਦੋਂ ਇਸ ਬਾਬਤ ਫੂਡ ਸਪਲਾਈ ਦੇ ਮੁੱਖ ਅਫਸਰ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਨੇ ਆਪਣੀ ਜ਼ਿੰਮੇਵਾਰੀ ਤੋਂ ਪੱਲਾ ਝੜਕਾਉਂਦੇ ਹੋਏ ਇਹ ਕਿਹਾ ਕਿ ਡਿੱਪੂਆਂ ਉੱਤੇ ਕਣਕ ਦੀ ਵੰਡ ਹੋ ਰਹੀ ਹੈ, ਜਿਸ ਕਾਰਨ ਇੰਸਪੈਕਟਰ ਸਮੇਂ ਸਿਰ ਨਹੀਂ ਆ ਰਹੇ। ਜਦੋਂ ਕਿ ਦੂਜੇ ਪਾਸੇ ਪ੍ਰਦੀਪ ਕੁਮਾਰ ਅਤੇ ਸੁਰਿੰਦਰ ਸਿੰਘ ਕਾਲੜਾ ਡਿੱਪੂ ਹੋਲਡਰ ਨੇ ਕਿਹਾ ਕਿ ਡਿੱਪੂ ਤਾਂ 10 ਵਜੇ ਤੋਂ ਬਾਅਦ ਖੁੱਲਦੇ ਹਨ। ਇੰਸਪੈਕਟਰਾਂ ਵੱਲੋਂ ਆਪਣੀ ਡਿਊਟੀ ਸਹੀ ਨਾ ਨਿਭਾਉਣ ਕਾਰਨ ਆਮ ਜਨਤਾ ਅਤੇ ਡਿਪੂ ਹੋਲਡਰਾਂ ਵਿੱਚ ਕਣਕ ਦੀ ਵੰਡ ਦੌਰਾਨ ਝਗੜਾ ਅਕਸਰ ਹੀ ਦੇਖਣ ਨੂੰ ਮਿਲਦਾ ਹੈ ਅਤੇ ਡਿਪੂ ਹੋਲਡਰਾਂ ਨੂੰ ਵੀ ਪ੍ਰੇਸ਼ਾਨ ਕੀਤਾ ਜਾਂਦਾ ਹੈ ਤੇ ਉਨ੍ਹਾਂ ਨੂੰ ਉਨ੍ਹਾਂ ਦਾ ਬਣਦਾ ਕੋਟਾ ਨਹੀਂ ਦਿੱਤਾ ਜਾਂਦਾ। ਸ਼ਿਕਾਇਤ ਕਰਤਾ ਨੇ ਪੰਜਾਬ ਸਰਕਾਰ ਤੇ ਫੂਡ ਸਪਲਾਈ ਮੰਤਰੀ ਤੋਂ ਮੰਗ ਕੀਤੀ ਕਿ ਇਨ੍ਹਾਂ ਗੈਰ ਜ਼ਿੰਮੇਵਾਰੀ ਅਫਸਰਾਂ ਤੇ ਜਾਂਚ ਕਰਕੇ ਆਮ ਲੋਕਾਂ ਨੂੰ ਇਨਸਾਫ਼ ਦਿੱਤਾ ਜਾਵੇ।

# ਸ਼੍ਰੋਮਣੀ ਅਕਾਲੀ ਦਲ ਬਾਦਲ ਨੂੰ ਭਾਰੀ ਝਟਕਾ, ਵਰਿੰਦਰ ਠੁਕਰਾਲ ਸਾਥੀਆਂ ਨਾਲ 'ਆਪ' 'ਚ ਸ਼ਾਮਲ

**ਮੱਖੂ (ਰਛਪਾਲ ਸਿੰਘ ਸੰਧੂ)**-ਆਮ ਆਦਮੀ ਪਾਰਟੀ ਨੂੰ ਉਸ ਵੇਲ਼ੇ ਭਾਰੀ ਬਲ਼ ਮਿਲਿਆ, ਜਦ ਵਿਧਾਨ ਸਭਾ ਹਲਕਾ ਜੀਰਾ ਤੋਂ ਆਮ ਆਦਮੀ ਪਾਰਟੀ ਦੇ ਵਿਧਾਇਕ ਨਰੇਸ਼ ਕਟਾਰੀਆ ਦੀ ਅਗਵਾਈ ਹੇਠ ਨਗਰ ਪੰਚਾਇਤ ਦੇ ਸਾਬਕਾ ਪ੍ਰਧਾਨ ਵਰਿੰਦਰ ਠੁਕਰਾਲ ਮੀਤ ਪ੍ਰਧਾਨ ਆੜ੍ਹਤੀਆ ਐਸੋਸੀਏਸ਼ਨ ਵੱਲੋਂ ਆਪਣੇ ਪਰਵਾਰ ਅਤੇ ਦੋਸਤਾਂ-ਮਿੱਤਰਾਂ ਨਾਲ ਸ਼੍ਰੋਮਣੀ ਅਕਾਲੀ ਦਲ ਬਾਦਲ ਨੂੰ ਅਲਵਿਦਾ ਆਖ ਕੇ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਣ ਦਾ ਐਲਾਨ ਕੀਤਾ। ਇਸ ਮੌਕੇ ਆਮ ਆਦਮੀ ਪਾਰਟੀ 'ਚ ਸ਼ਾਮਲ ਹੋਣ ਵਾਲੇ ਵਰਿੰਦਰ ਠੁਕਰਾਲ ਨਾਲ ਰਾਜ ਕੁਮਾਰ ਠੁਕਰਾਲ, ਨਰਿੰਦਰ ਠੁਕਰਾਲ, ਰਜਿੰਦਰ ਠੁਕਰਾਲ, ਕਰਨ ਠੁਕਰਾਲ, ਅਨਿਲ ਧਵਨ ਡੀਸੀ, ਸਤੀਸ ਅਹੂਜਾ, ਮਹਿੰਦਰ ਨਰੂਲਾ, ਸੋਨੂੰ ਠੁਕਰਾਲ, ਬਿੱਟੂ ਠੁਕਰਾਲ, ਪ੍ਰੀਤਮ ਸਿੰਘ ਹਰੀਪੁਰ, ਰੇਸਮ ਸਿੰਘ ਹਰੀਪੁਰ, ਬਲਦੇਵ ਸਿੰਘ ਹਰੀਪੁਰ, ਟਿੰਕੂ ਠੁਕਰਾਲ, ਚੇਤਨ ਧਵਨ ਆਦਿ ਦਾ ਵਿਧਾਇਕ ਨਰੇਸ਼ ਕਟਾਰੀਆ ਵੱਲੋਂ ਬਹੁਤ ਹੀ ਗ਼ਰਮਜੋਸ਼ੀ ਨਾਲ ਸਵਾਗਤ ਕਰਦਿਆਂ ਕਿਹਾ ਕਿ ਆਮ ਆਦਮੀ ਪਾਰਟੀ ਵਿੱਚ ਹਰੇਕ ਵਰਕਰ ਨੂੰ ਬਣਦਾ ਮਾਣ-ਸਨਮਾਨ ਦਿੱਤਾ ਜਾਵੇਗਾ। ਵਿਧਾਇਕ ਨਰੇਸ਼ ਕਟਾਰੀਆ ਨੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਪੰਜਾਬ ਵਾਸੀਆਂ ਲਈ ਉਹ ਕਾਰਜ ਕਰਾਏ ਜਾ ਰਹੇ ਹਨ, ਜੋ ਪਹਿਲੀਆਂ ਸਰਕਾਰਾਂ ਨਹੀਂ ਕਰ ਸਕੀਆਂ। ਪੰਜਾਬ ਸਰਕਾਰ ਵੱਲੋਂ ਕਿਸਾਨਾਂ ਲਈ ਝੋਨੇ ਦੇ ਸੀਜ਼ਨ ਲਈ ਨਹਿਰੀ ਪਾਣੀ ਸੁਰੂ ਤੇ ਅੱਠ ਘੰਟੇ ਬਿਜਲੀ ਦੇ ਕੇ ਕਿਸਾਨਾਂ ਦੀ ਬਾਂਹ ਫੜੀ ਹੈ, ਜਿਸ ਨਾਲ ਕਿਸਾਨ ਸਮੇਂ ਸਿਰ ਝੋਨੇ ਦੀ ਬਿਜਾਈ ਕਰ ਸਕਣਗੇ। ਸਰਕਾਰ ਦਾ ਪਿੰਡਾਂ ਵਿੱਚ ਮੁਹੱਲਾ ਕਲੀਨਿਕ ਖੋਲ੍ਹ ਕੇ ਸਿਹਤ ਸਹੂਲਤਾਂ ਦੇਣ ਨਾਲ ਲੋਕਾਂ ਨੂੰ ਨੇੜਿਓਂ ਹੀ ਮੁਫ਼ਤ ਸਿਹਤ ਸਹੂਲਤਾਂ ਪ੍ਰਾਪਤ ਹੋ ਰਹੀਆਂ ਹਨ। ਇਸ ਮੌਕੇ ਨਰਿੰਦਰ ਕਟਾਰੀਆ ਸੀਨੀਅਰ 'ਆਪ', ਜਰਨੈਲ ਸਿੰਘ ਵਰ੍ਹਿਆਂ, ਪ੍ਰਸ਼ਾਂਤ ਕਟਾਰੀਆ, ਲਖਵੀਰ ਸਿੰਘ ਸੱਧਰਵਾਲਾ, ਆੜ੍ਹਤੀਆਂ ਐਸੋਸੀਏਸ਼ਨ ਦੇ ਸਰਪ੍ਰਸਤ ਮਹਿੰਦਰ ਸਿੰਘ ਸੰਘੇੜਾ, ਪ੍ਰਧਾਨ ਰਜੀਵ ਠੁਕਰਾਲ ਲੱਕੀ, ਰਿਸ਼ੂ ਖੁਰਾਣਾ, ਪ੍ਰਦੀਪ ਕੱਕੜ, ਰਜੇਸ਼ ਗਾਂਧੀ ਮਿੰਟਾ, ਬਲਵਿੰਦਰ ਠੁਕਰਾਲ, ਰਜਿੰਦਰ ਖੁਰਾਣਾ ਕਾਲਾ, ਬਲਵਿੰਦਰ ਸਿੰਘ ਕਟਾਰੀਆ, ਸੰਦੀਪ ਠੁਕਰਾਲ, ਅਜੇ ਕੰਧਾਰੀ, ਸੌਰਵ ਅਹੂਜਾ, ਭੀਮ ਠੁਕਰਾਲ, ਸੁਰਿੰਦਰ ਅਹੂਜਾ, ਅਮਰਜੀਤ ਸਿੰਘ ਰਿਟਾਇਰ ਜੇਈ ਮੰਡੀ ਬੋਰਡ ਤੇ ਸੁਰਿੰਦਰ ਸਿੰਘ ਤਲਵੰਡੀ ਆਦਿ ਹਾਜ਼ਰ ਸਨ।



# ਫ਼ਾਜ਼ਿਲਕਾ ਤੇ ਅਬੋਹਰ ਦੇ ਵੱਖ-ਵੱਖ ਪਿੰਡਾਂ 'ਚ ਨਰਮੇ ਦੀ ਫ਼ਸਲ ਦਾ ਸਰਵੇਖਣ

**ਫ਼ਾਜ਼ਿਲਕਾ (ਨਿਸ਼ਾ ਸ਼ਰਮਾ)**-ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੇ ਵਾਈਸ ਚਾਂਸਲਰ ਡਾ. ਐੱਸ.ਐੱਸ. ਗੋਸਲ ਦੀ ਅਗਵਾਈ ਤੇ ਪ੍ਰਸਾਰ ਨਿਰਦੇਸ਼ਕ ਡਾ. ਗੁਰਮੀਤ ਸਿੰਘ ਬੁੱਟਰ ਦੇ ਨਿਰਦੇਸ਼ਾਂ ਅਨੁਸਾਰ ਪਿਛਲੇ ਤਿੰਨ ਦਿਨਾਂ ਵਿੱਚ ਪੀ.ਏ.ਯੂ ਦੇ ਫਾਰਮਰ ਸਲਾਹਕਾਰ ਸੇਵਾ ਕੇਂਦਰ ਤੇ ਖੇਤਰੀ ਖੋਜ ਕੇਂਦਰ ਅਬੋਹਰ ਦੇ ਵਿਗਿਆਨੀਆਂ ਡਾ. ਅਨਿਲ ਸਾਂਗਵਾਨ, ਡਾ. ਮਨਪ੍ਰੀਤ ਸਿੰਘ ਤੇ ਡਾ. ਜਗਦੀਸ ਅਰੋੜਾ ਨੇ ਅਬੋਹਰ ਅਤੇ ਫ਼ਾਜ਼ਿਲਕਾ ਦੇ ਵੱਖ-ਵੱਖ ਪਿੰਡਾਂ ਜਿਵੇਂ ਦੀਵਾਨ ਖੇੜਾ, ਭੰਗਰ ਖੇੜਾ, ਪੰਨੀਵਾਲਾ ਮਾਲਾ, ਝੁੰਮਿਆਂਵਾਲੀ, ਅਮਰਪੁਰਾ, ਭਾਗੂ, ਸਾਹਪੁਰਾ, ਝੋਟਿਆਂਵਾਲੀ ਤੇ ਬਕੈਨਵਾਲਾ ਦੇ ਵਿੱਚ ਨਰਮੇ ਦੀ ਫ਼ਸਲ ਦਾ ਸਰਵੇਖਣ ਕੀਤਾ।

ਡਾ. ਜਗਦੀਸ਼ ਅਰੋੜਾ ਨੇ ਦੱਸਿਆ ਕਿ ਨਰਮੇ ਦੀ ਅਗੇਤੀ ਫ਼ਸਲ ਦੇ ਅਗੇਤੇ ਫੁੱਲਾਂ ਉੱਪਰ ਗੁਲਾਬੀ ਸੁੰਡੀ ਦਾ ਹੱਲਾ ਹੈ, ਪਰ ਇਸ ਤੋਂ ਕਿਸਾਨਾਂ ਨੂੰ ਘਬਰਾਉਣ ਦੀ ਜ਼ਰੂਰਤ ਨਹੀਂ ਹੈ, ਫਿਰ ਵੀ ਕਿਸਾਨ ਵੀਰ ਲਗਾਤਾਰ ਨਰਮੇ ਦੀ ਫਸਲ ਦਾ ਸਰਵੇਖਣ ਕਰਦੇ ਰਹਿਣ ਤੇ ਗੁਲਾਬੀ ਸੁੰਡੀ ਲਈ ਫਿਰੋਮੇਨ ਟਰੈਪ ਦਾ ਪ੍ਰਯੋਗ ਕਰਨ। ਜਿਨ੍ਹਾਂ ਖੇਤਾਂ ਵਿੱਚ ਫੁੱਲਾਂ ਤੇ ਡੋਡੀਆਂ ਲੱਗਣੀਆਂ ਸ਼ੁਰੂ ਹੋ ਰਹੀਆਂ ਹਨ, 5-7 ਦਿਨਾਂ ਦੇ ਅੰਤਰਾਲ ਤੇ ਖੇਤ ਦੇ ਅਲੱਗ-ਅਲੱਗ ਹਿੱਸਿਆਂ ਵਿੱਚ 100 ਫੁੱਲਾਂ ਦੀ ਗਿਣਤੀ ਕਰਨ। ਜੇਕਰ ਗੁਲਾਬਨੁਮਾ (ਰੋਜੇਟ) ਫੁੱਲਾਂ ਦੀ ਸੰਖਿਆ 5 ਜਾਂ ਇਸ ਤੋਂ ਵੱਧ ਹੋਣ ਦੀ ਸਥਿਤੀ ਹੋਵੇ ਤਾਂ ਕੀਟਨਾਸ਼ਕ ਦਵਾਈਆਂ ਜਿਵੇਂ ਕਿਉਰਾਕਰਾਨ (ਪ੍ਰੋਫੈਨੋਫਾਸ) 500 ਮਿ.ਲਿ, ਪ੍ਰੋਕਲੇਮ (ਐੱਮਏਮੈਕਟੇਨ ਬਿੰਜੋਇਟ) 100 ਗ੍ਰਾਮ, ਅਵਾਂਟ (ਇੰਡੋਕਸਾਕਾਰਬ) 200 ਮਿ.ਲਿ, ਲਾਰਵਿਨ (ਥਾਇਓਡੀਕਾਰਬ) 200 ਗ੍ਰਾਮ. ਜਾਂ ਇੰਥਾਇਨ 800 ਮਿ.ਲਿ. ਦਾ ਪ੍ਰਤੀ ਏਕੜ ਛਿੜਕਾਵ ਕਰਨ। ਜਿਹੜੇ ਨਰਮੇ ਦੀ ਫ਼ਸਲ 50 ਤੋਂ 60 ਦਿਨ ਦੀ ਅਵਸਥਾ ਜਾਂ ਸਟੇਜ 'ਤੇ ਹੈ, ਉਸ 'ਤੇ ਵੀ ਗੁਲਾਬੀ ਸੁੰਡੀ ਦੇ ਹੱਲੇ ਦੀ ਸੰਭਾਵਨਾ ਨੂੰ ਦੇਖਦੇ ਹੋਏ ਕੀਟਨਾਸ਼ਕ ਦਵਾਈਆਂ ਦੀ ਸਪਰੇਅ ਕੀਤੀ ਜਾਵੇ ਤਾਂ ਜੁ ਗੁਲਾਬੀ ਸੁੰਡੀ ਦੇ ਜੀਵਨ ਚੱਕਰ ਨੂੰ ਸ਼ੁਰੂਆਤੀ ਅਵਸਥਾ ਵਿੱਚ ਖਤਮ ਕੀਤਾ ਜਾ ਸਕੇ।

ਡਾ. ਮਨਪ੍ਰੀਤ ਸਿੰਘ ਨੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਮੌਜੂਦਾ ਸਮੇਂ ਵਿੱਚ ਨਰਮੇ ਦਾ ਵਿਕਾਸ ਕਾਫੀ ਵਧੀਆ ਹੈ, ਪਰ ਜਿਹੜੇ ਕਿਸਾਨ ਬਾਰਿਸ਼ ਕਾਰਨ ਖਾਦਾਂ ਦੀ ਵਰਤੋਂ ਨਹੀਂ ਕਰ ਸਕੇ, ਉਹ ਇਸ ਪਾਣੀ ਤੇ ਯੂਰੀਆ ਤੇ ਹੋਰ ਲੋੜ ਮੁਤਾਬਿਕ ਖਾਦਾਂ ਦੀ ਵਰਤੋਂ ਜ਼ਰੂਰ ਕਰਨ ਤਾਂ ਜੁ ਪੌਦੇ ਦੀ ਸਿਹਤ ਨੂੰ ਬਰਕਰਾਰ ਰੱਖਿਆ ਜਾ ਸਕੇ। ਉਨ੍ਹਾਂ ਸਰਵੇਖਣ ਦੌਰਾਨ ਕਿਸਾਨਾਂ ਨੂੰ ਇਹ ਵੀ ਅਪੀਲ ਕੀਤੀ ਕਿ ਕੁਝ ਥਾਂਵਾਂ 'ਤੇ ਹਲਕੀਆਂ ਦਰਮਿਆਨੀਆਂ ਜ਼ਮੀਨਾਂ ਵਿੱਚ ਪਾਣੀ ਲਾਉਣ ਤੋਂ ਬਾਅਦ ਅਚਾਨਕ ਪੌਦੇ ਸੁੱਕਣ ਦੀ ਸਮੱਸਿਆ (ਪੈਰਾਵਿਲਟ) ਆਉਂਦੀ ਹੈ ਤਾਂ ਕਿਸਾਨ ਅਜਿਹੇ ਹਲਾਤਾਂ ਵਿੱਚ ਕੋਬਾਲਟ ਕਲੋਰਾਇਡ 1 ਗ੍ਰਾਮ 100 ਲੀਟਰ ਪਾਣੀ ਵਿੱਚ ਘੋਲ ਕੇ ਬੂਟਿਆਂ ਦੀ ਸ਼ੁਰੂਆਤੀ ਅਵਸਥਾ ਵਿੱਚ ਸਪਰੇਅ ਕਰ ਸਕਦੇ ਹਨ।



# ਪਾਲ ਸਿੰਘ ਨੇ ਕਾਰਜਸਾਧਕ ਅ.ਫ਼ਸਰ ਵਜੋਂ ਅਹੁਦਾ ਸੰਭਾਲਿਆ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਸਥਾਨਕ ਸਰਕਾਰਾਂ ਵਿਭਾਗ ਦੇ ਹੁਕਮਾਂ ਅਨੁਸਾਰ ਗੁਰਪਾਲ ਸਿੰਘ ਨੂੰ ਨਗਰ ਕੌਂਸਲ ਦਾ ਕਾਰਜ ਸਾਧਕ ਅਫ਼ਸਰ ਨਿਯੁਕਤ ਕੀਤਾ ਗਿਆ ਹੈ, ਜਿਨ੍ਹਾਂ ਨੇ ਅੱਜ ਆਪਣਾ ਅਹੁਦਾ ਸੰਭਾਲ ਲਿਆ ਹੈ। ਅਹੁਦਾ ਸੰਭਾਲਣ ਉਪਰੰਤ ਕਾਰਜ ਸਾਧਕ ਅਫ਼ਸਰ ਗੁਰਪਾਲ ਸਿੰਘ ਦਾ ਕੌਂਸਲ ਦੇ ਸਮੂਹ ਸਟਾਫ਼ ਵੱਲੋਂ ਸਵਾਗਤ ਕੀਤਾ ਗਿਆ। ਉਨ੍ਹਾਂ ਕੌਂਸਲ ਦੇ ਸਮੂਹ ਸਟਾਫ਼ ਨਾਲ ਮੀਟਿੰਗ ਕਰਦਿਆਂ ਕਿਹਾ ਕਿ ਇਤਿਹਾਸਕ ਸ਼ਹਿਰ ਮਾਛੀਵਾੜਾ ਦਾ ਵਿਕਾਸ ਤੇ ਲੋਕਾਂ ਦੀਆਂ ਸਮੱਸਿਆਵਾਂ ਦਾ ਪਹਿਲ ਦੇ ਅਧਾਰ 'ਤੇ ਹੱਲ ਕਰਨਾ ਮੁੱਖ ਉਦੇਸ਼ ਹੋਵੇਗਾ, ਇਸ ਲਈ ਕੋਈ ਵੀ ਵਿਅਕਤੀ ਜੇਕਰ ਆਪਣਾ ਕੰਮ ਕਰਾਉਣ ਆਉਂਦਾ ਹੈ ਤਾਂ ਉਸ ਨੂੰ ਕੋਈ ਮੁਸ਼ਕਲ ਨਾ ਆਉਣ ਦਿੱਤੀ ਜਾਵੇ। ਉਨ੍ਹਾਂ ਕਿਹਾ ਕਿ ਸ਼ਹਿਰ ਦੇ ਸਰਵਪੱਖੀ ਵਿਕਾਸ ਲਈ ਸਰਕਾਰ ਦੇ ਨਿਰਦੇਸ਼ਾਂ ਅਨੁਸਾਰ ਜੋ ਪਹਿਲ ਦੇ ਅਧਾਰ 'ਤੇ ਲੋਕਾਂ ਦੀ ਮੰਗ ਅਨੁਸਾਰ ਜੋ ਕੰਮ ਹੋਣ ਵਾਲੇ ਹੋਣਗੇ, ਉਹ ਕਰਾਏ ਜਾਣਗੇ। ਇਸ ਤੋਂ ਇਲਾਵਾ ਸ਼ਹਿਰ ਵਿੱਚ ਸਫ਼ਾਈ ਵਿਵਸਥਾ ਤੇ ਸਟ੍ਰੀਟ ਲਾਈਟ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਕ੍ਰਮਚਾਰੀ ਤਨਦੇਹੀ ਨਾਲ ਕੰਮ ਕਰਨ। ਕਾਰਜ ਸਾਧਕ ਅਫ਼ਸਰ ਗੁਰਪਾਲ ਸਿੰਘ ਨੇ ਸਮੂਹ ਸਟਾਫ਼ ਨੂੰ ਨਿਰਦੇਸ਼ ਦਿੰਦਿਆਂ ਕਿਹਾ ਕਿ ਸਰਕਾਰ ਦੇ ਹੁਕਮਾਂ ਅਨੁਸਾਰ ਨਗਰ ਕੌਂਸਲ 'ਚ ਲੋਕਾਂ ਦੇ ਕੰਮ ਪਾਬੰਦ ਸਮੇਂ 'ਚ ਕਰਨੇ ਯਕੀਨੀ ਬਣਾਏ ਜਾਣ। ਅਹੁਦਾ ਸੰਭਾਲਣ ਉਪਰੰਤ ਉਨ੍ਹਾਂ ਦਾ ਸਵਾਗਤ ਕਰਨ ਵਾਲਿਆਂ 'ਚ ਕਾਰਜ ਸਾਧਕ ਅਫ਼ਸਰ ਪੁਸ਼ਪਿੰਦਰ ਕੁਮਾਰ, ਬਲਾਕ ਪ੍ਰਧਾਨ ਸੁਖਵਿੰਦਰ ਸਿੰਘ ਗਿੱਲ, ਮੋਹਿਤ ਕੁੰਦਰਾ, ਪ੍ਰਵੀਨ ਮੱਕੜ, ਸਾਬਕਾ ਕੌਂਸਲਰ ਸ਼ੰਮੀ ਕੁਮਾਰ, ਲੇਖਾਕਾਰ ਸੰਜੀਵ ਗਰੋਵਰ, ਸੁਖਦੇਵ ਸਿੰਘ, ਸਤਨਾਮ ਸਿੰਘ (ਦੋਵੇਂ ਇੰਸਪੈਕਟਰ) ਤੇ ਜਸਵੀਰ ਸਿੰਘ ਗਿੱਲ ਵੀ ਮੌਜੂਦ ਸਨ।

# ਕਿਸਾਨ ਨੂੰ ਮੁਆਵਜ਼ਾ ਦਿਵਾਉਣ ਲਈ ਕ੍ਰਾਂਤੀਕਾਰੀ ਕਿਸਾਨ ਯੂਨੀਅਨ ਦਾ ਵਫਦ ਜ਼ਿਲ੍ਹਾ ਪ੍ਰਸ਼ਾਸਨ ਨੂੰ ਮਿਲਿਆ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**

ਬੀਤੀ 7 ਜੂਨ ਨੂੰ ਠੱਗ ਆੜ੍ਹਤੀਏ ਅਤੇ ਭੂ ਮਾਫੀਆ ਸੁਨੀਲ ਕੁਮਾਰ ਉਰਫ ਜੱਜੀ, ਜਸਪਾਲ ਸਿੰਘ ਅਤੇ ਰਣਜੀਤ ਸਿੰਘ ਦੇ ਦਬਾਅ ਕਰਨ ਖੁਦਕੁਸ਼ੀ ਕਰ ਗਏ ਪਿੰਡ ਘੱਗਾ ਦੇ ਕਿਸਾਨ ਹਰਮੰਦਰ ਸਿੰਘ ਦੇ ਪਰਵਾਰ ਨੂੰ ਮੁਆਵਜ਼ਾ ਅਤੇ ਇਨਸਾਫ਼ ਦਿਵਾਉਣ ਲਈ ਕ੍ਰਾਂਤੀਕਾਰੀ ਕਿਸਾਨ ਯੂਨੀਅਨ ਪੰਜਾਬ ਦਾ ਵਫਦ ਜ਼ਿਲ੍ਹਾ ਆਗੂ ਜਰਨੈਲ ਸਿੰਘ ਪੰਜਾਵਾ ਅਤੇ ਗੁਰਪ੍ਰੀਤ ਸਿੰਘ ਲੰਬੀ ਦੀ ਅਗਵਾਈ ਵਿਚ ਐਸ ਐਸ ਪੀ ਅਤੇ ਡਿਪਟੀ ਕਮਿਸ਼ਨਰ ਸ੍ਰੀ ਮੁਕਤਸਰ ਸਾਹਿਬ ਨੂੰ ਮਿਲਿਆ । ਇਸ ਵਫਦ ਵਿਚ ਸੂਬਾ ਪ੍ਰੈੱਸ ਸਕੱਤਰ ਅਵਤਾਰ ਸਿੰਘ ਮਹਿਮਾ ਤੋਂ ਇਲਾਵਾ ਜ਼ਿਲ੍ਹਾ ਫਿਰੋਜ਼ਪੁਰ ਦੇ ਪ੍ਰਧਾਨ ਗੁਰਮੀਤ ਸਿੰਘ ਪੋਜੋਕੇ ਅਤੇ ਗੁਰਭੇਜ ਸਿੰਘ ਟਿੱਬੀ ਵੀ ਸ਼ਾਮਲ ਹੋਏ।

ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਸੂਬਾ ਪ੍ਰੈੱਸ ਸਕੱਤਰ ਅਵਤਾਰ ਸਿੰਘ ਮਹਿਮਾਂ ਨੇ ਦੱਸਿਆ ਕਿ ਪਿੰਡ ਘੱਗਾ ਦੇ ਕਿਸਾਨ ਹਰਿਮੰਦਰ ਸਿੰਘ ਨੂੰ ਠੱਗ ਆੜ੍ਹਤੀਏ ਅਤੇ ਭੂ-ਮਾਫੀਆ ਸੁਨੀਲ ਕੁਮਾਰ ਵੱਲੋਂ ਆਪਣੀ ਜੁੰਡਲੀ ਨਾਲ ਰਲ ਕੇ ਲਗਾਤਾਰ ਤੰਗ-ਪ੍ਰੇਸ਼ਾਨ ਕੀਤਾ ਜਾ ਰਿਹਾ ਸੀ ਅਤੇ ਉਸ ਦੀ ਜ਼ਮੀਨ ਖੋਹਣ ਦੀ ਕੋਸ਼ਿਸ਼ ਕੀਤੀ ਜਾ ਰਹੀ ਸੀ, ਜਿਸ ਨੂੰ ਨਾ ਸਹਾਰਦੇ ਹੋਏ ਹਰਿਮੰਦਰ ਸਿੰਘ ਨੇ ਖੁਦਕੁਸ਼ੀ ਕਰ ਲਈ ਸੀ, ਉਸ ਦੇ ਸੰਬੰਧ 'ਚ ਥਾਣਾ ਸਦਰ ਮਲੋਟ ਵੱਲੋਂ ਤਿੰਨ ਵਿਅਕਤੀਆਂ ਖਿਲਾਫ ਮੁਕੱਦਮਾ ਦਰਜ ਕਰ ਲਿਆ ਗਿਆ ਹੈ ਪਰ ਦੋਸ਼ੀਆਂ ਨੂੰ ਗ੍ਰਿਫਤਾਰ ਨਹੀਂ ਕੀਤਾ ਜਾ ਰਿਹਾ ਅਤੇ ਇਕ ਦੋਸ਼ੀ ਸੁਖਦੀਪ ਕੌਰ ਪਤਨੀ ਜਸਪਾਲ ਸਿੰਘ ਨੂੰ ਪਰਚੇ ਵਿਚ ਨਾਮਜ਼ਦ ਨਹੀਂ ਕੀਤਾ। ਉਨ੍ਹਾਂ ਦੱਸਿਆ ਕਿ ਡਿਪਟੀ ਕਮਿਸ਼ਨਰ ਨੂੰ ਮਿਲ ਕੇ ਖੁਦਕੁਸ਼ੀ ਕਰ ਚੁੱਕੇ ਕਿਸਾਨ ਦੇ ਪਰਵਾਰ ਲਈ ਸਰਕਾਰੀ ਮੁਆਵਜ਼ੇ ਦੀ ਮੰਗ ਕੀਤੀ ਗਈ ਹੈ ਅਤੇ ਬੈਂਕਾਂ ਦਾ ਕਰਜ਼ਾ ਮੁਆਫ ਕਰਨ ਅਤੇ ਆੜ੍ਹਤੀਆਂ ਵੱਲੋਂ ਬਣਾਏ ਗਏ ਝੂਠੇ ਅਸ਼ਟਾਮਾਂ ਨੂੰ ਰੱਦ ਕਰਨ ਦੀ ਮੰਗ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਐਸ ਐਸ ਪੀ ਮੁਕਤਸਰ ਸਾਹਿਬ ਨੂੰ ਮਿਲ ਕੇ ਦੋਸ਼ੀ ਸੁਖਦੀਪ ਕੌਰ ਨੂੰ ਪਰਚੇ ਵਿਚ ਨਾਮਜ਼ਦ ਕਰਨ ਅਤੇ ਚਾਰਾਂ ਦੋਸ਼ੀਆਂ ਨੂੰ ਤੁਰੰਤ ਗ੍ਰਿਫਤਾਰ ਕਰਨ ਦੀ ਮੰਗ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਜੇਕਰ ਦੋਸ਼ੀ ਗ੍ਰਿਫਤਾਰ ਨਹੀਂ ਕੀਤੇ ਗਏ ਤਾਂ 28 ਜੂਨ ਨੂੰ ਥਾਣਾ ਸਦਰ ਮਲੋਟ ਵਿਖੇ ਕ੍ਰਾਂਤੀਕਾਰੀ ਕਿਸਾਨ ਯੂਨੀਅਨ ਰੋਸ ਪ੍ਰਦਰਸ਼ਨ ਕਰੇਗੀ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸੁਰਿੰਦਰ ਸਿੰਘ ਮਹਿਮਾ, ਅਰਮਾਨ ਸਿੰਘ ਘੱਗਾ, ਸੁਖਮੰਦਰ ਸਿੰਘ ਇੰਨਾਖੇੜਾ ਅਤੇ ਮ੍ਰਿਤਕ ਕਿਸਾਨ ਦੀ ਪਤਨੀ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਕਿਸਾਨ ਆਗੂ ਹਾਜ਼ਰ ਸਨ।

# ਸ਼ੇਰਪੁਰ ਬਸਤੀ ਤੇ ਅਬਾਦੀ 'ਚ 2 ਨਵੇਂ ਖੇਡ ਸਟੇਡੀਅਮ ਬਣਾਵਾਂਗੇ : ਦਿਆਲਪੁਰਾ



ਮਾਛੀਵਾੜਾ ਸਾਹਿਬ, (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)-ਬਲਾਕ ਮਾਛੀਵਾੜਾ ਅਧੀਨ ਪੈਂਦੇ ਪਿੰਡ ਸ਼ੇਰਪੁਰ ਬਸਤੀ ਤੇ ਸ਼ੇਰਪੁਰ ਅਬਾਦੀ ਵਿਚ ਦੋ ਵੱਖ-ਵੱਖ ਥਾਂਵਾਂ 'ਤੇ ਨੌਜਵਾਨਾਂ ਦੀ ਸਹੂਲਤ ਲਈ ਖੇਡ ਸਟੇਡੀਅਮਾਂ ਦਾ ਨਿਰਮਾਣ ਕਰਾਇਆ ਜਾਵੇਗਾ। ਉਕਤ ਵਿਚਾਰਾਂ ਦਾ ਪ੍ਰਗਟਾਵਾ ਹਲਕਾ ਸਮਰਾਲਾ ਤੋਂ ਵਿਧਾਇਕ ਜਗਤਾਰ ਸਿੰਘ ਦਿਆਲਪੁਰਾ ਨੇ ਦੋਵੇਂ ਹੀ ਪਿੰਡਾਂ ਦੀ ਪੰਚਾਇਤਾਂ ਨਾਲ ਮੀਟਿੰਗ ਕਰਨ ਉਪਰੰਤ ਕੀਤਾ। ਦਿਆਲਪੁਰਾ ਨੇ ਦੱਸਿਆ ਕਿ ਸ਼ੇਰਪੁਰ ਬਸਤੀ ਤੇ ਸ਼ੇਰਪੁਰ ਅਬਾਦੀ ਦੀ ਪੰਚਾਇਤ ਤੋਂ ਇਲਾਵਾ ਇੱਥੇ ਨੌਜਵਾਨਾਂ ਨੂੰ ਖੇਡਾਂ ਵੱਲ ਉਤਸ਼ਾਹਤ ਕਰ ਰਹੇ ਬਾਬਾ ਦੀਪ ਸਿੰਘ ਸਪੋਰਟਸ ਕਲੱਬ ਵੱਲੋਂ ਉਨ੍ਹਾਂ ਦੇ ਧਿਆਨ ਵਿਚ ਲਿਆਂਦਾ ਕਿ ਪਿੰਡ ਦੇ ਨੌਜਵਾਨਾਂ ਨੂੰ ਖੇਡਾਂ ਦੀ ਪ੍ਰੈਕਟਿਸ ਕਰਨ ਲਈ ਸਟੇਡੀਅਮ ਨਹੀਂ ਹੈ, ਜਿਸ 'ਤੇ ਦੋਵੇਂ ਪਿੰਡਾਂ ਦੀਆਂ ਪੰਚਾਇਤਾਂ ਨੇ 2-2 ਏਕੜ ਜ਼ਮੀਨ ਸਟੇਡੀਅਮ ਦੇ ਨਿਰਮਾਣ ਲਈ ਰਾਖਵੀਂ ਛੱਡ ਦਿੱਤੀ ਹੈ।

ਵਿਧਾਇਕ ਦਿਆਲਪੁਰਾ ਨੇ ਕਿਹਾ ਕਿ ਇਨ੍ਹਾਂ ਖੇਡ ਸਟੇਡੀਅਮਾਂ ਦੇ ਨਿਰਮਾਣ ਲਈ ਜੋ ਵੀ ਖਰਚ ਆਵੇਗਾ, ਉਹ 'ਆਪ' ਸਰਕਾਰ ਵਲੋਂ ਜਲਦ ਹੀ ਪੰਚਾਇਤਾਂ ਨੂੰ ਗ੍ਰਾਂਟ ਦੇ ਰੂਪ ਵਿਚ ਦੇ ਦਿੱਤਾ ਜਾਵੇਗਾ ਤਾਂ ਜੁ ਇਸ ਦਾ ਕੰਮ ਜਲਦ ਸ਼ੁਰੂ ਹੋ ਸਕੇ। ਇਸ ਮੌਕੇ ਸਹਿਕਾਰੀ ਸਭਾ ਦੇ ਪ੍ਰਧਾਨ ਸੋਹਣ ਲਾਲ ਸ਼ੇਰਪੁਰੀ ਵੱਲੋਂ ਵਿਧਾਇਕ ਜਗਤਾਰ ਸਿੰਘ ਦਿਆਲਪੁਰਾ ਦਾ ਸਟੇਡੀਅਮ ਦੇ ਨਿਰਮਾਣ ਲਈ ਗ੍ਰਾਂਟ ਦੇਣ ਦਾ ਐਲਾਨ ਦੇਣ 'ਤੇ ਧੰਨਵਾਦ ਪ੍ਰਗਟਾਉਂਦਿਆਂ ਕਿਹਾ ਕਿ ਪਿੰਡਾਂ ਦੇ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਲਈ ਖੇਡਾਂ ਵੱਲ ਪ੍ਰੇਰਤ ਕਰਨਾ ਅੱਜ ਸਮੇਂ ਜ਼ਰੂਰਤ ਹੈ। ਇਸ ਮੌਕੇ ਕਲੱਬ ਦੇ ਪ੍ਰਧਾਨ ਗੁਰਵਿੰਦਰ ਗੋਗੀ, ਬਲਬੀਰ ਸਿੰਘ, ਸਰਪੰਚ ਕੰਵਲਜੀਤ ਕੌਰ, ਸਰਪੰਚ ਨੀਲਮ ਕੌਰ, ਪੰਚ ਮੋਹਣ ਸਿੰਘ, ਸੈਕੇਟਰੀ ਮੱਖਣ ਸਿੰਘ, ਸੁਖਵਿੰਦਰ ਸਿੰਘ ਗਿੱਲ, ਪ੍ਰਵੀਨ ਮੱਕੜ, ਗੁਰਮੁਖ ਗੜ੍ਹੀ, ਰਣਜੀਤ ਸਿੰਘ ਛੌੜੀਆਂ, ਮਾ. ਦਵਿੰਦਰ ਸਿੰਘ, ਪੀਏ ਨਵਜੀਤ ਉਟਾਲਾਂ, ਜੋਗਿੰਦਰ ਸਿੰਘ ਪੋਲਾ, ਰਾਜਵੀਰ ਸਿੰਘ ਖੁਰਾਣਾ, ਤਰਸੇਮ ਸਿੰਘ, ਫਕੀਰ ਸਿੰਘ, ਸੁਖਵਿੰਦਰ ਸਿੰਘ, ਪਵਨ ਕੁਮਾਰ ਤੇ ਸਤਪਾਲ ਸਿੰਘ ਵੀ ਮੌਜੂਦ ਸਨ।

# ਸਿਹਤ ਬਲਾਕ ਮੂਨਕ 'ਚ 26 ਤੱਕ ਮਨਾਇਆ ਜਾ ਰਿਹਾ ਯੋਗ ਹਫਤਾ



ਵਿਸ਼ਵ ਯੋਗ ਦਿਵਸ ਦੀ ਤਸਵੀਰ।

ਮੂਨਕ (ਰਾਜਪਾਲ ਸਿੰਗਲਾ)-ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ, ਸਿਹਤ ਮੰਤਰੀ ਪੰਜਾਬ ਡਾ. ਬਲਵੀਰ ਸਿੰਘ ਸੈਨੀ ਅਤੇ ਸਿਵਲ ਸਰਜਨ ਸੰਗਰੂਰ ਡਾ. ਪਰਮਿੰਦਰ ਕੌਰ ਦੇ ਦਿਸ਼ਾ ਨਿਰਦੇਸ਼ਾਂ ਅਤੇ ਸੀਨੀਅਰ ਮੈਡੀਕਲ ਅਫ਼ਸਰ ਡਾ. ਬਲਵਿੰਦਰ ਸਿੰਘ ਭੱਟੀ ਦੀ ਯੋਗ ਅਗੁਵਾਈ ਹੇਠ ਸਿਹਤ ਬਲਾਕ ਮੂਨਕ ਵਿੱਚ ਸਿਹਤ ਵਿਭਾਗ ਦੇ ਅਧਿਕਾਰੀਆਂ ਅਤੇ ਕਰਮਚਾਰੀਆਂ ਵੱਲੋਂ ਲੋਕਾਂ ਦੇ ਸਹਿਯੋਗ ਨਾਲ ਵਿਸ਼ਵ ਯੋਗ ਦਿਵਸ ਦੀ ਲੜੀ ਤਹਿਤ 20 ਜੂਨ ਤੋਂ 26 ਜੂਨ ਤੱਕ ਯੋਗ ਹਫ਼ਤਾ ਮਨਾਇਆ ਜਾ ਰਿਹਾ ਹੈ। ਪੰਜਾਬ ਸਰਕਾਰ ਵੱਲੋਂ ਸੂਬੇ ਵਿੱਚ ਸੀ.ਐੱਮ. ਦੀ ਯੋਗਸ਼ਾਲਾ (ਸੀ.ਐਮ.ਡੀ.ਵਾਈ) ਸ਼ੁਰੂ ਕੀਤੀ ਗਈ ਹੈ। ਇਸ ਦਾ ਉਦੇਸ਼ ਨਾਗਰਿਕਾਂ ਦੀ ਸਰੀਰਕ ਅਤੇ ਮਾਨਸਿਕ ਸਿਹਤ ਨੂੰ ਬਿਹਤਰ ਬਣਾਉਣ ਲਈ ਧਿਆਨ ਅਤੇ ਯੋਗ ਦੀ ਮਹੱਤਤਾ ਨੂੰ ਉਜਾਗਰ ਕਰਨਾ ਹੈ ਤਾਂ ਜੋ ਨਾਗਰਿਕਾਂ ਤੱਕ ਯੋਗ ਦੀ ਪਹੁੰਚ ਨੂੰ ਆਸਾਨ ਬਣਾਇਆ ਜਾ ਸਕੇ। ਉਨ੍ਹਾ ਕਿਹਾ ਕਿ ਯੋਗ ਅਤੇ ਧਿਆਨ ਇੱਕ ਮਹੱਤਵਪੂਰਨ ਰੋਜ਼ਾਨਾ ਅਭਿਆਸ ਹੈ ਜਿਸ ਨਾਲ ਸਾਡੇ ਜੀਵਨ ਵਿੱਚ ਬਹੁਤ ਸਾਰੇ ਸਰੀਰਕ ਅਤੇ ਮਾਨਸਿਕ ਸਿਹਤ ਦੇ ਫ਼ਇਦੇ ਲਏ ਜਾ ਸਕਦੇ ਹਨ। ਉਨ੍ਹਾਂ ਦੱਸਿਆ ਕਿ ਹਰੇਕ ਸਮੂਹ ਵਿੱਚ ਆਂਢ-ਗੁਆਂਢ ਤੋਂ ਘੱਟੋ-ਘੱਟ 25 ਯੋਗ ਸਿੱਖਣ ਲਈ ਇੱਛੁਕ ਮੈਂਬਰ ਹੋਣੇ ਚਾਹੀਦੇ ਹਨ। ਪੰਜਾਬ ਸਰਕਾਰ ਵੱਲੋਂ ਸਾਰੇ ਨਾਗਰਿਕਾਂ ਲਈ ਪ੍ਰਮਾਣਿਤ ਇੰਸਟ੍ਰਕਟਰ ਉਪਲਬਧ ਕਰਵਾਏ ਜਾਣਗੇ।

ਇੰਸਟ੍ਰਕਟਰ ਕਲਾਸਾਂ ਦਾ ਆਯੋਜਨ ਕਰਨ ਲਈ ਹਰੇਕ ਸਮੂਹ ਦੇ ਇੱਕ ਮੈਂਬਰ ਨਾਲ ਤਾਲਮੇਲ ਕਰਨਗੇ ਜਿਸ ਨੂੰ ਗਰੁੱਪ ਕੋਆਰਡੀਨੇਟਰ ਕਿਹਾ ਜਾਵੇਗਾ। ਗਰੁੱਪ ਕੋਆਰਡੀਨੇਟਰ ਨੂੰ ਇੰਸਟ੍ਰਕਟਰ ਨਾਲ ਤਾਲਮੇਲ ਕਰਨਾ ਚਾਹੀਦਾ ਹੈ ਅਤੇ ਯੋਗਾ ਕਲਾਸਾਂ ਲਈ ਸਮਾਂ ਅਤੇ ਸਥਾਨ ਨਿਸਚਤ ਕਰਨਾ ਚਾਹੀਦਾ ਹੈ ਜੋ ਸਾਰੇ ਭਾਗੀਦਾਰਾਂ ਵੱਲੋਂ ਉਚਿਤ ਸਮਝਿਆ ਜਾਂਦਾ ਹੈ। ਇੱਕ ਇੱਛੁਕ ਵਿਆਕਤੀ ਵੀ ਆਪਣੇ ਆਪ ਨੂੰ ਰਜਿਸਟਰ ਕਰ ਸਕਦਾ ਹੈ। ਇਸ ਸੰਬੰਧੀ ਵਧੇਰੇ ਜਾਣਕਾਰੀ ਲਈ ਪੰਜਾਬ ਸਰਕਾਰ ਵੱਲੋ ਜਾਰੀ ਹੈਲਪਲਾਈਨ ਨੰਬਰ 7669400500 'ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਬੀਕੇਯੂ ਕਾਦੀਆਂ ਦੇ ਬਲਾਕ ਫ਼ਿਰੋਜ਼ਪੁਰ ਦੇ ਆਗੂਆਂ ਦੀ ਮੀਟਿੰਗ

**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)**-ਕਿਸਾਨ ਵਰਗ ਨੂੰ ਪੇਸ਼ ਆ ਰਹੀਆਂ ਮੁਸ਼ਕਲਾਂ ਤੇ ਕਿਸਾਨੀ ਮੁੱਦਿਆਂ ਸਬੰਧੀ ਭਾਰਤੀ ਕਿਸਾਨ ਯੂਨੀਅਨ ਕਾਦੀਆਂ ਦੀ ਮੀਟਿੰਗ ਬਲਾਕ ਪ੍ਰਧਾਨ ਪ੍ਰਕਾਸ਼ ਸਿੰਘ ਦੀ ਪ੍ਰਧਾਨਗੀ ਹੇਠ ਗੁਰਦੁਆਰਾ ਸਾਰਾਗੜ੍ਹੀ ਸਾਹਿਬ ਵਿਖੇ ਹੋਈ, ਜਿਸ ਵਿੱਚ ਵੱਖ-ਵੱਖ ਕਿਸਾਨੀ ਮੁੱਦਿਆਂ ਦੇ ਨਾਲ ਸਮੇਂ ਸਿਰ ਨਹਿਰੀ ਪਾਣੀ ਨਾ ਮਿਲਣ ਸਬੰਧੀ ਵਿਚਾਰ ਵਟਾਂਦਰਾ ਕੀਤਾ ਗਿਆ। ਮੀਟਿੰਗ ਦੌਰਾਨ ਬਲਾਕ ਪ੍ਰਧਾਨ ਪ੍ਰਕਾਸ਼ ਸਿੰਘ ਨੇ ਕਿਹਾ ਕਿ ਸੂਬਾ ਸਰਕਾਰ ਦੇ 16 ਜੂਨ ਤੱਕ ਨਹਿਰੀ ਪਾਣੀ ਦੇਣ ਦੇ ਜੋ ਵੱਡੇ-ਵੱਡੇ ਦਾਅਵੇ ਕਿਸਾਨਾਂ ਨਾਲ ਕੀਤੇ ਗਏ ਸਨ, ਸਭ ਖੋਖਲੇ ਸਾਬਿਤ ਹੋ ਗਏ ਹਨ, ਜਿਸ ਕਰਕੇ ਕਿਸਾਨ ਵਰਗ ਭਾਰੀ ਪ੍ਰੇਸ਼ਾਨੀ ਦੇ ਆਲਮ ਵਿਚ ਹੈ, ਕਿਉਂਕਿ ਝੋਨੇ ਦੀ ਬਿਜਾਈ ਜ਼ੋਰ-ਸ਼ੋਰ ਨਾਲ ਚੱਲ ਰਹੀ ਹੈ। ਬਲਾਕ ਪ੍ਰਧਾਨ ਪ੍ਰਕਾਸ਼ ਸਿੰਘ ਨੇ ਕਿਹਾ ਕਿ ਕਿਸੇ ਵੀ ਨਹਿਰ ਤੇ ਨਾ ਹੀ ਕਿਸੇ ਰਜਵਾਹੇ ਵਿੱਚ ਪਾਣੀ ਨਹੀਂ ਆਇਆ, ਜਿਵੇਂ ਕਿ ਮਮਦੋਟ ਫੀਡਰ, ਜਲਾਲਾਬਾਦ ਫੀਡਰ, ਸੋਢੀ ਨਗਰ ਫੀਡਰ ਕਿਸੇ ਵਿੱਚ ਪਾਣੀ ਨਹੀਂ ਛੱਡਿਆ ਨਹੀਂ ਗਿਆ, ਜਿਸ ਕਰਕੇ ਕਿਸਾਨਾਂ ਨੂੰ ਵੱਡੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ।ਬਲਾਕ ਪ੍ਰਧਾਨ ਪ੍ਰਕਾਸ਼ ਸਿੰਘ ਨੇ ਕਿਹਾ ਕਿ ਬਿਜਲੀ ਸਪਲਾਈ ਦੀਆਂ ਤਾਰਾਂ ਪੁਰਾਣੀਆਂ ਹੋ ਚੁੱਕੀਆਂ ਹਨ, ਜਿਸ ਕਰਕੇ ਮੋਟਰਾਂ ਚਲਾਉਣ ਲਈ ਵੋਲਟੇਜ ਪੂਰੀ ਨਹੀਂ ਮਿਲਦੀ ਤੇ ਮੋਟਰਾਂ ਦਾ ਨੁਕਸਾਨ ਹੋ ਜਾਂਦਾ ਹੈ।ਪੁਲਸ ਨੂੰ ਅਪੀਲ ਕਰਦੇ ਹੋਏ ਕਿਹਾ ਕਿ ਜੋ ਬਿਜਲੀ ਦੀਆਂ ਤਾਰਾਂ ਤੇ ਟਰਾਂਸਫ਼ਾਰਮਰਾਂ ਵਿਚੋਂ ਤੇਲ ਚੋਰੀ ਕਰਨ ਵਾਲਿਆਂ 'ਤੇ ਸ਼ਿਕੰਜਾ ਕੱਸਿਆ ਜਾਵੇ।ਇਸ ਮੌਕੇ ਗੁਰਮੇਲ ਸਿੰਘ, ਜੋਗਾ ਸਿੰਘ, ਸੁਰਜੀਤ ਸਿੰਘ, ਸੁਬੇਗ ਸਿੰਘ, ਬਲਦੇਵ ਸਿੰਘ, ਤਰਸੇਮ ਸਿੰਘ, ਰਾਜ ਕੁਮਾਰ, ਸੁਖਵਿੰਦਰ ਸਿੰਘ ਮਮਦੋਟ, ਵੀਰ ਸਿੰਘ ਫ਼ੌਜੀ, ਗੁਰਦੇਵ ਸਿੰਘ, ਸਰਬਜੀਤ ਸਿੰਘ, ਬਲਬੀਰ ਸਿੰਘ ਤੇ ਹਰਜੀਤ ਸਿੰਘ ਆਦਿ ਆਗੂ ਹਾਜ਼ਰ ਸਨ।

ਉੱਤਰ ਰੇਲਵੇ

ਆਜ਼ਾਦੀ ਕਾ ਅੰਮ੍ਰਿਤ ਮਹੋਤਸਵ

**ਈ-ਨਿਵਿਦਾ ਸੂਚਨਾ**

ਨਿਵਿਦਾ ਸੂਚਨਾ ਪੱਤਰ ਨੰ.:-770-W/169/WA/FZR/2023-2024 ਮਿਤੀ 21.06.2023

ਸੀਨੀਅਰ ਮੰਡਲ ਇੰਜੀਨੀਅਰ-ਹੈਡਕੂ. ਫਿਰੋਜ਼ਪੁਰ ਦੁਆਰਾ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਹੇਠਾਂ ਲਿਖਤ ਈ-ਨਿਵਿਦਾਵਾਂ, ਅੰਤਮ ਮਿਤੀ 13.07.2023 ਸਮਾਂ 15.00 ਵਜੇ ਤਕ, www.ireps.gov.in ਮੰਗ ਕੀਤੀ ਜਾਂਦੀ ਹੈ। ਨਿਵਿਦਾਕਰਤਾ ਆਪਣੇ ਮੂਲ/ਸੰਸ਼ੋਧਿਤ ਟੈਂਡਰ ਮਿਤੀ ਅਤੇ ਸਮੇਂ ਤਕ ਪੇਸ਼ ਕਰ ਸਕਦੇ ਹਨ ਇਨਾਂ ਟੈਂਡਰਾਂ ਦੇ ਲਈ ਮੈਨੂਅਲ ਪ੍ਰਸਤਾਵ ਮਾਨਯ ਨਹੀਂ ਹੈ ਅਤੇ ਐਸੇ ਕਿਸੇ ਵੀ ਮੈਨੂਅਲ ਪ੍ਰਾਪਤ ਪ੍ਰਸਤਾਵ ਨੂੰ ਸਵੀਕਾਰ ਨਹੀਂ ਕੀਤਾ ਜਾਵੇਗਾ।ਠੇਕੇਦਾਰ ਨਿਵਿਦਾ ਫਾਰਮ ਦੀ ਲਾਗਤ ਅਤੇ ਬਿਆਨਾ ਰਾਸ਼ੀ ਭੁਗਤਾਨ ਕੇਵਲ www.ireps.gov.in ਪੋਰਟਲ ਤੇ ਉਪਲਬਧ ਆਨ ਲਾਈਨ ਸਾਧਨਾਂ ਦੇ ਮਾਧਿਅਮ ਜਿਵੇਂ ਨੈਟ ਬੈਂਕਿੰਗ, ਡੇਬਿਟ ਕਾਰਡ, ਤੇ ਕਰੈਡਿਟ ਕਾਰਡ ਆਦਿ ਨਾਲ ਭੁਗਤਾਨ ਕਰ ਸਕਦੇ ਹਨ। ਡਿਮਾਂਡ ਡ੍ਰਾਫਟ, ਬੈਂਕਰ ਚੈਕ, ਐਫ.ਡੀ.ਆਰ. ਤੇ ਰਸੀਦਾਂ ਆਦਿ ਦੇ ਮਾਧਿਅਮ ਨਾਲ ਭੁਗਤਾਨ ਦੀ ਇਜਾਜਤ ਨਹੀਂ ਹੈ।

| ਨਿਵਿਦਾ ਪ੍ਰਕਾਰ | ਨਿਵਿਦਾ ਅਨੁਭਾਗ | ਬੋਲੀ ਪ੍ਰਣਾਲੀ |
|---|---|---|
| ਖੁਲ੍ਹਾ | ਕੰਮ | ਸਿੰਗਲ ਪੈਕੇਟ ਪ੍ਰਣਾਲੀ |
| ਨਿਵਿਦਾ ਅਪਲੋਡ ਕਰਨ ਦੀ ਮਿਤੀ | ਬੋਲੀ ਸ਼ੁਰੂ ਦੀ ਮਿਤੀ | ਬੋਲੀ ਸਮਾਪਨ ਦੀ ਮਿਤੀ ਅਤੇ ਸਮਾਂ |
| 20.06.2023 | 29.06.2023 | 13.07.2023 / 15:00 ਵਜੇ |

| ਲ.ਨੰ. | ਨਿਵਿਦਾ ਨੰਬਰ | ਨਿਵਿਦਾ ਦਾ ਵੇਰਵਾ | | | |
|---|---|---|---|---|---|
| 1 | 94-2023-24-ADEN-1-FZR | ਸਹਾਇਕ ਮੰਡਲ ਇੰਜੀਨੀਅਰ-ਫਸਟ/ਫਿਰੋਜਪੁਰ ਦੇ ਤਹਿਤ ਮੰਡਲ ਦਫਤਰ ਫਿਰੋਜਪੁਰ ਵਿਚ ਗਤੀ ਸ਼ਕਤੀ ਲਈ ਅਧਿਕਾਰੀਆਂ ਅਤੇ ਕਰਮਚਾਰੀਆਂ ਆਦਿ ਦੇ ਲਈ ਦਫਤਰ ਦਾ ਨਿਰਮਾਣ। | | | |
| | | ਵਿਗਿਆਪਨ ਮੁੱਲ (ਰੁ.) | ਬਿਆਨਾ ਰਾਸ਼ੀ | ਆਫਰ ਦੀ ਵੈਲੇਡਿਟੀ | ਸਮਾਪਨ ਦੀ ਅਵਧੀ |
| | | 1,12,03,896.62 /- | 2,06,000 /- | 60 ਦਿਨ | 12 ਮਹੀਨੇ |
| | | ਸਮਾਨ ਨੇਚਰ ਦਾ ਕੰਮ : - "ਭਵਨ/ਕਵਾਟਰ ਦਾ ਨਿਰਮਾਣ।" | | | |

ਨੋਟ :1. ਨਿਵਿਦਾ ਪਾਉਣ ਤੋਂ ਪਹਿਲਾਂ ਨਿਵਿਦਾਕਰਤਾ ਨਿਵਿਦਾ ਦੇ ਸਬੰਧ ਵਿਚ ਜਾਰੀ ਕੀਤੇ ਗਏ ਕਿਸੇ ਵੀ ਸ਼ੁਧੀਪੱਤਰ ਦੀ ਜਾਂਚ ਕਰਨਗੇ।
2. ਹਿੰਦੀ ਵਿਚ ਕਿਸੇ ਵੀ ਗਲਤੀ ਲਈ ਅੰਗ੍ਰੇਜੀ ਵਰਜਨ ਦਾ ਅਵਲੋਕਨ ਕਰੋ, ਅਤੇ ਅੰਗ੍ਰੇਜੀ ਵਰਜਨ ਹੀ ਮਾਨਯ ਹੋਣਗੇ।

1917/23

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

# ਛੱਜ ਤਾਂ ਬੋਲੇ ਛਾਨਣੀ ਕਿਉਂ ਬੋਲੇ : ਆਪ ਆਗੂ

**ਮਾਹਿਲਪੁਰ (ਸਫਰੀ)**

ਬੀਤੇ ਦਿਨੀ ਭਾਜਪਾ ਆਗੂ ਨਾਮਿਸ਼ਾ ਮਹਿਤਾ ਵਲੋਂ ਹਲਕਾ ਗੜ੍ਹਸ਼ੰਕਰ ਦੇ ਵਿਧਾਇਕ ਤੇ ਪੰਜਾਬ ਵਿਧਾਨ ਸਭਾ ਦੇ ਡਿਪਟੀ ਸਪੀਕਰ ਜੈ ਕ੍ਰਿਸ਼ਨ ਸਿੰਘ ਰੋੜੀ ਤੇ ਊਲ ਜਲੂਲ ਤੇ ਬੇਬੁਨਿਆਦ ਇਲਜਾਮ ਲਗਾਉਣ 'ਤੇ ਆਮ ਆਦਮੀ ਪਾਰਟੀ ਦੇ ਸਥਾਨਕ ਆਗੂਆਂ, ਸੰਜੇ ਕੁਮਾਰ ਪੀਪਲੀਵਾਲ, ਹਰਿੰਦਰ ਸਿੰਘ ਮਾਨ ਨੰਬਰਦਾਰ, ਸੁਲਿੰਦਰ ਕੁਮਾਰ ਕਾਕਾ ਪਦਰਾਣਾ, ਬਲਦੇਵ ਸਿੰਘ ਬੱਠਲਾਂ, ਸਰਪੰਚ ਕੁਲਦੀਪ ਕੁਮਾਰ ਬੋੜ੍ਹ , ਬਾਬਾ ਨਿਰਮਲ ਸਿੰਘ, ਸਰਪੰਚ ਰਾਜੀਵ ਕੁਮਾਰ ਨੇ ਭਾਜਪਾ ਆਗੂ ਵਿਰੁੱਧ ਤਿੱਖਾ ਪ੍ਰਤੀਕਰਮ ਜਾਹਿਰ ਕਰਦਿਆਂ ਕਿਹਾ ਕਿ ਉਕਤ ਆਗੂ ਵਲੋਂ ਸਿਰਫ ਕੁਰਸੀ ਲਈ ਆਪਣੀ ਹੀ ਸਰਕਾਰ 'ਚ ਆਪਣੇ ਹੀ ਨੇਤਾਵਾਂ ਨਾਲ ਪੰਗੇ ਲੈਂਦੀ ਰਹੀ। ਕੁਰਸੀ ਖਾਤਿਰ ਵੱਖ-ਵੱਖ ਪਾਰਟੀਆਂ 'ਚ ਸ਼ਾਮਿਲ ਹੁੰਦੀ ਰਹੀ। ਕਾਂਗਰਸ ਦੀ ਸਰਕਾਰ ਵੇਲੇ ਕੱਚੇ ਮਕਾਨਾਂ ਲਈ ਪੈਸੇ ਦੇਣ ਦਾ ਲਾਲਚ ਦੇ ਕੇ ਗਰੀਬਾਂ ਦਾ ਸ਼ੋਸ਼ਣ ਕਰਦੀ ਰਹੀ ਹੈ ਤੇ ਅੱਜ ਤਕ ਕਿਸੇ ਲੋੜਵੰਦ ਦੀ ਕੋਈ ਮੱਦਦ ਨਹੀਂ ਕਰਵਾ ਸਕੀ। ਵਿਧਾਨ ਸਭਾ ਚੋਣਾਂ 'ਚ ਨਸ਼ੇ ਵੰਡਣ ਦੀ ਆਡੀਓ ਸ਼ੋਸਲ ਮੀਡੀਆ 'ਚ ਵਾਇਰਲ ਹੋਈ ਜਿਸ ਵਿੱਚ ਨਸ਼ੇ ਬਦਲੇ ਵੋਟ ਦੀ ਗੱਲਬਾਤ ਜੱਗ ਜਾਹਿਰ ਹੋਈ ਸੀ। ਭਾਜਪਾ 'ਚ ਕੋਈ ਹਲਕਾ ਇੰਚਾਰਜ ਨਾ ਹੋਣ ਦੇ ਬਾਵਜੂਦ ਆਪਣੇ ਆਪ ਨੂੰ ਹਲਕਾ ਇੰਚਾਰਜ ਦੱਸਣ ਵਾਲਿਆਂ ਤੋਂ ਦੁੱਖੀ ਹੋ ਕੇ ਗੜ੍ਹਸ਼ੰਕਰ ਦੇ ਬਹੁਗਿਣਤੀ ਭਾਜਪਾ ਆਗੂਆਂ ਨੇ ਆਪਣੀ ਹਾਈ ਕਮਾਂਡ ਨੂੰ ਅਸਤੀਫੇ ਸੌਂਪ ਦਿੱਤੇ ਹਨ। ਆਗੂਆਂ ਨੇ ਕਿਹਾ ਆਪਣੀ ਰਾਜਨੀਤਕ ਜਮੀਨ ਖਿਸਕਦੀ ਦੇਖ ਉਕਤ ਭਾਜਪਾ ਆਗੂ ਫੋਕੀ ਸ਼ੋਹਰਤ ਹਾਸਿਲ ਕਰਨ ਲਈ ਕੂੜ ਪ੍ਰਚਾਰ ਕਰ ਰਹੀ ਹੈ। ਆਪ ਆਗੂਆਂ ਨੇ ਕਿਹਾ ਸਾਡਾ ਵਿਧਾਇਕ ਇਕ ਇਮਾਨਦਾਰ ਤੇ ਲੋਕਾਂ ਦੀ ਸੇਵਾ 'ਚ ਦਿਨ ਰਾਤ ਕੰਮ ਕਰਨ ਵਾਲਾ ਹੈ ਜਿਸ ਕਰਕੇ ਹਲਕਾ ਗੜ੍ਹਸ਼ੰਕਰ ਦੇ ਲੋਕਾਂ ਨੇ ਉਹਨਾਂ ਨੂੰ ਦੂਜੀ ਵਾਰ ਭਾਰੀ ਬੁਹਮਤ ਨਾਲ ਐਮ ਐਲ ਏ ਬਣਾਇਆ। ਆਪ ਆਗੂਆਂ ਨੇ ਕਿਹਾ 2017 ਦੀਆਂ ਵਿਧਾਨ ਸਭਾ ਚੋਣਾਂ ਚ ਜਮਾਨਤ ਜਬਤ ਕਰਵਾਉਣ ਤੇ 2022 ਦੀਆਂ ਚੋਣਾਂ 'ਚ ਪੰਜਵੇਂ ਸਥਾਨ 'ਤੇ ਆਉਣ ਵਾਲਿਆਂ ਨੂੰ ਅਸੀਂ ਜਵਾਬ ਦੇਹ ਨਹੀਂ ਹਾਂ। ਇਸ ਮੌਕੇ ਸਰਪੰਚ ਮਹਿੰਦਰ ਸਿੰਘ ਟਿੱਬਾ, ਸਰਪੰਚ ਰਾਜਿੰਦਰ ਕੁਮਾਰ ਬੱਠਲਾਂ, ਪ੍ਰਿਥੀ ਸਿੰਘ, ਧਰਮ ਸਿੰਘ ਚੋਹੜ ਤੋਂ ਇਲਾਵਾ ਮਹਿਲਾ ਆਗੂ ਗੁਰਬਖਸ਼ ਕੌਰ,ਫ਼ਿਰੋਜਾ ਖਾਨ, ਪਰਮਜੀਤ ਕੌਰ, ਸੁਦੇਸ਼ ਰਾਣੀ ਤੇ ਸਰਬਜੀਤ ਕੌਰ ਹਾਜਰ ਸਨ।



## 20 ਲੱਖ ਰੁਪਏ ਲੈ ਕੇ ਨਸ਼ਾ ਤਸਕਰ ਛੱਡਣ ਵਾਲੇ ਸਬ-ਇੰਸਪੈਕਟਰ ਤੇ ਏ ਐਸ ਆਈ ਵਿਰੁੱਧ ਕੇਸ ਦਰਜ

**ਕਪੂਰਥਲਾ, (ਰਾਵਿੰਦਰ ਸਿੰਘ)**

ਪੰਜਾਬ ਸਰਕਾਰ ਵਲੋਂ ਨਸ਼ਾ ਤਸਕਰਾਂ ਵਿਰੁੱਧ ਚੱਲ ਰਹੀ ਮੁਹਿੰਮ ਦੌਰਾਨ ਕਪੂਰਥਲਾ ਪੁਲਸ ਵਲੋਂ ਸਖਤ ਕਾਰਵਾਈ ਕਰਦੇ ਹੋਏ ਆਪਣੇ ਸਬ ਇੰਸਪੈਕਟਰ ਤੇ ਏ.ਐਸ.ਆਈ. ਵਲੋਂ ਨਸ਼ਾ ਤਸਕਰ ਨੂੰ 20 ਲੱਖ ਰੁਪਏ ਲੈ ਕੇ ਛੱਡਣ ਦੇ ਮਾਮਲੇ ਵਿਚ ਉਨ੍ਹਾਂ ਵਿਰੁੱਧ ਕੇਸ ਦਰਜ ਕੀਤਾ ਗਿਆ ਹੈ। ਐਸ.ਐਸ.ਪੀ. ਕਪੂਰਥਲਾ ਰਾਜਪਾਲ ਸਿੰਘ ਸੰਧੂ ਵਲੋਂ ਇਸ ਮਾਮਲੇ ਵਿਚ ਸਖਤ ਕਾਰਵਾਈ ਕਰਦਿਆਂ ਜਿੱਥੇ ਪੁਲਸ ਪਾਰਟੀਆਂ ਵਲੋਂ ਏ.ਐਸ.ਆਈ. ਨੂੰ ਛਾਪੇਮਾਰੀ ਦੌਰਾਨ ਗ੍ਰਿਫਤਾਰ ਕਰ ਲਿਆ ਗਿਆ ਹੈ ਉੱਥੇ ਹੀ ਸਬ- ਇੰਸਪੈਕਟਰ ਵਿਰੁੱਧ ਲੁੱਕ ਆਊਟ ਨੋਟਿਸ ਜਾਰੀ ਕਰ ਦਿੱਤਾ ਗਿਆ ਹੈ। ਸੰਧੂ ਨੇ ਦੱਸਿਆ ਕਿ ਪਿਛਲੇ ਦਿਨੀਂ ਜਲੰਧਰ ਦਿਹਾਤੀ ਦੀ ਪਲਸ ਵਲੋਂ ਗੁਜ਼ਰਾਲ ਸਿੰਘ ਉਰਫ ਜੋਗਾ ਪੁੱਤਰ ਜੋਗਿੰਦਰ ਸਿੰਘ ਵਾਸੀ ਪਿੰਡ ਬੂਟ ਥਾਣਾ ਸੁਭਾਨਪੁਰ ਨੂੰ ਨਸ਼ੇ ਦੇ ਧੰਦੇ ਵਿਚ ਕਾਬੂ ਕਰਨ ਤੋਂ ਪਹਿਲਾਂ ਸਬ-ਇੰਸਪੈਕਟਰ ਹਰਜੀਤ ਸਿੰਘ ਥਾਣਾ ਕੋਤਵਾਲੀ ਕਪੂਰਥਲਾ ਤੇ ਏ.ਐਸ.ਆਈ. ਪਰਮਜੀਤ ਸਿੰਘ 386 ਕਪੂਰਥਲਾ ਚੌਕੀ ਇੰਚਾਰਜ ਬਾਦਸ਼ਾਹਪੁਰ ਵਲੋਂ ਉਂਕਾਰ ਸਿੰਘ ਉਰਫ ਕਾਰੀ ਪੁੱਤਰ ਅਨੋਖ ਸਿੰਘ ਵਾਸੀ ਪਿੰਡ ਬੂਟ ਥਾਣਾ ਸੁਭਾਨਪੁਰ ਰਾਹੀਂ 20 ਲੱਖ ਰੁਪਏ ਲੈ ਕੇ ਛੱਡਣ ਸਬੰਧੀ ਖਬਰ ਮਿਲੀ। ਇਸ ਸਬੰਧੀ ਰਮਨਿੰਦਰ ਸਿੰਘ ਪੀ. ਪੀ. ਐਸ. ਪੁਲਸ ਕਪਤਾਨ ਤਫਤੀਸ਼ ਕਪੂਰਥਲਾ ਨੂੰ ਨਿਰਦੇਸ਼ ਦਿੱਤੇ ਜਿਸ 'ਤੇ ਉਨ੍ਹਾਂ ਮਾਮਲੇ ਦੀ ਪੜਤਾਲ ਪਿੱਛੋਂ ਸਬ ਇੰਸਪੈਕਟਰ ਹਰਜੀਤ ਸਿੰਘ 303-ਕਪੂਰਥਲਾ ਥਾਣਾ ਕੋਤਵਾਲੀ , ਏ.ਐਸ.ਆਈ. ਪਰਮਜੀਤ ਸਿੰਘ 386-ਕਪੂਰਥਲਾ ਚੌਕੀ ਇੰਚਾਰਜ ਬਾਦਸ਼ਾਹਪੁਰ ਤੇ ਉਂਕਾਰ ਸਿੰਘ ਉਰਫ ਕਾਰੀ ਤੇ ਗੁਜ਼ਰਾਲ ਸਿੰਘ ਉਰਫ ਜੋਗਾ ਵਿਰੁੱਧ ਥਾਣਾ ਸੁਭਾਨਪੁਰ ਜ਼ਿਲ੍ਹਾ ਕਪੂਰਥਲਾ ਵਿਖੇ ਮੁਕੱਦਮਾ ਨੰਬਰ 76 ਮਿਤੀ 20 ਜੂਨ ਨੂੰ ਧਾਰਾ 222, 120 ਬੀ ਭ੍ਰਿਸ਼ਟਾਚਾਰ ਰੋਕੂ ਐਕਟ 1988 ਤਹਿਤ ਦਰਜ ਕੀਤਾ ਗਿਆ।

# ਮਜਦੂਰ ਤੇ ਕਿਸਾਨ ਜਥੇਬੰਦੀਆਂ ਨੇ ਲੁੱਟਾਂ-ਖੋਹਾਂ ਵਿਰੁੱਧ ਥਾਣੇ ਅੱਗੇ ਲਾਇਆ ਧਰਨਾ

**ਨਕੋਦਰ (ਨਵਾਂ ਜ਼ਮਾਨਾ ਸਰਵਿਸ)**

ਇਲਾਕੇ ਅੰਦਰ ਹੋ ਰਹੀਆਂ ਲੁੱਟਾਂ-ਖੋਹਾਂ ਦੀ ਵਾਰਦਾਤਾਂ ਅਤੇ ਪੁਲਸ ਦੀ ਢਿੱਲੀ ਕਾਰਗੁਜ਼ਾਰੀ ਵਿਰੁੱਧ ਮਜਦੂਰ ਕਿਸਾਨ ਜਥੇਬੰਦੀਆਂ ਦੇ ਸੈਂਕੜੇ ਵਰਕਰਾਂ ਨੇ ਥਾਣਾ ਨਕੋਦਰ ਦੇ ਗੇਟ ਅੱਗੇ ਧਰਨਾ ਪ੍ਰਦਰਸ਼ਨ ਕੀਤਾ। ਜਿਕਰਯੋਗ ਹੈ ਕਿ ਪਿਛਲੇ ਕੁਝ ਸਮੇਂ ਤੋਂ ਇਲਾਕਾ ਨਕੋਦਰ ਸ਼ਾਹਕੋਟ 'ਚ ਲੁੱਟਾਂ-ਖੋਹਾਂ ਦੀਆਂ ਧੜਾਧੜ ਵਾਰਦਾਤਾਂ ਹੋ ਰਹੀਆਂ ਹਨ। ਇਨ੍ਹਾਂ ਲੁਟੇਰਿਆਂ ਵਲੋਂ ਰਾਹਗੀਰ ਦਿਹਾੜੀਦਾਰ ਮਜਦੂਰਾਂ ,ਔਰਤਾਂ ਅਤੇ ਆਪਣੇ ਖੇਤਾਂ ਨੂੰ ਜਾਂਦੇ ਕਿਸਾਨ ਅਤੇ ਖੇਤਾਂ 'ਚ ਕੰਮ ਕਰਦੇ ਪ੍ਰਵਾਸੀ ਮਜਦੂਰਾਂ ਨੂੰ ਜਿਆਦਾਤਰ ਨਿਸ਼ਾਨਾ ਬਣਾਇਆ ਜਾਂਦਾ ਹੈ । ਇਥੇ ਧਰਨਾ ਪ੍ਰਦਰਸ਼ਨ ਕਰਨ ਪਹੁੰਚੇ ਜਥੇਬੰਦੀਆਂ ਦੇ ਆਗੂਆਂ ਨੇ ਦੋਸ਼ ਲਾਇਆ ਕਿ ਇਨ੍ਹਾਂ ਲੁਟੇਰਿਆਂ ਕਾਰਨ ਲੋਕਾਂ ਦੇ ਮਨਾਂ ਅੰਦਰ ਦਹਿਸ਼ਤ ਦਾ ਮਾਹੌਲ ਹੈ ਪਰ ਪੁਲਸ ਦੀ ਕਾਰਵਾਈ ਬਿਲਕੁੱਲ ਜ਼ੀਰੋ ਹੈ। ਪੰਜਾਬ ਖੇਤ ਮਜ਼ਦੂਰ ਯੂਨੀਅਨ ਦੇ ਸੂਬਾ ਵਿੱਤ ਸਕੱਤਰ ਹਰਮੇਸ਼ ਮਾਲੜੀ ,ਦਿਹਾਤੀ ਮਜਦੂਰ ਸਭਾ ਦੇ ਸੂਬਾ ਪ੍ਰਧਾਨ ਦਰਸ਼ਨ ਨਾਹਰ ,ਪੇਂਡੂ ਮਜਦੂਰ ਯੂਨੀਅਨ ਪੰਜਾਬ ਦੇ ਕਸ਼ਮੀਰ ਸਿੰਘ ਘੁੱਗਸ਼ੋਰ ,ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਜ਼ਿਲ੍ਹਾ ਪ੍ਰਧਾਨ ਮੋਹਨ ਸਿੰਘ ਬੱਲ ਅਤੇ ਜਮਹੂਰੀ ਕਿਸਾਨ ਸਭਾ ਦੇ ਜ਼ਿਲ੍ਹਾ ਆਗੂ ਮਨੋਹਰ ਸਿੰਘ ਨੇ ਕਿਹਾ ਕਿ ਨਕੋਦਰ ਪੁਲਸ ਦੀ ਚੌਂਕੀ ਸ਼ੰਕਰ ਦੇ ਇੰਚਾਰਜ਼ ਵਲੋਂ ਉਲਟਾ ਲੁੱਟ ਦਾ ਸ਼ਿਕਾਰ ਹੋਏ ਮਲਸੀਆਂ ਪਿੰਡ ਮਜਦੂਰਾਂ ਨੂੰ ਹੀ ਗਾਲ੍ਹੀਗਲੋਚ ਕਰਕੇ ਧੱਕੇ ਮਾਰਕੇ ਚੌਂਕੀ 'ਚ ਬਾਹਰ ਕੱਢ ਦਿੱਤਾ। ਆਗੂਆਂ ਨੇ ਕਿਹਾ ਕਿ ਪਿੰਡਾਂ ਅੰਦਰ ਵੱਡੀ ਲਾਮਬੰਦੀ ਕਰਕੇ ਪੁਲਸ ਸਮੱਗਲਰ /ਗੁੰਡਾ ਗਰੋਹਾਂ ਖਿਲਾਫ ਸ਼ੰਘਰਸ਼ ਕੀਤਾ ਜਾਵੇਗਾ । ਇਸ ਮੌਕੇ ਥਾਣਾ ਸਦਰ ਦੇ ਐਸ ਐਚ ਓ ਗੁਰਿੰਦਰ ਜੀਤ ਸਿੰਘ ਨਾਗਰਾ ਅਤੇ ਥਾਣਾ ਸਿਟੀ ਦੇ ਇੰਚਾਰਜ ਬਲਜੀਤ ਸਿੰਘ ਨੇ ਇਕੱਠ ਵਿੱਚ ਆ ਕੇ ਵਿਸ਼ਵਾਸ ਦੁਵਾਇਆ ਕਿ ਸ਼ੰਕਰ ਚੌਕੀ ਦੇ ਇੰਚਾਰਜ਼ ਵਲੋਂ ਮਜਦੂਰਾਂ ਨਾਲ ਕੀਤਾ ਵਿਵਹਾਰ ਨਿੰਦਣਯੋਗ ਹੈ ਅਤੇ ਅੱਗੇ ਤੋਂ ਲੋਕਾਂ ਨਾਲ ਚੰਗਾ ਵਿਵਹਾਰ ਕਰਨ ਦਾ ਭਰੋਸਾ ਦਿੱਤਾ । ਇਸ ਮੌਕੇ ਹੋਰਨਾਂ ਇਲਾਵਾ ਮਜਦੂਰ ਆਗੂ ਹਰਪਾਲ ਬਿੱਟੂ ,ਨਿਰਮਲ ਆਧੀ ਸੁਖਜਿੰਦਰ ਲਾਲੀ , ਰਾਮ ਸਿੰਘ ਕੈਮਵਾਲਾ ਅਤੇ ਨਿਰਮਲ ਸਿੰਘ ਮਲਸੀਆਂ ਨੇ ਵੀ ਸੰਬੋਧਨ ਕੀਤਾ।

## ਨਜਾਇਜ਼ ਮਾਈਨਿੰਗ ਕਰਦੀ ਟਰੈਕਟਰ-ਟਰਾਲੀ ਕਾਬੂ

**ਫਿਲੌਰ (ਨਿਰਮਲ)**- ਡੀ.ਐਸ.ਪੀ ਫਿਲੌਰ ਜਗਦੀਸ਼ ਰਾਜ ਨੇ ਦੱਸਿਆ ਕਿ ਸਬ-ਇਸਪੈਕਟਰ ਮਹਿੰਦਰ ਪਾਲ ਮੁੱਖ ਅਫਸਰ ਥਾਣਾ ਬਿਲਗਾ ਸਮੇਤ ਪੁਲਸ ਪਾਰਟੀ ਸਮੇਤ ਮਾਇਨਿੰਗ ਟੀਮਾਂ ਨੂੰ ਹਮਰਾਹ ਲੈ ਕੇ ਰੇਤਾ ਦੀ ਗੈਰ ਕਾਨੂੰਨੀ ਨਿਕਾਸੀ ਕਰਨ ਵਾਲੇ ਵਿਅਕਤੀਆ ਸਬੰਧੀ ਮੰਡ ਏਰੀਆ ਵਿਖੇ ਰੇਡ ਕੀਤਾ ਗਿਆ। ਜਦ ਪੁਲਸ ਪਾਰਟੀ ਸਮੇਤ ਮਾਇਨਿੰਗ ਟੀਮ ਪਿੰਡ ਬੁਰਜ ਹਸਨ ਮੰਡ ਏਰੀਆ ਵਿਖੇ ਪੁੱਜੀ ਤਾਂ ਇੱਕ ਟਰੈਕਟਰ ਮਾਰਕਾ ਸੋਨਾਲਿਕਾ ਨੰਬਰੀ ਪੀ ਬੀ -09-ਐਸ-9871 ਸਮੇਤ ਟਰਾਲੀ ਲੋਹਾ ਜਿਸ ਵਿੱਚ ਰੇਤ ਭਰੀ ਹੋਈ ਸੀ। ਜੋ ਟਰੈਕਟਰ ਦੇ ਡਰਾਈਵਰ ਰੂਪਾਨ ਚੌਧਰੀ ਪੁੱਤਰ ਨਰ ਸਿੰਘ ਵਾਸੀ ਮਨਸਾ ਦੇਵੀ ਨਗਰ ਫਗਵਾੜਾ ਜ਼ਿਲ੍ਹਾ ਕਪੂਰਥਲਾ ਨੂੰ ਉਸਦੇ ਟਰੈਕਟਰ ਸਮੇਤ ਟਰਾਲੀ ਵਿੱਚ ਭਰੀ ਰੇਤ ਸਬੰਧੀ ਕੋਈ ਸਰਕਾਰੀ ਦਸਤਾਵੇਜ ਜਾਂ ਪਰਚੀ ਦਿਖਾਉਣ ਵਾਸਤੇ ਕਿਹਾ ਗਿਆ। ਜਿਸ ਵੱਲੋਂ ਆਪਣੇ ਟਰੈਕਟਰ ਟਰਾਲੀ ਵਿੱਚ ਭਰੀ ਰੇਤ ਸਬੰਧੀ ਕੋਈ ਵੀ ਦਸਤਾਵੇਜ ਜਾਂ ਪਰਚੀ ਦਿਖਾਉਣ ਨਾ ਦਿਖਾਉਣ ਕਰਕੇ ਮਾਇਨਿੰਗ ਟੀਮ ਵੱਲੋਂ ਇਸਦਾ ਟਰੈਕਟਰ ਮਾਈਨਰ ਮਿਨਰਲ ਰੂਲਜ-2013 ਦੀ ਧਾਰਾ 75 (1) ਤਹਿਤ ਕਾਰਵਾਈ ਕਰਕੇ ਅਹਾਤਾ ਥਾਣਾ ਜਮਾ ਕਰਵਾਇਆ ਗਿਆ।

## ਧਾਰਮਕ ਸਮਾਗਮ ਭਲਕੇ

**ਮਾਹਿਲਪੁਰ, (ਨਿਰਮਲ ਸਿੰਘ ਮੁੱਗੋਵਾਲ)**-ਸ਼ਿਵਾਲਿਕ ਪਹਾੜੀਆਂ ਦੀ ਗੋਦ ਵਿਚ ਵੱਸਦੇ ਅਤੇ ਹਿਮਾਚਲ ਪ੍ਰਦੇਸ਼ ਦੀ ਸੀਮਾ ਨਾਲ ਲੱਗਦੇ ਪਿੰਡ ਲਲਵਾਣ ਵਿਖੇ ਸਥਿਤ ਡੇਰਾ ਸੇਵਾਪੁਰੀ ਵਿਖੇ 108 ਸੰਤ ਸੁਆਮੀ ਪਰਮਾਨੰਦ ਮਹਾਰਾਜ ਅਤੇ 108 ਸੰਤ ਪਰਸ਼ੋਤਮਾਨੰਦ ਮਹਾਰਾਜ ਦੀ ਯਾਦ ਨੂੰ ਸਮਰਪਿਤ ਧਾਰਮਿਕ ਸਮਾਗਮ 23 ਜੂਨ ਨੂੰ ਕਰਵਾਇਆ ਜਾ ਰਿਹਾ ਹੈ। ਡੇਰੇ ਦੇ ਮੌਜੂਦਾ ਗੱਦੀਨਸੀਨ 108 ਸੰਤ ਜਗਦੀਸ਼ਵਰਾਨੰਦ ਮਹਾਰਾਜ ਨੇ ਦੱਸਿਆ ਕਿ 21 ਜੂਨ ਨੂੰ ਸ੍ਰੀ ਆਖੰਡ ਪਾਠ ਸਾਹਿਬ ਆਰੰਭ ਕੀਤੇ ਜਾਣਗੇ ਤੇ 23 ਜੂਨ ਨੂੰ ਭੋਗ ਤੋਂ ਬਾਅਦ ਸ਼ਬਦ ਕੀਰਤਨ ਹੋਵੇਗਾ। ਸਵੇਰੇ 8 ਵਜੇ ਨਿਸ਼ਾਨ ਸਾਹਿਬ ਚੜ੍ਹਾਉਣ ਦੀ ਰਸਮ ਵੀ ਅਦਾ ਕੀਤੀ ਜਾਵੇਗੀ।

## ਨਿਰੰਕਾਰੀ ਭਵਨ 'ਚ ਲਾਇਆ ਯੋਗਾ ਕੈਂਪ



**ਮਾਹਿਲਪੁਰ (ਸਫਰੀ)**- ਅੰਤਰਰਾਸ਼ਟਰੀ ਯੋਗਾ ਦਿਵਸ 'ਤੇ ਸੰਤ ਨਿਰੰਕਾਰੀ ਭਵਨ ਮਾਹਿਲਪੁਰ ਵਿਖੇ ਸਥਾਨਕ ਮੁਖੀ ਭੈਣ ਨਛੱਤਰ ਕੌਰ ਦੀ ਦੇਖ ਰੇਖ ਹੇਠ ਯੋਗਾ ਕੈਂਪ ਲਗਾਇਆ ਗਿਆ, ਜਿਸ ਵਿਚ ਕਰੀਬ 100 ਭੈਣਾਂ ਭਰਾਵਾਂ ਨੇ ਹਿੱਸਾ ਲਿਆ । ਕੁਲਦੀਪ ਬੰਗਾ ਕਰਾਟੇ ਕੋਚ ਨੇ ਬਹੁਤ ਵਧੀਆ ਢੰਗ ਨਾਲ ਯੋਗਾ ਆਸਣ ਦਾ ਅਭਿਆਸ ਕਰਵਾਇਆ ਅਤੇ ਯੋਗਾ ਕਰਨ ਨਾਲ ਹੋ ਰਹੇ ਲਾਭ ਬਾਰੇ ਜਾਣਕਾਰੀ ਦਿੱਤੀ । ਭੈਣ ਨਛੱਤਰ ਕੌਰ ਨੇ ਕਿਹਾ ਕਿ ਯੋਗਾ ਨੂੰ ਇਕ ਦਿਨ ਲਈ ਨਹੀਂ ਸਗੋਂ ਜਿੰਦਗੀ ਦਾ ਅਹਿਮ ਹਿੱਸਾ ਬਣਾਉਣਾ ਚਾਹੀਦਾ ਹੈ ਤਾਂ ਕਿ ਅਸੀਂ ਨਿਰੋਗ ਰਹਿ ਸਕੀਏ। ਇਸ ਮੌਕੇ ਸੰਚਾਲਕ ਰਾਜ ਕਮਲ, ਡਾ. ਸੁਦਰਸ਼ਨ ਕੁਮਾਰ , ਡਾ. ਵਰਿੰਦਰ ਕੁਮਾਰ, ਕਮਲ ਦੇਵ, ਬਰਿਜ ਮੋਹਨ, ਲਾਲੀ ਆਦਿ ਹਾਜਰ ਸਨ।

## ਗੀਤ ਖੁਦ ਲਿਖ, ਕੰਪੋਜ਼ ਕਰ ਤੇ ਗਾ ਰਹੀ ਹੈ ਰਣਜੀਤ ਕੌਰ

**ਨੂਰਮਹਿਲ ( ਬਾਲ ਕ੍ਰਿਸ਼ਨ ਬਾਲੀ )**-ਬਹੁਤ ਘੱਟ ਸਮੇ ਵਿੱਚ ਵੱਡੀਆਂ ਪੁਲਾਂਘਾ ਪੁੱਟਣ ਵਾਲੀ ਕਵਿੱਤਰੀ/ਗਾਇਕਾ ਰਣਜੀਤ ਕੌਰ(ਟਰੰਟੋ) 2019 ਤੋਂ ਮੁਕੰਮਲ ਤੌਰ 'ਤੇ ਬਤੌਰ ਕਵਿਤਰੀ ਲਿੱਖਣਾ ਸ਼ੁਰੂ ਕਰਦੀ ਹੋਈ,ਬੜੀ ਤੇਜੀ ਨਾਲ ਅੱਗੇ ਵੱਧ ਕਨੇਡਾ ਦੇ ਬਰੈਂਪਟਨ ਸ਼ਹਿਰ ਵਿੱਚ ਉੱਥੇ ਦੀ ਹਰ ਸਾਹਿਤਕ ਸਭਾ ਵਿੱਚ ਹਿੱਸਾ ਲੈ ਆਪਣੀ ਵਿਲੱਖਣ ਕਲਮ ਅਤੇ ਕ੍ਰਾਂਤੀ ਕਾਰੀ ਸੋਚ ਨੂੰ ਵੱਖਰੇ ਢੰਗ ਨਾਲ ਪੇਸ਼ ਕਰ ਰਹੀ ਹੈ। ਰਣਜੀਤ ਕੌਰ ਅਜਿਹੀ ਪਹਿਲੀ ਕਾਮਯਾਬ ਗਾਇਕਾ ਹੈ ਜੋ ਆਪਣੇ ਗੀਤ ਖੁੱਦ ਲਿਖ, ਕੰਪੋਜ ਕਰ ਤੇ ਆਪ ਹੀ ਗਾ ਕੇ ਲੋਕਾਂ ਦੇ ਰੂ-ਬਰੂ ਕਰ ਰਹੀ ਹੈ। ਸੰਨ 2022 ਵਿੱਚ ਆਪਣੇ (ਭਾਗਾਂ ਵਾਲਾ ਦਿਨ ) ਗੀਤ ਨਾਲ ਗਾਇਕੀ ਦਾ ਸਫਰ ਸ਼ੁਰੂ ਕਰਦੀ ਹੋਈ ਨੇ ਹੁਣ ਤੱਕ ਦਰਜਨ ਤੋਂ ਵੱਧ ਗੀਤ ਗਾ ਕੇ ਲੋਕਾਂ ਦੀ ਝੋਲੀ ਪਾ ਦਿੱਤੇ ਹਨ। ਇਹ ਸਾਰੇ ਗੀਤ (ਰਣਜੀਤ ਕੌਰ ਟਰੰਟੋ) ਨਾਂਅ 'ਤੇ ਉਸਦੇ ਆਪਣੇ ਨਿੱਜੀ ਚੈਨਲ 'ਤੇ ਸੁਣੇ ਜਾ ਸਕਦੇ ਹਨ । ਹੁਣ ਤੱਕ ਰਣਜੀਤ ਕੌਰ ਦੀਆਂ ਦੋ ਕਿਤਾਬਾਂ (ਛੰਭ ਦੀ ਜਾਈ) 2020 ਅਤੇ 2022 ਖੁੱਲ੍ਹਾ ਆਸਮਾਨ ਛੱਪ ਕੇ ਰਿਲੀਜ਼ ਹੋ ਚੁੱਕੀਆਂ ਹਨ ਤੇ ਅਗਲੀ ਪੁਸਤਕ ਵੀ ਜਲਦ ਪਾਠਕਾਂ ਦੇ ਹੱਥਾਂ ਵਿੱਚ ਆਉਣ ਦੀ ਆਸ ਹੈ।



## ਪੰਜਾਬ ਪੈਨਸ਼ਨਰਜ਼ ਯੂਨੀਅਨ ਪੰਜਾਬ ਦੀ ਸੈਂਟਰ ਬਾਡੀ ਮੀਟਿੰਗ 24 ਨੂੰ

**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)** ਪੰਜਾਬ ਪੈਨਸ਼ਨਰਜ ਯੂਨੀਅਨ ਪੰਜਾਬ ਦੀ ਸੈਂਟਰ ਬਾਡੀ ਮੀਟਿੰਗ ਹੁਣ 24 ਜੂਨ ਹੋਵੇਗੀ। ਕਿਉਂਕਿ 23 ਜੂਨ ਨੂੰ ਪੰਜਾਬ ਸਰਕਾਰ ਨਾਲ ਮੀਟਿੰਗ ਹੋਣ ਕਾਰਨ ਤਰੀਕ ਬਦਲੀ ਗਈ ਹੈ। ਇਸ ਲਈ ਪੰਜਾਬ ਪੈਨਸ਼ਨਰਜ ਯੂਨੀਅਨਪੰਜਾਬ ਦੇ ਸੈਂਟਰ ਬਾਡੀ ਦੇ ਅਹੁਦੇਦਾਰਾਂ ਅਤੇ ਜਿਲਾ/ਬ੍ਰਾਂਚਾ ਦੇ ਅਹੁਦੇਦਾਰਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਇਸ ਵਾਰ ਸੈਂਟਰ ਬਾਡੀ ਦੀ ਮੀਟਿੰਗ 24/6/2023 ਨੂੰ ਕਾਮਰੇਡ ਜਸਵੰਤ ਸਿੰਘ ਸਮਰਾ ਹਾਲ ਜਲੰਧਰ ਵਿਖੇ 10 ਵਜੇ ਹੋਵੇਗੀ। ਇਸ ਮੌਕੇ ਪ੍ਰਧਾਨ ਗੁਰਮੇਲ ਸਿੰਘ ਮੈਲਡੇ, ਸਤਿਆ ਪਾਲ ਗੁਪਤਾ, ਦਰਸ਼ਨ ਸਿੰਘ ਥਰੀਕੇ ਹਾਜ਼ਰ ਸਨ।



# ਭੰਗਲਾ-ਖੇੜਾ ਕਲਮੋਟ ਦੇ ਜੰਗਲ 'ਚ ਤੇਂਦੂਏ ਦੀ ਦਸਤਕ

**ਨੂਰਪੁਰਬੇਦੀ, (ਸੁਰਜੀਤ ਸਿੰਘ ਕਾਹਲੋਂ)**

ਪੁਲਸ ਚੌਕੀ ਕਲਵਾਂ ਦੀ ਹਦਬਸਤ 'ਚ ਪੈਂਦੇ ਖੇੜਾ ਕਲਮੋਟ ਅਤੇ ਭੰਗਲਾਂ ਦੇ ਮਾਈਨਿੰਗ ਖੇਤਰ 'ਚ ਦਿਨ ਸਮੇਂ ਤੇਂਦੂਏ ਨੇ ਦਸਤਕ ਦਿੱਤੀ ਹੈ। ਜਿਸ ਕਾਰਨ ਲੋਕਾਂ 'ਚ ਡਰ ਦਾ ਮਾਹੌਲ ਪਾਇਆ ਜਾ ਰਿਹਾ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਉਕਤ ਖੇਤਰ ਦੇ ਕ੍ਰੈਸ਼ਰਾਂ ਨੂੰ ਜਾਂਦੇ ਮਾਰਗ ਦੇ ਵਿਚਕਾਰ ਬੈਠੇ ਤੇਂਦੂਏ ਨੇ ਮਾਈਨਿੰਗ ਮਟੀਰੀਅਲ ਨਾਲ ਲੱਦੇ ਜਾਂਦੇ ਇਕ ਟਿੱਪਰ ਦੇ ਚਾਲਕ ਨੂੰ ਦਬੋਚਣ ਦੀ ਨੀਯਤ ਨਾਲ ਹਮਲਾ ਕੀਤਾ। ਤੇਂਦੂਏ ਵੱਲੋਂ ਉਕਤ ਹਮਲਾ ਖੱਡ 'ਚ ਚਲ ਰਹੇ ਲੋਡਿੰਗ ਟਿੱਪਰ ਦੇ ਫਰੰਟ ਸ਼ੀਸ਼ੇ 'ਤੇ ਕੀਤਾ ਗਿਆ। ਇਸ ਸਮੁੱਚੇ ਘਟਨਾਕ੍ਰਮ ਨੂੰ ਕਿਸੀ ਦੂਸਰੀ ਗੱਡੀ ਦੇ ਚਾਲਕ ਨੇ ਆਪਣੇ ਮੋਬਾਇਲ ਕੈਮਰੇ 'ਚ ਕੈਦ ਕਰ ਲਿਆ। ਜਿਸ ਤੋਂ ਉਪਰੰਤ ਤੇਜ਼ੀ ਨਾਲ ਉਕਤ ਵੀਡੀਓ ਕਲਿੱਪ ਵਟਸਐਪ ਗਰੁੱਪਾਂ 'ਚ ਵਾਇਰਲ ਹੋ ਗਈ ਜਿਸ 'ਤੇ ਇਲਾਕੇ ਦੇ ਲੋਕਾਂ ਨੇ ਤੁਰੰਤ ਵਾਇਸ ਸੰਦੇਸ਼ ਗਰੁੱਪਾਂ 'ਚ ਭੇਜ ਕੇ ਲੋਕਾਂ ਨੂੰ ਸੁਚੇਤ ਕਰਨ ਦਾ ਯਤਨ ਕੀਤਾ। ਉਕਤ ਹਮਲੇ ਦੀ ਵੀਡੀਓ ਦੇ ਵਾਇਰਲ ਹੋਣ ਸਬੰਧੀ ਪਤਾ ਲੱਗਣ ਤੋਂ ਬਾਅਦ ਹਰਕਤ 'ਚ ਆਏ ਜੰਗਲੀ ਜੀਵ ਵਿਭਾਗ ਰੂਪਨਗਰ ਦੇ ਅਧਿਕਾਰੀਆਂ ਨੇ ਤੁਰੰਤ ਆਪਣੇ ਕਰਮਚਾਰੀਆਂ ਨੂੰ ਇਸ ਘਟਨਾ ਦਾ ਪਤਾ ਲਗਾਉਣ ਲਈ ਖੇੜਾ ਕਲਮੋਟ, ਭੰਗਲਾਂ ਤੇ ਇਸਦੇ ਆਸ-ਪਾਸ ਦੇ ਖੇਤਰਾਂ 'ਚ ਭੇਜਿਆ। ਵਣ ਰੇਂਜ ਅਫਸਰ ਨੂਰਪੁਰਬੇਦੀ ਮੋਹਨ ਸਿੰਘ ਨੇ ਦੱਸਿਆ ਕਿ ਘਟਨਾ ਦਾ ਪਤਾ ਚੱਲਣ 'ਤੇ ਵਿਭਾਗ ਦੇ ਫਾਰੈਸਟ ਗਾਰਡਾਂ ਨੂੰ ਉਕਤ ਏਰੀਏ 'ਚ ਲੋਕਾਂ ਤੋਂ ਪਤਾ ਲਗਾਉਣ ਲਈ ਭੇਜਿਆ ਗਿਆ। ਉਨਾਂ ਦੱਸਿਆ ਕਿ ਜਾਂਚ ਦੌਰਾਨ ਇਕ ਕਰੈਸ਼ਰ ਦੇ ਕਰਿੰਦੇ ਵੱਲੋਂ ਇਸ ਘਟਨਾ ਦਾ ਜ਼ਿਕਰ ਕੀਤਾ ਗਿਆ ਕਿ ਉਸ ਨੂੰ ਵੀ ਕਿਸੀ ਹੋਰ ਟਿੱਪਰ ਚਾਲਕ ਤੋਂ ਹੀ ਪਤਾ ਲੱਗਿਆ ਹੈ। ਉਨਾਂ ਕਿਹਾ ਕਿ ਆਸ-ਪਾਸ ਦੇ ਪਿੰਡਾਂ ਦੇ ਲੋਕਾਂ ਨਾਲ ਵੀ ਰਾਬਤਾ ਕਾਇਮ ਕੀਤਾ ਗਿਆ ਮਗਰ ਤੇਂਦੂਏ ਸਬੰਧੀ ਕੋਈ ਸਹੀ ਜਾਣਕਾਰੀ ਨਹੀਂ ਦੇ ਸਕਿਆ। ਉਨਾਂ ਕਿਹਾ ਕਿ ਉਕਤ ਖੇਤਰ ਦੇ ਬਿਲਕੁੱਲ ਨਾਲ ਲੱਗਦੇ ਹਿਮਾਚਲ ਦੇ ਬਰਥੜੀ ਖੇਤਰ 'ਚ 1-2 ਦਿਨ ਪਹਿਲਾਂ ਤੇਂਦੂਆ ਦੇਖਿਆ ਗਿਆ ਸੀ ਜੋ ਹਿਮਾਚਲ ਪ੍ਰਦੇਸ਼ ਦੇ ਜੰਗਲੀ ਜੀਵ ਵਿਭਾਗ ਵੱਲੋਂ ਕਾਬੂ ਕਰ ਲਿਆ ਗਿਆ ਸੀ। ਉਨਾਂ ਕਿਹਾ ਕਿ ਫਿਰ ਵੀ ਵਿਭਾਗ ਪੂਰੀ ਤਰਾਂ ਚੌਕਸੀ ਵਰਤ ਰਿਹਾ ਹੈ ਜਿਸ ਕਰਕੇ ਲੋਕ ਬਿਲਕੁੱਲ ਵੀ ਨਾ ਘਬਰਾਉਣ।



## ਸੀ ਟੀ ਗਰੁੱਪ ਵੱਲੋਂ ਸ਼ਾਇਨਿੰਗ ਸਟਾਰ ਸਮਾਰੋਹ

**ਜਲੰਧਰ (ਸ਼ੈਲੀ ਐਲਬਰਟ)**

ਸੀਟੀ ਗਰੁੱਪ ਆਫ਼ ਇੰਸਟੀਚਿਊਸ਼ਨਜ਼, ਨਾਰਥ ਕੈਂਪਸ ਵਿਖੇ ਸ਼ਾਇਨਿੰਗ ਸਟਾਰ ਸਮਾਰੋਹ ਦਾ ਆਯੋਜਨ ਕੀਤਾ ਗਿਆ।ਜਿਸ ਵਿੱਚ ਪੰਜਾਬ ਦੇ ਹੋਣਹਾਰ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਲਗਨ ਅਤੇ ਉੱਤਮਤਾ ਪ੍ਰਤੀ ਅਟੁੱਟ ਵਚਨਬੱਧਤਾ ਲਈ ਸਨਮਾਨਿਤ ਕੀਤਾ। ਸੀਟੀ ਗਰੁੱਪ ਦੇ ਚੇਅਰਮੈਨ ਚਰਨਜੀਤ ਸਿੰਘ ਚੰਨੀ, ਕੈਂਪਸ ਡਾਇਰੈਕਟਰ ਡਾ. ਯੋਗੇਸ਼ ਛਾਬੜਾ ਅਤੇ ਸਹਾਇਕ ਡਾਇਰੈਕਟਰ ਡਾ. ਰਮਨਦੀਪ ਗੌਤਮ ਨੇ ਜਲੰਧਰ ਦੇ ਨਾਮਵਰ ਸਕੂਲਾਂ ਦੇ 200 ਤੋਂ ਵੱਧ ਵਿਦਿਆਰਥੀਆਂ ਨੂੰ ਸਰਟੀਫਿਕੇਟ ਅਤੇ ਮੋਮੈਂਟੋ ਦੇ ਕੇ ਸਨਮਾਨਿਤ ਕੀਤਾ। ਸਕੂਲਾਂ ਦੀ ਸੂਚੀ ਵਿੱਚ ਸੀਟੀ ਪਬਲਿਕ ਸਕੂਲ, ਯੂਸੀਆਈ (ਲੜਕੇ ਅਤੇ ਲੜਕੀਆਂ), ਕੈਂਬਰਿਜ ਇੰਟਰਨੈਸ਼ਨਲ ਸਕੂਲ, ਸ਼ਿਵ ਜਯੋਤੀ ਪਬਲਿਕ ਸਕੂਲ, ਦਯਾਨੰਦ ਮਾਡਲ ਸਕੂਲ, ਬਲਿਸ ਪਬਲਿਕ ਸਕੂਲ, ਸੇਂਟ ਜੋਸਫ ਕਨਵਰਟ ਸਕੂਲ, ਅਤੇ ਹੋਰ ਬਹੁਤ ਸਾਰੇ ਸ਼ਾਮਲ ਹਨ। ਇਹ ਪੁਰਸਕਾਰ 10ਵੀਂ ਅਤੇ 12ਵੀਂ ਜਮਾਤ ਦੀਆਂ ਬੋਰਡ ਪ੍ਰੀਖਿਆਵਾਂ ਵਿੱਚ ਮੈਰਿਟ ਹਾਸਲ ਕਰਨ ਵਾਲੇ ਵਿਦਿਆਰਥੀਆਂ ਨੂੰ ਦਿੱਤੇ ਗਏ। ਇਸ ਮੌਕੇ ਸੀਟੀ ਗਰੁੱਪ ਦੇ ਚੇਅਰਮੈਨ ਚਰਨਜੀਤ ਸਿੰਘ ਚੰਨੀ ਨੇ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਮਾਪਿਆਂ ਦੇ ਜੀਵਨ ਨਾਲ ਸਬੰਧਤ ਸਵਾਲਾਂ ਦੇ ਜਵਾਬ ਦਿੱਤੇ। ਅੰਤ ਵਿੱਚ ਵੱਖ-ਵੱਖ ਸਕੂਲਾਂ ਦੇ ਮਾਪਿਆਂ ਅਤੇ ਵਿਦਿਆਰਥੀਆਂ ਆਪਣੀ ਖੁਸ਼ੀ ਜ਼ਾਹਿਰ ਕੀਤੀ। ਚੇਅਰਮੈਨ ਚਰਨਜੀਤ ਸਿੰਘ ਚੰਨੀ ਨੇ ਕਿਹਾ ਕਿ ਉਹ ਬਹੁਤ ਖੁਸ਼ ਹਨ ਕਿ ਉਹਨਾਂ ਨੂੰ ਆਪਣੇ ਜੀਵਨ ਦੇ ਤਜਰਬੇ ਸਰੋਤਿਆਂ ਨਾਲ ਸਾਂਝੇ ਕਰਨ ਦਾ ਮੌਕਾ ਮਿਲਿਆ। ਉਨ੍ਹਾਂ ਨੇ ਇਸ ਸਮਾਗਮ ਵਿੱਚ ਸ਼ਾਮਲ ਹੋਣ ਲਈ ਸਾਰੇ ਪ੍ਰਤੀਯੋਗੀਆਂ ਦਾ ਧੰਨਵਾਦ ਕੀਤਾ ਅਤੇ ਸਫਲਤਾ ਲਈ ਯਤਨਸ਼ੀਲ ਰਹਿਣ ਲਈ ਪ੍ਰੇਰਿਤ ਕੀਤਾ।



## ਮਮਤਾ ਦਿਵਸ ਮਨਾਇਆ

**ਨਵਾਂਸ਼ਹਿਰ, (ਕੁਲਵਿੰਦਰ ਸਿੰਘ ਦੁਰਗਾਪੁਰੀਆ)** ਸਿਵਲ ਸਰਜਨ ਡਾ. ਜਸਪ੍ਰੀਤ ਕੌਰ ਦੇ ਦਿਸ਼ਾ ਨਿਰਦੇਸ਼ ਅਨੁਸਾਰ ਅਤੇ ਸੀਨੀਅਰ ਮੈਡੀਕਲ ਅਫਸਰ ਗੀਤਾਂਜਲੀ ਸਿੰਘ ਦੇ ਦਿਸ਼ਾ ਨਿਰਦੇਸ਼ ਅਨੁਸਾਰ 'ਤੇ ਮੈਡੀਕਲ ਅਫਸਰ ਜਸਵਿੰਦਰ ਕੌਰ ਦੀ ਅਗਵਾਈ ਹੇਠ ਮਹਾਲੋਂ ਵਿਖੇ ਮਮਤਾ ਦਿਵਸ ਮਨਾਇਆ ਗਿਆ। ਜਿਸ ਵਿਚ ਸਿਹਤ ਅਧਿਕਾਰੀ ਲਖਵਿੰਦਰ ਕੌਰ ਗੁਰਦੇਵ ਕੌਰ ਅਤੇ ਪਰਵੀਨ ਕੁਮਾਰੀ ਵਲੋਂ ਗਰਵਤੀ ਮਾਵਾਂ ਦਾ ਚੈੱਕਅੱਪ ਤੇ ਬੱਚਿਆਂ ਦਾ ਟੀਕਾਕਰਣ ਕੀਤਾ ਗਿਆ ਤੇ ਲੋਕਾ ਨੂੰ ਸਹਿਤ ਸਹੂਲਤਾਂ ਵਾਰੇ ਜਾਣਕਾਰੀ ਦਿੱਤੀ ਗਈ। ਇਸ ਮੌਕੇ ਆਸ਼ਾ ਵਰਕਰਸ ਤੇ ਹੋਰ ਪਿੰਡ ਵਾਸੀ ਮੌਜੂਦ ਸਨ। ਗੁਰਦੇਵ ਕੌਰ ਕਿਹਾ ਕਿ ਲੋਕਾਂ ਨੂੰ ਜਾਗਰੂਕ ਹੋਣਾ ਚਾਹੀਦਾ ਹੈ ਕਿ ਅਜਿਹੇ ਕੱਪੜੇ ਪਾਉਣੇ ਚਾਹੀਦੇ ਹਨ, ਜਿਨ੍ਹਾਂ ਨਾਲ ਪੂਰਾ ਸਰੀਰ ਢੱਕਿਆ ਹੋਵੇ ਤਾਂ ਜੋ ਮੱਛਰ ਨਾ ਕੱਟ ਸਕੇ। ਮੱਛਰ ਪੈਦਾ ਹੋਣ ਦੇ ਸੋਮਿਆਂ ਦਾ ਖਾਤਮਾ ਕੀਤਾ ਜਾਵੇ।

## ਸੰਸਥਾ ਦੇ ਜਲੰਧਰ ਦਫਤਰ ਲਈ ਰਵਾਨਾ ਕੀਤੀ ਗਰਮ ਕੱਪੜਿਆਂ ਦੀ ਗੱਡੀ

**ਫਗਵਾੜਾ (ਡਾ. ਰਮਨ, ਢੱਡਾ)**

ਉਦਯੋਗਪਤੀ ਅਤੇ ਸਮਾਜ ਸੇਵੀ ਕੇ.ਕੇ. ਸਰਦਾਨਾ ਦੀ ਰਹਿਨੁਮਾਈ ਹੇਠ ਗੁਰੂ ਹਰਗੋਬਿੰਦ ਨਗਰ ਫਗਵਾੜਾ ਵਿਖੇ ਚੱਲ ਰਹੇ ਬਲੱਡ ਬੈਂਕ ਵੱਲੋਂ ਵੱਖ-ਵੱਖ ਸਮਾਜ ਸੇਵੀ ਸੰਸਥਾਵਾਂ ਅਤੇ ਦਾਨੀ ਸੱਜਣਾਂ ਦੇ ਸਹਿਯੋਗ ਨਾਲ ਇਕੱਠੇ ਕੀਤੇ ਪੁਰਾਣੇ ਗਰਮ ਕਪੜਿਆਂ ਨੂੰ ਸਮਾਜ ਸੇਵੀ ਸੰਸਥਾ ਗੂੰਜ ਦੇ ਜਲੰਧਰ ਦਫ਼ਤਰ ਵਿਖੇ ਭੇਜਿਆ ਗਿਆ। ਬਲੱਡ ਬੈਂਕ ਦੇ ਮੁਖੀ ਮਲਕੀਅਤ ਸਿੰਘ ਰਘਬੋਤਰਾ ਨੇ ਦੱਸਿਆ ਕਿ ਬਲੱਡ ਬੈਂਕ ਫਗਵਾੜਾ ਕਰੀਬ 16 ਸਾਲਾਂ ਤੋਂ ਗੂੰਜ ਸੰਸਥਾ ਨਾਲ ਜੁੜਿਆ ਹੋਇਆ ਹੈ। ਸੰਸਥਾ ਦੇ ਜਲੰਧਰ ਦਫ਼ਤਰ ਤੋਂ ਇਹ ਕੱਪੜੇ ਦਿੱਲੀ ਭੇਜੇ ਜਾਂਦੇ ਹਨ, ਜਿੱਥੇ ਲੋੜੀਂਦੀ ਮੁਰੰਮਤ ਤੋਂ ਬਾਅਦ ਇਨ੍ਹਾਂ ਕੱਪੜਿਆਂ ਨੂੰ ਧੋਣ ਅਤੇ ਇਸਤਰੀ ਕਰਕੇ ਪੂਰੀ ਤਰ੍ਹਾਂ ਨਵੀਂ ਦਿੱਖ ਦਿੱਤੀ ਜਾਂਦੀ ਹੈ ਅਤੇ ਦੇਸ਼ ਭਰ ਦੇ ਦੂਰ-ਦੁਰਾਡੇ ਪਹਾੜੀ ਖੇਤਰਾਂ ਵਿੱਚ ਲੋੜਵੰਦ ਲੋਕਾਂ ਨੂੰ ਮੁਫ਼ਤ ਵੰਡੇ ਜਾਂਦੇ ਹਨ। ਉਨ੍ਹਾਂ ਦੱਸਿਆ ਕਿ ਹਰ ਦੋ ਮਹੀਨੇ ਬਾਅਦ ਮੌਸਮ ਅਨੁਸਾਰ ਸਰਦੀਆਂ ਅਤੇ ਗਰਮੀਆਂ ਵਿੱਚ ਪਹਿਨਣ ਯੋਗ ਇਕੱਠੇ ਕੀਤੇ ਕੱਪੜੇ ਭੇਜੇ ਜਾਂਦੇ ਹਨ।

ਇਸ ਨੇਕ ਕਾਰਜ ਵਿੱਚ ਸ਼ਹਿਰ ਦੀਆਂ ਵੱਖ-ਵੱਖ ਸੰਸਥਾਵਾਂ ਅਤੇ ਦਾਨੀ ਸੱਜਣਾਂ ਤੋਂ ਇਲਾਵਾ ਸ਼ਿਵਬਾੜੀ ਬੰਗਾ ਰੋਡ, ਚਾਚੋਕੀ, ਬੰਟੀ ਵਰਮਾਨੀ, ਕੀਮਤੀ ਲਾਲ ਜੈਨ, ਰਜਿੰਦਰ ਸਿੰਘ ਕੋਛੜ ਅਤੇ ਏਕ ਕੋਸ਼ਿਸ਼ ਸੰਸਥਾ ਦਾ ਵਿਸ਼ੇਸ਼ ਸਹਿਯੋਗ ਮਿਲਦਾ ਹੈ। ਹਮੇਸ਼ਾ ਦੀ ਤਰ੍ਹਾਂ ਟੈਂਪੂ ਨੂੰ ਜਲੰਧਰ ਲਿਜਾਣ ਦੀ ਸੇਵਾ ਰਮੇਸ਼ ਦੁੱਗਲ ਵਲੋਂ ਨਿਭਾਈ ਗਈ। ਇਸ ਮੌਕੇ ਮੋਹਨ ਲਾਲ ਤਨੇਜਾ, ਵਿਸ਼ਵਾਮਿੱਤਰ ਸ਼ਰਮਾ, ਜੀਤਾ ਡਰਾਈਵਰ, ਮੰਜੂ ਕੁਮਾਰੀ, ਅਮਰਜੀਤ ਕੌਰ, ਕ੍ਰਿਸ਼ਨ ਕੁਮਾਰ ਆਦਿ ਹਾਜ਼ਰ ਸਨ।



## ਮੇਰੀ ਜ਼ਿੰਦਗੀ ਮੇਰੇ ਫੈਸਲੇ ਵਿਸ਼ੇ 'ਤੇ ਸੈਮੀਨਾਰ



**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**-ਜ਼ਿਲ੍ਹਾ ਨਸ਼ਾ ਮੁਕਤੀ ਮੁੜ ਵਸੇਬਾ ਕੇਂਦਰ ਮੁਹੱਲਾ ਫਤਿਹਗੜ੍ਹ ਹੁਸ਼ਿਆਰਪੁਰ ਵਿਖੇ ਡਾ. ਸਾਹਿਲਦੀਪ ਸੱਲਣ ਮੈਡੀਕਲ ਅਫ਼ਸਰ ਇੰਚਾਰਜ ਦੀ ਪ੍ਰਧਾਨਗੀ ਹੇਠ ਵਿਸ਼ੇਸ਼ ਗੈਸਟ ਲੈਕਚਰ ਕਰਵਾਇਆ ਗਿਆ, ਜਿਸ ਵਿੱਚ ਰਿਸੋਰਸ ਪਰਸਨ ਡਾ. ਸਵੀਨ ਸੈਣੀ ਕਲੀਨੀਕਲ ਸਾਇਕੋਲੋਜਿਸਟ ਤੇ ਦੈਨਿਕ ਭਾਸਕਰ ਵੂਮੈਨ ਅਵਾਰਡੀ ਸਨ। ਉਨ੍ਹਾਂ ਨਾਲ ਪ੍ਰੇਮ ਸੈਣੀ ਮੈਨੇਜਿੰਗ ਡਾਇਰੈਕਟਰ ਨਾਈਸ ਕੰਪਿਊਟਰ ਹੁਸ਼ਿਆਰਪੁਰ ਸਨ। ਇਸ ਮੌਕੇ ਮੈਨੇਜਰ ਨਿਸ਼ਾ ਰਾਣੀ ਨੇ ਆਏ ਮਹਿਮਾਨਾਂ ਨੂੰ ਜੀ ਆਇਆਂ ਨੂੰ ਆਖਿਆ। ਇਸ ਮੌਕੇ ਡਾ. ਸਵੀਨ ਸੈਣੀ ਨੇ ਦੱਸਿਆ ਕਿ ਜ਼ਿੰਦਗੀ ਵਿੱਚ ਪਰਿਵਰਤਨ ਲਿਆਉਣਾ ਸਾਡੀ ਆਪਣੀ ਚੋਣ ਹੁੰਦੀ ਹੈ। ਨਸ਼ਾ ਸਾਡੇ ਜੀਵਨ ਦਾ ਮਕਸਦ ਨਹੀਂ, ਨਸ਼ਾ ਰਹਿਤ ਜੀਵਨ ਹੀ ਸਾਡਾ ਮੁੱਖ ਮਕਸਦ ਹੈ। ਇਸ ਮੌਕੇ ਡਾ. ਸਾਹਿਲਦੀਪ ਸੱਲਣ ਮੈਡੀਕਲ ਅਫਸਰ ਨੇ ਆਏ ਮਹਿਮਾਨਾਂ ਨੂੰ ਗੈਸਟ ਆਫ ਆਨਰ ਦੇ ਨਾਲ ਸਨਮਾਨਤ ਕੀਤਾ । ਮਿਸ ਸੰਦੀਪ ਕੁਮਾਰੀ ਕੌਂਸਲਰ ਨੇ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕੀਤਾ।

## ਦਰਬਾਰ ਬਾਬਾ ਖਾਕੀ ਸ਼ਾਹ ਸਾਲਾਨਾ ਜੋੜ ਮੇਲਾ ਸ਼ੁਰੂ

**ਗੜ੍ਹਸ਼ੰਕਰ - ਮਾਹਿਲਪੁਰ (ਫੂਲਾ ਸਿੰਘ ਬੀਰਮਪੁਰ,ਜਸਵਿੰਦਰ ਸਿੰਘ ਹੀਰ)**- ਦਰਬਾਰ ਬਾਬਾ ਖਾਕੀ ਸ਼ਾਹ ਨੇੜੇ ਜੇਜੋਂ ਦੋਆਬਾ ਪਿੰਡ ਟਿੱਬਿਆ ਪੋਲੀਆ ਬੀਤ ਤਹਿ. ਹਰੋਲੀ, ਊਨਾ, ਹਿਮਾਚਲ ਪ੍ਰਦੇਸ਼ ਵਿਖੇ ਸਲਾਨਾ ਜੋੜ ਮੇਲਾ 21, 22 ਅਤੇ 23 ਜੂਨ ਨੂੰ ਜੋੜ ਮੇਲਾ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਬੜੀ ਸ਼ਰਧਾ ਪੂਰਵਕ ਸ਼ੁਰੂ ਹੈ। ਮੇਲੇ ਸੰਬੰਧੀ ਜਾਣਕਾਰੀ ਦਿੰਦਿਆਂ ਗੱਦੀਨਸ਼ੀਨ ਸਾਈਂ ਅਮਰੀਕ ਸ਼ਾਹ ਨੇ ਦੱਸਿਆ ਕਿ ਮਹਿੰਦੀ ਦੀ ਰਸਮ 21 ਨੂੰ ਦਿਨ ਬੁੱਧਵਾਰ ਨੂੰ ਸ਼ਮ੍ਹਾ ਚਿਰਾਗ ਰੋਸ਼ਨ ਕਰਨ ਦੀ ਰਸਮ ਅਦਾ ਕੀਤੀ ਗਈ ਤੇ ਰਾਤ ਦੇ ਸਮੇਂ ਕਵਾਲ ਪਾਰਟੀ, ਕਲਾਕਾਰ ਅਤੇ ਨਕਾਲ ਪਾਰਟੀਆਂ ਵੱਲੋਂ ਬਾਬਾ ਜੀ ਤੇ ਦਰਬਾਰ ਮਹਿਮਾ ਦਾ ਗੁਣਗਾਨ ਕੀਤਾ। 22 ਜੂਨ ਨੂੰ ਸਵੇਰੇ 09:00 ਤੋਂ ਸ਼ਾਮ 03:30 ਵਜੇ ਤੱਕ ਮਹਾਂਰਿਸ਼ੀ ਭਗਵਾਨ ਵਾਲਮੀਕਿ, ਸ੍ਰੀ ਗੁਰੂ ਰਵਿਦਾਸ ਮਹਾਰਾਜ ਬਲੱਡ ਯੂਥ ਏਕਤਾ ਮਹਾਂਸਭਾ, ਹਿਮਾਚਲ ਪ੍ਰਦੇਸ਼ ਜ਼ਿਲ੍ਹਾ ਊਨਾ ਸੰਸਥਾ ਵੱਲੋਂ ਦਿਨ ਵੀਰਵਾਰ ਨੂੰ ਦਰਬਾਰ ਖਾਕੀ ਸ਼ਾਹ ਨੇੜੇ ਜੇਜੋਂ ਦੋਆਬਾ ਪਿੰਡ ਟਿੱਬੀਆ ਪੋਲੀਆ ਬੀਤ ਤਹਿ. ਹਰੋਲੀ ਊਨਾ ਵਿਖੇ ਲਗਾਇਆ ਜਾਵੇਗਾ। ਉਨ੍ਹਾਂ ਸੰਗਤਾਂ ਨੂੰ ਬੇਨਤੀ ਕੀਤੀ ਕਿ ਬਲੱਡ ਕੈਂਪ 'ਚ ਤੰਦਰੁਸਤ ਤੇ ਸਿਹਤਮੰਦ ਨੌਜਵਾਨ ਵਿਅਕਤੀ ਆਪਣਾ ਸਹਿਯੋਗ ਜ਼ਰੂਰ ਦੇਣ ਤਾਂ ਜੋ ਕਿਸੇ ਲੋੜਵੰਦ ਨੂੰ ਮੁਸੀਬਤ ਵੇਲੇ ਦਿੱਤਾ ਖੂਨ ਕਿਸੇ ਦੀ ਜਾਨ ਬਚਾਈ ਜਾ ਸਕੇ ।

22 ਜੂਨ ਨੂੰ ਬਾਬਾ ਦੇ ਦਰਬਾਰ 'ਤੇ ਪੰਜਾਬ ਦੇ ਪ੍ਰਸਿੱਧ ਕਲਾਕਾਰ ਹਰਸ਼ ਪੰਧੇਰ ਸਵੇਰੇ 10:00 ਵਜੇ, ਸਰਦਾਰ ਅਲੀ ਸਵੇਰ 11:00 ਵਜੇ , ਮਨੀ ਲੌਂਗੀਆਂ ਦੁਪਹਿਰ 01:00 ਵਜੇ , ਸਾਰਥੀ ਕੇ ਦੁਪਹਿਰ 02:30 ਵਜੇ , ਨਿੰਜਾ ਸ਼ਾਮ 04:30 ਵਜੇ , ਰਣਜੀਤ ਬਾਵਾ ਸਾਮ 06:30 ਵਜੇ, ਜੈਜ ਕੌਰ ਅਤੇ ਨਵਾਬ ਦੋਗਾਣਾ ਜੋੜੀ ਰਾਤ 08:30 , ਖਾਨ ਸਾਬ ਰਾਤ 09:00 ਵਜੇ ਪੰਜਾਬੀ ਪ੍ਰਸਿੱਧ ਕਲਾਕਾਰ ਇਸ ਦਰਬਾਰ 'ਤੇ ਆਪਣੀ ਹਾਜ਼ਰੀ ਲਗਾਉਣਗੇ ਤੇ 23 ਜੂਨ ਦਿਨ ਸ਼ੁੱਕਰਵਾਰ ਨੂੰ ਚਾਦਰ ਚੜ੍ਹਾਉਣ ਦੀ ਰਸਮ ਅਦਾ ਕੀਤੀ ਜਾਵੇਗੀ । ਇਸ ਮੇਲੇ ਦੌਰਾਨ ਬਾਬਾ ਜੀ ਦਾ ਲੰਗਰ ਵੀ ਅਤੁੱਟ ਵਰਤਾਏ ਜਾਣਗੇ।

# ਐਲ ਪੀ ਯੂ 'ਚ ਐਕਸਚੇਂਜ ਪ੍ਰੋਗਰਾਮ ਲਈ ਇੰਗਲੈਂਡ ਤੋਂ 15 ਵਿਦਿਆਰਥੀ ਪੁੱਜੇ

**ਜਲੰਧਰ (ਸ਼ੈਲੀ ਐਲਬਰਟ)**

ਗ੍ਰੀਨਵਿਚ ਯੂਨੀਵਰਸਿਟੀ, ਯੂਨਾਈਟਿਡ ਕਿੰਗਡਮ (ਯੂ.ਕੇ.) ਦੇ 15 ਵਿਦਿਆਰਥੀਆਂ ਅਤੇ ਫੈਕਲਟੀ ਦੇ ਇੱਕ ਸਮੂਹ ਨੇ ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ (ਐਲ ਪੀ ਯੂ) ਕੈਂਪਸ ਵਿੱਚ ਇੱਕ ਮਹੀਨੇ ਦੇ 'ਸਟੂਡੈਂਟ ਐਕਸਚੇਂਜ ਪ੍ਰੋਗਰਾਮ' ਦੀ ਸ਼ੁਰੂਆਤ ਕੀਤੀ ਹੈ।ਵਿਦਿਆਰਥੀ, ਵੱਖ-ਵੱਖ ਵਿਸ਼ਿਆਂ ਦੀ ਨੁਮਾਇੰਦਗੀ ਕਰਦੇ ਹੋਏ, ਭਾਰਤ ਅਤੇ ਐਲ ਪੀ ਯੂ ਦੇ ਵਿਲੱਖਣ ਪਹਿਲੂਆਂ ਬਾਰੇ ਜਾਣਨ ਲਈ 12 ਜੁਲਾਈ, 2023 ਤੱਕ ਰੁਕਣਗੇ। ਐਲ.ਪੀ.ਯੂ ਕੈਂਪਸ ਵਿੱਚ ਪਹੁੰਚਣ ਤੋਂ ਬਾਅਦ, ਵਿਦਿਆਰਥੀ ਐਲ ਪੀ ਯੂ ਫੈਕਲਟੀ ਅਤੇ ਵਿਦਿਆਰਥੀਆਂ ਦੁਆਰਾ ਆਯੋਜਿਤ ਵੱਖ-ਵੱਖ ਇੰਟਰਐਕਟਿਵ ਗਤੀਵਿਧੀਆਂ ਅਤੇ ਸਿੱਖਿਆਵਾਂ ਵਿੱਚ ਉਤਸੁਕਤਾ ਨਾਲ ਹਿੱਸਾ ਲੈ ਰਹੇ ਹਨ। ਇਹਨਾਂ ਵਿੱਚ ਹਿੰਦੀ ਭਾਸ਼ਾ, ਭਾਰਤੀ ਖਾਣਾ ਪਕਾਉਣ, ਨਾਚ, ਸ਼ਿਲਪਕਾਰੀ, ਰਾਜਨੀਤੀ, ਸਮਾਜ ਸ਼ਾਸਤਰ ਅਤੇ ਯੋਗਾ ਦੀਆਂ ਕਲਾਸਾਂ ਦੇ ਨਾਲ-ਨਾਲ ਭਾਰਤੀ ਵਪਾਰਕ ਦਰਸ਼ਨ, ਫਿਜ਼ੀਓਥੈਰੇਪੀ, ਐਰਗੋਨੋਮਿਕਸ ਅਤੇ ਜੀਵਨ ਸ਼ੈਲੀ ਤੇ ਮਹੱਤਵਪੂਰਨ ਲੈਕਚਰ ਸ਼ਾਮਲ ਹਨ। ਵਰਤਮਾਨ ਵਿੱਚ, ਉਹ ਕੋਇਲ-ਪੋਟਰੀ, ਫੈਬਰਿਕ ਦੀ ਪਛਾਣ, ਰੰਗ ਅਤੇ ਰੰਗਾਈ ਬਾਰੇ ਵਰਕਸ਼ਾਪਾਂ 'ਚ ਸ਼ਾਮਲ ਹੋ ਰਹੇ ਹਨ ਅਤੇ ਸਾਰੇ ਅਭਿਆਸਾਂ, ਕੋਰੀਓਗ੍ਰਾਫੀ ਅਤੇ ਸ਼ੋਅ ਦੇ ਨਾਲ ਫੈਸ਼ਨ ਵੀਕ ਵਿੱਚ ਹਿੱਸਾ ਲੈ ਰਹੇ ਹਨ। ਐਲ ਪੀ ਯੂ ਦੇ ਵਾਈਸ ਪ੍ਰੈਸੀਡੈਂਟ ਅਤੇ ਅੰਤਰਰਾਸ਼ਟਰੀ ਮਾਮਲਿਆਂ ਦੇ ਵਿਭਾਗ ਦੇ ਮੁਖੀ ਡਾ. ਅਮਨ ਮਿੱਤਲ ਨੇ ਕਿਹਾ, ਗ੍ਰੀਨਵਿਚ ਯੂਨੀਵਰਸਿਟੀ ਤੋਂ ਐਲਪੀਯੂ ਕੈਂਪਸ ਵਿੱਚ ਆਉਣ ਵਾਲੇ ਵਿਦਿਆਰਥੀਆਂ ਦਾ ਸੁਆਗਤ ਕਰਕੇ ਅਤੇ ਉਹਨਾਂ ਨੂੰ ਇੱਕ ਸ਼ਾਨਦਾਰ ਸੱਭਿਆਚਾਰਕ ਅਤੇ ਵਿਦਿਅਕ ਅਨੁਭਵ ਪ੍ਰਦਾਨ ਕਰਨ ਲਈ ਅਸੀਂ ਬਹੁਤ ਖੁਸ਼ ਹਾਂ। ਐਲਪੀਯੂ ਦਾ ਵਿਸ਼ਵ ਭਰ ਦੀਆਂ ਕਈ ਯੂਨੀਵਰਸਿਟੀਆਂ ਨਾਲ ਸਹਿਯੋਗ ਹੈ, ਅਤੇ ਸਾਨੂੰ ਗਰੀਨਵਿਚ ਯੂਨੀਵਰਸਿਟੀ ਨਾਲ ਸਾਂਝੇਦਾਰੀ ਸਥਾਪਤ ਕਰਨ ਤੇ ਮਾਣ ਹੈ। ਅਸੀਂ ਆਪਣੇ ਵਿਦਿਆਰਥੀਆਂ ਅਤੇ ਸਹਿਭਾਗੀ ਯੂਨੀਵਰਸਿਟੀਆਂ ਦੇ ਵਿਦਿਆਰਥੀਆਂ ਲਈ ਅੰਤਰਰਾਸ਼ਟਰੀ ਐਕਸਪੋਜ਼ਰ ਅਤੇ ਸਿੱਖਣ ਦੇ ਮੌਕੇ ਪ੍ਰਦਾਨ ਕਰਨਾ ਜਾਰੀ ਰੱਖਣ ਦੀ ਉਮੀਦ ਰੱਖਦੇ ਹਾਂ। ਵਿਜ਼ਿਟ ਕਰਨ ਵਾਲੇ ਵਿਦਿਆਰਥੀ ਇਸ਼ਤਿਹਾਰਬਾਜ਼ੀ, ਡਿਜੀਟਲ ਮਾਰਕੀਟਿੰਗ, ਆਰਕੀਟੈਕਚਰ, ਅੰਤਰਰਾਸ਼ਟਰੀ ਵਪਾਰ, ਪ੍ਰਬੰਧਨ, ਸਮਾਜ ਸ਼ਾਸਤਰ, ਅਪਰਾਧ ਵਿਗਿਆਨ, ਮਨੋਵਿਗਿਆਨ, ਇੰਜੀਨੀਅਰਿੰਗ ਡਿਜ਼ਾਈਨ, ਰਾਜਨੀਤੀ, ਨਵੀਨਤਾ, ਅਤੇ ਫਾਰਮਾਸਿਊਟੀਕਲ ਵਿਗਿਆਨ ਸਮੇਤ ਵੱਖ-ਵੱਖ ਵਿਸ਼ਿਆਂ ਤੋਂ ਹਨ। ਉਹ ਨਵੀਨਤਾਕਾਰੀ ਅਤੇ ਵਿਹਾਰਕਤਾ-ਅਧਾਰਿਤ ਐਲਪੀਯੂ ਲੈਬਾਂ ਵਿੱਚ ਸਿਮੂਲੇਟਿਡ ਅਤੇ ਹੈਂਡ-ਆਨ ਪ੍ਰੈਕਟੀਕਲ ਸਿਖਲਾਈ ਦੁਆਰਾ ਭਾਰਤੀ ਸਿੱਖਿਆ ਅਤੇ ਸੱਭਿਆਚਾਰ ਦੀ ਮਹਾਨਤਾ ਨੂੰ ਸਿੱਖਣਗੇ ਅਤੇ ਅਨੁਭਵ ਕਰਨਗੇ।



# ਦਰਬਾਰ ਪੀਰ ਮੀਆਂ ਸੈਦ ਲਾਲ ਸਰਹਾਲੀ ਵਿਖੇ ਸਾਲਾਨਾ ਮੇਲਾ ਮਨਾਇਆ

**ਬਹਿਰਾਮ (ਅਵਤਾਰ ਕਲੇਰ)**

ਦਰਬਾਰ ਪੀਰ ਮੀਆਂ ਸੈਦ ਲਾਲ ਜੀ ਸਰਹਾਲੀ ਵਿਖੇ ਸਾਲਾਨਾ ਮੇਲਾ ਗੱਦੀ ਨਸ਼ੀਨ ਸਾਈਂ ਬਿੰਦਰ ਸ਼ਾਹ ਦੀ ਰਹਿਨੁਮਾਈ, ਪ੍ਰਬੰਧਕ ਕਮੇਟੀ, ਗ੍ਰਾਮ ਪੰਚਾਇਤ, ਐਨ ਆਰ ਆਈ ਵੀਰਾਂ ਅਤੇ ਸਮੂਹ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਇਸ ਦੋ ਦਿਨਾ ਮੇਲੇ ਦੌਰਾਨ ਪਹਿਲੇ ਦਿਨ ਸ਼ਾਮ ਨੂੰ ਚਿਰਾਗ ਰੌਸ਼ਨ ਰਾਤ ਨੂੰ ਨਕਾਲ ਅਤੇ ਕਵਾਲ ਪਾਰਟੀਆਂ ਨੇ ਹਾਜਰੀਆਂ ਭਰੀਆਂ। ਦੂਸਰੇ ਦਿਨ ਝੰਡੇ ਦੀ ਰਸਮ ਉਪਰੰਤ ਸਟੇਜ ਸਜਾਈ ਗਈ ਜਿਸ ਵਿੱਚ ਪੰਜਾਬ ਦੇ ਮਸ਼ਹੂਰ ਕਲਾਕਾਰ ਬੂਟਾ ਮੁਹੰਮਦ , ਬਲਰਾਜ ਬਿਲਗਾ ਤੋਂ ਇਲਾਵਾ ਬਹੁਤ ਸਾਰੇ ਕਲਾਕਾਰਾਂ ਨੇ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕੀਤਾ । ਬੂਟਾ ਮੁਹੰਮਦ ਨੇ ਸੂਫੀਆਨਾ ਅੰਦਾਜ ਵਿੱਚ ਨਵੇਂ - ਪੁਰਾਣੇ ਗੀਤਾਂ ਨਾਲ ਸੰਗਤਾਂ ਨੂੰ ਝੂਮਣ ਲਾ ਦਿੱਤਾ। ਵੱਖ ਵੱਖ ਦਰਬਾਰਾਂ ਤੋਂ ਸੰਤ ਮਹਾਂਪੁਰਸ਼ਾਂ ਨੇ ਸ਼ਿਰਕਤ ਕੀਤੀ । ਠੰਡੇ ਮਿੱਠੇ ਜਲ ਦੀ ਛਬੀਲ ਅਤੇ ਲੰਗਰ ਅਤੁੱਟ ਵਰਤਾਇਆ ਗਿਆ। ਗੱਦੀ ਨਸ਼ੀਨ ਸਾਈਂ ਬਿੰਦਰ ਸਾਹ ਜੀ ਅਤੇ ਪ੍ਰਬੰਧਕ ਕਮੇਟੀ ਵਲੋਂ ਕਲਾਕਾਰਾਂ ਅਤੇ ਸੇਵਾਦਾਰਾਂ ਨੂੰ ਸਨਮਾਨਿਤ ਕੀਤਾ ਗਿਆ। ਰਾਤ ਨੂੰ ਧਰਮਵੀਰ ਪਰਦੇਸੀ ਦੀ ਪਾਰਟੀ ਵਲੋਂ ਨਾਟਕ (ਡਰਾਮਾਂ) ਪੇਸ਼ ਕੀਤਾ ਗਿਆ । ਮੇਲਾ ਅਮਿੱਟ ਯਾਦਾਂ ਛੱਡਦਾ ਹੋਇਆ ਸਮਾਪਤ ਹੋਇਆ ।



# ਆਯੂਸ਼ਮਾਨ ਭਾਰਤ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਦੇ ਕਾਰਡਾਂ ਸੰਬੰਧੀ ਕੈਂਪ

**ਸ੍ਰੀ ਚਮਕੌਰ ਸਾਹਿਬ (ਕੁਲਵਿੰਦਰ ਕਾਲਾ)**

ਡਿਪਟੀ ਕਮਿਸ਼ਨਰ ਰੂਪਨਗਰ ਪ੍ਰੀਤੀ ਯਾਦਵ ਦੇ ਹੁਕਮਾਂ ਅਤੇ ਡਾ.ਪਰਮਿੰਦਰ ਕੁਮਾਰ ਸਿਵਲ ਸਰਜਨ ਰੂਪਨਗਰ ਦੇ ਨਿਰਦੇਸ਼ਾਂ ਤੇ ਡਾ.ਗੋਬਿੰਦ ਟੰਡਨ ਸੀਨੀਅਰ ਮੈਡੀਕਲ ਅਫਸਰ ਦੀ ਅਗਵਾਈ ਹੇਠ ਬਲਾਕ ਚਮਕੌਰ ਸਾਹਿਬ ਅਧੀਨ ਪਿੰਡ ਲੁਠੇੜੀ ਵਿਖੇ ਆਯੂਸ਼ਮਾਨ ਭਾਰਤ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਸੰਬੰਧੀ ਕੈਂਪ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਡਾ.ਗੋਬਿੰਦ ਟੰਡਨ ਸੀਨੀਅਰ ਮੈਡੀਕਲ ਅਫਸਰ ਸੀ.ਐਚ.ਸੀ ਚਮਕੌਰ ਸਾਹਿਬ ਨੇ ਕੈਂਪ ਦਾ ਜਾਇਜ਼ਾ ਲਿਆ ਅਤੇ ਕਿਹਾ ਕਿ ਡਿਪਟੀ ਕਮਿਸ਼ਨਰ ਰੂਪਨਗਰ ਦੇ ਹੁਕਮਾਂ ਤਹਿਤ ਬਲਾਕ ਚਮਕੌਰ ਸਾਹਿਬ ਦੇ ਸਾਰੇ ਪਿੰਡਾਂ ਵਿੱਚ ਜੋ ਲਾਭਪਾਤਰੀ ਆਯੂਸ਼ਮਾਨ ਭਾਰਤ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਦੇ ਕਾਰਡ ਬਣਵਾਉਣ ਤੋਂ ਵਾਂਝੇ ਰਹਿ ਗਏ ਹਨ, ਉਨ੍ਹਾਂ ਲਈ ਵਿਸ਼ੇਸ਼ ਕੈਂਪ ਲਗਾ ਕੇ ਕਾਰਡ ਬਣਾਏ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਪਿੰਡ ਬਹਿਰਾਮਪੁਰ ਬੇਟ ਧਰਮਸ਼ਾਲਾ ਵਿਖੇ 26 ਜੂਨ ਨੂੰ ਵਿਸ਼ੇਸ਼ ਕੈਂਪ ਲਗਾਇਆ ਜਾਵੇਗਾ। ਇਸ ਕੰਮ ਲਈ ਸਮੂਹ ਆਸ਼ਾ ਵਰਕਰਜ਼ ਨੂੰ ਪਹਿਲਾਂ ਜਾਣਕਾਰੀ ਦਿੱਤੀ ਜਾ ਚੁੱਕੀ ਹੈ। ਇਸ ਮੌਕੇ ਹਰਵਿੰਦਰ ਸਿੰਘ ਬਲਾਕ ਐਕਸਟੈਨਸ਼ਨ ਐਜੂਕੇਟਰ, ਨਾਗਰ ਸਿੰਘ ਐਸ.ਆਈ., ਦਵਿੰਦਰ ਸਿੰਘ ਐਸ.ਆਈ., ਬੇਅੰਤ ਸਿੰਘ ਹੈਲਥ ਵਰਕਰ, ਮਨਦੀਪ ਕੌਰ ਏ.ਐਨ.ਐਮ, ਬਖਸ਼ਿੰਦਰ ਕੌਰ ਆਸ਼ਾ ਫੈਸਿਲੀਟੇਟਰ ਅਤੇ ਲਾਭਪਾਤਰੀ ਹਾਜ਼ਰ ਸਨ।



## ਚੇਅਰਮੈਨ ਜ਼ਿਲ੍ਹਾ ਯੋਜਨਾ ਕਮੇਟੀ ਨੇ ਵਿਕਾਸ ਕਾਰਜਾਂ ਦਾ ਲਿਆ ਜਾਇਜ਼ਾ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**-ਚੇਅਰਪਰਸਨ ਜ਼ਿਲ੍ਹਾ ਯੋਜਨਾ ਕਮੇਟੀ ਹੁਸ਼ਿਆਰਪੁਰ ਕਰਮਜੀਤ ਕੌਰ ਨੇ 'ਪੰਜਾਬ ਨਿਰਮਾਣ ਪ੍ਰੋਗਰਾਮ' ਤਹਿਤ ਸਾਲ 2021-22 ਦੌਰਾਨ ਕਰਵਾਏ ਗਏ ਵਿਕਾਸ ਕਾਰਜਾਂ ਦਾ ਜਾਇਜ਼ਾ ਲੈਂਦੇ ਹੋਏ ਅੱਜ ਜ਼ਿਲ੍ਹੇ ਦੇ ਬਲਾਕ ਦਸੂਹਾ ਦਾ ਦੌਰਾ ਕੀਤਾ। ਇਸ ਮੌਕੇ ਉਨ੍ਹਾ ਅਧਿਕਾਰੀਆਂ ਤੇ ਕਰਮਚਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਸਰਕਾਰ ਵੱਲੋਂ ਆਉਣ ਵਾਲੇ ਫੰਡਾਂ ਦੀ ਸਹੀ ਵਰਤੋਂ ਕੀਤੀ ਜਾਵੇ ਅਤੇ ਸਮੇਂ ਸਿਰ ਵਿਕਾਸ ਕਾਰਜਾਂ ਨੂੰ ਪੂਰਾ ਕਰਵਾਉਣਾ ਯਕੀਨੀ ਬਣਾਇਆ ਜਾਵੇ। ਚੇਅਰਪਰਸਨ ਜ਼ਿਲ੍ਹਾ ਯੋਜਨਾ ਕਮੇਟੀ ਨੇ ਉਨ੍ਹਾਂ ਸਾਈਟਾਂ ਦਾ ਵੀ ਦੌਰਾ ਕੀਤਾ, ਜਿਥੇ ਵਿਕਾਸ ਕਾਰਜ ਪੂਰੇ ਕਰ ਲਏ ਗਏ ਹਨ। ਇਸ ਦੌਰਾਨ ਉਨ੍ਹਾ ਪਿੰਡ ਸੰਗਵਾਲ, ਨਿਊ ਬਡਲਾ ਅਤੇ ਘੋਗਰਾ ਵਿਚ ਹੋ ਰਹੇ ਵਿਕਾਸ ਕਾਰਜਾਂ ਦੀ ਜਾਂਚ ਕੀਤੀ ਅਤੇ ਅਧਿਕਾਰੀਆਂ ਨੂੰ ਕਾਰਜ ਦੀ ਕੁਆਲਟੀ 'ਤੇ ਵਿਸ਼ੇਸ਼ ਧਿਆਨ ਦੇਣ ਦੀ ਹਦਾਇਤ ਕੀਤੀ। ਕਰਮਜੀਤ ਕੌਰ ਨੇ ਕਿਹਾ ਕਿ ਅਧਿਕਾਰੀ ਇਕਜੁਟਤਾ ਤੇ ਤਾਲਮੇਲ ਨਾਲ ਵਿਕਾਸ ਕਾਰਜਾਂ ਨੂੰ ਪੂਰਾ ਕਰਨ ਵਿਚ ਆਪਣਾ ਯੋਗਦਾਨ ਦੇਣ, ਤਾਂ ਜੋ ਲੋਕਾਂ ਤੱਕ ਸਹੀ ਅਰਥਾਂ ਵਿਚ ਇਲਾਕੇ ਵਿਚ ਹੋਏ ਵਿਕਾਸ ਦਾ ਲਾਭ ਪਹੁੰਚ ਸਕੇ। ਇਸ ਮੌਕੇ ਜੇ ਈ ਸੰਦੀਪ ਕੁਮਾਰ, ਸੁਪਰਡੈਂਟ ਅਜੇ ਕੁਮਾਰ, ਪੰਚਾਇਤ ਸਕੱਤਰ ਰਿਸ਼ੀ ਰਾਣਾ, ਸਟੈਸਟਿਕਲ ਅਸਿਸਟੈਂਟ ਯੋਜਨਾ ਕਮੇਟੀ ਧਰਮਿੰਦਰ, ਜੂਨੀਅਰ ਸਹਾਇਕ ਵਿਨੇ ਕੁਮਾਰ ਵੀ ਮੌਜੂਦ ਸਨ।

# ਝੋਨੇ ਦੀ ਸਿੱਧੀ ਬਿਜਾਈ ਲਈ ਪਿੰਡਾਂ 'ਚ ਲਗਾਏ ਗਏ ਕਿਸਾਨ ਸਿਖਲਾਈ ਕੈਂਪ



**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**

ਖੇਤੀਬਾੜੀ ਵਿੱਚ ਫਸਲ ਵਿਭਿੰਨਤਾ ਲਿਆਉਣ ਅਤੇ ਧਰਤੀ ਹੇਠਲੇ ਪਾਣੀ ਨੂੰ ਬਚਾਉਣ ਲਈ ਝੋਨੇ ਦਾ ਰਕਬਾ ਘਟਾਉਣ ਲਈ ਮੱਕੀ ਦੀ ਫਸਲ ਦੀ ਕਾਸ਼ਤ ਅਤੇ ਝੋਨੇ ਦੀ ਸਿੱਧੀ ਬਿਜਾਈ ਨੂੰ ਤਰਜੀਹ ਦੇਣੀ ਚਾਹੀਦੀ ਹੈ। ਡਾ.ਗੁਰਮੇਲ ਸਿੰਘ ਮੁੱਖ ਖੇਤੀਬਾੜੀ ਅਫਸਰ ਵੱਲੋਂ ਬਲਾਕ ਸ੍ਰੀ ਅਨੰਦਪੁਰ ਸਾਹਿਬ ਤੇ ਨੂਰਪੁਰ ਬੇਦੀ ਦਾ ਦੌਰਾ ਕੀਤਾ ਗਿਆ। ਉਹਨਾਂ ਕਿਸਾਨਾਂ ਨੂੰ ਦੱਸਿਆ ਕਿ ਝੋਨੇ ਦੀ ਸਿੱਧੀ ਬਿਜਾਈ ਕਰਨ ਨਾਲ ਪਾਣੀ ਦੀ ਬਚਤ ਹੁੰਦੀ ਹੈ ਅਤੇ ਲੇਬਰ 'ਤੇ ਆਉਣ ਵਾਲੇ ਖਰਚੇ ਦੀ ਬਚਤ ਹੁੰਦੀ ਹੈ। ਉਹਨਾਂ ਨੇ ਝੋਨੇ ਦੀ ਸਿੱਧੀ ਬਿਜਾਈ ਸਬੰਧੀ ਜਰੂਰੀ ਨੁਕਤੇ ਜਿਵੇਂ ਕਿ ਖਾਦਾ ਦੀ ਸੁਚੱਜੀ ਵਰਤੋ, ਨਦੀਨਾਂ ਦੀ ਸਮੱਸਿਆ ਤੋਂ ਬਚਾਅ, ਕੀੜੇ ਮਕੌੜਿਆਂ ਅਤੇ ਬਿਮਾਰੀਆਂ ਦੀ ਰੋਕਥਾਮ ਅਤੇ ਬਾਸਮਤੀ ਦੀ ਫਸਲ ਉਪਰ ਪੰਜਾਬ ਸਰਕਾਰ ਵੱਲੋਂ ਬੈਨ ਕੀਤੀਆਂ ਗਈਆਂ ਕੀਟਨਾਸ਼ਕ ਦਵਾਈਆਂ ਦੀ ਵਰਤੋ ਨਾ ਕਰਨ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਗਈ। ਉਨ੍ਹਾਂ ਕਿਸਾਨਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਫਸਲੀ ਵਿਭਿੰਨਤਾ ਨੂੰ ਉਤਸ਼ਾਹਿਤ ਕਰਨ ਲਈ ਪਨਸੀਡ ਵੱਲੋਂ ਬਾਇਰ ਕਰਾਪ ਸਾਇੰਸ, ਨਿਜੀਬੀਡੂ ਸੀਡਸ ਅਤੇ ਅਡਵਾਂਟਾ ਸੀਡਸ ਕੰਪਨੀਆਂ ਦੇ ਹਾਈਬਰਿਡ ਬੀਜ਼ ਉਪਲੱਬਧ ਕਰਵਾਏ ਜਾ ਰਹੇ ਹਨ। ਮੱਕੀ ਦੇ ਬੀਜ ਤੇ 100 ਰੁਪਏ ਪ੍ਰਤੀ ਕਿੱਲੋ ਦੀ ਸਬਸਿਡੀ ਦਿੱਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਕਿਸਾਨ ਬੀਜ ਲਈ ਵਿਭਾਗ ਦੇ ਦਫਤਰ ਅਗੰਮਪੁਰ, ਡੂਮੇਵਾਲ ਤੇ ਨੂਰਪੁਰ ਬੇਦੀ ਤੋ ਖਰੀਦ ਕਰ ਸਕਦੇ ਹਨ। ਇਸ ਮੌਕੇ ਖੇਤੀ ਵਿਕਾਸ ਅਫਸਰ ਅਮਰਜੀਤ ਸਿੰਘ, ਵਰਿੰਦਰ ਸਿੰਘ, ਰਾਜ ਕੁਮਾਰ, ਅਰਜਣ ਸਿੰਘ, ਹਰਪ੍ਰੀਤ ਸਿੰਘ, ਅਮਰ ਸਿੰਘ, ਬੀਰ ਚੰਦ ਆਦਿ ਹਾਜ਼ਰ ਸਨ।

# ਡਾ. ਭੀਮ ਰਾਓ ਅੰਬੇਡਕਰ ਨੂੰ ਸਮਰਪਤ ਸਮਾਗਮ



**ਫਿਲੌਰ, (ਨਿਰਮਲ)**

ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਨੂੰ ਸਮਰਪਿਤ ਸਮਾਗਮ ਕਰਵਾਇਆ ਗਿਆ। ਜਿਸ ਵਿੱਚ ਟੀਮ ਪ੍ਰਗਤੀ ਕਲਾ ਕੇਂਦਰ ਲਾਂਦੜਾ ਵੱਲੋਂ ਨਿਰਦੇਸ਼ਕ ਸੋਚੀ ਰਾਣਾ ਦੀ ਨਿਰਦੇਸ਼ਨਾ ਹੇਠ ਨਾਟਕ 'ਸਮਝਦਾਰ ਲੋਕ',ਓਪੇਰਾ 'ਭੀਮ ਮਹਾਨ' ਅਤੇ ਕੋਰੀਓਗ੍ਰਾਫੀਆਂ 'ਨਾਂਅ ਰੌਸ਼ਨ ਕਰੂੰਗੀ', ਐ ਔਰਤ ਤੇਰੀ ਦਰਦ ਕਹਾਣੀ ਦੋਹੇ - ਗੁਰੂ ਕਬੀਰ ਦਾ ਮੰਚਨ ਕੀਤਾ ਗਿਆ। ਇਸ ਸਮਾਗਮ ਦੌਰਾਨ ਹਾਜ਼ਰ ਮੁੱਖ ਬੁਲਾਰਿਆਂ ਨੇ ਬਾਬਾ ਸਾਹਿਬ ਦੇ ਜੀਵਨ, ਸੋਚ 'ਤੇ ਫਲਸਫੇ ਬਾਰੇ ਜਾਣਕਾਰੀ ਦਿੰਦਿਆ ਦੱਸਿਆ ਕਿ ਉਨ੍ਹਾਂ ਨੇ ਆਪਣਾ ਸਾਰਾ ਜੀਵਨ ਦੱਬੇ ਕੁਚਲੇ ਸਮਾਜ ਦੀ ਭਲਾਈ 'ਤੇ ਬਿਹਤਰੀ ਲਈ ਲਗਾ ਦਿੱਤਾ। ਇਸ ਮੌਕੇ ਪ੍ਰਬੰਧਕਾਂ ਵੱਲੋਂ ਪ੍ਰਗਤੀ ਕਲਾ ਕੇਂਦਰ (ਰਜਿ.) ਲਾਂਦੜਾ ਦੀ ਟੀਮ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਵੀ ਕੀਤਾ ਗਿਆ। ਇਸ ਮੌਕੇ ਵੱਡੀ ਗਿਣਤੀ 'ਚ ਪਿੰਡ ਵਾਸੀ ਹਾਜ਼ਰ ਸਨ।

# ਅਕਾਦਮਿਕ ਕਾਊਂਸਿਲ ਦੇ ਵਿਸ਼ੇਸ਼ ਨਿਰਣਿਆਂ ਨੂੰ ਬੋਰਡ ਮੀਟਿੰਗ ਦੌਰਾਨ ਪ੍ਰਵਾਨਗੀ

**ਮੋਹਾਲੀ, (ਗੁਰਜੀਤ ਬਿੱਲਾ)**

ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਆਪਣੀਆਂ ਕਾਰਗੁਜ਼ਾਰੀਆਂ ਨੂੰ ਹੋਰ ਬਿਹਤਰ ਅਤੇ ਪਾਰਦਰਸ਼ੀ ਬਣਾਉਣ ਲਈ ਅਕਾਦਮਿਕ ਕਾਊਂਸਿਲ ਵੱਲੋਂ ਲਏ ਕੁੱਝ ਵਿਸ਼ੇਸ਼ ਨਿਰਣਿਆਂ ਨੂੰ ਬੋਰਡ ਮੀਟਿੰਗ ਦੌਰਾਨ ਪ੍ਰਵਾਨਗੀ ਦੇ ਦਿੱਤੀ ਗਈ ਹੈ। ਪੰਜਾਬ ਸਕੂਲ ਸਿੱਖਿਆ ਬੋਰਡ ਦੇ ਚੇਅਰਪਰਸਨ ਡਾ. ਸਤਬੀਰ ਬੇਦੀ ਦੀ ਅਗਵਾਈ ਵਿੱਚ 12 ਜੂਨ ਨੂੰ ਹੋਈ ਬੋਰਡ ਮੀਟਿੰਗ ਦੌਰਾਨ ਬੋਰਡ ਮੈਂਬਰਾਂ ਵੱਲੋਂ ਸਭ ਤੋਂ ਪਹਿਲਾਂ ਪੇਪਰ ਸੈੱਟਰਜ਼ ਦੇ ਮਿਹਨਤਾਨੇ ਵਿੱਚ ਵਾਧਾ ਕਰਨਾ ਪ੍ਰਵਾਨ ਕੀਤਾ ਗਿਆ। ਸਿੱਖਿਆ ਬੋਰਡ ਨਾਲ ਸੰਬੰਧਤ ਪੇਪਰ ਸੈੱਟਰਜ਼ ਲਗਭਗ 15 ਸਾਲਾਂ ਤੋਂ ਇੱਕੋ ਮਿਹਨਤਾਨੇ 'ਤੇ ਕੰਮ ਕਰਦੇ ਆ ਰਹੇ ਸਨ। ਉਨ੍ਹਾਂ ਵੱਲੋਂ ਲੰਮੇ ਸਮੇਂ ਤੋਂ ਲਗਾਤਾਰ ਆਪਣੇ ਮਿਹਨਤਾਨੇ ਵਿੱਚ ਵਾਧੇ ਦੀ ਮੰਗ ਕੀਤੀ ਜਾ ਰਹੀ ਸੀ ਜੋ ਕਿ ਬੋਰਡ ਦੀ ਇਸ ਮੀਟਿੰਗ ਵਿੱਚ ਪ੍ਰਵਾਨ ਕਰ ਲਈ ਗਈ ਹੈ। ਮੀਟਿੰਗ ਵਿੱਚ ਲਏ ਗਏ ਇੱਕ ਹੋਰ ਨਿਰਣੇ ਅਨੁਸਾਰ ਸਿੱਖਿਆ ਬੋਰਡ ਦੀਆਂ ਪ੍ਰੀਖਿਆਵਾਂ ਨਾਲ ਸੰਬੰਧਤ ਕਾਰਜਾਂ ਜਿਵੇਂ ਰਜਿਸਟ੍ਰੇਸ਼ਨ ਸ਼ਾਖਾ ਦਾ ਸ਼ਡਿਊਲ, ਵੇਰਵਿਆਂ ਵਿੱਚ ਸੋਧਾਂ ਸੰਬੰਧੀ ਨਿਰਧਾਰਤ ਮਿਤੀਆਂ, ਪ੍ਰੀਖਿਆ ਫ਼ੀਸਾਂ ਭਰਨ ਸੰਬੰਧੀ ਸ਼ਡਿਊਲ ਦੀ ਹੁਣ ਅਤਿਅੰਤ ਸਖ਼ਤੀ ਨਾਲ ਪਾਲਣਾ ਯਕੀਨੀ ਬਣਾਈ ਜਾਵੇਗੀ। ਇੱਕ ਵਾਰ ਨਿਰਧਾਰਤ ਸ਼ਡਿਊਲ ਨੂੰ ਕਿਸੇ ਵੀ ਹਾਲਤ ਵਿੱਚ ਤਬਦੀਲ ਨਹੀਂ ਕੀਤਾ ਜਾਵੇਗਾ। ਇਸ ਤੋਂ ਇਲਾਵਾ ਸਿੱਖਿਆ ਬੋਰਡ ਵੱਲੋਂ ਕੀਤੇ ਜਾਂਦੇ ਅਕਾਦਮਿਕ ਕਾਰਜਾਂ ਲਈ ਇੱਕ ਸਲਾਨਾ ਕਲੰਡਰ ਵੀ ਤਿਆਰ ਕੀਤਾ ਗਿਆ ਹੈ ਜਿਸ ਵਿੱਚ ਪੰਜਾਬ ਸਕੂਲ ਸਿੱਖਿਆ ਬੋਰਡ ਦੀ ਅਕਾਦਮਿਕ ਸ਼ਾਖਾ ਵੱਲੋਂ ਕੀਤੇ ਜਾਂਦੇ ਸੰਪੂਰਨ ਕਾਰਜਾਂ ਦਾ ਵਿਸਥਾਰਪੂਰਵਕ ਉਲੇਖ ਕੀਤਾ ਗਿਆ ਹੈ। ਦਸਵੀਂ ਅਤੇ ਬਾਰ੍ਹਵੀਂ ਸ਼੍ਰੇਣੀਆਂ ਵਿੱਚ ਮੁੜ ਮੁਲੰਕਣ ਦੇ ਨਤੀਜੇ ਤਿਆਰ ਕਰਨ ਲਈ ਲੱਗਣ ਵਾਲੇ ਸਮੇਂ ਨੂੰ ਘੱਟ ਕਰਨ ਲਈ ਵੀ ਵਿਨਿਯਮਾਂ ਵਿੱਚ ਸੋਧ ਕੀਤੀ ਗਈ ਹੈ ਤਾਂ ਜੋ ਇਸ ਨਤੀਜੇ ਨੂੰ ਜਲਦੀ ਐਲਾਨਿਆਂ ਜਾ ਸਕੇ। ਇਸ ਮੀਟਿੰਗ ਵਿੱਚ ਡਾ. ਸਤਬੀਰ ਬੇਦੀ ਤੋਂ ਇਲਾਵਾ ਵਾਈਸ ਚੇਅਰਮੈਨ ਡਾ. ਵਰਿੰਦਰ ਭਾਟੀਆ, ਵਿਸ਼ੇਸ਼ ਸਕੱਤਰ, ਸਕੂਲ ਸਿੱਖਿਆ ਵਿਭਾਗ, ਡਾ. ਰੂਪਾਂਜਲੀ ਕਾਰਤਿਕ, ਆਈ.ਏ.ਐੱਸ, ਸਪੈਸ਼ਲ ਇਨਵਾਈਟੀ ਰਮੇਸ਼ ਗੁਪਤਾ, ਜੁਆਇੰਟ ਡਾਇਰੈਕਟਰ, ਵਿੱਤ ਵਿਭਾਗ, ਪੰਜਾਬ ਸਰਕਾਰ, ਡੀਨ ਪੰਜਾਬ ਐਗਰੀਕਲਚਰ ਯੂਨੀਵਰਸਿਟੀ, ਲੁਧਿਆਣਾ, ਡਾ. ਰਵਿੰਦਰ ਕੌਰ ਧਾਲੀਵਾਲ, ਡੀਨ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਪ੍ਰੋ. ਜਸਰਾਜ ਕੌਰ, ਕੰਟਰੋਲਰ ਪਰੀਖਿਆਵਾਂ, ਗੁਰੂ ਅੰਗਦ ਦੇਵ ਵੈਟਰਨਰੀ ਐਂਡ ਐਨੀਮਲ ਸਾਇੰਸਿਜ਼ ਯੂਨੀਵਰਸਿਟੀ, ਲੁਧਿਆਣਾ ਡਾ. ਅਨਿਲ ਕੁਮਾਰ ਅਰੋੜਾ, ਡਾਇਰੈਕਟਰ, ਸਕੂਲ ਸਿੱਖਿਆ (ਸੈਕੰਡਰੀ) ਸੰਜੀਵ ਸ਼ਰਮਾ, ਡਾਇਰੈਕਟਰ ਸਕੂਲ ਸਿੱਖਿਆ (ਐਲੀਮੈਂਟਰੀ) ਸੰਗੀਤਾ ਸ਼ਰਮਾ ਵੀ ਹਾਜ਼ਰ ਸਨ। ਮੀਟਿੰਗ ਦਾ ਅਜੰਡਾ ਸਕੱਤਰ, ਪੰਜਾਬ ਸਕੂਲ ਸਿੱਖਿਆ ਬੋਰਡ ਅਵਿਕੇਸ਼ ਗੁਪਤਾ, ਪੀ.ਸੀ.ਐੱਸ ਵੱਲੋਂ ਪੇਸ਼ ਕੀਤਾ ਗਿਆ।

# ਖਰੜ ਪੱਤਰਕਾਰ ਸੰਘ ਦੇ ਗਗਨਦੀਪ ਘੜੂੰਆਂ ਪ੍ਰਧਾਨ ਤੇ ਖਾਨਪੁਰੀ ਬਣੇ ਜਨਰਲ ਸਕੱਤਰ

**ਖਰੜ, (ਕਾਲਾ ਸਿੰਘ)**



ਖਰੜ ਪੱਤਰਕਾਰ ਸੰਘ ਦੀ ਸਾਲ 2023-24 ਲਈ ਹੋਈ ਸਾਲਾਨਾ ਚੋਣ ਵਿਚ ਗਗਨਦੀਪ ਘੜੂੰਆਂ ਨੂੰ ਪ੍ਰਧਾਨ ਅਤੇ ਅਮਨਪ੍ਰੀਤ ਖਾਨਪੁਰੀ ਨੂੰ ਨਿਰਵਿਰੋਧ ਜਨਰਲ ਸਕੱਤਰ ਚੁਣ ਲਿਆ ਗਿਆ। ਇਸ ਮੌਕੇ ਪ੍ਰਧਾਨ ਗਗਨਦੀਪ ਘੜੂੰਆਂ ਨੇ ਦੱਸਿਆ ਕਿ ਬੀਤੇ ਦਿਨੀਂ ਪ੍ਰਧਾਨਗੀ ਦੀ ਚੋਣ ਲਈ ਨਾਮਜ਼ਦਗੀਆਂ ਭਰਨ ਦੇ ਦਿਨ ਕਿਸੇ ਹੋਰ ਉਮੀਦਵਾਰ ਵੱਲੋਂ ਕੋਈ ਨਾਮਜ਼ਦਗੀ ਨਾ ਭਰਨ ਕਾਰਨ ਚੋਣ ਅਬਜ਼ਰਵਰਾਂ ਵੱਲੋਂ ਉਨ੍ਹਾਂ ਨੂੰ ਨਿਰਵਿਰੋਧ ਜੇਤੂ ਕਰਾਰ ਦਿੱਤਾ ਸੀ ਜਿਸ ਤੋਂ ਬਾਅਦ ਅੱਜ ਸੰਘ ਦੇ ਮੁੱਖ ਦਫ਼ਤਰ 'ਚ ਹੋਈ ਮੀਟਿੰਗ ਦੌਰਾਨ ਨਵ-ਨਿਯੁਕਤ ਪ੍ਰਧਾਨ ਵੱਲੋਂ ਵਿਸ਼ਾਲ ਨਾਗਪਾਲ ਨੂੰ ਚੇਅਰਮੈਨ, ਸੀ. ਮੀਤ ਪ੍ਰਧਾਨ ਸੁਖਵਿੰਦਰ ਸਿੰਘ, ਵਾਇਸ ਪ੍ਰਧਾਨ ਸ਼ਮਿੰਦਰ ਸਿੰਘ, ਸਕੱਤਰ ਕਾਲਾ ਸਿੰਘ ਸੈਣੀ, ਖਜ਼ਾਨਚੀ ਰਾਕੇਸ਼ ਭਾਰਦਵਾਜ, ਜੁਆਇੰਟ ਸਕੱਤਰ ਮਲਕੀਅਤ ਸਿੰਘ ਸੈਣੀ, ਦਫ਼ਤਰ ਇੰਚਾਰਜ ਮਨੋਜ ਗਿਰਧਰ, ਚੀਫ਼ ਪੈਟਰਨ ਗਗਨ ਸੂਰੀ, ਪੈਟਰਨ ਅਸ਼ਵਨੀ ਗੌੜ ਅਤੇ ਗੁਰਮੁਖ ਸਿੰਘ ਮਾਨ, ਤਰਸੇਮ ਸਿੰਘ ਜੰਡਪੁਰੀ, ਸੁਰਿੰਦਰ ਸ਼ਰਮਾ ਨੂੰ ਸਲਾਹਕਾਰ ਵਜੋਂ ਨਿਯੁਕਤ ਕੀਤਾ ਗਿਆ। ਇਸ ਮੌਕੇ ਪ੍ਰਧਾਨ ਗਗਨਦੀਪ ਘੜੂੰਆਂ ਨੇ ਕਿਹਾ ਕਿ ਆਉਣ ਵਾਲੇ ਸਮੇਂ ਵਿਚ ਉਹ ਸਾਰੇ ਪੱਤਰਕਾਰਾਂ ਨੂੰ ਨਾਲ ਲੈ ਕੇ ਚੱਲਣਗੇ ਅਤੇ ਪੱਤਰਕਾਰੀ ਖੇਤਰ ਵਿਚ ਆਉਂਦੀਆਂ ਸਮੱਸਿਆਵਾਂ ਲਈ ਪਹਿਲ ਦੇ ਆਧਾਰ 'ਤੇ ਹੱਲ ਕਰਨਗੇ। ਇਸ ਮੌਕੇ ਜਨਰਲ ਸਕੱਤਰ ਅਮਨਪ੍ਰੀਤ ਖਾਨਪੁਰੀ ਨੇ ਭਰੋਸਾ ਦਿਵਾਇਆ ਕਿ ਸਾਰੇ ਮੈਂਬਰ ਇਕਜੁੱਟ ਹੋ ਕੇ ਸੰਸਥਾ ਲਈ ਕੰਮ ਕਰਨਗੇ। ਇਸ ਮੌਕੇ ਸਾਬਕਾ ਪ੍ਰਧਾਨ ਪੰਕਜ ਚੱਢਾ, ਰਣਬੀਰ ਪ੍ਰਾਸ਼ਰ, ਅਮਰਦੀਪ ਸੈਣੀ, ਜਗਵਿੰਦਰ ਸਿੰਘ, ਦਵਿੰਦਰ ਚੌਹਾਨ, ਡੇਵਿਟ ਵਰਮਾਂ, ਰਾਜੇਸ਼ ਕੌਸ਼ਿਕ, ਜਤਿੰਦਰ ਸਿੰਘ ਮੋਹੋਂ, ਹਰਵਿੰਦਰ ਕੌਰ ਮਹਿਰਾ, ਕੁਸ਼ਲਿੰਦਰ ਆਨੰਦ ਅਤੇ ਸੁਮਿਤ ਵਿੱਕੀ ਹਾਜ਼ਰ ਸਨ।

# ਕੁੱਲ ਹਿੰਦ ਕਿਸਾਨ ਸਭਾ ਨੇ ਭਾਜਪਾ ਸਰਕਾਰ ਦਾ ਪੁਤਲਾ ਸਾੜਿਆ: ਮੱਟੂ



**ਮਾਹਿਲਪੁਰ (ਸਫਰੀ)** ਗੜ੍ਹਸ਼ੰਕਰ ਕੁਲ ਹਿੰਦ ਕਿਸਾਨ ਸਭਾ ਵਲੋਂ ਤ੍ਰਿਪੁਰਾ ਦੇ ਲੋਕਾਂ, ਵਿਸ਼ੇਸ਼ ਕਰਕੇ ਕਬਾਇਲੀ ਔਰਤਾਂ ਨਾਲ ਅਣਮਨੁੱਖੀ ਤਸ਼ੱਦਦ ਕਰਨ,ਕਤਲੋ ਗਾਰਦ, ਜਬਰ ਜਨਾਹ ਵਰਗੀਆਂ ਘਟਨਾਵਾਂ ਨੂੰ ਬੀ ਜੀ ਪੀ ਦੇ ਗੁੰਡੇ ਸਰਕਾਰ ਦੀ ਸ਼ਹਿ 'ਤੇ ਕਰ ਰਹੇ ਹਨ। ਇਸ ਮੌਕੇ ਦਰਸ਼ਨ ਸਿੰਘ ਮੱਟੂ ਸੂਬਾਈ ਸਕੱਤਰ ਨੇ ਕਿਹਾ ਕਿ ਕੁੱਲ ਹਿੰਦ ਕਿਸਾਨ ਸਭਾ ਤ੍ਰਿਪੁਰਾ ਦੇ ਇਨਸਾਫ ਪਸੰਦ ਲੋਕਾਂ ਤੇ ਭੈਣਾਂ ਨਾਲ ਚੱਟਾਨ ਵਾਂਗ ਖੜੇ ਹਨ। ਬੀ ਜੀ ਪੀ ਦੇ ਗੁੰਡਿਆਂ ਤੇ ਬੀ ਜੀ ਪੀ ਸਰਕਾਰ ਦਾ ਪੁੱਤਲਾ ਸਾੜਿਆ ਗਿਆ। ਇਸ ਮੌਕੇ ਸੁਭਾਸ਼ ਮੱਟੂ ਸੂਬਾ ਕਮੇਟੀ ਮੈਂਬਰ ਕੁੱਲ ਹਿੰਦ ਕਿਸਾਨ ਸਭਾ, ਪਰੇਮ ਸਿੰਘ ਰਾਨਾ ਕਿਸਾਨ ਆਗੂ, ਮਲਕੀਅਤ ਸਿੰਘ ਥਾਂਦੀ, ਕੁਲਦੀਪ ਸਿੰਘ ਗੋਗੋਂ, ਪਰੇਮ ਕੁਮਾਰ, ਹਰਮੇਸ਼ ਸਿੰਘ, ਰਾਜ ਕੁਮਾਰ ਤੇਲੂ ਰਾਮ,ਅਸ਼ੋਕ ਕੁਮਾਰ, ਮਾਸਟਰ ਸੋਡੀ, ਰਣਬੀਰ ਸਿੰਘ ਰਾਨਾ, ਅਵਤਾਰ ਸਿੰਘ ਪਾਹਲੇਵਾਲ, ਪਿਆਰਾ ਰਾਮ, ਰਾਜ ਕੁਮਾਰ ਆਦਿ ਹਾਜਰ ਸਨ।

# ਮੱਕੀ ਦੀ ਖਰੀਦ 'ਚ ਕਿਸਾਨਾਂ ਦੀ ਭਾਰੀ ਲੁੱਟ ਜਾਰੀ



**ਮਹਿਤਪੁਰ (ਰਾਜਾ)**

ਦੋਆਬਾ ਕਿਸਾਨ ਯੂਨੀਅਨ ਦੀ ਮੀਟਿੰਗ ਪ੍ਰਧਾਨ ਕਸ਼ਮੀਰ ਸਿੰਘ ਪੰਨੂ ਦੀ ਅਗਵਾਈ ਹੇਠ ਟੁਰਨਾ ਇੰਜਨੀਰਿੰਗ ਵਰਕਸ ਮਹਿਤਪੁਰ ਵਿਚ ਹੋਈ, ਜਿਸ ਵਿਚ ਕਿਸਾਨੀ ਮਸਲਿਆਂ ਨਾਲ ਸੰਬੰਧਤ ਮੁੱਦਿਆਂ 'ਤੇ ਵਿਚਾਰ ਕੀਤਾ ਗਿਆ। ਇਸ ਮੌਕੇ ਮੱਕੀ ਦੀ ਕਟਾਈ ਜ਼ੋਰਾਂ 'ਤੇ ਹੋ ਰਹੀ ਹੈ ਪਰ ਮਹਿਤਪੁਰ ਮੰਡੀ ਵਿੱਚ ਮੱਕੀ ਕੇਵਲ 900 ਰੁਪਏ ਤੋਂ 1400 ਰੁਪਏ ਤੱਕ ਵਿਕ ਰਹੀ ਹੈ। ਜਦੋਂ ਕਿ ਮੱਕੀ ਦਾ ਸਮਰਥਨ ਮੁੱਲ 2090 ਰੁਪਏ ਹੈ। ਸਰਕਾਰ ਨੂੰ ਚਾਹੀਦਾ ਹੈ ਕਿ ਮੱਕੀ ਦਾ ਸਮਰਥਨ ਮੁੱਲ ਯਕੀਨੀ ਬਣਾਇਆ ਜਾਵੇ। ਘੱਟ ਰੇਟ 'ਤੇ ਵਿਕ ਚੁੱਕੀ ਮੱਕੀ ਦੇ ਰੇਟ ਦੀ ਭਰਪਾਈ ਵੀ ਸਰਕਾਰ ਵੱਲੋਂ ਕੀਤੀ ਜਾਵੇ। ਇਲਾਕੇ 'ਚ ਟਰਾਂਸਫਾਰਮਰ ਅਤੇ ਬਿਜਲੀ ਦੇ ਹੋਰ ਸਮਾਨ ਦੀ ਚੋਰੀ ਇਨ੍ਹਾਂ ਦਿਨਾਂ ਵਿਚ ਜ਼ੋਰਾਂ 'ਤੇ ਹੈ। ਚੋਰ ਬੇਖੌਫ ਹੋ ਕੇ ਪਸ਼ੂ, ਦੁਕਾਨਾਂ ਅਤੇ ਰਸਤੇ ਵਿਚ ਘੇਰ ਕੇ ਲੋਕਾਂ ਨੂੰ ਲੁੱਟ ਰਹੇ ਹਨ ਪਰ ਪੁਲਸ ਅਤੇ ਪ੍ਰਸ਼ਾਸਨ ਕੁੰਭਕਰਨੀ ਨੀਂਦ ਸੁੱਤਾ ਪਿਆ ਹੈ। ਝੋਨੇ ਦੀ ਬਿਜਾਈ ਦਾ ਸੀਜ਼ਨ ਸ਼ੁਰੂ ਹੋ ਚੁੱਕਾ ਹੈ। ਝੋਨੇ ਲਈ ਬਿਜਲੀ ਸਪਲਾਈ 8 ਘੰਟੇ ਯਕੀਨੀ ਬਣਾਈ ਜਾਵੇ ਤਾਂ ਜੋ ਕਿਸਾਨ ਝੋਨੇ ਦੀ ਬਿਜਾਈ ਸਮੇਂ ਸਿਰ ਕਰ ਸਕਣ। ਮਹਿਤਪੁਰ ਤੋਂ ਸਮੈਲਪੁਰ- ਮਹਿਸਮਪੁਰ - ਰਾਜੋਵਾਲ ਸੜਕ ਦੀ ਹਾਲਤ ਬਹੁਤ ਖਸਤਾ ਹੋ ਚੁੱਕੀ ਹੈ, ਇਸ ਸੜਕ ਦੀ ਮੁਰੰਮਤ ਤੁਰੰਤ ਕਰਵਾਉਣ ਦੀ ਮੰਗ ਵੀ ਕੀਤੀ ਗਈ। ਮੀਟਿੰਗ 'ਚ ਕਸ਼ਮੀਰ ਸਿੰਘ ਪੰਨੂ, ਮਹਿੰਦਰਪਾਲ ਸਿੰਘ ਟੁਰਨਾ, ਗੁਰਨਾਮ ਸਿੰਘ ਮਹਿਸਮਪੁਰੀ, ਨਰਿੰਦਰ ਸਿੰਘ, ਬਲਦੇਵ ਸਿੰਘ ਉੱਧੋਵਾਲ, ਹਰਬੰਸ ਸਿੰਘ, ਕਿਰਪਾਲ ਸਿੰਘ, ਸੁਖਵਿੰਦਰ ਸਿੰਘ ਜੱਜ, ਜਰਨੈਲ ਸਿੰਘ, ਜਸਵੰਤ ਸਿੰਘ ਸਿੰਘਾਪੁਰ, ਸਰਬਜੀਤ ਸਿੰਘ, ਅਰਵਿੰਦਰ ਸਿੰਘ ਚੀਮਾ, ਸੁਖਵਿੰਦਰ ਸਿੰਘ ਝੁੱਗੀਆਂ, ਰਸ਼ਪਾਲ ਸਿੰਘ ਧੰਜੂ ਹਾਜ਼ਰ ਸਨ।

# ਚੇਅਰਮੈਨ ਦਾ ਵਾਧੂ ਚਾਰਜ ਵਾਈਸ ਚੇਅਰਮੈਨ ਨੂੰ

**ਮੋਹਾਲੀ,(ਗੁਰਜੀਤ ਬਿੱਲਾ)**- ਚੇਅਰਪਰਸਨ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਵਿਦੇਸ਼ ਛੁੱਟੀ 'ਤੇ ਜਾਣ ਕਾਰਨ ਇਸ ਸਮੇਂ ਦੌਰਾਨ ਚੇਅਰਮੈਨ ਦੀ ਅਸਾਮੀ ਦਾ ਵਾਧੂ ਚਾਰਜ ਵਾਈਸ ਚੇਅਰਮੈਨ ਨੂੰ ਸੰਭਾਲਿਆ ਗਿਆ ਹੈ। ਸਿੱਖਿਆ ਬੋਰਡ ਵੱਲੋਂ ਮੀਡੀਆ ਨੂੰ ਜਾਰੀ ਕੀਤੀ ਗਈ ਜਾਣਕਾਰੀ ਅਨੁਸਾਰ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਚੇਅਰਪਰਸਨ ਡਾ. ਸਤਬੀਰ ਬੇਦੀ ਮੰਗਲਵਾਰ, 20 ਜੂਨ ਤੋਂ ਬੁੱਧਵਾਰ 5 ਜੁਲਾਈ ਤੱਕ ਵਿਦੇਸ਼ ਛੁੱਟੀ 'ਤੇ ਚਲੇ ਗਏ ਹਨ। ਡਾ. ਬੇਦੀ ਦੀ ਵਿਦੇਸ਼ ਛੁੱਟੀ ਦੇ ਇਸ ਸਮੇਂ ਦੌਰਾਨ ਚੇਅਰਮੈਨ ਦੀ ਅਸਾਮੀ ਦਾ ਵਾਧੂ ਚਾਰਜ ਵਾਈਸ ਚੇਅਰਮੈਨ, ਡਾ. ਵਰਿੰਦਰ ਭਾਟੀਆ ਨੂੰ ਸੌਂਪਿਆ ਗਿਆ ਹੈ। ਵਧੀਕ ਸਕੱਤਰ, ਪੰਜਾਬ ਸਰਕਾਰ, ਸਕੂਲ ਸਿੱਖਿਆ ਵਿਭਾਗ ਵੱਲੋਂ ਇਸ ਸੰਬੰਧੀ ਜਾਰੀ ਆਦੇਸ਼ ਤੁਰੰਤ ਪ੍ਰਭਾਵ ਤੋਂ ਲਾਗੂ ਕੀਤੇ ਗਏ ਹਨ।



# ਸਿੱਖਿਆ ਬੋਰਡ ਨੇ ਠੰਢੇ ਮਿੱਠੇ ਜਲ ਦੀ ਛਬੀਲ ਲਗਾਈ

**ਮੋਹਾਲੀ,(ਗੁਰਜੀਤ ਬਿੱਲਾ)**

ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਅੱਜ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਸਮਰਪਤ ਪ੍ਰਥਾ ਅਨੁਸਾਰ ਠੰਢੇ-ਮਿੱਠੇ ਜਲ ਦੀ ਛਬੀਲ ਲਗਾਈ ਗਈ। ਪੰਜਾਬ ਸਕੂਲ ਸਿੱਖਿਆ ਬੋਰਡ ਦੀ ਗੁਰਮਤਿ ਵਿਚਾਰ ਸਭਾ ਦੇ ਮੈਂਬਰਛਾਂ ਸਮੇਤ ਸਮੂਹ ਅਧਿਕਾਰੀਆਂ ਅਤੇ ਕਰਮਚਾਰੀਆਂ ਨੇ ਇਸ ਮੌਕੇ ਵਧ ਚੜ੍ਹ ਕੇ ਹਿੱਸਾ ਲਿਆ। ਸਿੱਖਿਆ ਬੋਰਡ ਦੇ ਵਾਈਸ ਚੇਅਰਮੈਨ ਡਾ. ਵਰਿੰਦਰ ਭਾਟੀਆ ਨੇ ਵੀ ਇਸ ਪਾਵਨ ਕਾਰਜ ਵਿੱਚ ਸ਼ਿਰਕਤ ਕਰਦੇ ਹੋਏ ਆਪਣੇ ਹੱਥੀਂ ਮਿੱਠਾ ਜਲ ਵਰਤਾਉਣ ਦੀ ਸੇਵਾ ਕੀਤੀ। ਡਾ. ਭਾਟੀਆ ਅਨੁਸਾਰ ਸਾਨੂੰ ਗੁਰੂ ਸਾਹਿਬਾਨ ਅਤੇ ਪੀਰ ਪੈਗੰਬਰਾਂ ਦੀਆਂ ਸਿੱਖਿਆਵਾਂ ਨੂੰ ਆਪਣੇ ਜੀਵਨ ਵਿੱਚ ਅਪਣਾਉਣ ਦੀ ਲੋੜ ਹੈ। ਗੁਰੂ ਸਾਹਿਬਾਨ ਵੱਲੋਂ ਕੀਤੀਆਂ ਕੁਰਬਾਨੀਆਂ ਨੂੰ ਚੇਤੇ ਰੱਖਦੇ ਹੋਏ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਵੀ ਗੁਰਮਤਿ ਨਾਲ ਜੋੜਨ ਦੀ ਜ਼ਰੂਰਤ ਹੈ। ਉਨ੍ਹਾ ਵਾਤਾਵਰਨ ਵਿੱਚ ਵਧਦੀ ਤਪਸ਼ ਨੂੰ ਘੱਟ ਕਰਨ ਲਈ ਵੱਧ ਤੋਂ ਵੱਧ ਰੁੱਖ ਲਗਾਉਣ ਲਈ ਵੀ ਕਿਹਾ। ਇਸ ਤੋਂ ਇਲਾਵਾ ਉਨ੍ਹਾਂ ਨੇ ਪਾਣੀ ਦੇ ਮਹੱਤਵ ਬਾਰੇ ਬੋਲਦਿਆਂ ਕਿਹਾ ਕਿ ਸਾਨੂੰ ਭਵਿੱਖ ਵਿੱਚ ਪਾਣੀ ਦੀ ਦਿੱਕਤ ਆਉਣ ਵਾਲੀ ਹੈ, ਇਸ ਲਈ ਸਾਨੂੰ ਪਾਣੀ ਲੋੜ ਅਨੁਸਾਰ ਅਤੇ ਸੰਜਮ ਨਾਲ ਵਰਤਣਾ ਚਾਹੀਦਾ ਹੈ।



# ਜਾਤੀ ਸਰਟੀਫਿਕੇਟਾਂ ਦੀ ਜਾਂਚ 'ਚ ਹਰ ਨੌਕਰੀ ਕਰ ਰਹੇ ਤੇ ਸੇਵਾ ਮੁਕਤ ਮੁਲਾਜ਼ਮ ਨੂੰ ਸ਼ਾਮਲ ਕੀਤਾ ਜਾਵੇ-ਅਹੀਰ

**ਹੁਸ਼ਿਆਰਪੁਰ (ਓ ਪੀ ਰਾਣਾ )** ਜ਼ਿਲ੍ਹਾ ਹੁਸ਼ਿਆਰਪੁਰ ਦੀਆਂ ਸਮੂਹ ਜੱਥੇਬੰਦੀਆਂ ਜੀ ਇੱਕ ਸਾਂਝੀ ਮੀਟਿੰਗ ਹੋਈ,ਜਿਸ ਵਿੱਚ ਰਿਜਰਵੇਸ਼ਨ ਚੋਰ ਫੜੋ ਪੱਕਾ ਮੋਰਚਾ ਚੱਲ ਰਹੇ ਅੰਦੋਲਨ ਬਾਰੇ ਗੰਭੀਰ ਚਰਚਾ ਹੋਈ ਅਤੇ ਵੱਖ ਵੱਖ ਜਥੇਬੰਦੀਆਂ ਦੇ ਆਗੂਆਂ ਨੇ ਆਪਣੇ ਨਿੱਜੀ ਵਿਚਾਰ ਸਾਂਝੇ ਕੀਤੇ। ਮੀਟਿੰਗ ਤੋਂ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਪ੍ਰਸ਼ੋਤਮ ਰਾਜ ਅਹੀਰ ਪੰਜਾਬ ਪ੍ਰਧਾਨ ਸੰਯੁਕਤ ਸਮਾਜ ਮੋਰਚਾ (ਲੇਬਰਵਿੰਗ ) ਨੇ ਕਿਹਾ ਜਾਤੀ ਸਰਟੀਫਿਕੇਟਾਂ ਦੀ ਜਾਂਚ ਵਿਚ ਨੌਕਰੀ ਕਰ ਰਹੇ ਅਤੇ ਸੇਵਾ ਮੁਕਤ ਹਰ ਮੁਲਾਜਮ ਨੂੰ ਜਾਂਚ ਲਈ ਸ਼ਾਮਲ ਕੀਤਾ ਜਾਣਾ ਚਾਹੀਦਾ ਹੈ, ਕਿਉਂਕਿ ਜਦੋਂ ਦਾ ਜਾਅਲੀ ਜਾਤੀ ਸਰਟੀਫਿਕੇਟ ਬਣਾ ਕੇ ਰਾਖਵਾਂਕਰਨ ਚੋਰੀ ਕਰਨ ਦੇ ਅੰਦੋਲਨ ਨੇ ਜ਼ੋਰ ਫੜਿਆ ਹੈ ਉਸ ਦਿਨ ਤੋਂ ਸੈਂਕੜੇ ਨਹੀਂ ਬਲਕਿ ਹਜਾਰਾਂ ਲੋਕਾਂ ਵਲੋਂ ਇਸ ਚਿੱਟੇ ਦਿਨ ਕੀਤੇ ਕਾਲੇ ਕਾਰਨਾਮੇ ਦੀਆਂ ਪਰਤਾਂ ਖੁੱਲਣੀਆਂ ਸ਼ੁਰੂ ਹੋ ਗਈਆਂ ਹਨ। ਅਹੀਰ ਨੇ ਕਿਹਾ ਕਿ ਇਸ ਅਹਿਮ ਅਤੇ ਸਭ ਤੋਂ ਵੱਡੇ ਸਮਾਜਿਕ ਘਪਲੇ ਦੀ ਜਾਂਚ ਪੂਰੀ ਤਰਾਂ ਪਾਰਦਰਸ਼ੀ ਤਰੀਕੇ ਨਾਲ ਹੋਣੀ ਚਾਹੀਦੀ ਹੈ ਅਤੇ ਜਾਅਲੀ ਜਾਤੀ ਸਰਟੀਫਿਕੇਟ ਬਣਾਕੇ ਰਾਖਵਾਂਕਰਨ ਚੋਰੀ ਕਰਕੇ ਨੌਕਰੀ ਤੋਂ ਸੇਵਾ ਮੁਕਤ ਹੋਏ ਲੋਕਾਂ ਦੀਆਂ ਬਣਾਈਆਂ ਸਾਰੀਆਂ ਪ੍ਰਾਪਰਟੀਆਂ ਜਬਤ ਕਰਨੀਆਂ ਚਾਹੀਦੀਆਂ ਹਨ। ਕਾਲਜਾਂ ਵਿਚ, ਸਪੋਰਟਸ ਵਿੱਚ, ਜਿਥੇ ਜਿਥੇ ਗਲਤ ਜਾਤੀ ਸਰਟੀਫਿਕੇਟ ਲਗਾ ਲਾਭ ਲੈ ਰਹੇ ਹਨ ਸਭ ਨੂੰ ਖੰਗਾਲਿਆ ਜਾਵੇਗਾ। ਇਸ ਲਈ ਸੁਝਵਾਨ ਸਾਥੀਆਂ ਦੀ ਜਲਦੀ ਇਕ ਟੀਮ ਬਣਾ ਦਿੱਤੀ ਜਾਵੇਗੀ ਤੇ ਪਿੰਡ ਪਿੰਡ ਗਲੀ ਗਲੀ ਇਸ ਅੰਦੋਲਨ ਨੂੰ ਲਿਜਾਇਆ ਜਾਵੇਗਾ।

# ਖ਼ਾਲਸਾ ਕਾਲਜ ਦਾ ਬੀ ਏ ਬੀ ਐੱਡ ਸੱਤਵੇਂ ਸਮੈਸਟਰ ਦਾ ਨਤੀਜਾ ਸ਼ਾਨਦਾਰ ਰਿਹਾ



**ਗੜ੍ਹਸ਼ੰਕਰ(ਫੂਲਾ ਸਿੰਘ ਬੀਰਮਪੁਰ)** ਬੱਬਰ ਅਕਾਲੀ ਮੈਮੋਰੀਅਲ ਖ਼ਾਲਸਾ ਕਾਲਜ ਗੜ੍ਹਸ਼ੰਕਰ ਦਾ ਬੀ.ਏ. ਬੀ.ਐੱਡ. ਸੱਤਵੇਂ ਸਮੈਸਟਰ ਦਾ ਨਤੀਜਾ ਸ਼ਾਨਦਾਰ ਰਿਹਾ ਹੈ। ਕਾਲਜ ਦੇ ਕਾਰਜਕਾਰੀ ਪ੍ਰਿੰਸੀਪਲ ਪ੍ਰੋ. ਲਖਵਿੰਦਰਜੀਤ ਕੌਰ ਨੇ ਦੱਸਿਆ ਕਿ ਚਾਰ ਸਾਲਾ ਕੋਰਸ ਬੀ.ਏ. ਬੀ.ਐੱਡ. ਦਾ ਨਤੀਜਾ ਸ਼ਾਨਦਾਰ ਰਿਹਾ ਹੈ। ਉਨ੍ਹਾਂ ਦੱਸਿਆ ਕਿ ਵਿਦਿਆਰਥਣ ਜਸਪ੍ਰੀਤ ਕੌਰ ਨੇ 83 ਫੀਸਦੀ ਅੰਕ ਪ੍ਰਾਪਤ ਕਰਕੇ ਕਲਾਸ ਵਿਚੋਂ ਪਹਿਲਾ, ਰੁਚਿਕਾ ਨੇ 79.8 ਫੀਸਦੀ ਅੰਕ ਲੈ ਕੇ ਦੂਜਾ ਤੇ ਸੌਰਵ ਨੇ 76.5 ਫੀਸਦੀ ਅੰਕ ਲੈ ਕੇ ਤੀਜਾ ਸਥਾਨ ਹਾਸਿਲ ਕੀਤਾ ਹੈ। ਪ੍ਰੋ. ਲਖਵਿੰਦਰਜੀਤ ਕੌਰ ਨੇ ਨਤੀਜੇ ਵਿਚੋਂ ਮੋਹਰੀ ਰਹੇ ਅਤੇ ਚੰਗੇ ਅੰਕ ਲੈ ਕੇ ਪਾਸ ਹੋਏ ਵਿਦਿਆਰਥੀਆਂ, ਉਨ੍ਹਾਂ ਦੇ ਮਾਪਿਆਂ ਤੇ ਸਟਾਫ਼ ਨੂੰ ਵਧਾਈ ਦਿੰਦੇ ਹੋਏ ਭਵਿੱਖ ਵਿਚ ਹੋਰ ਵੀ ਮੱਲਾਂ ਕਾਰਨ ਲਈ ਪ੍ਰੇਰਿਤ ਕੀਤਾ।

# ਬੇਲਾ ਕਾਲਜ ਦੇ ਰੋਇੰਗ ਖਿਡਾਰੀਆਂ ਨੇ ਜਿੱਤਿਆ ਸਿਲਵਰ ਮੈਡਲ



**ਸ੍ਰੀ ਚਮਕੌਰ ਸਾਹਿਬ (ਕੁਲਵਿੰਦਰ ਕਾਲਾ)**

ਅਮਰ ਸ਼ਹੀਦ ਬਾਬਾ ਅਜੀਤ ਸਿੰਘ ਜੁਝਾਰ ਸਿੰਘ ਮੈਮੋਰੀਅਲ ਕਾਲਜ, ਬੇਲਾ ਦੇ ਰੋਇੰਗ ਦੇ ਖਿਡਾਰੀਆਂ ਨੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਖੇਡਦੇ ਹੋਏ ਚਾਂਦੀ ਦੇ ਤਗਮੇ ਜਿੱਤ ਕੇ ਕਾਲਜ ਅਤੇ ਯੂਨੀਵਰਸਿਟੀ ਦਾ ਨਾਂਅ ਰੋਸ਼ਨ ਕੀਤਾ। ਇਸ ਵੱਡੀ ਜਿੱਤ 'ਤੇ ਮਾਣ ਕਰਦੇ ਹੋਏ ਕਾਲਜ ਦੇ ਪ੍ਰਿੰਸੀਪਲ ਡਾ. ਸਤਵੰਤ ਕੌਰ ਸ਼ਾਹੀ ਨੇ ਦੱਸਿਆ ਕਿ ਕਾਲਜ ਖਿਡਾਰੀਆਂ ਨੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਖੇਡਦੇ ਹੋਏ ਇਹਨਾਂ ਖੇਡਾਂ ਵਿੱਚ ਵੱਖ-ਵੱਖ ਈਵੈਂਟਾਂ ਵਿੱਚ ਚਾਂਦੀ ਦੇ ਤਗਮੇ ਪ੍ਰਾਪਤ ਕੀਤੇ। ਇਹ ਖੇਡਾਂ ਗੋਰਖਪੁਰ (ਉੱਤਰ ਪ੍ਰਦੇਸ਼) ਵਿਖੇ ਕਰਵਾਈਆਂ ਗਈਆਂ, ਜਿਸ ਵਿੱਚ ਓਪਨ ਮੈਨ ਫਾਰ 500 ਮੀਟਰ ਵਿੱਚ ਕਾਲਜ ਦੇ ਖਿਡਾਰੀ ਜਸਕਰਨ ਧਾਲੀਵਾਲ, ਸੰਗਮ ਸਹਾਰਨ, ਗੁਰਸੇਵਕ ਸਿੰਘ, ਰਿਪਨਦੀਪ ਸਿੰਘ ਨੇ ਸਿਲਵਰ ਮੈਡਲ ਹਾਸਲ ਕੀਤਾ। ਲੜਕੀਆਂ ਦੇ ਮੁਕਾਬਲਿਆਂ ਵਿੱਚ ਸਿੰਗਲ ਸਕੱਲ 200 ਮੀਟਰ ਵਿੱਚ ਕਾਲਜ ਦੀ ਖਿਡਾਰਨ ਅਮਨਦੀਪ ਕੌਰ ਨੇ ਚਾਂਦੀ ਦਾ ਤਗਮਾ ਅਤੇ 500 ਮੀਟਰ ਵਿੱਚ ਕਾਂਸੀ ਦਾ ਤਗਮਾ ਪ੍ਰਾਪਤ ਕਰ ਕੇ ਕਾਲਜ ਅਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਦਾ ਨਾਂਅ ਸੁਨਹਿਰੀ ਅੱਖਰਾਂ ਵਿੱਚ ਦਰਜ ਕਰਵਾਇਆ। ਖਿਡਾਰੀਆਂ ਦੇ ਕਾਲਜ ਪਹੁੰਚਣ 'ਤੇ ਕਾਲਜ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸੰਗਤ ਸਿੰਘ ਲੌਂਗੀਆ, ਸਕੱਤਰ ਜਗਵਿੰਦਰ ਸਿੰਘ, ਮੈਨੇਜਰ ਸੁਖਵਿੰਦਰ ਸਿੰਘ ਵਿਸਕੀ ਅਤੇ ਪਿੰਸੀਪਲ ਡਾ. ਸਤਵੰਤ ਕੌਰ ਸ਼ਾਹੀ ਵੱਲੋਂ ਖਿਡਾਰੀਆਂ ਨੂੰ ਸਨਮਾਨਤ ਕੀਤਾ ਗਿਆ ਅਤੇ ਨਕਦ ਰਾਸ਼ੀ ਦਿੱਤੀ ਗਈ। ਉਨ੍ਹਾਂ ਸਰੀਰਕ ਸਿੱਖਿਆ ਵਿਭਾਗ ਦੇ ਸਹਾਇਕ ਪ੍ਰੋ. ਲੈਫਟੀਨੈਂਟ ਪ੍ਰਿਤਪਾਲ ਸਿੰਘ, ਸਹਾਇਕ ਪ੍ਰੋ. ਅਮਰਜੀਤ ਸਿੰਘ ਨੂੰ ਇਸ ਪ੍ਰਾਪਤੀ 'ਤੇ ਮੁਬਾਰਕਬਾਦ ਦਿੱਤੀ। ਇਸ ਮੌਕੇ ਡਾ.ਮਮਤਾ ਅਰੋੜਾ, ਸਹਾਇਕ ਪ੍ਰੋ. ਸੁਨੀਤਾ ਰਾਣੀ ਤੇ ਸਮੂਹ ਸਟਾਫ ਮੈਂਬਰ ਹਾਜ਼ਰ ਸਨ।

# ਪੈਲੇਸ 'ਚੋਂ ਸਕੂਟਰ ਚੋਰੀ

**ਨੂਰਮਹਿਲ ( ਬਾਲੀ )** - ਕੰਦੋਲਾ ਕਲਾਂ ਦੇ ਵਸਨੀਕ ਇਕ ਵਿਅਕਤੀ ਦਾ ਨੂਰਮਹਿਲ ਦੇ ਇਕ ਪੈਲੇਸ 'ਚੋਂ ਸਕੂਟਰ ਚੋਰੀ ਹੋਣ ਸਮਾਚਾਰ ਪ੍ਰਾਪਤ ਹੋਇਆ ਹੈ। ਧਰਮਿੰਦਰ ਸਿੰਘ ਪੁੱਤਰ ਜਰਨੈਲ ਸਿੰਘ ਵਾਸੀ ਕੰਦੋਲਾ ਕਲਾਂ ਨੇ ਦੱਸਿਆ ਕਿ ਉਹ ਨੂਰਮਹਿਲ ਦੇ ਇੱਕ ਪੈਲੇਸ ਵਿੱਚ ਵਿਆਹ 'ਤੇ ਆਇਆਂ ਸੀ। ਉਸ ਨੇ ਆਪਣਾ ਸਕੂਟਰ 08 2865 ਪਾਰਕਿੰਗ ਵਿੱਚ ਜਿੰਦਰਾ ਲਗਾ ਕੇ ਖੜ੍ਹਾ ਕਰ ਦਿੱਤਾ ਤੇ ਮੈਂ ਆਪ ਪੈਲੇਸ ਵਿੱਚ ਵਿਆਹ ਦੇਖਣ ਚਲਾ ਗਿਆ। ਜਦ ਮੈਂ ਵਾਪਸ ਆਇਆ ਤਾਂ ਮੇਰਾ ਸਕੂਟਰ ਉਥੇ ਨਹੀਂ ਸੀ। ਕਾਫੀ ਸਮਾਂ ਲੱਭਿਆ, ਪਰ ਸਕੂਟਰ ਨਹੀਂ ਲੱਭਾ। ਉਪਰੰਤ ਇਸ ਦੀ ਸੂਚਨਾ ਨੂਰਮਹਿਲ ਥਾਣੇ ਦਿੱਤੀ ਗਈ।

# ਸਿੱਖ ਗੁਰਦੁਆਰਾ ਐਕਟ 'ਚ ਸੋਧ ਕਰਨ ਨਾਲ ਸਰਕਾਰ ਦਾ ਹਿੰਦੂਤਵੀ ਚਿਹਰਾ ਹੋਇਆ ਨੰਗਾ : ਸਿੰਗੜੀਵਾਲਾ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ, ਓ ਪੀ ਰਾਣਾ)**-ਜਿਵੇਂ ਹਿੰਦੂਤਵੀ ਤਾਕਤਾਂ ਨੇ ਪਿਛਲੇ ਸਮੇਂ ਦੌਰਾਨ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਹਰਿਆਣਾ ਗੁਰਦੁਆਰਾ ਪ੍ਰਬੰਧਕ ਕਮੇਟੀ ਵਿੱਚ ਦਖਲ ਦੇ ਕੇ ਕਬਜ਼ਾ ਕਰ ਲਿਆ ਹੈ ਉਸੇ ਤਰਜ਼ 'ਤੇ ਪੰਜਾਬ ਵਿੱਚ ਭਗਵੰਤ ਮਾਨ ਸਰਕਾਰ ਦੀ ਕੈਬਨਿਟ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸਿੱਖ ਸੰਸਥਾਵਾਂ ਦੀ ਸਲਾਹ ਤੋਂ ਬਗੈਰ ਸਿੱਖ ਗੁਰਦੁਆਰਾ ਐਕਟ ਵਿੱਚ ਸੋਧ ਕਰਕੇ ਸਿੱਖ ਸੰਸਥਾਵਾਂ ਨੂੰ ਕਮਜ਼ੋਰ ਕਰਨ ਅਤੇ ਉਨ੍ਹਾਂ ਉੱਤੇ ਕਬਜ਼ਾ ਕਰਨ ਦੀ ਜੋ ਖੇਡ ਖੇਡੀ ਹੈ ਉਸ ਨਾਲ ਪੰਜਾਬ ਸਰਕਾਰ ਦਾ ਹਿੰਦੂਤਵੀ ਚਿਹਰਾ ਨੰਗਾ ਹੋ ਗਿਆ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਗੁਰਨਾਮ ਸਿੰਘ ਸਿੰਗੜੀਵਾਲਾ ਜ਼ਿਲ੍ਹਾ ਜਨਰਲ ਸਕੱਤਰ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਪੰਜਾਬ ਸਰਕਾਰ ਦੀ ਇਸ ਕਾਰਵਾਈ ਦਾ ਸਖਤ ਵਿਰੋਧ ਕਰਦਿਆਂ ਕੀਤਾ। ਉਨ੍ਹਾ ਕਿਹਾ ਕਿ ਪੰਜਾਬ ਸਰਕਾਰ ਮਿਆਦ ਖਤਮ ਹੋ ਚੁੱਕੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਕਰਵਾਉਣ ਦੀ ਆਪਣੀ ਜ਼ਿੰਮੇਵਾਰੀ ਨਿਭਾਉਣ ਦੀ ਬਜਾਏ ਦਰਬਾਰ ਸਾਹਿਬ ਤੋਂ ਗੁਰਬਾਣੀ ਦਾ ਸਿੱਧਾ ਪ੍ਰਸਾਰਨ ਕਰਨ ਦੇ ਵਿਵਾਦ ਦੀ ਆੜ ਵਿਚ ਪੰਜਾਬ ਸਰਕਾਰ ਦੀ ਇਹ ਕਾਰਵਾਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸਿੱਖ ਸੰਸਥਾਵਾਂ ਦੀ ਸਲਾਹ ਤੋਂ ਬਗੈਰ ਸਿੱਖ ਕੌਮ ਵਿਰੋਧੀ ਕੇਂਦਰ ਅਤੇ ਪੰਜਾਬ ਦੀਆਂ ਸਰਕਾਰਾਂ ਲਈ ਕਿਸੇ ਵੀ ਮਨਮਰਜ਼ੀ ਦੀ ਤਬਦੀਲੀ ਦਾ ਰਾਹ ਖੋਲ੍ਹ ਦੇਵੇਗੀ। ਉਨ੍ਹਾ ਇਸ ਸਮੇਂ ਕਿਹਾ ਕਿ ਸਿੱਖ ਕੌਮ ਵਿਰੋਧੀ ਕੇਂਦਰ ਅਤੇ ਪੰਜਾਬ ਦੀਆਂ ਸਰਕਾਰਾਂ ਨੇ ਪਹਿਲਾਂ ਹੀ ਸਮੇਂ ਸਿਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਨਾ ਕਰਵਾ ਕੇ ਸਿੱਖ ਕੌਮ ਦੀ ਜਮਹੂਰੀਅਤ ਨੂੰ ਭੰਗ ਕੀਤਾ ਹੋਇਆ ਹੈ, ਜਿਸ ਦੀ ਅਸੀਂ ਸਖਤ ਨਿਖੇਧੀ ਕਰਦੇ ਹਾਂ ਅਤੇ ਤੁਰੰਤ ਚੋਣਾਂ ਕਰਵਾਉਣ ਦੀ ਮੰਗ ਕਰਦੇ ਹਾਂ। ਇਸ ਸਮੇਂ ਉਨ੍ਹਾਂ ਕਿਹਾ ਕਿ 1947 ਦੀ ਅਜ਼ਾਦੀ ਤੋਂ ਬਾਅਦ ਕੇਂਦਰ ਅਤੇ ਪੰਜਾਬ ਦੀਆਂ ਸਰਕਾਰਾਂ ਨੇ ਸਿੱਖ ਕੌਮ ਉਤੇ ਲਗਾਤਾਰ ਜਬਰ ਜ਼ੁਲਮ ਕਰਕੇ ਉਨ੍ਹਾਂ ਦੇ ਮਨੁੱਖੀ ਅਧਿਕਾਰਾਂ ਦਾ ਘਾਣ ਕੀਤਾ ਹੋਇਆ ਹੈ। ਜਿਸ ਦਾ ਸ਼੍ਰੋਮਣੀ ਅਕਾਲੀ (ਅੰਮ੍ਰਿਤਸਰ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਮੈਂਬਰ ਪਾਰਲੀਮੈਂਟ ਦੀ ਅਗਵਾਈ ਹੇਠ ਸਖਤ ਵਿਰੋਧ ਕਰਦੇ ਹੋਏ ਹੱਕਾਂ ਦੀ ਪ੍ਰਾਪਤੀ ਹੋਣ ਤੱਕ ਸੰਘਰਸ਼ ਕਰਦਾ ਰਹੇਗਾ।

# ਬਿਜਲੀ ਘਰ 'ਚੋਂ ਠੇਕਾ ਮੁਲਾਜ਼ਮ ਦਾ ਮੋਟਰਸਾਈਕਲ ਚੋਰੀ



**ਅੱਡਾ ਸਰਾਂ (ਜਸਵੀਰ ਕਾਜਲ)** ਬੀਤੇ ਦਿਨੀਂ ਅੱਡਾ ਸਰਾਂ ਦੇ ਬਿਜਲੀ ਘਰ ਵਿਚੋਂ ਬਿਜਲੀ ਬੋਰਡ ਦੇ ਠੇਕਾ ਮੁਲਾਜਮ ਸੀ ਐਚ ਬੀ ਦਾ ਮੋਟਰਸਾਈਕਲ ਚੋਰੀ ਹੋ ਗਿਆ। ਜਤਿੰਦਰ ਸਿੰਘ ਪੁੱਤਰ ਸਵਰਨਜੀਤ ਸਿੰਘ ਵਾਸੀ ਦਸਮੇਸ਼ ਨਗਰ ਟਾਂਡਾ ਨੇ ਦੱਸਿਆ ਹੈ ਕਿ ਮੈਂ ਅੱਡਾ ਸਰਾਂ ਬਿਜਲੀ ਘਰ ਵਿੱਚ ਬਿਜਲੀ ਬੋਰਡ ਦੇ ਠੇਕਾ ਮੁਲਾਜਮ ਸੀ ਐਚ ਬੀ ਵਜੋ ਨੌਕਰੀ ਕਰਦਾ ਹਾਂ। ਮੈਂ ਰੋਜਾਨਾ ਦੀ ਤਰ੍ਹਾਂ ਮੋਟਰਸਾਈਕਲ ਸਪਲੈਂਡਰ ਨੰਬਰ ਪੀ ਬੀ 07ਬੀ, ਕੇ 0719 'ਤੇ ਅਉਂਦਾ-ਜਾਂਦਾ ਸੀ। ਜਦੋਂ ਮੈਂ ਸਨਿਚਰਵਾਰ ਨੂੰ ਆਪਣਾ ਮੋਟਰਸਾਈਕਲ ਦਫਤਰ ਖੜਾ ਕਰ ਕੇ ਬਾਹਰ ਕੰਮ 'ਤੇ ਚਲਾ ਗਿਆ ਤੇ ਮੁੜਕੇ ਜਦੋਂ ਮੈਂ ਆਇਆ ਤਾਂ ਮੋਟਰਸਾਈਕਲ ਚੋਰੀ ਹੋ ਚੁੱਕਾ ਸੀ। ਇਸ ਸੰਬਧੀ ਥਾਣੇ ਸੂਚਿਤ ਕਰ ਦਿੱਤਾ ਹੈ।

# ਸਰਕਾਰੀ ਸਹੂਲਤਾਂ ਆਰਥਕ ਪੱਖੋਂ ਕਮਜ਼ੋਰ ਲੋਕਾਂ ਲਈ ਵਰਦਾਨ : ਪ੍ਰੋਫੈਸਰ ਸੁਨੇਤ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**



ਗਰੀਬੀ ਰੇਖਾ ਤੋਂ ਹੇਠਾਂ ਤਰਸਯੋਗ ਹਾਲਤ ਵਿੱਚ ਹੁਸ਼ਿਆਰਪੁਰ ਦੇ ਪਿੰਡ ਅੱਜੋਵਾਲ ਦੇ ਪ੍ਰੀਤ ਨਗਰ ਵਿਖੇ ਰਹਿ ਰਹੇ ਪਰਵਾਰਾਂ ਦੀ ਤਰੱਕੀ, ਉਨਤੀ ਅਤੇ ਖੁਸ਼ਹਾਲੀ ਲਈ ਗੁਰੂ ਨਾਨਕ ਇੰਟਰਨੈਸ਼ਨਲ ਐਜੂਕੇਸ਼ਨਲ ਟਰੱਸਟ ਵੱਲੋਂ ਵਿਸ਼ੇਸ਼ ਉਪਰਾਲੇ ਕੀਤੇ ਜਾ ਰਹੇ ਹਨ ਤਾਂ ਕਿ ਇਥੋਂ ਦੇ ਹਰ ਪਰਵਾਰ ਨੂੰ ਵਿੱਦਿਆ ਪ੍ਰਾਪਤੀ ਅਤੇ ਰੋਜ਼ਗਾਰ ਨਾਲ ਜੋੜਿਆ ਜਾ ਸਕੇ। ਇਸ ਸੰਬੰਧੀ ਪੰਜਾਬ ਨੈਸ਼ਨਲ ਬੈਂਕ ਪੇਂਡੂ ਸਵੈਰੋਜ਼ਗਾਰ ਸਿਖਲਾਈ ਸੰਸਥਾ ਹੁਸ਼ਿਆਰਪੁਰ ਦੇ ਸਹਿਯੋਗ ਨਾਲ ਉਦਮੀ ਜਾਗਰੂਕਤਾ ਕੈਂਪ ਗੁਰਦੁਆਰਾ ਭਾਈ ਬਚਿੱਤਰ ਸਿੰਘ, ਪ੍ਰੀਤ ਨਗਰ ਵਿਖੇ ਲਗਾਇਆ ਗਿਆ। ਜਿਸ ਵਿੱਚ ਸੰਸਥਾ ਦੇ ਡਾਇਰੈਕਟਰ ਰਜਿੰਦਰ ਕੁਮਾਰ ਭਾਟੀਆ ਨੇ ਸਰਕਾਰ ਦੁਆਰਾ ਚਲਾਈਆਂ ਜਾ ਰਹੀਆਂ ਸਕੀਮਾਂ ਸੰਬੰਧੀ ਵਿਸਥਾਰ ਨਾਲ ਜਾਣਕਾਰੀ ਦਿੱਤੀ ਅਤੇ ਦੱਸਿਆ ਕਿ 18 ਸਾਲ ਤੋਂ 45 ਸਾਲ ਦੇ ਘੱਟ ਪੜ੍ਹੇ ਲਿਖੇ ਵਿਅਕਤੀਆਂ ਲਈ ਘੱਟ ਸਮੇਂ ਦੇ ਕਿੱਤਾਮੁਖੀ ਕੋਰਸ ਬਿਲਕੁਲ ਮੁਫ਼ਤ ਕਰਵਾਏ ਜਾਂਦੇ ਹਨ ਅਤੇ ਚਾਹਵਾਨ ਉਦਮੀਆਂ ਨੂੰ ਆਪਣੇ ਕਾਰੋਬਾਰ ਸ਼ੁਰੂ ਕਰਨ ਲਈ ਸਹਿਯੋਗ ਦਿੱਤਾ ਜਾਂਦਾ ਹੈ ਅਤੇ ਬੈਂਕਾਂ ਤੋਂ ਕਰਜ਼ੇ ਦੀ ਸਹੂਲਤ ਦਵਾਉਣ ਲਈ ਵੀ ਵਿਸ਼ੇਸ਼ ਸਹਿਯੋਗ ਦਿੱਤਾ ਜਾਂਦਾ ਹੈ। ਗੁਰੂ ਨਾਨਕ ਇੰਟਰਨੈਸ਼ਨਲ ਐਜੂਕੇਸ਼ਨਲ ਟਰੱਸਟ ਦੇ ਪ੍ਰਧਾਨ ਪ੍ਰੋਫੈਸਰ ਬਹਾਦਰ ਸਿੰਘ ਸੁਨੇਤ ਨੇ ਟਰੱਸਟ ਵੱਲੋਂ ਗਰੀਬੀ ਰੇਖਾ ਤੋਂ ਹੇਠਾਂ ਰਹਿ ਰਹੇ ਪਰਵਾਰਾਂ ਲਈ ਕੀਤੇ ਜਾ ਰਹੇ ਕਾਰਜਾਂ ਸੰਬੰਧੀ ਜਾਣਕਾਰੀ ਦਿੱਤੀ ਅਤੇ ਸਵੈ ਰੁਜ਼ਗਾਰ ਲਈ ਸਰਕਾਰੀ ਸਹੂਲਤਾਂ ਸੰਬੰਧੀ ਜਾਗਰੂਕਤਾ ਪੈਦਾ ਕਰਨ ਲਈ ਆਈ ਸਮੁੱਚੀ ਟੀਮ ਦਾ ਧੰਨਵਾਦ ਕਰਦਿਆਂ ਕਿਹਾ ਕਿ ਸਮਾਜ ਸੇਵੀ ਸੰਸਥਾਵਾਂ ਵੱਲੋਂ ਸਰਕਾਰ ਦੁਆਰਾ ਚਲਾਈਆਂ ਜਾ ਰਹੀਆਂ ਸਕੀਮਾਂ ਨੂੰ ਲੋੜਵੰਦ ਲੋਕਾਂ ਤੱਕ ਪਹੁੰਚਾਉਣ ਲਈ ਵੀ ਵਿਸ਼ੇਸ਼ ਉਪਰਾਲੇ ਕੀਤੇ ਜਾਣੇ ਚਾਹੀਦੇ ਹਨ ਤਾਂ ਕਿ ਹਰ ਲੋੜਵੰਦ ਵਿਅਕਤੀ ਇਨ੍ਹਾਂ ਸਕੀਮਾਂ ਦਾ ਲਾਭ ਉਠਾ ਕੇ ਆਪਣੇ ਜੀਵਨ ਵਿੱਚ ਅੱਗੇ ਵਧ ਸਕੇ। ਉਨ੍ਹਾ ਕਿਹਾ ਕਿ ਇਹ ਸਰਕਾਰ ਦੁਆਰਾ ਚਲਾਈਆਂ ਜਾ ਰਹੀਆਂ ਸਕੀਮਾਂ ਆਰਥਕ ਪੱਖੋਂ ਕਮਜ਼ੋਰ ਲੋਕਾਂ ਲਈ ਵਰਦਾਨ ਸਾਬਤ ਹੋ ਸਕਦੀਆਂ ਹਨ। ਇਸ ਮੌਕੇ ਮੈਡਮ ਸਾਕਸ਼ੀ, ਰਜਿੰਦਰ ਸਿੰਘ, ਪ੍ਰਧਾਨ ਸਿੰਘ, ਸੁਮਨ ਬਹਿਲ, ਕਮਲ ਜੀਤ ਬਹਿਲ, ਜਰਨੈਲ ਸਿੰਘ, ਰਾਮ ਸਿੰਘ, ਰਾਮ ਕਲੀ, ਜਸਬੀਰ ਸਿੰਘ ਅਤੇ ਇਲਾਕੇ ਦੇ ਹੋਰ ਪਤਵੰਤੇ ਸੱਜਣ ਹਾਜ਼ਰ ਸਨ।

# ਪੀ ਸੀ ਐਮ ਐਸ ਡੀ ਕਾਲਜ ਲੜਕੀਆਂ ਵਿਖੇ ਯੋਗ ਦਿਵਸ ਮਨਾਇਆ

**ਜਲੰਧਰ (ਇਕਬਾਲ ਸਿੰਘ ਉਭੀ)**



ਪੀ.ਸੀ.ਐਮ.ਐਸ.ਡੀ. ਕਾਲਜ ਫਾਰ ਲੜਕੀਆਂ ਵਿਖੇ ਅੰਤਰਰਾਸ਼ਟਰੀ ਯੋਗ ਦਿਵਸ 2023 ਨੂੰ ਸਿਹਤ ਅਤੇ ਤੰਦਰੁਸਤੀ ਲਈ ਸੰਪੂਰਨ ਪਹੁੰਚ ਦੇ ਰੂਪ ਵਿੱਚ ਯੋਗਾ ਨੂੰ ਅੱਗੇ ਵਧਾਉਣ ਲਈ ਮਨਾਇਆ। 2014 ਵਿੱਚ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਸੰਯੁਕਤ ਰਾਸ਼ਟਰ ਨੂੰ 21 ਜੂਨ ਨੂੰ ਅੰਤਰਰਾਸ਼ਟਰੀ ਯੋਗ ਦਿਵਸ ਵਜੋਂ ਮਨਾਉਣ ਦਾ ਸੁਝਾਅ ਦਿੱਤਾ ਕਿਉਂਕਿ ਇਹ ਗਰਮੀਆਂ ਵਿੱਚ ਸਾਲ ਦਾ ਸਭ ਤੋਂ ਲੰਬਾ ਦਿਨ ਹੁੰਦਾ ਹੈ। ਯੋਗਾ ਜ਼ਰੂਰੀ ਤੌਰ 'ਤੇ ਜੀਵਨ ਦਾ ਇੱਕ ਤਰੀਕਾ ਹੈ ਜਿਸ ਦਾ ਉਦੇਸ਼ ਇੱਕ ਸਿਹਤਮੰਦ ਸਰੀਰ ਵਿੱਚ ਇੱਕ ਸਿਹਤਮੰਦ ਮਨ ਹੈ। ਮਨੁੱਖ ਇੱਕ ਸਰੀਰਕ, ਮਾਨਸਿਕ ਅਤੇ ਅਧਿਆਤਮਕ ਜੀਵ ਹੈ ਅਤੇ ਯੋਗਾ ਤਿੰਨਾਂ ਦੇ ਸੰਤੁਲਨ ਵਿਕਾਸ ਨੂੰ ਉਤਸ਼ਾਹਿਤ ਕਰਨ ਵਿੱਚ ਮਦਦ ਕਰਦਾ ਹੈ। ਯੋਗਾ ਹਰ ਮਨੁੱਖ ਨੂੰ ਸਰੀਰ ਅਤੇ ਮਨ 'ਤੇ ਕਾਬੂ ਪਾਉਣ ਦੀ ਸ਼ਕਤੀ ਪ੍ਰਦਾਨ ਕਰਦਾ ਹੈ। ਇਸ ਮੌਕੇ ਐਸ.ਡੀ ਕਾਲਜ ਦੀ ਐਨ ਐਸ ਐਸ ਯੂਨਿਟ ਨੇ ਕਾਲਜ ਕੈਂਪਸ ਵਿੱਚ ਆਯੋਜਿਤ ਇੱਕ ਸਮਾਗਮ ਵਿੱਚ ਯੋਗਾ ਅਭਿਆਸ ਕਰਕੇ ਆਪਣੇ ਪਰਵਾਰਾਂ ਅਤੇ ਦੋਸਤਾਂ ਨੂੰ ਇੱਕ ਸਿਹਤਮੰਦ ਜੀਵਨ ਸ਼ੈਲੀ ਲਈ ਯੋਗਾ ਅਪਣਾਉਣ ਲਈ ਉਤਸ਼ਾਹਿਤ ਕਰਨ ਦੀ ਸਹੁੰ ਚੁੱਕੀ। ਵਲੰਟੀਅਰਾਂ ਨੇ ਪੀ ਏ ਪੀ ਕੈਂਪਸ, ਜਲੰਧਰ ਵਿਖੇ ਜਨ ਯੋਗ ਦਿਵਸ ਪ੍ਰੋਗਰਾਮ ਵਿੱਚ ਵੀ ਭਾਗ ਲਿਆ। ਉਨ੍ਹਾਂ ਨੂੰ ਯੁਵਾ ਪੋਰਟਲ 'ਤੇ ਆਪਣੇ ਆਪ ਨੂੰ ਯੁਵਾ ਵਜੋਂ ਰਜਿਸਟਰ ਕਰਨ ਲਈ ਵੀ ਸੱਦਾ ਦਿੱਤਾ ਗਿਆ। ਇਸ ਮੌਕੇ ਪ੍ਰਧਾਨ ਨਰੇਸ਼ ਕੁਮਾਰ ਬੁਧੀਆ, ਸੀਨੀਅਰ ਮੀਤ ਪ੍ਰਧਾਨ ਵਿਨੋਦ ਦਾਦਾ, ਮੈਨੇਜਮੈਂਟ ਕਮੇਟੀ ਦੇ ਹੋਰ ਮੈਂਬਰ ਅਤੇ ਪ੍ਰਿੰਸੀਪਲ ਪ੍ਰੋ.(ਡਾ.) ਪੂਜਾ ਪਰਾਸ਼ਰ ਨੇ ਐਨ ਐਸ ਐਸ ਵਿਭਾਗ ਦੀ ਭਰਪੂਰ ਸ਼ਲਾਘਾ ਕੀਤੀ। ਇਸ ਸਮਾਗਮ ਵਿੱਚ ਐਨ ਐਸ ਐਸ ਵਾਲੰਟੀਅਰਾਂ ਅਤੇ ਪ੍ਰੋਗਰਾਮ ਅਫਸਰਾਂ ਨੇ ਵੀ ਸ਼ਮੂਲੀਅਤ ਕੀਤੀ।

# ਪੰਡਤ ਵਿਕਰਾਂਤ ਰਣਦੇਵ ਨੇ ਲੰਗਰ ਹਾਲ ਦੇ ਟੈਂਟ ਦੀ ਕਰਵਾਈ ਸ਼ੁਰੂਆਤ



**ਮਾਹਿਲਪੁਰ (ਸਫਰੀ)**- ਸ੍ਰੀ ਅਮਰਨਾਥ ਮਾਤਾ ਚਿੰਤਪੂਰਨੀ ਚੈਰੀਟੇਬਲ ਟਰੱਸਟ ਰਜਿ: ਗੜ੍ਹਸ਼ੰਕਰ ਵੱਲੋਂ ਸਮੂਹ ਇਲਾਕੇ ਦੇ ਸਹਿਯੋਗ ਨਾਲ ਸ੍ਰੀ ਅਮਰਨਾਥ ਦੀ ਯਾਤਰਾ ਅਤੇ ਹੋਰ ਧਾਰਮਕ ਅਸਥਾਨਾਂ ਦੀ ਯਾਤਰਾ 'ਤੇ ਜਾਣ ਵਾਲੇ ਯਾਤਰੀਆਂ ਲਈ 11ਵਾਂ ਵਿਸ਼ਾਲ ਭੰਡਾਰਾ 26 ਜੂਨ ਤੋਂ ਹੁਸ਼ਿਆਰਪੁਰ ਰੋਡ ਨਜ਼ਦੀਕ ਪਨਸਪ ਗੋਦਾਮ ਗੜ੍ਹਸ਼ੰਕਰ ਵਿਖੇ ਸ਼ੁਰੂ ਹੋ ਰਿਹਾ ਹੈ। ਅੱਜ ਸੰਸਥਾ ਦੇ ਚੇਅਰਮੈਨ ਠੇਕੇਦਾਰ ਕੁਲਭੂਸ਼ਨ ਸ਼ੌਰੀ ਤੇ ਹੋਰ ਮੈਂਬਰਾਂ ਦੀ ਮੌਜੂਦਗੀ ਵਿੱਚ ਸਮਾਜ ਸੇਵੀ ਪੰਡਿਤ ਵਿਕਰਾਂਤ ਰਣਦੇਵ ਵੱਲੋਂ ਪੂਜਾ ਉਪਰੰਤ ਮੂੰਹ ਮਿੱਠਾ ਕਰਵਾ ਕੇ ਲੰਗਰ ਹਾਲ ਵਿੱਚ ਟੈਂਟ ਲਗਵਾਉਣ ਦੀ ਸ਼ੁਰੂਆਤ ਕਰਵਾਈ ਗਈ। ਇਸ ਮੌਕੇ ਠੇਕੇਦਾਰ ਕੁਲਭੂਸ਼ਨ ਸ਼ੌਰੀ ਨੇ ਦੱਸਿਆ ਕਿ 26 ਜੂਨ ਤੋਂ ਸ਼ੁਰੂ ਹੋ ਰਹੇ ਵਿਸ਼ਾਲ ਭੰਡਾਰੇ ਦੀਆਂ ਤਿਆਰੀਆਂ ਜ਼ੋਰਾ 'ਤੇ ਹਨ। ਲਗਾਤਾਰ 40 ਦਿਨ ਚੱਲਣ ਵਾਲੇ ਇਸ ਭੰਡਾਰੇ ਦੌਰਾਨ ਰੋਜ਼ਾਨਾ ਹਜ਼ਾਰਾਂ ਦੀ ਗਿਣਤੀ ਵਿੱਚ ਸੰਗਤਾਂ ਇਥੇ ਪੁੱਜਦੀਆਂ ਹਨ ਅਤੇ ਲੰਗਰ ਕਮੇਟੀ ਵੱਲੋਂ ਸੰਗਤਾਂ ਦੀ ਗਿਣਤੀ ਨੂੰ ਵੇਖਦਿਆਂ ਪੁਖਤਾ ਪ੍ਰਬੰਧ ਕੀਤੇ ਜਾਂਦੇ ਹਨ। ਇਸ ਮੌਕੇ ਹਰਪਾਲ ਸਿੰਘ ਬੇਦੀ, ਡਾਕਟਰ ਵਨੀਤ ਲੰਬ ਅਤੇ ਕੁਲਬੀਰ ਸਿੰਘ ਅਜੀਮਲ ਹਾਜ਼ਰ ਸਨ।

# ਡੀ ਸੀ ਦੇ ਹੁਕਮਾਂ ਦੀਆਂ ਧੱਜੀਆਂ ਉਡਾ ਰਹੇ ਗੁੱਜਰ ਭਾਈਚਾਰੇ ਦੇ ਲੋਕ

**ਸ੍ਰੀ ਚਮਕੌਰ ਸਾਹਿਬ (ਕੁਲਵਿੰਦਰ ਕਾਲਾ)**

ਪਿਛਲੇ ਕਈ ਸਾਲਾਂ ਤੋਂ ਪੰਜਾਬ 'ਚ ਇਨ੍ਹਾਂ ਪਰਵਾਸੀ ਗੁੱਜਰਾਂ ਦਾ ਆਉਣ ਦਾ ਤਾਂਤਾ ਲੱਗਿਆ ਹੋਇਆ ਹੈ। ਅੱਜ ਪੰਜਾਬ ਦੇ ਵਿੱਚ ਕੋਈ ਜ਼ਿਲ੍ਹਾ ਜਾਂ ਕੋਈ ਪਿੰਡ ਅਜਿਹਾ ਨਹੀਂ ਹੈ ਜਿੱਥੇ ਇਨ੍ਹਾਂ ਪਰਵਾਸੀ ਗੁੱਜਰਾਂ ਦੇ ਡੇਰੇ ਨਾ ਹੋਣ। ਜਦੋਂ ਇਹ ਆਪਣੇ ਪਸ਼ੂਆਂ ਨੂੰ ਚਰਾਉਣ ਲਈ ਘਰੋਂ ਸੜਕਾਂ 'ਤੇ ਨਿਕਲਦੇ ਨੇ ਤਾਂ ਆਵਾਜਾਈ 'ਚ ਸਭ ਤੋਂ ਵੱਡੀ ਰੁਕਾਵਟ ਬਣਦੇ ਹਨ ਕਿਉਂਕਿ ਮੱਝਾਂ ਦਾ ਬਹੁਤ ਵੱਡਾ ਝੁੰਡ ਹੁੰਦਾ ਹੈ ਤੇ ਮੱਝਾਂ ਸੜਕ ਦੇ ਵਿਚਕਾਰ ਚੱਲਦੀਆਂ ਹਨ, ਜਿਸ ਕਾਰਨ ਸੜਕ 'ਤੇ ਚੱਲਣ ਵਾਲੇ ਸਾਈਕਲ, ਮੋਟਰਸਾਈਕਲ ਤੇ ਵੱਡੀਆਂ ਗੱਡੀਆਂ ਬੱਸ, ਟਰੱਕ ਤੇ ਟਰੈਕਟਰ ਟਰਾਲੀ ਨੂੰ ਕਰਾਸਿੰਗ ਦੇ ਟਾਈਮ ਬੜੀ ਦਿੱਕਤ ਦਾ ਸਾਹਮਣਾ ਕਰਨਾ ਪੈਂਦਾ ਹੈ। ਅੱਗੋਂ ਜਦੋਂ ਇਨ੍ਹਾਂ ਗੁੱਜਰਾਂ ਨੂੰ ਮੱਝਾਂ ਸੰਭਾਲ ਕੇ ਲਿਜਾਣ ਲਈ ਕਿਹਾ ਜਾਂਦਾ ਹੈ ਤਾਂ ਇਹ ਗੁੱਜਰ ਉਨ੍ਹਾਂ ਗੱਡੀ ਚਾਲਕਾਂ ਦੇ ਨਾਲ ਲੜਾਈ ਝਗੜਾ ਕਰਦੇ ਹਨ। ਪਿੰਡਾਂ ਵਾਲਿਆਂ ਦਾ ਕਹਿਣਾ ਸੀ ਕਿ ਇਨ੍ਹਾਂ ਪਰਵਾਸੀ ਗੁੱਜਰਾਂ 'ਤੇ ਤੁਰੰਤ ਬੈਨ ਲਗਾਇਆ ਜਾਵੇ। ਉਨ੍ਹਾਂ ਪੰਜਾਬ ਸਰਕਾਰ ਤੋਂ ਪੁਰ ਜੋਰ ਮੰਗ ਕੀਤੀ ਕਿ ਇਨ੍ਹਾਂ ਪਰਵਾਸੀ ਗੁੱਜਰਾਂ 'ਤੇ ਸਖਤੀ ਵਰਤਦੇ ਹੋਏ ਮੱਝਾਂ ਨੂੰ ਲੈ ਕੇ ਸੜਕਾਂ ਚੱਲਣ ਤੋਂ ਰੋਕਿਆ ਜਾਵੇ।



# ਜਲੰਧਰ ਜ਼ਿਲ੍ਹੇ ਦੇ ਅਨੇਕਾਂ ਪਿੰਡ ਹੋਏ ਭਾਰਤੀ ਕਿਸਾਨ ਯੂਨੀਅਨ ਪੰਜਾਬ 'ਚ ਸ਼ਾਮਲ : ਸੁੱਖ ਗਿੱਲ

**ਮਹਿਤਪੁਰ (ਰਾਜਾ)**

ਦੁਆਬਾ ਏਰੀਏ ਵਿੱਚ ਭਾਰਤੀ ਕਿਸਾਨ ਯੂਨੀਅਨ ਪੰਜਾਬ ਨੂੰ ਉਸ ਵੇਲੇ ਵੱਡਾ ਬਲ ਮਿਲਿਆ ਜਦੋਂ ਜ਼ਿਲ੍ਹਾ ਜਲੰਧਰ ਦੇ ਮਹਿਤਪੁਰ ਏਰੀਏ ਦੇ ਅਨੇਕਾਂ ਪਿੰਡ ਵੱਖ-ਵੱਖ ਜਥੇਬੰਦੀਆਂ ਨੂੰ ਛੱਡ ਬੀ ਕੇ ਯੂ ਪੰਜਾਬ ਨਾਲ ਆ ਜੁੜੇ। ਇਸ ਮੌਕੇ ਸੁੱਖ ਗਿੱਲ ਤੋਤਾ ਸਿੰਘ ਵਾਲਾ ਜ਼ਿਲ੍ਹਾ ਪ੍ਰਧਾਨ ਯੂਥ ਵਿੰਗ ਅਤੇ ਕੌਮੀ ਜਨਰਲ ਸਕੱਤਰ ਪੰਜਾਬ ਅਤੇ ਦਵਿੰਦਰ ਸਿੰਘ ਸਰਾਂ ਕੋਟ ਈਸੇ ਖਾਂ ਵਿਸ਼ੇਸ਼ ਤੌਰ 'ਤੇ ਪਹੁੰਚੇ ਅਤੇ ਵੱਖ ਵੱਖ ਕਿਸਾਨਾਂ ਨੂੰ ਸਿਰਪਾਓ ਦੇ ਕੇ ਜਥੇਬੰਦੀ ਵਿੱਚ ਸ਼ਾਮਲ ਕੀਤਾ। ਜਾਣਕਾਰੀ ਦਿੰਦਿਆਂ ਸੁੱਖ ਗਿੱਲ ਮੋਗਾ, ਦਵਿੰਦਰ ਸਿੰਘ ਸਰਾਂ, ਕੇਵਲ ਸਿੰਘ ਸਰਪੰਚ, ਨਰਿੰਦਰ ਸਿੰਘ ਬਾਜਵਾ, ਲਖਬੀਰ ਸਿੰਘ ਗੋਬਿੰਦਪੁਰ, ਜਸਵੰਤ ਸਿੰਘ ਲੋਹਗੜ੍ਹ, ਰਮਨਜੀਤ ਸਮਰਾ ਨੇ ਕਿਹਾ ਕਿ ਅੱਜ ਭਾਰਤੀ ਕਿਸਾਨ ਯੂਨੀਅਨ ਪੰਜਾਬ ਦੀ ਅਹਿਮ ਮੀਟਿੰਗ ਮਹਿਤਪੁਰ ਦੇ ਪਿੰਡ ਪੱਤੀ ਝੁਗੀਆਂ ਵਿਖੇ ਕੀਤੀ ਗਈ ਜਿਸ ਵਿੱਚ ਪਿੰਡ ਪੱਤੀ ਝੁੱਗੀਆਂ, ਪਿੰਡ ਬੀੜ ਉੱਦੋਕੇ, ਪਿੰਡ ਪਰਜੀਆਂ ਕਲਾਂ, ਪਿੰਡ ਰਾਮਪੁਰ ਰਾਈਆਂ, ਪਿੰਡ ਕੰਨੀਆਂ ਖੁਰਦ ਮਹਿਤਪੁਰ ਜ਼ਿਲ੍ਹਾ ਜਲੰਧਰ ਦੇ ਪੰਜ ਪਿੰਡਾਂ ਦੀਆਂ ਇਕਾਈਆਂ ਗਠਤ ਕੀਤੀਆਂ ਗਈਆਂ ਅਤੇ ਲੋਕਾਂ ਦੀਆਂ ਮੁਸ਼ਕਲਾਂ ਵੀ ਸੁਣੀਆਂ। ਇਸ ਮੌਕੇ ਤਜਿੰਦਰ ਪਾਲ ਸਿੰਘ ਮਿੰਟਾ ਕਾਦੀਆਂ ਜਥੇਬੰਦੀ ਨੂੰ ਛੱਡ ਕੇ ਸਾਥੀਆਂ ਸਮੇਤ ਭਾਰਤੀ ਕਿਸਾਨ ਯੂਨੀਅਨ ਪੰਜਾਬ ਵਿੱਚ ਸ਼ਾਮਲ ਹੋਏ ਅਤੇ ਇਨ੍ਹਾਂ ਨੂੰ ਜ਼ਿਲ੍ਹਾ ਜਲੰਧਰ ਦਾ ਪ੍ਰੈਸ ਸਕੱਤਰ ਨਿਯੁਕਤ ਕੀਤਾ ਗਿਆ। ਇਸ ਮੌਕੇ ਪਿੰਡ ਝੁਗੀਆਂ ਤੋਂ ਮਹਿੰਦਰ ਸਿੰਘ ਇਕਾਈ ਪ੍ਰਧਾਨ, ਅੰਮ੍ਰਿਤਪਾਲ ਸਿੰਘ ਨੂੰ ਇਕਾਈ ਮੀਤ ਪ੍ਰਧਾਨ, ਜਸਬੀਰ ਸਿੰਘ ਲਾਡੀ ਸੀਨੀ.ਮੀਤ ਪ੍ਰਧਾਨ, ਸੁਖਵਿੰਦਰ ਸਿੰਘ ਪ੍ਰੈਸ ਸਕੱਤਰ,ਪਿੰਡ ਬੀੜ ਉੱਧੋ ਵਾਲਾ ਤੋਂ ਪਰਮਜੀਤ ਸਿੰਘ ਇਕਾਈ ਪ੍ਰਧਾਨ, ਅਰਵਿੰਦਰ ਸਿੰਘ ਸੋਢੀ ਮੀਤ ਪ੍ਰਧਾਨ, ਦਲਜੀਤ ਸਿੰਘ ਸੀ.ਮੀ.ਪ੍ਰਧਾਨ, ਅਵਤਾਰ ਸਿੰਘ ਖਜ਼ਾਨਚੀ ਅਤੇ ਗੁਰਿੰਦਰ ਸਿੰਘ ਪੱਡਾ ਬਾਲੋਕੀ ਖੁਰਦ ਨੂੰ ਬਲਾਕ ਮਹਿਤਪੁਰ ਦਾ ਯੂਥ ਪ੍ਰਧਾਨ ਥਾਪਿਆ ਗਿਆ,ਅਤੇ ਪਰਜੀਆਂ ਕਲਾਂ ਤੋਂ ਇਕਾਈ ਪ੍ਰਧਾਨ ਨਿਰਮੋਹ ਸਿੰਘ ਸੰਧੂ, ਮੀਤ ਪ੍ਰਧਾਨ ਸੁੱਚਾ ਸਿੰਘ, ਮੁੱਖ ਬੁਲਾਰਾ ਕਮਲਜੀਤ ਸਿੰਘ ਨੂੰ ਥਾਪਿਆ ਗਿਆ ਅਤੇ ਰਾਏਪੁਰ ਰਾਈਆਂ ਬੇਟ ਤੋਂ ਡਾ.ਮਹਿੰਦਰਪਾਲ ਸਿੰਘ ਇਕਾਈ ਪ੍ਰਧਾਨ, ਗੁਰਬਖ਼ਸ਼ ਸਿੰਘ ਗੋਖਾ ਮੀਤ ਪ੍ਰਧਾਨ, ਕਾਕਾ ਸਿੰਘ ਸੀਨੀ.ਮੀਤ ਪ੍ਰਧਾਨ, ਬਲਵੀਰ ਸਿੰਘ ਨੂੰ ਜਨਰਲ ਸਕੱਤਰ ਥਾਪਿਆ ਗਿਆ। ਇਸ ਮੌਕੇ ਕੇਵਲ ਸਿੰਘ ਸਰਪੰਚ ਜ਼ਿਲ੍ਹਾ ਪ੍ਰਧਾਨ ਜਲੰਧਰ, ਨਰਿੰਦਰ ਸਿੰਘ ਬਾਜਵਾ ਬਲਾਕ ਪ੍ਰਧਾਨ ਮਹਿਤਪੁਰ, ਲਖਬੀਰ ਸਿੰਘ ਗੋਬਿੰਦਪੁਰ ਸੀਨੀਅਰ ਕਿਸਾਨ ਆਗੂ, ਜਸਵੰਤ ਸਿੰਘ ਲੋਹਗੜ੍ਹ ਮੀਤ ਪ੍ਰਧਾਨ ਜ਼ਿਲ੍ਹਾ ਜਲੰਧਰ, ਰਮਨਜੀਤ ਸਿੰਘ ਸਮਰਾ, ਸੁਰਿੰਦਰ ਸਿੰਘ, ਪੀਟਰ, ਬਾਬਾ ਬੇਅੰਤ ਸਿੰਘ, ਸੰਤੋਖ ਸਿੰਘ, ਜਾਗਰ ਸਿੰਘ, ਹਰਦੀਪ ਸਿੰਘ, ਦਰਬਾਰਾ ਸਿੰਘ, ਪਾਲ ਸਿੰਘ ਇਕਾਈ ਪ੍ਰਧਾਨ, ਸੁਖਬੀਰ ਸਿੰਘ ਹਾਜ਼ਰ ਸਨ।



# ਸਾਧੋਵਾਲ ਦੇ ਡਾ. ਅਮਰਜੀਤ ਰਾਜੂ ਬ੍ਰਿਟਿਸ਼ ਸਰਕਾਰ ਵੱਲੋਂ ਸਨਮਾਨਤ



**ਗੜ੍ਹਸ਼ੰਕਰ(ਫੂਲਾ ਸਿੰਘ ਬੀਰਮਪੁਰ)** ਪਿੰਡ ਸਾਧੋਵਾਲ ਦੇ ਜੰਮਪਲ ਡਾ. ਅਮਰਜੀਤ ਰਾਜੂ ਜੋ ਕਿ ਪਿਛਲੇ ਲੰਮੇ ਸਮੇਂ ਤੋਂ ਇਗਲੈਂਡ 'ਚ ਰਹਿ ਰਹੇ ਹਨ ਅਤੇ ਸਮਾਜ ਭਲਾਈ ਕਾਰਜਾਂ ਵਿੱਚ ਸੰਸਥਾ ਬਣਾ ਵੱਡੇ ਪੱਧਰ 'ਤੇ ਯੋਗਦਾਨ ਪਾ ਰਹੇ ਹਨ। ਬੀਤੇ ਦਿਨੀਂ ਇੰਗਲੈਂਡ ਸਰਕਾਰ ਵਲੋ ਉਹਨਾਂ ਨੂੰ ਅਫਸਰ ਆਫ ਦਾ ਬ੍ਰਿਟਿਸ਼ ਅੰਪਾਇਰ ਦੇ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ। ਇਸ ਖੁਸ਼ੀ ਮੌਕੇ ਉਹਨਾਂ ਦੇ ਜੱਦੀ ਪਿੰਡ ਸਾਧੋਵਾਲ ਵਿਖੇ ਪਰਵਾਰ ਅਤੇ ਪਿੰਡ ਵਾਸੀਆਂ ਵਲੋਂ ਲੱਡੂ ਵੰਡੇ ਗਏ। ਪਿੰਡ ਦੇ ਮੌਜੂਦਾ ਸਰਪੰਚ ਹਰਪ੍ਰੀਤ ਸਿੰਘ ਬੈਂਸ ਨੇ ਡਾ. ਅਮਰਜੀਤ ਰਾਜੂ ਨੂੰ ਮੁਬਾਰਕਬਾਦ ਦਿੰਦਿਆਂ ਕਿਹਾ ਕਿ ਸਾਡੇ ਇਲਾਕੇ ਲਈ ਬਹੁਤ ਮਾਣ ਵਾਲੀ ਗੱਲ ਹੈ ਕਿ ਰਾਜੂ ਨੇ ਵਿਦੇਸ਼ ਵਿੱਚ ਆਪਣਾ ਅਤੇ ਆਪਣੇ ਪਿੰਡ ਦਾ ਨਾਂਅ ਚਮਕਾਇਆ ਹੈ। ਇਸ ਮੌਕੇ ਸਾਬਕਾ ਸਰਪੰਚ ਮੇਜਰ ਸਿੰਘ , ਹੈਪੀ ਸਾਧੋਵਾਲ , ਸੁਖਵੀਰ ਸੁੱਖਾ ਸਾਧੋਵਾਲ, ਬਿਮਲਾ ਦੇਵੀ, ਸੱਤਿਆ ਦੇਵੀ ਅਤੇ ਹੋਰ ਹਾਜ਼ਰ ਸਨ।

22-JUNE-PAGE-10.qxd 6/21/2023 10:01 PM Page 1



# ਜਥੇਦਾਰ ਬੂਟਾ ਸਿੰਘ ਰਣਸੀਂਹ ਵੱਲੋਂ ਚਲਾਈ ਨਸ਼ੇ ਵਿਰੁੱਧ ਮੁਹਿੰਮ ਤਹਿਤ ਵੱਖ-ਵੱਖ ਪਿੰਡਾਂ 'ਚ ਕੀਤਾ ਪਾਰਟੀ ਇਕਾਈਆਂ ਦਾ ਗਠਨ



**ਧਰਮਕੋਟ(ਗੁਰਦੀਪ ਸਿੰਘ ਭੁੱਲਰ)**

ਸ਼੍ਰੋਮਣੀ ਅਕਾਲੀ ਦਲ ਕਿਰਤੀ ਵੱਲੋਂ ਚਲਾਈ ਗਈ ਨਸ਼ਿਆਂ ਵਿਰੁੱਧ ਮੁਹਿੰਮ ਵਿਚ ਅੱਜ ਪਿੰਡ ਦੌਲੇਵਾਲਾ ਅਤੇ ਪਿੰਡ ਅਕਾਲੀਆਂ ਵਾਲਾ ਵਿਖੇ ਪਾਰਟੀ ਇਕਾਈਆਂ ਦਾ ਗਠਨ ਕੀਤਾ ਗਿਆ। ਇਸ ਮੌਕੇ ਜਥੇਦਾਰ ਬੂਟਾ ਸਿੰਘ ਰਣਸੀਂਹ ਨੇ ਵਿਚਾਰ ਰੱਖਦੇ ਹੋਏ ਕਿਹਾ ਕਿ ਪੰਜਾਬ ਅੰਦਰ ਵਗ ਰਹੇ ਨਸ਼ਿਆਂ ਦੇ ਹੜ੍ਹ ਨੂੰ ਰੋਕਣ ਲਈ ਹੁਣ ਤੱਕ ਸਾਰੀਆਂ ਸਰਕਾਰਾਂ ਅਸਫਲ ਰਹੀਆਂ ਹਨ । ਸਿਰਫ ਭੋਲੇ-ਭਾਲੇ ਲੋਕਾਂ ਤੋਂ ਵੋਟਾਂ ਲੈਣ ਲਈ ਕਿਸੇ ਨੇ ਤਿੰਨ ਹਫਤਿਆਂ ਅੰਦਰ ਨਸ਼ਾ ਬੰਦ ਕਰਨ ਦੀ ਗੱਲ ਕੀਤੀ ਤੇ ਕਿਸੇ ਨੇ 24 ਘੰਟਿਆਂ ਅੰਦਰ ਨਸ਼ਾ ਬੰਦ ਕਰਨ ਦੀ ਗੱਲ ਕੀਤੀ ਪਰ ਸੱਤਾ ਵਿੱਚ ਆਉਂਦੇ ਹੀ ਸੱਤਾਧਾਰੀ ਪਾਰਟੀਆਂ ਇਹ ਭੁੱਲ ਜਾਂਦੀਆਂ ਹਨ ਕਿ ਉਨ੍ਹਾਂ ਨੇ ਲੋਕਾਂ ਨਾਲ ਕਿਹੜੇ ਕਿਹੜੇ ਵਾਅਦੇ ਕੀਤੇ ਹਨ । ਜਥੇਦਾਰ ਨੇ ਕਿਹਾ ਕਿ ਜਦੋਂ ਤੋਂ ਦਸ਼ ਆਜ਼ਾਦ ਹੋਇਆ ਹੈ ਉਦੋਂ ਤੋਂ ਹੀ ਕੇਂਦਰ ਪੰਜਾਬ ਨਾਲ ਵਿਤਕਰਾ ਕਰਦਾ ਆ ਰਿਹਾ ਹੈ। ਸਰਮਾਏਦਾਰ ਲੋਕ ਹਮੇਸ਼ਾ ਹੀ ਕਿਰਤੀ ਲੋਕਾਂ ਨੂੰ ਲੁੱਟਦੇ ਆ ਰਹੇ ਹਨ ਅਤੇ ਸਰਕਾਰਾਂ ਵੀ ਸਰਮਾਏਦਾਰ ਲੋਕਾਂ ਨਾਲ ਰਲ ਕੇ ਆਮ ਲੋਕਾਂ ਨੂੰ ਲੁੱਟ ਰਹੀਆਂ ਹਨ ਤੇ ਨਸ਼ਿਆਂ ਨੂੰ ਰੋਕਣ ਵਿਚ ਸਰਕਾਰਾਂ ਹਰ ਹਾਲਤ ਵਿੱਚ ਅਸਫਲ ਰਹੀਆਂ ਹਨ। ਇਸ ਮੁਹਿੰਮ ਤਹਿਤ ਅੱਜ ਜਥੇਦਾਰ ਬੂਟਾ ਸਿੰਘ ਵੱਲੋਂ ਪਿੰਡ-ਪਿੰਡ ਜਾ ਕੇ ਨਸ਼ੇ ਵਿਰੁੱਧ ਲੋਕਾਂ ਨੂੰ ਜਾਗਰੂਕ ਕੀਤਾ ਜਾ ਰਿਹਾ ਹੈ ਅਤੇ ਪਾਰਟੀ ਇਕਾਈਆਂ ਦਾ ਗਠਨ ਕੀਤਾ ਜਾਵੇਗਾ ਤੇ ਨਸ਼ਿਆਂ ਖਿਲਾਫ ਮੁਹਿੰਮ ਨੂੰ ਹੋਰ ਅੱਗੇ ਵਧਾਉਂਦਿਆਂ ਨਸ਼ੇ ਛੱਡ ਚੁੱਕੇ ਨੌਜਵਾਨਾਂ ਨੂੰ ਸਰਕਾਰੀ ਲੋਨ ਦਿਵਾ ਕੇ ਸਹਾਇਕ ਧੰਦਿਆਂ ਵਿੱਚ ਲਾਇਆ ਜਾਵੇਗਾ। ਅੱਜ ਪਿੰਡ ਦੋਲੇਵਾਲਾ ਵਿਚ ਅਤੇ ਅਕਾਲੀਆਂ ਵਾਲਾ ਵਿਖੇ ਪਾਰਟੀ ਇਕਾਈਆਂ ਦਾ ਗਠਨ ਕੀਤਾ ਗਿਆ। ਇਸ ਮੌਕੇ ਬਲਜੀਤ ਸਿੰਘ ਅਕਾਲੀਆਂ ਵਾਲਾ, ਗੁਰਵਿੰਦਰ ਸਿੰਘ ਧੱਲੇਕੇ, ਉਂਕਾਰ ਸਿੰਘ, ਸਾਧੂ ਸਿੰਘ ਪਲਵਿੰਦਰ ਸਿੰਘ, ਸਵਰਨ ਸਿੰਘ, ਸ਼ਮਸ਼ੇਰ ਸਿੰਘ, ਤਲਵਿੰਦਰ ਸਿੰਘ, ਮਨਜੀਤ ਸਿੰਘ, ਸੁਖਚੈਨ ਸਿੰਘ, ਸੂਬਾ ਸਿੰਘ, ਲਖਵਿੰਦਰ ਸਿੰਘ, ਯਾਦਵਿੰਦਰ ਸਿੰਘ, ਸੋਨੀ ਸਿੰਘ ਹਾਜ਼ਰ ਸਨ।

# ਆਂਗਣਵਾੜੀ ਮੁਲਾਜ਼ਮ ਯੂਨੀਅਨ ਵੱਲੋਂ ਕਲਮਛੋੜ ਹੜਤਾਲ

**ਜਗਰਾਉਂ (ਸੰਜੀਵ ਅਰੋੜਾ)**-ਆਲ ਪੰਜਾਬ ਆਂਗਣਵਾੜੀ ਮੁਲਾਜ਼ਮ ਯੂਨੀਅਨ (ਰਜਿ.) ਦੀ ਕੌਮੀ ਪ੍ਰਧਾਨ ਬੀਬੀ ਹਰਗੋਬਿੰਦ ਕੌਰ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਆਲ ਪੰਜਾਬ ਆਂਗਣਵਾੜੀ ਮੁਲਾਜ਼ਮ ਯੂਨੀਅਨ ਬਲਾਕ ਸਿੱਧਵਾਂ ਬੇਟ ਵੱਲੋਂ ਬਾਲ ਵਿਕਾਸ ਪ੍ਰੋਜੈਕਟ ਅਫ਼ਸਰ ਸਿੱਧਵਾਂ ਬੇਟ ਨੂੰ ਲਿਖਤੀ ਪੱਤਰ ਦਿੰਦੇ ਹੋਏ ਜਾਣੂ ਕਰਵਾਇਆ ਗਿਆ ਕਿ ਸਾਨੂੰ ਪਿਛਲੇ 8 ਮਹੀਨੇ ਤੋਂ ਤਨਖਾਹ ਨਾ ਮਿਲਣ ਕਰਕੇ ਸਾਡੇ ਚੁੱਲ੍ਹੇ ਠੰਢੇ ਪਏ ਹਨ, ਜਿਸ ਕਰਕੇ ਸਾਡੇ ਘਰ ਦਾ ਗੁਜ਼ਾਰਾ ਚੱਲਣਾ ਬਹੁਤ ਮੁਸ਼ਕਲ ਹੈ। ਇਸ ਲਈ ਆਲ ਪੰਜਾਬ ਆਂਗਣਵਾੜੀ ਮੁਲਾਜ਼ਮ ਯੂਨੀਅਨ ਦੇ 3 ਸਰਕਲ ਸਿੱਧਵਾਂ ਬੇਟ, ਭੂੰਦੜੀ, ਸਵੱਦੀ ਕਲਾਂ ਸਮੇਤ ਗਾਲਿਬ ਕਲਾਂ ਦੀਆਂ ਆਂਗਣਵਾੜੀ ਵਰਕਰਾਂ ਨੇ ਕਲਮਛੋੜ ਹੜਤਾਲ ਕਰਦੇ ਹਾਂ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਜ਼ਿਲ੍ਹਾ ਪ੍ਰਧਾਨ ਗੁਰਅੰਮ੍ਰਿਤ ਕੌਰ ਲੀਹਾਂ ਤੇ ਬਲਾਕ ਸਿੱਧਵਾਂ ਬੇਟ ਪ੍ਰਧਾਨ ਬੀਬੀ ਮਨਜੀਤ ਕੌਰ ਬਰਸਾਲ ਢਿੱਲੋਂ ਨੇ ਕੀਤਾ ਅਤੇ ਕਿਹਾ ਕਿ ਅਸੀਂ ਉਸ ਵੇਲੇ ਤੱਕ ਸਰਕਾਰ ਦਾ ਕੋਈ ਵੀ ਕੰਮ ਨਹੀਂ ਕਰਾਂਗੀਆਂ, ਜਦ ਤੱਕ ਸਾਡਾ 8 ਮਹੀਨੇ ਦਾ ਮਾਣਭੱਤਾ ਸਾਡੇ ਬੈਂਕ ਖਾਤਿਆਂ ਵਿੱਚ ਨਹੀਂ ਪਾਇਆ ਜਾਂਦਾ। ਉਨ੍ਹਾਂ ਕਿਹਾ ਕਿ ਹੁਣ ਤੱਕ ਅਸੀਂ ਮਹਿਕਮੇ ਦੇ ਲਾਰਿਆਂ ਨੂੰ ਸੁਣ ਸੁਣ ਕੇ ਕੰਮ ਕਰਦੀਆਂ ਆਈਆਂ, ਪਰ ਹੁਣ ਕੋਈ ਕੰਮ ਨਹੀਂ ਕੀਤਾ ਜਾਵੇਗਾ। ਇਸ ਸਮੇਂ ਇਨ੍ਹਾਂ ਦੇ ਨਾਲ ਸਰਬਜੀਤ ਕੌਰ ਵਿਰਕ ਪ੍ਰੈੱਸ ਸਕੱਤਰ, ਕਰਮਜੀਤ ਕੌਰ ਸਦਰਪੁਰਾ ਜਨਰਲ ਸਕੱਤਰ, ਜਸਵੀਰ ਕੌਰ ਵਲੀਪੁਰ ਸਹਾਇਕ ਸਕੱਤਰ, ਗੁਰਚਰਨ ਕੌਰ ਭੂੰਦੜੀ ਪ੍ਰਚਾਰ ਸਕੱਤਰ, ਪੁਸ਼ਪਿੰਦਰ ਕੌਰ, ਪਰਮਜੀਤ ਕੌਰ ਬੁਜ਼ਰਗ ਸਰਕਲ ਪ੍ਰਧਾਨ ਤੇ ਅਮਰਜੀਤ ਕੌਰ ਬਣੀਏਵਾਲ ਸਮੇਤ ਹੋਰ ਆਗੂ ਹਾਜ਼ਰ ਸਨ।

# ਜਾਲ੍ਹੀ ਐੱਸ ਸੀ ਸਰਟੀਫਿਕੇਟਾਂ 'ਤੇ ਨੌਕਰੀ ਕਰਨ ਵਾਲੇ ਕਿਸੇ ਵੀ ਮੁਲਾਜ਼ਮ ਨੂੰ ਬਖਸ਼ਿਆ ਨਹੀਂ ਜਾਵੇਗਾ : ਪੂਨਮ ਕਾਂਗੜਾ



ਮੈਡਮ ਪੂਨਮ ਕਾਂਗੜਾ ਨੂੰ ਸਨਮਾਨਤ ਕਰਦੇ ਪਰਿਵਾਰਕ ਮੈਂਬਰ।

**ਭੀਖੀ (ਧਰਮਵੀਰ ਸ਼ਰਮਾ)**-ਗਲਤ ਤਰੀਕੇ ਨਾਲ ਜਾਲ੍ਹੀ ਐੱਸ ਸੀ ਸਰਟੀਫਿਕੇਟ ਬਣਵਾ ਕੇ ਵੱਖ ਵੱਖ ਵਿਭਾਗਾਂ 'ਚ ਨੌਕਰੀ ਕਰਦੇ ਮੁਲਾਜ਼ਮਾਂ ਨੂੰ ਕਿਸੇ ਵੀ ਕੀਮਤ 'ਤੇ ਬਖਸ਼ਿਆ ਨਹੀਂ ਜਾਵੇਗਾ। ਇਹ ਪ੍ਰਗਟਾਵਾ ਐੱਸ. ਸੀ. ਕਮਿਸ਼ਨ ਪੰਜਾਬ ਦੀ ਮੈਂਬਰ ਪੂਨਮ ਕਾਂਗੜਾ ਨੇ ਸਥਾਨਕ ਕਾਂਗਰਸੀ ਆਗੂ ਰਜਨੀਸ਼ ਸ਼ਰਮਾ ਦੇ ਗ੍ਰਹਿ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਕੀਤਾ। ਉਨ੍ਹਾਂ ਕਿਹਾ ਕਿ ਕਮਿਸ਼ਨ ਅਜਿਹੇ ਕੇਸਾਂ 'ਤੇ ਤਿੱਖੀ ਨਜ਼ਰ ਰੱਖ ਰਿਹਾ ਹੈ ਤੇ ਇਸ ਵਿੱਚ ਸ਼ਾਮਲ ਕੋਈ ਵੀ ਵਿਅਕਤੀ ਬਖਸ਼ਿਆ ਨਹੀਂ ਜਾਵੇਗਾ। ਉਨ੍ਹਾ ਕਿਹਾ ਕਿ ਇਸ ਸਬੰਧੀ ਕੇਵਲ ਫਿਰੋਜ਼ਪੁਰ ਜ਼ਿਲ੍ਹੇ 'ਚੋਂ ਕਮਿਸ਼ਨ ਨੂੰ ਵੱਡੀਆਂ ਸ਼ਿਕਾਇਤਾਂ ਮਿਲੀਆਂ ਹਨ ਕਿ ਐੱਸ. ਸੀ. ਸਰਟੀਫਿਕੇਟ 'ਤੇ ਹੋਰ ਵਰਗਾਂ ਦੇ ਲੋਕ ਨੌਕਰੀ ਕਰ ਰਹੇ ਹਨ ਜਾਂ ਸੇਵਾ ਮੁਕਤ ਹੋ ਗਏ ਹਨ। ਉਨ੍ਹਾ ਕਿਹਾ ਕਿ ਅਜਿਹੇ ਕੇਸਾਂ ਦੀ ਡੂੰਘਾਈ ਨਾਲ ਜਾਂਚ ਕਰਕੇ ਸ਼ਾਮਲ ਵਿਅਕਤੀਆਂ ਖਿਲਾਫ ਨਾ ਸਿਰਫ ਬਣਦੀ ਕਾਰਵਾਈ ਹੀ ਕੀਤੀ ਜਾਵੇਗੀ, ਬਲਕਿ ਉਨ੍ਹਾਂ ਦੀਆਂ ਜਾਇਦਾਦਾਂ 'ਚੋਂ ਪੈਸਿਆਂ ਦੀ ਰਿਕਵਰੀ ਵੀ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਐੱਸ ਸੀ ਕਮਿਸ਼ਨ ਪੰਜਾਬ ਇਸ ਮਾਮਲੇ ਦੀ ਉੱਚ ਪੱਧਰੀ ਜਾਂਚ ਕਰਵਾਏਗਾ। ਇਸ ਉਪਰੰਤ ਮੈਡਮ ਪੂਨਮ ਕਾਂਗੜਾ ਭਾਜਪਾ ਆਗੂ ਲਾਭ ਸਿੰਘ ਕਲੇਰ ਦੇ ਗ੍ਰਹਿ ਵਿਖੇ ਪੁੱਜ ਕੇ ਨੈਸ਼ਨਲ ਗੇਮਾਂ 'ਚ ਬਾਲੀਵਾਲ 'ਚੋਂ ਅੱਵਲ ਰਹੇ ਉਨ੍ਹਾਂ ਦੇ ਪੁੱਤਰ ਲਕਸ਼ਦੀਪ ਕਲੇਰ ਨੂੰ ਆਪਣਾ ਆਸ਼ੀਰਵਾਦ ਦਿੱਤਾ। ਇਸ ਮੌਕੇ ਲਾਜਪਤ ਸ਼ਰਮਾ, ਜਸਵੰਤ ਸ਼ਰਮਾ, ਬਲਰਾਜ ਬਾਂਸਲ, ਸੁਰੇਸ਼ ਸ਼ਸ਼ੀ, ਗੁਰੀ ਭੀਖੀ, ਕੁਲਵਿੰਦਰ ਕੌਰ ਕਲੇਰ, ਅਸ਼ਵਨੀ ਗੌਤਮ ਤੇ ਐੱਸ. ਸੀ. ਮੋਰਚਾ ਦੇ ਜ਼ਿਲ੍ਹਾ ਪ੍ਰਧਾਨ ਅਮਨਦੀਪ ਗੁਰੂ ਹਾਜ਼ਰ ਸਨ।

# ਫ਼ਿਰੋਜ਼ਪੁਰ ਡਵੀਜ਼ਨ ਨੇ 13 ਜੋੜੇ 'ਸਮਰ ਸਪੈਸ਼ਲ ਟਰੇਨਾਂ' ਚਲਾਈਆਂ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਭਾਰਤੀ ਰੇਲਵੇ ਦੁਆਰਾ ਰੋਜ਼ਾਨਾ ਲੱਖਾਂ ਰੇਲ ਯਾਤਰੀ ਸਫ਼ਰ ਕਰਦੇ ਹਨ ਤੇ ਗਰਮੀਆਂ ਦੀਆਂ ਛੁੱਟੀਆਂ ਦੌਰਾਨ ਰੇਲ ਗੱਡੀਆਂ ਵਿੱਚ ਯਾਤਰੀਆਂ ਦੀ ਗਿਣਤੀ ਵੱਧ ਜਾਂਦੀ ਹੈ। ਅਜਿਹੇ 'ਚ ਰੇਲਵੇ ਯਾਤਰੀਆਂ ਦੀਆਂ ਸੁੱਖ-ਸਹੂਲਤਾਂ ਦਾ ਖ਼ਾਸ ਖਿਆਲ ਰੱਖਦੇ ਹੋਏ ਤੇ ਵਾਧੂ ਭੀੜ-ਭੜੱਕੇ ਨੂੰ ਦੂਰ ਕਰਨ ਲਈ ਰੇਲਵੇ ਵੱਲੋਂ ਗਰਮੀਆਂ ਦੀਆਂ ਸਪੈਸ਼ਲ ਟਰੇਨਾਂ ਚਲਾਈਆਂ ਜਾ ਰਹੀਆਂ ਹਨ, ਜਿਸ ਦੇ ਚੱਲਦੇ ਫ਼ਿਰੋਜ਼ਪੁਰ ਡਵੀਜ਼ਨ ਵੱਲੋਂ ਯਾਤਰੀਆਂ ਦੀ ਸਹੂਲਤ ਤੇ ਵਾਧੂ ਭੀੜ ਨੂੰ ਦੂਰ ਕਰਨ ਲਈ 13 ਜੋੜੇ ਸਮਰ ਸਪੈਸ਼ਲ ਟਰੇਨਾਂ ਚਲਾਈਆਂ ਜਾ ਰਹੀਆਂ ਹਨ। ਇਨ੍ਹਾਂ 13 ਜੋੜੀਆਂ ਰੇਲ ਗੱਡੀਆਂ ਦਾ ਵੇਰਵਾ ਇਸ ਪ੍ਰਕਾਰ ਹੈ; ਰੇਲ ਗੱਡੀ ਨੰਬਰ 04656/04655 (ਜੰਮੂ ਤਵੀ-ਉਦੈਪੁਰ ਸਿਟੀ), ਰੇਲ ਗੱਡੀ ਨੰਬਰ 09322/09321 (ਸ੍ਰੀ ਮਾਤਾ ਵੈਸ਼ਨੋ ਦੇਵੀ ਕਟੜਾ-ਇੰਦੌਰ), ਰੇਲ ਗੱਡੀ ਨੰਬਰ 04138/04137 (ਊਧਮਪੁਰ-ਸੂਬੇਦਰਗੰਜ) ਰੇਲ ਗੱਡੀ ਨੰਬਰ 04142 (4142), ਊਧਮਪੁਰ-ਸੂਬੇਦਾਰਗੰਜ), ਰੇਲ ਗੱਡੀ ਨੰਬਰ 04672/04671 (ਸ੍ਰੀ ਮਾਤਾ ਵੈਸ਼ਨੋ ਦੇਵੀ ਕਟੜਾ-ਨਵੀਂ ਦਿੱਲੀ), ਰੇਲ ਗੱਡੀ ਨੰਬਰ 04072/04071 (ਸ੍ਰੀ ਮਾਤਾ ਵੈਸ਼ਨੋ ਦੇਵੀ ਕਟੜਾ-ਨਵੀਂ ਦਿੱਲੀ), ਰੇਲ ਗੱਡੀ ਨੰਬਰ 04076/04075 (ਊਧਮਪੁਰ-ਨਵੀਂ ਦਿੱਲੀ), ਰੇਲ ਗੱਡੀ ਨੰਬਰ 04082/04081 (ਮਾਤਾ ਵੈਸ਼ਨੋ ਦੇਵੀ ਕਟੜਾ-ਨਵੀਂ ਦਿੱਲੀ), ਰੇਲ ਗੱਡੀ ਨੰਬਰ 09098/09097 (ਜੰਮੂ ਤਵੀ-ਉਧਨਾ), ਰੇਲ ਗੱਡੀ ਨੰਬਰ 05268/05267 (ਅੰਮ੍ਰਿਤਸਰ-ਜੈਨਗਰ), ਰੇਲ ਗੱਡੀ ਨੰਬਰ 05733/05734 (ਅੰਮ੍ਰਿਤਸਰ-ਕਟਿਹਾਰ), ਰੇਲ ਗੱਡੀ ਨੰਬਰ 05274/05273 (ਅੰਮ੍ਰਿਤਸਰ-ਸਮਸਤੀਪੁਰ), ਰੇਲ ਗੱਡੀ ਨੰਬਰ 09462/09461 (ਅੰਮ੍ਰਿਤਸਰ ਤੋਂ ਗਾਂਧੀ ਧਾਮ ਬੀਜੀ) ਆਦਿ ਇਨ੍ਹਾਂ 13 ਜੋੜੀਆਂ ਸਮਰ ਟਰੇਨਾਂ ਦੁਆਰਾ ਕੁੱਲ 99 ਯਾਤਰਾਵਾਂ ਕੀਤੀਆਂ ਜਾਣਗੀਆਂ। ਜਾਣਕਾਰੀ ਅਨੁਸਾਰ ਗਰਮੀਆਂ ਦੀਆਂ ਛੁੱਟੀਆਂ ਦੇ ਮੱਦੇਨਜ਼ਰ ਫ਼ਿਰੋਜ਼ਪੁਰ ਡਵੀਜ਼ਨ ਨੇ ਮਈ ਮਹੀਨੇ ਦੌਰਾਨ ਵੱਖ-ਵੱਖ ਰੇਲ ਗੱਡੀਆਂ ਵਿੱਚ 118 ਵਾਧੂ ਕੋਚ ਮੁਹੱਈਆ ਕਰਵਾਏ ਹਨ।

## ਕਾਤਰਾਂ

### ਆਰ ਕੇ ਸਕੂਲ ਦੇ ਪੁਰਾਣੇ ਵਿਦਿਆਰਥੀਆਂ ਨੇ ਯਾਦਾਂ ਤਾਜ਼ਾ ਕੀਤੀਆਂ

**ਜਗਰਾਉਂ (ਸੰਜੀਵ ਅਰੋੜਾ)**-ਆਰ ਕੇ ਸੀਨੀਅਰ ਸੈਕੰਡਰੀ ਸਕੂਲ ਦੇ ਪੁਰਾਣੇ ਵਿਦਿਆਰਥੀਆਂ ਦੀ ਇੱਕ ਮਿਲਣੀ 23 ਸਾਲ ਬਾਅਦ ਸਕੂਲ ਦੇ ਸਾਬਕਾ ਪ੍ਰਿੰਸੀਪਲ ਕੈਪਟਨ ਨਰੇਸ਼ ਵਰਮਾ ਦੀ ਯੋਗ ਅਗਵਾਈ ਹੇਠ ਸਕੂਲ ਦੇ ਉਨ੍ਹਾਂ ਕਮਰੇ ਵਿੱਚ ਹੋਈ, ਜਿੱਥੇ ਇਹ ਵਿਦਿਆਰਥੀ ਛੋਟੇ ਹੁੰਦੇ ਹੋਏ ਪੜ੍ਹੇ। ਸਭ ਨੂੰ ਇਕ ਮੰਚ 'ਤੇ ਇਕੱਠਾ ਕਰਨ ਦੀ ਸਫ਼ਲ ਕੋਸ਼ਿਸ਼ ਵਿਦਿਆਰਥੀ ਪ੍ਰਦੀਪ ਪਾਲ ਨੇ ਕੀਤੀ। ਇਸ ਮੌਕੇ ਬਹੁਤ ਹੀ ਖ਼ੁਸ਼ੀ ਵਾਲੇ ਮਾਹੌਲ 'ਚ ਸਭ ਵਿਦਿਆਰਥੀਆਂ ਨੇ ਆਪਣੇ ਸਕੂਲ 'ਚ ਹੋਏ ਤਜਰਬੇ ਨੂੰ ਸਾਂਝਾ ਕੀਤਾ। ਉਨ੍ਹਾ ਕਿਹਾ ਕਿ ਉਹ ਅੱਜ ਜੋ ਵੀ ਹਨ, ਆਰ. ਕੇ. ਸਕੂਲ ਦੀ ਬਦੌਲਤ ਹਨ। ਇਸ ਮੌਕੇ ਆਪਣੀ ਕਾਮਯਾਬ ਜ਼ਿੰਦਗੀ 'ਚ ਕੈਪਟਨ ਵਰਮਾ ਦੇ ਐਨ. ਸੀ. ਸੀ. ਕੈਂਪ ਦੇ ਤਜਰਬੇ ਨੂੰ ਵੀ ਅਹਿਮ ਸਥਾਨ ਦਿੱਤਾ। ਇਸ ਮੌਕੇ ਕੈਪਟਨ ਨਰੇਸ਼ ਵਰਮਾ ਤੇ ਰਵੀ ਮਲਹੋਤਰਾ ਦਿੱਲੀ ਵੱਲੋਂ ਸਭ ਵਿਦਿਆਰਥੀਆਂ ਨੂੰ ਨਾਸ਼ਤਾ ਕਰਵਾਇਆ ਗਿਆ ਤੇ ਗਿਫਟ ਵੰਡੇ ਗਏ। ਇਸ ਮੌਕੇ ਸਾਬਕਾ ਪ੍ਰਿੰਸੀਪਲ ਕੈਪਟਨ ਨਰੇਸ਼ ਵਰਮਾ, ਪ੍ਰਦੀਪ ਪਾਲ, ਮਨਪ੍ਰੀਤ ਸਿੰਘ, ਵਿਨੀਤ ਗੋਇਲ, ਨਵਦੀਪ, ਰੋਮੇਸ਼ ਕੁਮਾਰ, ਰੋਹਿਤ ਗੋਇਲ, ਅਮਨ ਸਿੰਘ, ਵਿਨੀਤ ਗੁਪਤਾ, ਭੂਸ਼ਣ, ਅਜੇ ਕੁਮਾਰ, ਅਮਿਤ ਜਿੰਦਲ, ਰਾਜੇਸ਼ ਸਿੰਗਲਾ, ਵਿਪਨ, ਸ਼ੇਰ ਸਿੰਘ ਤੇ ਹੋਰ ਵਿਦਿਆਰਥੀ ਹਾਜ਼ਰ ਸਨ। ਇਸ ਮੌਕੇ ਸਭ ਨੇ ਸਕੂਲ ਦੇ ਪ੍ਰਧਾਨ ਐਡਵੋਕੇਟ ਨਵੀਨ ਗੁਪਤਾ ਤੇ ਪ੍ਰਿੰਸੀਪਲ ਸੀਮਾ ਸ਼ਰਮਾ ਦਾ ਸਹਿਯੋਗ ਲਈ ਧੰਨਵਾਦ ਕੀਤਾ।

### ਅਲਾਇੰਸ ਕਲੱਬ ਕੋਟਕਪੂਰਾ ਡਾਇਮੰਡ ਵੱਲੋਂ ਅਨਮੋਲ ਸਿੰਘ ਦਾ ਸਨਮਾਨ

**ਕੋਟਕਪੂਰਾ (ਰਛਪਾਲ ਭੁੱਲਰ)**-ਅਲਾਇੰਸ ਕਲੱਬ ਕੋਟਕਪੂਰਾ ਡਾਇਮੰਡ (ਜ਼ਿਲਾ 111) ਵੱਲੋਂ ਮੱਧ ਪ੍ਰਦੇਸ਼ ਦੇ ਸ਼ਹਿਰ ਦੇਵਾਂਸ ਵਿੱਚ ਹੋਈ ਨੈਸ਼ਨਲ ਗਰੈਪਿੰਗ ਚੈਂਪੀਅਨਸ਼ਿਪ ਅੰਡਰ 14 ਵਿੱਚ ਦੂਜਾ ਸਥਾਨ ਅਤੇ 66 ਕਿਲੋ ਵਰਗ ਵਿੱਚ ਤੀਜਾ ਸਥਾਨ ਹਾਸਲ ਕਰਕੇ ਪਿੰਡ ਅਤੇ ਪੰਜਾਬ ਦਾ ਨਾਂਅ ਰੌਸ਼ਨ ਕਰਨ ਵਾਲੇ ਜ਼ਿਲ੍ਹਾ ਫਰੀਦਕੋਟ ਦੇ ਪਿੰਡ ਹਰੀਨੌਂ ਦੇ ਨੌਜਵਾਨ ਅਨਮੋਲ ਸਿੰਘ ਪੁੱਤਰ ਰਾਜਪਾਲ ਦਾ ਸਨਮਾਨ ਚਿੰਨ੍ਹ ਨਾਲ ਸਨਮਾਨ ਕੀਤਾ ਗਿਆ। ਇਸ ਮੌਕੇ ਚਾਰਟਰ ਪ੍ਰਧਾਨ ਚਰਨਦਾਸ ਗਰਗ ਅਤੇ ਕਲੱਬ ਪ੍ਰਧਾਨ ਸਤਨਾਮ ਸਿੰਘ ਖੱਬੂ ਨੇ ਕਿਹਾ ਕਿ ਅਨਮੋਲ ਸਿੰਘ ਦੀ ਇਸ ਪ੍ਰਾਪਤੀ ਨਾਲ ਪੂਰੇ ਪੰਜਾਬ ਦਾ ਨਾਂਅ ਭਾਰਤ ਵਿਚ ਰੌਸ਼ਨ ਹੋਇਆ ਹੈ। ਉਨ੍ਹਾ ਕਿਹਾ ਕਿ ਹਰ ਇੱਕ ਨੌਜਵਾਨ ਨੂੰ ਵੀ ਆਪਣਾ ਧਿਆਨ ਖੇਡਾ ਵਿੱਚ ਕੇਂਦਰਿਤ ਕਰਨਾ ਚਾਹੀਦਾ ਹੈ। ਇਸ ਦੌਰਾਨ ਅਨਮੋਲ ਸਿੰਘ ਕਿਹਾ ਕਿ ਮੇਰੀ ਇਸ ਪ੍ਰਾਪਤੀ ਲਈ ਮੇਰੇ ਕੋਚ ਦਵਿੰਦਰ ਸਿੰਘ ਜੋਟੀਂ, ਦਾਦਾ ਗੁਰਤੇਜ ਸਿੰਘ ਅਤੇ ਪਾਪਾ ਰਾਜਪਾਲ ਸਿੰਘ ਦਾ ਬਹੁਤ ਯੋਗਦਾਨ ਹੈ। ਇਸ ਸਮੇਂ ਕਲੱਬ ਮੈਂਬਰ ਸਿਵ ਓਮ ਨਾਥ, ਪ੍ਰੇਮ ਸਿੰਘ, ਮਨਵੀਰ ਰੰਗਾ, ਪਵਨ ਭਾਰਤੀ, ਜਗਦੀਸ਼ ਛਾਬੜਾ, ਚੰਦਰ ਗਰਗ, ਹਰਜੀਤ ਬਰਾੜ ਆਦਿ ਹਾਜ਼ਰ ਸਨ।

### ਡੀ ਏ ਵੀ ਐਚ ਕੇ ਕੇ ਐੱਮ ਪਬਲਿਕ ਸਕੂਲ 'ਚ ਮਨਾਇਆ ਯੋਗਾ ਦਿਵਸ



**ਮਮਦੋਟ (ਹਰਪਾਲ ਸਿੰਘ ਸੋਢੀ)**-ਸਥਾਨਕ ਸਕੂਲ ਡੀ ਏ ਵੀ ਐਚ ਕੇ ਕੇ ਐਮ ਪਬਲਿਕ ਮਮਦੋਟ ਵਿੱਚ 21 ਜੂਨ ਨੂੰ ਅੰਤਰਰਾਸ਼ਟਰੀ ਯੋਗਾ ਦਿਵਸ ਮਨਾਇਆ ਗਿਆ। ਜਿਸ ਵਿਚ ਪ੍ਰਿੰਸੀਪਲ, ਅਧਿਆਪਕ ਅਤੇ ਵਿਦਿਆਰਥੀਆਂ ਨੇ ਵੱਧ-ਚੜ੍ਹ ਕੇ ਹਿੱਸਾ ਲਿਆ। ਬੱਚਿਆਂ ਨੂੰ ਵੱਖ-ਵੱਖ ਤਰ੍ਹਾਂ ਦੇ ਯੋਗ ਆਸਣ ਕਰਵਾਏ ਗਏ। ਪ੍ਰਿੰਸੀਪਲ ਰਾਜਵਿੰਦਰ ਕੌਰ ਨੇ ਕਰੋ ਯੋਗ, ਰਹੋ ਨਿਰੋਗ ਦੇ ਆਧਾਰ 'ਤੇ ਯੋਗ ਦੀ ਮਹੱਤਤਾ ਬਾਰੇ ਦੱਸਿਆ ਕਿ ਯੋਗ ਕਰਨ ਨਾਲ ਮਨ ਤੇ ਤਨ ਦੋਨੋਂ ਤੰਦਰੁਸਤ ਰਹਿੰਦੇ ਹਨ। ਉਨ੍ਹਾ ਬੱਚਿਆਂ ਨੂੰ ਆਪਣੀ ਜ਼ਿੰਦਗੀ ਵਿੱਚ ਯੋਗ ਧਾਰਨ ਲਈ ਪ੍ਰੇਰਿਆ। ਇਸ ਵਿਚ ਬੱਚਿਆਂ ਤੇ ਅਧਿਆਪਕਾਂ ਨੇ ਵੱਖ-ਵੱਖ ਤਰ੍ਹਾਂ ਦੇ ਆਸਨ ਕਰਕੇ ਖ਼ੂਬ ਅਨੰਦ ਮਾਣਿਆ।

# ਭਾਰਤ ਵਿਕਾਸ ਪ੍ਰੀਸ਼ਦ ਸਰਹਿੰਦ ਨੇ ਮਨਾਇਆ ਯੋਗ-ਦਿਵਸ



**ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਭਾਰਤ ਵਿਕਾਸ ਪ੍ਰੀਸ਼ਦ ਸਰਹਿੰਦ ਨੇ ਅੱਜ ਅੰਤਰਰਾਸ਼ਟਰੀ ਯੋਗਾ ਦਿਵਸ ਮਿਉਂਸਿਪਲ ਪਾਰਕ ਮੰਡੀ ਵਿਖੇ ਮਨਾਇਆ। ਇਸ ਵਿੱਚ ਵੱਡੀ ਤਾਦਾਦ ਦੇ ਵਿੱਚ ਸ਼ਹਿਰ ਨਿਵਾਸੀਆਂ ਨੇ ਭਾਗ ਲਿਆ। ਪ੍ਰੀਸ਼ਦ ਪ੍ਰਧਾਨ ਸੁਮੀਤ ਮੋਦੀ ਨੇ ਦੱਸਿਆ ਕਿ ਪ੍ਰੀਸ਼ਦ ਹਰ ਸਾਲ ਯੋਗ ਦਿਹਾੜਾ ਮਨਾਉਂਦੀ ਹੈ, ਜਿਸ ਦਾ ਮੁੱਖ ਮੰਤਵ ਮਨ ਨੂੰ ਇਕਾਗਰ ਚਿੱਤ ਕਰ ਕੇ ਖ਼ੁਦ ਨੂੰ ਖ਼ੁਦ ਨਾਲ ਜੋੜਨਾ ਹੈ। ਅੱਜ ਦੇ ਮਸ਼ੀਨੀ ਯੁਗ ਵਿੱਚ ਯੋਗ ਕਿਰਿਆਵਾਂ ਅਤਿ ਜ਼ਰੂਰੀ ਹਨ। ਇਸ ਮੌਕੇ ਸੱਕਤਰ ਰੋਹਿਤ ਸ਼ਰਮਾ, ਕੈਸ਼ੀਅਰ, ਮੁਨੀਸ਼ ਵਰਮਾ, ਯੋਗਾ ਅਧਿਆਪਕ ਮੁਨੀਸ਼ ਗੁਪਤਾ, ਬਨਿਸ਼ ਭਾਰਦਵਾਜ਼, ਕਲਪਨਾ ਭਾਰਦਵਾਜ, ਜ਼ਿਲ੍ਹਾ ਪ੍ਰੀਸ਼ਦ ਪ੍ਰਧਾਨ ਰਾਜੇਸ਼ ਧੀਮਾਨ, ਪ੍ਰੋਜੈਕਟ ਇੰਚਾਰਜ ਅਸ਼ਵਨੀ ਸਿੰਘੀ, ਰਾਜੇਸ਼ ਪ੍ਰਿੰਸ, ਅਭਿਨਵ ਮੋਦੀ, ਆਨੰਦ ਮੋਹਨ, ਗੁਰਿੰਦਰ ਪੁਰੀ ਅਤੇ ਪੂਰਨ ਸਹਿਗਲ ਹਾਜ਼ਰ ਸਨ।

# ਯੋਗਾ ਤੰਦਰੁਸਤ ਜੀਵਨਸ਼ੈਲੀ ਦਾ ਮੂਲ ਆਧਾਰ : ਡਾ. ਤਾਰਿਕਜੋਤ ਸਿੰਘ



**ਸਮਰਾਲਾ (ਸੁਰਜੀਤ ਸਿੰਘ)**-ਆਲਮੀ ਯੋਗਾ ਦਿਵਸ ਮੌਕੇ ਪੰਜਾਬ ਸਰਕਾਰ ਦੀਆਂ ਹਦਾਇਤਾਂ ਦੀ ਪਾਲਨਾ ਕਰਦਿਆਂ ਅੱਜ ਸਥਾਨਕ ਸਿਵਲ ਹਸਪਤਾਲ ਵਿਚ ਸੀਨੀਅਰ ਮੈਡੀਕਲ ਅਫਸਰ ਡਾ. ਤਾਰਿਕਜੋਤ ਸਿੰਘ ਦੀ ਅਗਵਾਈ ਹੇਠ ਵਿਸ਼ਵ ਯੋਗ ਦਿਵਸ ਸਿਵਲ ਹਸਪਤਾਲ ਸਮਰਾਲਾ ਵਿਖੇ ਮਨਾਇਆ ਗਿਆ। ਇਸ ਦਾ ਮੁਖ ਥੀਮ "ਯੋਗ ਜ਼ਰੂਰ ਕਰੋ, ਰੋਜ਼ ਕਰੋ" ਹੈ। ਸੀਨੀਅਰ ਮੈਡੀਕਲ ਅਫਸਰ ਡਾ. ਤਾਰਿਕਜੋਤ ਸਿੰਘ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਵਿਸ਼ਵ ਯੋਗ ਦਿਵਸ ਦੇ ਮੌਕੇ ਪੰਜਾਬ ਸਰਕਾਰ ਵੱਲੋਂ 20 ਤੋਂ 26 ਜੂਨ ਤੱਕ ਯੋਗ ਹਫਤਾ ਮਨਾਇਆ ਜਾਵੇਗਾ। ਪੰਜਾਬ ਸਰਕਾਰ ਵੱਲੋਂ ਚਲਾਏ ਗਏ ਵਿਸ਼ੇਸ਼ ਪ੍ਰੋਗਰਾਮ "ਸੀ.ਐਮ. ਦੀ ਯੋਗਸ਼ਾਲਾ" ਬਾਰੇ ਆਮ ਲੋਕਾਂ ਨੂੰ ਜਾਗਰੂਕ ਕੀਤਾ ਗਿਆ, ਜਿਸ ਵਿਚ ਜੇਕਰ 25 ਲੋਕ ਇਕੱਠਾ ਹੋ ਕੇ ਯੋਗ ਕਰਨਾ ਚਾਹੁੰਦੇ ਹਨ ਅਤੇ ਉਨ੍ਹਾਂ ਕੋਲ ਯੋਗ ਕਰਨ ਲਈ ਸਹੀ ਜਗ੍ਹਾ ਹੈ ਤਾਂ ਪੰਜਾਬ ਸਰਕਾਰ ਉਨ੍ਹਾਂ ਨੂੰ ਫਰੀ ਟ੍ਰੇਂਡ ਯੋਗਾ ਟੀਚਰ ਮੁਹੱਈਆ ਕਰਵਾਏਗੀ। ਸੀਨੀਅਰ ਮੈਡੀਕਲ ਅਫਸਰ ਡਾ. ਤਾਰਿਕਜੋਤ ਸਿੰਘ ਨੇ ਦੱਸਿਆ ਕਿ ਯੋਗ ਤੰਦਰੁਸਤ ਜੀਵਨਸ਼ੈਲੀ ਦਾ ਮੂਲ ਆਧਾਰ ਹੈ। ਬਿਮਾਰੀਆਂ ਤੋਂ ਬਚਣ ਲਈ ਸਾਨੂੰ ਯੋਗ ਨੂੰ ਅਪਣਾਉਣਾ ਚਾਹੀਦਾ ਹੈ। ਹਰ ਵਿਅਕਤੀ ਨੂੰ ਰੋਜ਼ਾਨਾ ਬਿਨਾਂ ਨਾਗਾ ਸਵੇਰੇ ਉੱਠ ਕੇ ਯੋਗਾ ਕਸਰਤ ਕਰਨੀ ਚਾਹੀਦੀ ਹੈ ਤਾਂ ਜੋ ਸਰੀਰ ਨੂੰ ਲੱਗਣ ਵਾਲੀਆਂ ਬਿਮਾਰੀਆਂ ਤੋਂ ਬਚਿਆ ਜਾ ਸਕੇ। ਉਨ੍ਹਾ ਕਿਹਾ ਕਿ ਯੋਗ ਕਸਰਤਾਂ ਕਰਨ ਵਾਲਾ ਵਿਅਕਤੀ ਜਿੱਥੇ ਤੰਦਰੁਸਤ ਰਹਿੰਦਾ ਹੈ ਉਥੇ ਉਹ ਸਾਰਾ ਦਿਨ ਖ਼ੁਦ ਨੂੰ ਚੁਸਤ ਦਰੁਸਤ ਮਹਿਸੂਸ ਕਰਦਾ ਹੈ। ਯੋਗ ਸਾਡੀ ਸਿਹਤ ਲਈ ਬਹੁਤ ਜ਼ਰੂਰੀ ਹੈ। ਇਸ ਨਾਲ ਵਿਅਕਤੀ ਸਰੀਰਕ ਤੌਰ 'ਤੇ ਤੰਦਰੁਸਤ ਰਹਿੰਦਾ ਹੈ ਅਤੇ ਇਸ ਨਾਲ ਬਿਮਾਰੀਆਂ ਨਾਲ ਲੜਨ ਦੀ ਸ਼ਕਤੀ ਮਿਲਦੀ ਹੈ। ਇਸ ਮੌਕੇ ਸੀਨੀਅਰ ਮੈਡੀਕਲ ਅਫਸਰ ਡਾ. ਤਾਰਕਜੋਤ ਸਿੰਘ ਨੇ ਹਸਪਤਾਲ ਦੇ ਸਟਾਫ, ਨਰਸਿੰਗ ਸਟੂਡੈਂਟ ਅਤੇ ਮਰੀਜ਼ਾਂ ਨਾਲ ਯੋਗਾ ਕੀਤਾ। ਇਸ ਮੌਕੇ ਸੀਨੀਅਰ ਮੈਡੀਕਲ ਅਫਸਰ ਡਾ. ਤਾਰਕਜੋਤ ਸਿੰਘ, ਡਾ. ਲਖਵਿੰਦਰ ਸਿੰਘ, ਡਾ. ਸੰਦੀਪ ਮਾਨਵ, ਡਾ. ਕਰਨਵੀਰ ਸਿੰਘ, ਡਾ. ਮਨਿੰਦਰਜੀਤ ਸਿੰਘ, ਡਾ. ਸੰਚਾਰੀ ਸਾਹਾ, ਡਾ. ਨਵਜੋਤ ਕੌਰ, ਅਪਥੈਲਮਿਕ ਅਫਸਰ ਸੰਗੀਤਾ ਥਰੇਜਾ, ਨਰਸਿੰਗ ਸਿਸਟਰ ਅਪਵਿੰਦਰ ਕੌਰ, ਬਲਦੀਸ਼ ਕੌਰ ਏ ਐਨ ਐਮ, ਪ੍ਰਦੀਪ ਕੁਮਾਰ ਐਮ ਪੀ ਐਚ ਡਬਲਿਊ ਅਤੇ ਸਿਵਲ ਹਸਪਤਾਲ ਸਮਰਾਲਾ ਦਾ ਸਮੂਹ ਸਟਾਫ ਅਤੇ ਲੁਧਿਆਣਾ ਕਾਲਜ ਆਫ ਨਰਸਿੰਗ ਦੇ ਵਿਦਿਆਰਥੀ ਹਾਜ਼ਰ ਸਨ।

# ਮਾਤਾ ਜਰਨੈਲ ਕੌਰ ਮੈਮੋਰੀਅਲ ਇੰਸਟੀਚਿਊਟ 'ਚ ਮਨਾਇਆ ਯੋਗ ਦਿਵਸ



**ਮੁਕਤਸਰ (ਸ਼ਮਿੰਦਰਪਾਲ, ਪੂਜਾ)**

ਅੱਜ ਮਾਤਾ ਜਰਨੈਲ ਕੌਰ ਮੈਮੋਰੀਅਲ ਇੰਸਟੀਚਿਊਟ ਆਫ ਨਰਸਿੰਗ ਐਂਡ ਪੈਰਾ ਮੈਡੀਕਲ ਸਾਇੰਸਜ਼, ਸ੍ਰੀ ਮੁਕਤਸਰ ਸਾਹਿਬ ਵਿਖੇ ਡਾ. ਜ਼ੋਰਾ ਸਿੰਘ ਚੇਅਰਮੈਨ ਅਤੇ ਪ੍ਰੋ-ਚਾਂਸਲਰ ਡਾ. ਤੇਜਿੰਦਰ ਕੌਰ ਦੀ ਸੁਚੱਜੀ ਅਗਵਾਈ ਅਤੇ ਰੁਪਿੰਦਰ ਕੌਰ ਬੁੱਟਰ, ਪ੍ਰਿੰਸੀਪਲ ਦੀ ਦੇਖ-ਰੇਖ ਹੇਠ ਅੰਤਰਰਾਸ਼ਟਰੀ ਯੋਗ ਦਿਵਸ ਮਨਾਇਆ ਗਿਆ। ਇਸ ਮੌਕੇ ਯੋਗਾ ਅਧਿਆਪਕ ਅਮਨਦੀਪ ਸਿੰਘ ਨੇ ਯੋਗਾ-2023 ਦਾ ਥੀਮ ਵਸੁਦੇਵ ਕੁਟੰਬਕਮ ਬਾਰੇ ਦੱਸਿਆ, ਇਸ ਦਾ ਅਰਥ ਹੈ ਧਰਤੀ ਇੱਕ ਪਰਵਾਰ ਹੈ। ਇਸ ਥੀਮ ਵਿੱਚ ਰੋਜ਼ਾਨਾ ਜੀਵਨ ਵਿੱਚ ਯੋਗ ਦੀ ਮਹੱਤਤਾ ਬਾਰੇ ਦੱਸਿਆ ਗਿਆ। ਪ੍ਰਿੰਸੀਪਲ ਬੁੱਟਰ ਨੇ ਯੋਗਾ ਦੀ ਮਹੱਤਤਾ ਬਾਰੇ ਦੱਸਿਆ ਅਤੇ ਯੋਗਾ ਕਰਨ ਲਈ ਵਿਦਿਆਰਥੀਆਂ ਨੂੰ ਉਤਸ਼ਾਹਿਤ ਕੀਤਾ। ਇਸ ਮੌਕੇ ਮੇਜਰ ਚੰਦ ਸੁਪਰਡੈਂਟ, ਨਵਦੀਪ ਸਿੰਘ ਰੱਖੜਾ ਲੇਖਾਕਾਰ, ਦਿਲਬਾਗ ਸਿੰਘ, ਸੁਪਰਵਾਈਜ਼ਰ ਅਤੇ ਸਮੂਹ ਸਟਾਫ ਅਤੇ ਵਿਦਿਆਰਥੀ ਹਾਜ਼ਰ ਸਨ।

# ਰੇਤਾ ਦੀ ਨਜਾਇਜ਼ ਮਾਈਨਿੰਗ ਜ਼ੋਰਾਂ ਨਾਲ ਹੋ ਰਹੀ : ਕਿਸਾਨ ਆਗੂ



**ਧਰਮਕੋਟ (ਗੁਰਦੀਪ ਸਿੰਘ ਭੁੱਲਰ)**-ਇੰਡੀਅਨ ਫਾਰਮਰ ਐਸੋਸੀਏਸ਼ਨ ਬਹਿਰੂ ਗਰੁੱਪ ਦੀ ਮੀਟਿੰਗ ਗੁਰਦੁਆਰਾ ਸਿੰਘ ਸਭਾ ਧਰਮਕੋਟ ਜ਼ਿਲ੍ਹਾ ਪ੍ਰਧਾਨ ਮੇਜਰ ਸਿੰਘ ਦੀ ਪ੍ਰਧਾਨਗੀ ਹੇਠ ਹੋਈ। ਇਸ ਮੀਟਿੰਗ ਵਿੱਚ ਕੌਮੀ ਪ੍ਰਧਾਨ ਸਤਨਾਮ ਸਿੰਘ ਬਹਿਰੂ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਇਸ ਮੀਟਿੰਗ ਵਿੱਚ ਕਿਸਾਨ ਆਗੂਆਂ ਨੇ ਕਿਹਾ ਕਿ ਸਰਕਾਰ ਸਸਤੇ ਰੇਟਾਂ ਵਿਚ ਰੇਤਾ ਦੇਣ ਦੀ ਗੱਲ ਕਰ ਲਈ ਹੈ ਪਰ ਇਸ ਦਾ ਗਰਾਊਂਡ ਲੈਵਲ 'ਤੇ ਕੋਈ ਫਰਕ ਨਹੀਂ ਦਿਸ ਰਿਹਾ ਅਤੇ ਰੇਤ ਪਹਿਲੇ ਵਾਲੇ ਰੇਟਾਂ 'ਤੇ ਹੀ ਮਿਲ ਰਹੀ ਹੈ। ਉਨ੍ਹਾ ਕਿਹਾ ਕਿ ਇਲਾਕੇ ਵਿੱਚ ਨਜਾਇਜ਼ ਮਾਈਨਿੰਗ ਵੀ ਜ਼ੋਰਾਂ 'ਤੇ ਚੱਲ ਰਹੀ ਹੈ। ਸਰਕਾਰ ਨੂੰ ਇਸ ਵੱਲ ਧਿਆਨ ਦੇਣਾ ਚਾਹੀਦਾ ਹੈ। ਕਿਸਾਨ ਜਥੇਬੰਦੀ ਨੇ ਕਿਹਾ ਕਿ ਸੂਬੇ ਵਿੱਚ ਝੋਨੇ ਦਾ ਸੀਜ਼ਨ ਸ਼ੁਰੂ ਹੈ। ਸਰਕਾਰ ਨੂੰ ਯੂਰੀਆ ਖਾਦ ਵੱਲ ਧਿਆਨ ਦੇਣਾ ਚਾਹੀਦਾ ਹੈ ਕਿਉਂਕਿ ਹਰੇਕ ਸਾਲ ਕਿਸਾਨਾਂ ਨੂੰ ਯੂਰੀਆ ਖਾਦ ਦੀ ਬਹੁਤ ਕਿੱਲਤ ਆਉਂਦੀ ਹੈ। ਯੂਰੀਆ ਖਾਦ ਦੀ ਕਿੱਲਤ ਆਉਣ ਕਾਰਨ ਦੁਕਾਨਦਾਰ ਯੂਰੀਆ ਖਾਦ ਦੇ ਰੇਟ ਵਧਾ ਦਿੰਦੇ ਹਨ ਤੇ ਮਜਬੂਰੀ ਵਿੱਚ ਕਿਸਾਨਾਂ ਨੂੰ ਮਹਿੰਗੇ ਭਾਅ ਯੂਰੀਆ ਖਾਦ ਖਰੀਦਣੀ ਪੈਂਦੀ ਹੈ। ਇਸ ਮੀਟਿੰਗ ਵਿਚ ਬਲਾਕ ਪ੍ਰਧਾਨ ਗੁਰਸਰਨ ਸਿੰਘ, ਖਜ਼ਾਨਚੀ ਪਰਸਨ ਸਿੰਘ, ਅਵਤਾਰ ਸਿੰਘ, ਕੁਲਦੀਪ ਸਿੰਘ, ਡਾਕਟਰ ਬਲਵਿੰਦਰ ਸਿੰਘ ਤੋਂ ਇਲਾਵਾ ਕਿਸਾਨ ਹਾਜ਼ਰ ਸਨ।

# ਗਰਮੀ ਦੇ ਦਿਨਾਂ 'ਚ ਪਾਣੀ ਪਿਲਾਉਣਾ ਪੁੰਨ ਦਾ ਕੰਮ : ਕਲੇਰ

■ ਯੂਥ ਵੈੱਲਫੇਅਰ ਫੈਡਰੇਸ਼ਨ ਨੇ ਰੱਖੇ ਪੀਣ ਵਾਲੇ ਪਾਣੀ ਦੇ ਕੈਂਪਰ




**ਭੀਖੀ (ਧਰਮਵੀਰ ਸ਼ਰਮਾ)**-ਗਰਮੀ ਦੇ ਮੌਸਮ ਨੂੰ ਮੁੱਖ ਰੱਖਦਿਆਂ ਡੇਰਾ ਸੱਚਾ ਸੌਦਾ ਨਾਲ ਸਬੰਧਤ ਯੂਥ ਵੈੱਲਫੇਅਰ ਫੈਡਰੇਸ਼ਨ ਭੀਖੀ ਵੱਲੋਂ ਸ਼ਹਿਰ ਦੀਆਂ ਵੱਖ ਵੱਖ ਥਾਵਾਂ 'ਤੇ ਸ਼ੁੱਧ ਪੀਣ ਵਾਲੇ ਠੰਡੇ ਪਾਣੀ ਦਾ ਇੰਤਜ਼ਾਮ ਕਰਦਿਆਂ ਕੈਂਪਰ ਰੱਖੇ ਗਏ। ਇਸ ਸਬੰਧੀ ਗੱਲਬਾਤ ਕਰਦਿਆਂ ਯੂਥ ਵੈੱਲਫੇਅਰ ਫੈਡਰੇਸ਼ਨ ਦੇ ਆਗੂ ਅਮਰ ਸਿੰਘ ਕਲੇਰ ਤੇ ਗੁਰਜਿੰਦਰ ਸਿੰਘ ਇੰਸਾ ਨੇ ਦੱਸਿਆ ਕਿ ਡੇਰਾ ਸੱਚਾ ਸੌਦਾ ਦੀ ਪ੍ਰੇਰਨਾ ਸਦਕਾ ਉਨ੍ਹਾਂ ਵੱਲੋਂ ਜਿੱਥੇ ਲੋਕ ਭਲਾਈ ਦੇ ਕੰਮ ਕੀਤੇ ਜਾਂਦੇ ਹਨ, ਉੱਥੇ ਪੰਛੀਆਂ ਲਈ ਆਲਣੇ ਤੇ ਉਨ੍ਹਾਂ ਲਈ ਪਾਣੀ ਦੇ ਕਟੋਰੇ ਵੀ ਰੱਖੇ ਜਾਂਦੇ ਹਨ। ਉਨ੍ਹਾਂ ਕਿਹਾ ਕਿ ਇਨ੍ਹਾਂ ਲੋਕ ਭਲਾਈ ਕੰਮਾਂ ਤਹਿਤ ਸੰਸਥਾਂ ਵੱਲੋਂ ਸ਼ਹਿਰ ਦੇ ਲਾਲਾ ਦੌਲਤ ਮੱਲ ਮਿਉਂਸਪਲ ਪਾਰਕ, ਥਾਣਾ ਰੋਡ, ਗੁਰਦੁਆਰਾ ਰੋਡ 'ਤੇ ਬੱਸ ਸਟੈਂਡ 'ਤੇ ਪੀਣ ਵਾਲੇ ਦੇ ਠੰਢੇ ਪੰਜ-ਪੰਜ ਕੈਂਪਰ ਰੱਖੇ ਗਏ ਹਨ ਅਤੇ ਉਨ੍ਹਾਂ ਵਿੱਚ ਪਾਣੀ ਦੀ ਪੂਰੀ ਦੇਖ ਰੇਖ ਕੀਤੀ ਜਾਂਦੀ ਹੈ। ਉਨ੍ਹਾਂ ਦੱਸਿਆ ਕਿ ਫੈਡਰੇਸ਼ਨ ਵੱਲੋਂ ਲੋਕ ਭਲਾਈ ਦੇ ਕਾਰਜ ਇਸੇ ਤਰ੍ਹਾਂ ਜਾਰੀ ਰਹਿਣਗੇ। ਯੂਥ ਵੈੱਲਫੇਅਰ ਫੈਡਰੇਸ਼ਨ ਦੇ ਇਸ ਉਪਰਾਲੇ ਦੀ ਸ਼ਲਾਘਾ ਕਰਦਿਆਂ ਡਾ. ਪ੍ਰਿੰਸ ਸਿੰਗਲਾ, ਡੀ. ਪੀ. ਜਿੰਦਲ, ਨਰਿੰਦਰ ਗਰਗ, ਅਜੇ ਸ਼ਰਮਾ ਸਮਾਉਂ ਤੇ ਵਿਵੇਕ ਜੈਨ ਬੱਬੂ ਨੇ ਕਿਹਾ ਕਿ ਸੰਸਥਾ ਵੱਲੋਂ ਕੀਤੇ ਜਾ ਰਹੇ ਅਜਿਹੇ ਉਪਰਾਲੇ ਆਮ ਲੋਕਾਂ ਲਈ ਸਹਾਇਕ ਸਿੱਧ ਹੋਣਗੇ। ਉਨ੍ਹਾਂ ਕਿਹਾ ਕਿ ਗਰਮੀ ਦੇ ਮੌਸਮ ਵਿੱਚ ਭੁੱਖੇ ਨੂੰ ਅੰਨ ਤੇ ਪਿਆਸੇ ਨੂੰ ਪਾਣੀ ਪਿਲਾਉਣਾ ਪੁੰਨ ਦਾ ਕੰਮ ਹੈ। ਇਸ ਮੌਕੇ ਹਰਕੇਸ਼ ਇੰਸਾ, ਹਰਜਿੰਦਰ ਸਿੰਘ, ਰਿੰਕੂ ਕੱਤਰੀ, ਵਿੱਕੀ ਸਿੰਘ, ਪੁਸ਼ਪਿੰਦਰ ਸਿੰਘ, ਕੁਲਵਿੰਦਰ ਸਿੰਘ ਇੰਸਾਂ ਤੇ ਰੋਹਿਤ ਕੁਮਾਰ ਆਦਿ ਹਾਜ਼ਰ ਸਨ।

# ਹਿੰਦੂ ਆਗੂਆਂ ਵੱਲੋਂ ਫ਼ਿਲਮ 'ਆਦਿਪੁਰਸ਼' 'ਤੇ ਪਾਬੰਦੀ ਲਾਉਣ ਦੀ ਮੰਗ

**ਸਿਰਸਾ (ਸੁਰਿੰਦਰ ਪਾਲ ਸਿੰਘ)**

ਵਿਗਿਆਨ ਤੇ ਧਰਮ ਵਿਚਲਾ ਅੰਤਰ ਇਹ ਕਿ ਵਿਗਿਆਨ ਦੇ ਮੁਕਾਬਲੇ ਧਰਮ ਨੂੰ ਹਮੇਸ਼ਾ ਖਤਰਾ ਬਣਿਆ ਰਹਿੰਦਾ ਹੈ ਅਤੇ ਧਾਰਮਿਕ ਲੋਕਾਂ ਦੀਆਂ ਭਾਵਨਾਵਾਂ ਭਟਕਣ ਦੀਆਂ ਖ਼ਬਰਾਂ ਭਾਰਤੀ ਮੀਡੀਏ ਵਿਚ ਹਮੇਸ਼ਾ ਸੁਰਖੀਆਂ ਬਣੀਆਂ ਰਹਿੰਦੀਆਂ ਹਨ। ਇਸੇ ਧਾਰਮਿਕ ਭਾਵਨਾਂ ਦੇ ਚੱਲਦੇ ਧਰਮ ਸੈਂਸਰ ਬੋਰਡ ਦੇ ਚੇਅਰਮੈਨ ਸੁਰੇਸ਼ ਮਨਚੰਦਾ ਤੇ ਉਨ੍ਹਾਂ ਦੇ ਸਾਥੀਆਂ ਨੇ ਸਿਰਸਾ ਤੋਂ ਲੋਕ ਸਭਾ ਮੈਂਬਰ ਸੁਨੀਤਾ ਦੁੱਗਲ ਨਾਲ ਮੁਲਾਕਾਤ ਕਰਕੇ ਹਿੰਦੀ ਫ਼ਿਲਮ 'ਆਦਿਪੁਰਸ਼' 'ਤੇ ਦੇਸ਼ ਭਰ 'ਚ ਪਾਬੰਦੀ ਲਾਉਣ ਦੀ ਮੰਗ ਕੀਤੀ ਹੈ।

ਉਨ੍ਹਾਂ ਫਿਲਮ ਦੇ ਨਿਰਦੇਸ਼ਕ ਓਮ ਰਾਉਤ ਤੇ ਲੇਖਕ ਮਨੋਜ ਮੁੰਤਸ਼ੀਰ ਖਿਲਾਫ਼ ਹਿੰਦੂਆਂ ਦੀਆਂ ਭਾਵਨਾਵਾਂ ਨੂੰ ਠੇਸ ਪੁਚਾਉਣ ਦੇ ਦੋਸ਼ 'ਚ ਸਖਤ ਕਾਰਵਾਈ ਕਰਨ ਦੀ ਮੰਗ ਕੀਤੀ। ਇਨ੍ਹਾਂ ਹਿੰਦੂ ਆਗੂਆਂ ਨੇ ਫ਼ਿਲਮ 'ਆਦਿਪੁਰਸ਼' 'ਚ ਹਿੰਦੂਆਂ ਦੀਆਂ ਭਾਵਨਾਵਾਂ ਨੂੰ ਠੇਸ ਪੁਚਾਉਣ, ਧਰਮ ਗ੍ਰੰਥਾਂ ਨਾਲ ਛੇੜਛਾੜ ਕਰਨ, ਭਗਵਾਨ ਸ਼੍ਰੀ ਰਾਮ ਤੇ ਭਗਵਾਨ ਹਨੂੰਮਾਨ ਦੇ ਨਾਲ-ਨਾਲ ਹੋਰ ਪਾਤਰਾਂ ਨੂੰ ਗ਼ਲਤ ਤਰੀਕੇ ਨਾਲ ਪੇਸ਼ ਕਰਨ, ਉਨ੍ਹਾਂ ਦੀ ਭਾਸ਼ਾ ਨੂੰ ਅਪਮਾਨਤ ਕਰਨ ਦਾ ਦੋਸ਼ ਲਾਇਆ ਹੈ।

ਲਿਖਤੀ ਵਿਰੋਧ ਦਰਜ ਕਰਾਉਂਦੇ ਆਗੂਆਂ ਨੇ ਕਿਹਾ ਕਿ ਦੇਸ਼ ਦੇ ਹਿੰਦੂਆਂ ਦੀਆਂ ਭਾਵਨਾਵਾਂ ਨੂੰ ਠੇਸ ਪੁਚਾਉਣ ਦੀ ਸੋਚੀ ਸਮਝੀ ਸਾਜ਼ਿਸ਼ ਰਚੀ ਗਈ ਹੈ ਤੇ ਫ਼ਿਲਮ ਸੈਂਸਰ ਬੋਰਡ ਵੱਲੋਂ 'ਆਦਿਪੁਰਸ਼' 'ਤੇ ਤੁਰੰਤ ਪਾਬੰਦੀ ਲਾਉਣੀ ਚਾਹੀਦੀ ਹੈ।

# ਕੁੱਲ ਹਿੰਦ ਕਿਸਾਨ ਸਭਾ ਨੇ ਅਬਾਦਕਾਰਾਂ ਦੇ ਹੱਕ 'ਚ ਕੀਤੀ ਮੀਟਿੰਗ



**ਜਗਰਾਉਂ (ਸੰਜੀਵ ਅਰੋੜਾ)**-ਕੁੱਲ ਹਿੰਦ ਕਿਸਾਨ ਸਭਾ ਅਵਾਦਕਾਰਾਂ ਦੀ ਮੀਟਿੰਗ ਬੀਡੀਪੀਓ ਦਫ਼ਤਰ ਦੇ ਬਾਹਰ ਹੋਈ, ਜਿਸ 'ਚ ਅਬਾਦਕਾਰ ਸੰਘਰਸ਼ ਕਮੇਟੀ ਦੇ ਕਨਵੀਨਰ ਵਰਿੰਦਰਪਾਲ ਸਿੰਘ ਵੀ ਪਹੁੰਚੇ। ਉਨ੍ਹਾ ਮੀਟਿੰਗ 'ਚ ਬੋਲਦਿਆਂ ਅਬਾਦਕਾਰਾਂ ਦੇ ਵਿੱਢੇ ਸੰਘਰਸ਼ ਬਾਰੇ ਦੱਸਿਆ ਤੇ ਆਉਣ ਵਾਲੇ ਸਮੇਂ 'ਚ ਵੀ ਤਕੜਾ ਸੰਘਰਸ਼ ਵਿੱਢਿਆ ਜਾਵੇਗਾ। ਇਸ ਮੌਕੇ ਕਾਰਜਕਾਰੀ ਸੂਬਾ ਪ੍ਰਧਾਨ ਸੁਖਵਿੰਦਰ ਸਿੰਘ ਸੇਖੋਂ, ਸੂਬਾ ਜਨਰਲ ਸਕੱਤਰ ਬਲਜੀਤ ਸਿੰਘ ਗਰੇਵਾਲ, ਸਕੱਤਰ ਸਤਿਨਾਮ ਵੜੈਚ ਵੀ ਵਿਸ਼ੇਸ਼ ਤੌਰ 'ਤੇ ਪਹੁੰਚੇ। ਕੁੱਲ ਹਿੰਦ ਕਿਸਾਨ ਸਭਾ ਦੇ ਸੂਬਾ ਕਾਰਜਕਾਰੀ ਪ੍ਰਧਾਨ ਨੇ ਕਿਹਾ ਕਿ ਕੁੱਲ ਹਿੰਦ ਕਿਸਾਨ ਸਭਾ ਹਮੇਸ਼ਾਂ ਤੋਂ ਲਗਾਤਾਰ ਅਬਾਦਕਾਰਾਂ ਦੇ ਮਾਲਕੀ ਹੱਕਾਂ ਲਈ ਲੜਾਈ ਲੜਦੀ ਰਹੀ ਹੈ ਤੇ ਜਿੱਤੀ ਵੀ ਹੈ, ਉਸ ਦੀਆਂ ਬੇਅੰਤ ਮਿਸਾਲਾਂ ਹਨ ਤੇ ਅੱਜ ਵੀ ਮਾਲਕੀ ਹੱਕਾਂ ਦੀ ਪ੍ਰਾਪਤੀ ਲਈ ਲਗਾਤਾਰ ਲੜਿਆ ਜਾਵੇਗਾ। ਇਸ ਦਾ ਮੁੱਢ ਬੰਨ੍ਹਦਿਆਂ 13 ਜੁਲਾਈ ਨੂੰ ਸਿੱਧਵਾਂ ਬਟ 'ਚ ਕਨਵੈਨਸ਼ਨ ਕਰਕੇ ਅਗਲੀ ਲੜਾਈ ਲਈ ਐਕਸ਼ਨ ਐਲਾਨ ਕੀਤਾ ਜਾਵੇਗਾ। ਸੂਬਾ ਜਨਰਲ ਸਕੱਤਰ ਬਲਜੀਤ ਸਿੰਘ ਗਰੇਵਾਲ ਨੇ ਕਿਹਾ ਕਿ ਅਗਲੀ ਵੱਡੀ ਲੜਾਈ ਲੜਨ ਲਈ ਪਿੰਡਾਂ 'ਚ ਮੈਂਬਰਸ਼ਿਪ ਕਰਕੇ ਇਕਾਈਆਂ ਦੀ ਚੋਣ ਕਰਕੇ ਇਸ ਲੜਾਈ ਲਈ ਅਬਾਦਕਾਰ ਕਿਸਾਨਾਂ ਨੂੰ ਤਿਆਰ ਕਰਕੇ ਜਥੇਬੰਦ ਕਰਨਾ ਸਾਡਾ ਪਹਿਲਾ ਕੰਮ ਹੈ। ਇਸ ਨਾਲ ਅਸੀਂ ਆਉਣ ਵਾਲੀ 13 ਜੁਲਾਈ ਦੀ ਕਨਵੈਂਸ਼ਨ 'ਚ ਹਜ਼ਾਰਾਂ ਦੀ ਗਿਣਤੀ 'ਚ ਪੰਜਾਬ 'ਚੋਂ ਅਬਾਦਕਾਰ ਕਿਸਾਨ ਸ਼ਾਮਲ ਹੋਣਗੇ ਤੇ ਲੜਾਈ ਮਾਲਕੀ ਹੱਕ ਪ੍ਰਾਪਤ ਕਰਨ ਤੱਕ ਲੜੀ ਜਾਵੇਗੀ। ਮੀਟਿੰਗ 'ਚ ਜ਼ਿਲ੍ਹਾ ਪ੍ਰਧਾਨ ਕਿਸਾਨ ਸਭਾ ਸਤਿਨਾਮ ਸਿੰਘ ਵੜੈਚ ਨੇ ਕਿਹਾ ਕਿ ਅਸੀਂ ਪਹਿਲਾਂ ਵੀ ਲੜਦੇ ਰਹੇ ਹਾਂ ਤੇ ਜਿੱਤਾਂ ਪ੍ਰਾਪਤ ਕੀਤੀਆਂ।

ਇਸ ਮੌਕੇ ਕਰਨੈਲ ਸਿੰਘ, ਗੁਰਦੀਪ ਸਿੰਘ ਕੋਟਉਮਰਾ, ਪ੍ਰਧਾਨ ਕਰਤਾਰ ਸਿੰਘ ਖਹਿਰਾ ਬੇਟ, ਰਾਜੂ ਸਿੰਘ ਸਰਪੰਚ, ਗੁਰਮੇਲ ਸਿੰਘ ਵਲੀਪੁਰ, ਨਿਰਮਲ ਸਿੰਘ ਧਾਲੀਵਾਲ, ਬੂਟਾ ਸਿੰਘ ਹਾਂਸ ਕਲਾਂ, ਬਲਵਿੰਦਰ ਸਿੰਘ ਬਹਾਦਰਕੇ, ਚਮਨ ਸਿੰਘ ਅੱਕੂਵਾਲ, ਅਜੀਤ ਸਿੰਘ ਘਮਣੇਵਾਲ, ਜਤਿੰਦਰ ਸਿੰਘ ਤੇ ਜੰਗੀਰ ਸਿੰਘ ਆਦਿ ਹਾਜ਼ਰ ਸਨ।

# ਡੀ ਏ ਵੀ ਸਕੂਲ ਵਿਖੇ ਯੋਗਾ ਕੈਂਪ ਲਗਾਇਆ



**ਮਲੋਟ (ਗੁਰਮੀਤ ਸਿੰਘ ਮੱਕੜ)**

ਅੰਤਰਰਾਸ਼ਟਰੀ ਯੋਗ ਦਿਵਸ ਮੌਕੇ ਡੀ.ਏ.ਵੀ. ਪਬਲਿਕ ਸਕੂਲ ਵੱਲੋਂ ਪ੍ਰਿੰਸੀਪਲ ਸੰਧਿਆ ਬਠਲਾ ਦੀ ਅਗਵਾਈ ਹੇਠ ਇੱਕ ਰੋਜ਼ਾ ਯੋਗਾ ਕੈਂਪ ਲਗਾਇਆ ਗਿਆ। ਪ੍ਰੋਗਰਾਮ ਦੀ ਸ਼ੁਰੂਆਤ ਯੋਗ ਗੁਰੂ ਰਾਮ ਚੰਦਰ ਸ਼ਾਸਤਰੀ ਨੇ ਯੋਗ ਆਸਣਾਂ ਅਤੇ ਪ੍ਰਾਣਾਯਾਮ ਰਾਹੀਂ ਕੀਤੀ। ਇਸ ਮੌਕੇ ਸਰੀਰ ਨੂੰ ਤੰਦਰੁਸਤ ਰੱਖਣ ਲਈ ਅਨੁਲੋਮ ਵਿਲੋਮ, ਕਪਾਲਭਾਤੀ, ਭਰਮਰੀ, ਉਜਯੀ, ਵਜਰਾਸਨ, ਯੋਗਮੁਦ੍ਰਾਸਨ, ਤਾੜਾਸਨ, ਤ੍ਰਿਕੋਨਾਸਨ, ਸ਼ਵਾਸਨ, ਹਸਿਆਸਨ, ਕਈ ਸੂਖਮ ਆਸਣਾਂ ਅਤੇ ਪ੍ਰਾਣਾਯਾਮ ਦਾ ਅਭਿਆਸ ਕੀਤਾ ਗਿਆ। ਯੋਗ ਗੁਰੂ ਰਾਮ ਚੰਦਰ ਸ਼ਾਸਤਰੀ ਨੇ ਕਿਹਾ ਕਿ ਯੋਗਾ ਇੱਕ ਜੀਵਨ ਜਿਊਣ ਦੀ ਕਲਾ ਹੈ, ਜੇਕਰ ਕੋਈ ਵਿਅਕਤੀ ਨਿਯਮਿਤ ਤੌਰ 'ਤੇ ਯੋਗਾ ਕਰੇ ਤਾਂ ਉਹ ਆਪਣੇ ਸਾਰੇ ਰੋਗਾਂ ਤੋਂ ਛੁਟਕਾਰਾ ਪਾ ਸਕਦਾ ਹੈ। ਉਨ੍ਹਾ ਦੱਸਿਆ ਕਿ ਯੋਗਾ ਰਾਹੀਂ ਸਰੀਰ ਦੇ ਅੰਦਰ ਅਤੇ ਬਾਹਰ ਦੋਵੇਂ ਤਰ੍ਹਾਂ ਦੀਆਂ ਨਾੜੀਆਂ, ਗ੍ਰੰਥੀਆਂ ਅਤੇ ਮਾਸਪੇਸ਼ੀਆਂ ਨੂੰ ਲਚਕੀਲਾ, ਮਜ਼ਬੂਤ ਬਣਾ ਕੇ ਸਰੀਰ ਵਿਚ ਊਰਜਾ, ਤਾਜ਼ਗੀ ਅਤੇ ਹਲਕਾਪਨ ਦਾ ਅਹਿਸਾਸ ਹੁੰਦਾ ਹੈ। ਇਸ ਤੋਂ ਇਲਾਵਾ ਯੋਗਾ ਸਰੀਰਕ, ਮਾਨਸਿਕ ਅਤੇ ਭਾਵਨਾਤਮਕ ਤਣਾਅ ਨੂੰ ਦੂਰ ਕਰਦਾ ਹੈ ਅਤੇ ਦਮਾ, ਗਠੀਆ, ਅੱਖਾਂ ਦੇ ਰੋਗ, ਕਬਜ਼, ਗੈਸ, ਐਸੀਡਿਟੀ, ਜੋੜਾਂ ਦਾ ਦਰਦ, ਸਿਰ ਦਰਦ, ਇਨਸਮੌਨੀਆ, ਸਰਵਾਈਕਲ, ਕਮਰ ਦਰਦ, ਥਾਇਰਾਇਡ, ਹਾਈ ਬਲੱਡ ਪ੍ਰੈਸ਼ਰ, ਲੋਅ ਬਲੱਡ ਪ੍ਰੈਸ਼ਰ, ਕਿਡਨੀ, ਲਿਵਰ ਆਦਿ ਰੋਗਾਂ ਨੂੰ ਦੂਰ ਕਰਕੇ ਸਰੀਰ ਨੂੰ ਸਿਹਤ ਪ੍ਰਦਾਨ ਕਰਦਾ ਹੈ। ਇਸ ਮੌਕੇ ਪ੍ਰਿੰਸੀਪਲ ਸੰਧਿਆ ਬਠਲਾ ਨੇ ਸੰਬੋਧਨ ਵਿਚ ਕਿਹਾ ਕਿ ਹਰ ਵਿਅਕਤੀ ਨੂੰ ਰੋਜ਼ਾਨਾ ਯੋਗਾ ਕਰਨਾ ਚਾਹੀਦਾ ਹੈ, ਕਿਉਂਕਿ ਯੋਗਾ ਕਰਨ ਨਾਲ ਵਿਅਕਤੀ ਦਾ ਮਾਨਸਿਕ ਵਿਕਾਸ ਹੁੰਦਾ ਹੈ ਅਤੇ ਜੇਕਰ ਕੋਈ ਵਿਅਕਤੀ ਆਪਣੇ ਸਰੀਰ ਨੂੰ ਬੁਢਾਪੇ ਤੱਕ ਤੰਦਰੁਸਤ ਰੱਖਣਾ ਚਾਹੁੰਦਾ ਹੈ ਤਾਂ ਉਸ ਨੂੰ ਰੋਜ਼ਾਨਾ ਘੱਟੋ-ਘੱਟ 10 ਤੋਂ 15 ਮਿੰਟ ਯੋਗਾ ਜ਼ਰੂਰ ਕਰਨਾ ਚਾਹੀਦਾ ਹੈ। ਇਸ ਮੌਕੇ ਡਾ. ਹਰਿੰਦਰ ਸਿੰਘ ਨੇ ਸਿਹਤ ਸਬੰਧੀ ਜਾਣਕਾਰੀ ਦਿੱਤੀ। ਉਨ੍ਹਾ ਕਿਹਾ ਕਿ ਸਿਹਤ ਇੱਕ ਅਨਮੋਲ ਖਜ਼ਾਨਾ ਹੈ, ਇਸ ਲਈ ਸਵੇਰ ਦੇ ਯੋਗਾ ਨਾਲ ਤੁਹਾਨੂੰ ਸੈਰ ਲਈ ਜਾਣਾ ਚਾਹੀਦਾ ਹੈ, ਸ਼ੁੱਧ ਭੋਜਨ ਲੈਣਾ ਚਾਹੀਦਾ ਹੈ, ਕਿਉਂਕਿ ਵਿਚਾਰ ਭੋਜਨ ਨਾਲ ਹੀ ਸ਼ੁੱਧ ਹੁੰਦੇ ਹਨ। ਅੰਤ ਵਿਚ ਸਰੀਰਕ ਸਿੱਖਿਆ ਵਿਭਾਗ ਦੇ ਮੁਖੀ ਓਮ ਪ੍ਰਕਾਸ਼ ਕੰਬੋਜ ਨੇ ਜਲਨੇਤੀ ਕਰਵਾਈ। ਇਸ ਮੌਕੇ 'ਤੇ ਸਕੂਲ ਦਾ ਸਮੂਹ ਸਟਾਫ਼ ਅਤੇ ਬੱਚੇ ਹਾਜ਼ਰ ਸਨ।

# ਮੈਂਬਰ ਪੰਜਾਬ ਸਟੇਟ ਫੂਡ ਕਾਰਪੋਰੇਸ਼ਨ ਵੱਲੋਂ ਫ਼ਰੀਦਕੋਟ ਦਾ ਦੌਰਾ

■ ਜ਼ਿਲ੍ਹੇ ਦੇ ਵੱਖ-ਵੱਖ ਡਿਪੂਆਂ ਦੀ ਕੀਤੀ ਅਚਨਚੇਤ ਚੈਕਿੰਗ



**ਫ਼ਰੀਦਕੋਟ (ਐਲਿਗਜੈਂਡਰ ਡਿਸੂਜ਼ਾ)**-ਯੋਗ ਲਾਭਪਾਤਰੀਆਂ ਨੂੰ ਕਣਕ ਦੀ ਵੰਡ, ਗੁਣਵੱਤਾ ਆਦਿ ਦਾ ਨਿਰੀਖਣ ਕਰਨ ਲਈ ਪੰਜਾਬ ਰਾਜ ਖ਼ੁਰਾਕ ਕਮਿਸ਼ਨ ਦੇ ਮੈਂਬਰ ਸ੍ਰੀ ਚੇਤਨ ਪ੍ਰਕਾਸ਼ ਧਾਲੀਵਾਲ ਨੇ ਜ਼ਿਲ੍ਹਾ ਫ਼ਰੀਦਕੋਟ ਦੇ ਵੱਖ-ਵੱਖ ਡਿਪੂਆਂ ਦੀ ਅਚਨਚੇਤ ਚੈਕਿੰਗ ਕੀਤੀ। ਇਸ ਮੌਕੇ ਡੀ.ਐੱਫ.ਐੱਸ.ਸੀ ਮੈਡਮ ਵੰਦਨਾ ਕੁਮਾਰੀ, ਏ.ਐੱਫ.ਐੱਸ.ਸੀ ਗੁਰਚਰਨਪਾਲ ਸਿੰਘ ਫ਼ਰੀਦਕੋਟ ਵੀ ਵਿਸ਼ੇਸ਼ ਤੌਰ 'ਤੇ ਉਨ੍ਹਾਂ ਨਾਲ ਹਾਜ਼ਰ ਸਨ। ਇਸ ਮੌਕੇ ਉਨ੍ਹਾਂ ਪਿੰਡ ਫ਼ਤਿਹਗੜ੍ਹ ਦਬੜੀਖਾਨਾ, ਬਾਜਾ ਰੋਡ ਜੈਤੋ, ਰਾਮਲੀਲਾ ਗਰਾਊਂਡ ਜੈਤੋ, ਚੰਦਰ ਕਾਂਤਾ ਜੈਤੋ, ਸਤਨਾਮ ਸਿੰਘ ਤੇ ਗੁਰਵਿੰਦਰ ਸਿੰਘ ਢਾਹਾਂ, ਬਾਜ਼ੀਗਰ ਬਸਤੀ, ਵਾਰਡ ਨੰ. 23, ਸੰਜੇ ਨਗਰ ਫ਼ਰੀਦਕੋਟ ਆਦਿ ਡਿਪੂਆਂ ਦੀ ਚੈਕਿੰਗ ਕੀਤੀ ਅਤੇ ਵੱਖ-ਵੱਖ ਰਾਸ਼ਨ ਡਿਪੂਆਂ ਵਿੱਚ ਵੱਖ-ਵੱਖ ਸਕੀਮਾਂ ਤਹਿਤ ਦਿੱਤੀ ਜਾ ਰਹੀ ਕਣਕ ਦੀ ਕੁਆਲਿਟੀ, ਇਸ ਦੀ ਵੰਡ ਆਦਿ ਬਾਰੇ ਜਾਣਕਾਰੀ ਲਈ ਤੇ ਸਭ ਸੰਤੁਸ਼ਟੀਜਨਕ ਪਾਇਆ। ਚੈਕਿੰਗ ਦੌਰਾਨ ਜੋ ਖਾਮੀਆਂ ਮੈਂਬਰ ਦੇ ਧਿਆਨ ਵਿੱਚ ਆਈਆਂ, ਉਨ੍ਹਾਂ ਨੂੰ ਤੁਰੰਤ ਪ੍ਰਭਾਵ ਨਾਲ ਦੂਰ ਕਰਨ ਦੀਆਂ ਹਦਾਇਤਾਂ ਸਬੰਧਤ ਅਧਿਕਾਰੀਆਂ ਨੂੰ ਜਾਰੀ ਕੀਤੀਆਂ ਗਈਆਂ। ਉਨ੍ਹਾਂ ਮੌਕੇ ਹਾਜ਼ਰ ਲੋਕਾਂ ਨੂੰ ਕਿਹਾ ਕਿ ਉਹ ਕਣਕ ਲੈਣ ਸਮੇਂ ਇਸ ਦੇ ਮਿਆਰ ਅਤੇ ਭਾਰ ਨੂੰ ਚੰਗੀ ਤਰ੍ਹਾਂ ਚੈੱਕ ਕਰ ਲੈਣ। ਉਨ੍ਹਾਂ ਸਰਕਾਰੀ ਰਾਸ਼ਨ ਦੇ ਡਿਪੂ ਵਿੱਚ ਲਾਭਪਾਤਰੀਆਂ ਨਾਲ ਗੱਲ ਕੀਤੀ ਅਤੇ ਕਣਕ ਦੇ ਬੈਗਾਂ ਨੂੰ ਕੰਡੇ 'ਤੇ ਤੋਲ ਕੇ ਭਾਰ ਚੈਕ ਕੀਤਾ ਗਿਆ, ਜੋ ਸਹੀ ਪਾਇਆ ਗਿਆ। ਉਨ੍ਹਾਂ ਇਸ ਮੌਕੇ ਵਿਭਾਗ ਦੇ ਇੰਸਪੈਕਟਰਾਂ ਨੂੰ ਕਿਹਾ ਕਿ ਉਹ ਸਮੇਂ-ਸਮੇਂ 'ਤੇ ਰਾਸ਼ਨ ਡਿਪੂਆਂ ਦੀ ਚੈਕਿੰਗ ਕਰਨ ਤਾਂ ਜੁ ਲੋਕਾਂ ਨੂੰ ਸਰਕਾਰ ਵੱਲੋਂ ਦਿੱਤੇ ਜਾਂਦੀ ਕਣਕ ਵਿੱਚ ਕਿਸੇ ਕਿਸਮ ਦੀ ਊਣਤਾਈ ਨਾ ਹੋਵੇ। ਇਸ ਮੌਕੇ ਉਨ੍ਹਾਂ ਸਮੂਹ ਡਿਪੂ ਹੋਲਡਰਾਂ ਨੂੰ ਹਦਾਇਤ ਕੀਤੀ ਕਿ ਉਹ ਅਨਾਜ ਦੀ ਵੰਡ ਵਿੱਚ ਸਰਕਾਰ ਦੀਆਂ ਹਦਾਇਤਾਂ ਦੀ ਸਖਤੀ ਨਾਲ ਪਾਲਣਾ ਨੂੰ ਯਕੀਨੀ ਬਣਾਉਣ। ਉਨ੍ਹਾਂ ਸਬੰਧਤ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਡਿਪੂਆਂ 'ਤੇ ਸਰਕਾਰੀ ਸਕੀਮਾਂ ਸਬੰਧੀ ਸ਼ਿਕਾਇਤ ਬਕਸੇ, ਸੁਝਾਅ ਬਾਕਸ ਤੇ ਜਾਗਰੂਕਤਾ ਬੈਨਰ ਲਾਏ ਜਾਣ। ਇਸ ਮੌਕੇ ਵਰਿੰਦਰ ਸਿੰਘ ਨਿਰੀਖਕ, ਰਵਿੰਦਰ ਕੁਮਾਰ ਸ਼ਰਮਾ ਨਿਰੀਖਕ, ਸ਼ਿਲਪ ਕੁਮਾਰ ਨਿਰੀਖਕ ਜੈਤੋ ਤੇ ਰਾਜੇਸ਼ ਸਿੰਗਲਾ ਨਿਰੀਖਕ ਜੈਤੋ ਹਾਜ਼ਰ ਸਨ।

# ਮੱਖੂ ਪੈਡਲਰਜ਼ ਕਲੱਬ ਨੇ ਯੋਗਾ ਦਿਵਸ ਮਨਾਇਆ



**ਮੱਖੂ (ਰਛਪਾਲ ਸਿੰਘ ਸੰਧੂ)**

ਕਰਨਲ ਕਸ਼ਮੀਰ ਸਿੰਘ ਦੀ ਪ੍ਰੇਰਨਾ ਸਦਕਾ ਮੱਖੂ ਵਿਖੇ ਲੰਮੇ ਸਮੇਂ ਤੋਂ ਚੱਲ ਰਹੀ ਮੱਖੂ ਪੈਡਲਰਜ਼ ਕਲੱਬ ਦੇ ਸਮੂਹ ਮੈਂਬਰਾਂ ਵੱਲੋਂ ਅੰਤਰਰਾਸ਼ਟਰੀ ਯੋਗਾ ਦਿਵਸ ਬਹੁਤ ਹੀ ਉਤਸ਼ਾਹ ਨਾਲ ਮਨਾਇਆ ਗਿਆ। ਇਸ ਮੌਕੇ ਕਰਨਲ ਕਸ਼ਮੀਰ ਸਿੰਘ ਅਤੇ ਡਾ. ਵਿਵੇਕ ਨੰਨ੍ਹਾ ਨੇ ਕਿਹਾ ਕਿ ਸਾਈਕਲ ਚਲਾਉਣ ਤੇ ਯੋਗਾ ਕਰਨ ਨਾਲ ਸਾਡਾ ਸਰੀਰ ਹਮੇਸ਼ਾ ਤੰਦਰੁਸਤ ਰਹਿੰਦਾ ਹੈ ਅਤੇ ਕਈ ਤਰ੍ਹਾਂ ਦੀਆਂ ਬਿਮਾਰੀਆਂ ਤੋਂ ਬਚਾਅ ਹੁੰਦਾ ਹੈ। ਇਸ ਲਈ ਸਾਨੂੰ ਸਾਇਕਲਿੰਗ ਤੇ ਯੋਗਾ ਨੂੰ ਆਪਣੀ ਜ਼ਿੰਦਗੀ ਦਾ ਅਹਿਮ ਅੰਗ ਬਣਾਉਣਾ ਚਾਹੀਦਾ ਹੈ। ਜਿਸ ਨਾਲ ਸਰੀਰਕ ਤੰਦਰੁਸਤੀ ਪੈਦਾ ਹੋ ਸਕੇ। ਉਨ੍ਹਾ ਕਿਹਾ ਕਿ ਯੋਗਾ ਨੂੰ ਆਪਣੀ ਰੋਜ਼ਾਨਾ ਦੀ ਜੀਵਨਸ਼ੈਲੀ ਦਾ ਹਿੱਸਾ ਬਣਾਉਣਾ ਚਾਹੀਦਾ ਹੈ ਤਾਂ ਜੋ ਅਸੀਂ ਬਿਮਾਰੀਆਂ ਨੂੰ ਆਪਣੇ ਤੋਂ ਦੂਰ ਰੱਖ ਸਕੀਏ।

ਇਸ ਮੌਕੇ ਕਰਨਲ ਕਸ਼ਮੀਰ ਸਿੰਘ, ਡਾ. ਵਿਵੇਕ ਨੰਨ੍ਹਾ, ਸਚਿਨ ਅਰੋੜਾ, ਪਵਨ ਕਟਾਰੀਆ, ਅਸ਼ਵਨੀ ਮਨਚੰਦਾ, ਸੰਜੀਵ ਅਹੂਜਾ, ਵਿਸ਼ਾਲ ਮੋਂਗਾ, ਰਾਘਵ ਠੁਕਰਾਲ, ਸ਼ਿਵ ਅਹੂਜਾ, ਦੀਪਕ ਕਟਾਰੀਆ, ਸਾਜਨ ਕਟਾਰੀਆ, ਰਿੰਕੂ ਧੂੰਨਾ, ਰਿੱਕੀ ਖੁਰਾਣਾ, ਬਿੱਲਾ ਸੇਠੀ, ਮਨੂੰ ਬਜਾਜ, ਸੁਮਿਤ ਅਹੂਜਾ, ਮੁਨੀਸ਼ ਕਾਲੜਾ, ਵੀਨੂੰ ਸ਼ਾਹ, ਪ੍ਰਿਸ, ਬੰਟੀ ਗਾਂਧੀ, ਸੋਨੂੰ ਖਾਲਸਾ, ਰਿੰਕੂ ਠੁਕਰਾਲ, ਗਗਨ, ਕਾਰਤਿਕ, ਕਰਨ ਠੁਕਰਾਲ ਆਦਿ ਹਾਜ਼ਰ ਸਨ।

# ਸੋਨਾਲੀ ਜੀਤ ਰਾਵਲ ਚੈਰੀਟੇਬਲ ਟਰੱਸਟ ਨੇ ਡਰਾਇੰਗ, ਪੇਂਟਿੰਗ ਤੇ ਮਹਿੰਦੀ ਪ੍ਰਤੀਯੋਗਤਾ ਕਰਾਈ



**ਸਮਰਾਲਾ (ਸੁਰਜੀਤ ਸਿੰਘ)**

ਸੋਨਾਲੀ ਜੀਤ ਰਾਵਲ ਚੈਰੀਟੇਬਲ ਟਰੱਸਟ ਵੱਲੋਂ 12 ਜੂਨ ਤੋਂ 18 ਜੂਨ ਤੱਕ ਡਰਾਇੰਗ, ਪੇਂਟਿੰਗ ਅਤੇ ਮਹਿੰਦੀ ਦੀ ਪ੍ਰਤੀਯੋਗਤਾ ਕਰਾਈ ਗਈ। ਤੀਜੀ ਕਲਾਸ ਤੋਂ ਅੱਠਵੀਂ ਕਲਾਸ ਦੇ 42 ਸਕੂਲੀ ਬੱਚਿਆਂ ਨੇ ਅਤੇ ਕਲਾਸ ਨੌਵੀਂ ਤੋਂ ਬਾਰ੍ਹਵੀਂ ਤੱਕ ਦੇ 10 ਸਕੂਲੀ ਬੱਚਿਆਂ ਨੇ ਭਾਗ ਲਿਆ। ਨੌਵੀਂ ਤੋਂ ਬਾਰ੍ਹਵੀਂ ਕਲਾਸ ਦੇ ਜਿਨ੍ਹਾਂ 6 ਬੱਚਿਆਂ ਨੇ ਚੰਗਾ ਪ੍ਰਦਰਸ਼ਨ ਕੀਤਾ, ਉਨ੍ਹਾਂ ਵਿੱਚ ਸਿਮਰਨਪ੍ਰੀਤ ਕੌਰ, ਅਵਨਾਜ ਕੌਰ, ਮੋਹਿਤ ਕੁਮਾਰ, ਮੰਨਤ, ਨੇਹਾ, ਕਰਨਵੀਰ ਆਦਿ ਨੂੰ ਸਰਟੀਫਿਕੇਟ ਤੇ ਪੁਰਸਕਾਰ ਵੰਡੇ ਗਏ। ਤੀਜੀ ਤੋਂ ਅੱਠਵੀਂ ਕਲਾਸ ਦੇ ਬੱਚਿਆਂ ਵਿੱਚੋਂ ਰਜਿੰਦਰ ਕੌਰ, ਅਕਸ਼ਰਾ, ਹਿਮਾਂਸ਼ੂ, ਮਿਅੰਕ ਤੇ ਨਾਨਕੀ ਨੂੰ ਸਰਟੀਫਿਕੇਟ ਅਤੇ ਪ੍ਰਮਾਣ ਪੱਤਰ ਵੰਡੇ ਗਏ।

ਮਹਿੰਦੀ ਪ੍ਰਤੀਯੋਗਤਾ ਵਿੱਚ ਸਿਮਰਨਪ੍ਰੀਤ ਕੌਰ, ਅਵਿਨਾਜ ਕੌਰ, ਰਜਿੰਦਰ ਕੌਰ, ਨੇਹਾ ਤੇ ਨਾਨਕੀ ਨੂੰ ਪ੍ਰਮਾਣ ਪੱਤਰ ਤੇ ਪੁਰਸਕਾਰ ਵੰਡੇ ਗਏ। ਇਸ ਮੌਕੇ ਟਰੱਸਟ ਦੇ ਟਰੱਸਟੀ ਸ੍ਰੀ ਹਰੀ ਕ੍ਰਿਸ਼ਨ ਗੰਭੀਰ, ਧਰਮ ਸਿੰਘ, ਬਿਮਲਾ ਰਾਣੀ ਅਤੇ ਟਰੱਸਟ ਦੇ ਚੇਅਰਮੈਨ ਡਾ. ਜੀਤ ਰਾਵਲ ਹਾਜ਼ਰ ਸਨ। ਸ੍ਰੀ ਹਰੀ ਕ੍ਰਿਸ਼ਨ ਗੰਭੀਰ ਨੇ ਕਿਹਾ ਕਿ ਟਰੱਸਟ ਦੇ ਚੇਅਰਮੈਨ ਡਾ. ਜੀਤ ਰਾਵਲ ਦੀ ਹਿੰਮਤ ਹੈ ਕਿ ਇਸ ਉਮਰ ਵਿਚ ਵੀ ਏਨੇ ਜ਼ਿਆਦਾ ਕੰਮ ਕਰ ਰਹੇ ਹਨ, ਇਨ੍ਹਾਂ ਵੱਲੋਂ ਲੋਕਾਂ ਦੀ ਸੇਵਾ ਲਈ ਵੀ ਸੇਵਾ ਸਦਨ ਬਣਾਇਆ ਜਾ ਰਿਹਾ ਹੈ। ਉਨ੍ਹਾਂ ਨੇ ਸਾਰੇ ਪੁਰਸਕਾਰ ਜੇਤੂਆਂ ਨੂੰ ਪੁਰਸਕਾਰ ਵੰਡਦੇ ਹੋਏ ਵਧਾਈ ਵੀ ਦਿੱਤੀ ਅਤੇ ਚੰਗੇ ਸੰਸਕਾਰ ਅਪਣਾਉਣ ਦੀ ਅਪੀਲ ਕੀਤੀ। ਇਸ ਮੌਕੇ ਡਰਾਇੰਗ ਸਿਖਾਉਣ ਵਾਲੇ ਮਾਸਟਰ ਜਨਕ ਰਾਜ ਜੀ, ਮਾਸਟਰ ਜੈਦੀਪ ਮੈਨਰੋ, ਅਮਨਦੀਪ ਅਤੇ ਅਮਨ ਗਰੇਵਾਲ ਆਦਿ ਹਾਜ਼ਰ ਸਨ। ਇਸ ਮੌਕੇ ਟਰੱਸਟ ਦੇ ਚੇਅਰਮੈਨ ਡਾ: ਜੀਤ ਰਾਵਲ ਨੇ 10 ਸਾਲ ਤੋਂ ਕੀਤੇ ਜਾ ਰਹੇ ਕੰਮਾਂ ਦੀ ਰਿਪੋਰਟ ਵੀ ਪੜ੍ਹੀ।

# ਮਹਾਰਾਜਾ ਰਣਜੀਤ ਸਿੰਘ ਦੀ ਬਰਸੀ ਮਨਾਉਣ ਲਈ ਸ਼੍ਰੋਮਣੀ ਕਮੇਟੀ ਵੱਲੋਂ ਜਥਾ ਪਾਕਿਸਤਾਨ ਰਵਾਨਾ



ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਦੀ ਬਰਸੀ ਮੌਕੇ ਸਮਾਗਮਾਂ 'ਚ ਸ਼ਾਮਲ ਹੋਣ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਿੱਖ ਸ਼ਰਧਾਲੂਆਂ ਦਾ ਜਥਾ ਖ਼ਾਲਸਾਈ ਜੈਕਾਰਿਆਂ ਦੀ ਗੂੰਜ ਵਿਚ ਪਾਕਿਸਤਾਨ ਲਈ ਰਵਾਨਾ ਹੋਇਆ। ਪਾਕਿਸਤਾਨ ਜਾਣ ਵਾਲੇ ਜਥੇ ਦੀ ਅਗਵਾਈ ਸ਼੍ਰੋਮਣੀ ਕਮੇਟੀ ਦੇ ਮੈਂਬਰ ਭੁਪਿੰਦਰ ਸਿੰਘ ਭਲਵਾਨ ਨੂੰ ਸੌਂਪੀ ਗਈ ਹੈ, ਜਦਕਿ ਉਨ੍ਹਾਂ ਨਾਲ ਡਿਪਟੀ ਲੀਡਰ ਵਜੋਂ ਰਵਿੰਦਰ ਸਿੰਘ ਖ਼ਾਲਸਾ ਤੇ ਜਨਰਲ ਪ੍ਰਬੰਧਕ ਵਜੋਂ ਮੀਤ ਸਕੱਤਰ ਗੁਰਚਰਨ ਸਿੰਘ ਕੋਹਾਲਾ ਗਏ ਹਨ। ਸ਼੍ਰੋਮਣੀ ਕਮੇਟੀ ਦੇ ਮੁੱਖ ਦਫ਼ਤਰ ਤੋਂ ਪਾਕਿਸਤਾਨ ਲਈ ਰਵਾਨਗੀ ਤੋਂ ਪਹਿਲਾਂ ਜਥੇ ਦੇ ਆਗੂਆਂ ਨੂੰ ਸ਼੍ਰੋਮਣੀ ਕਮੇਟੀ ਦੇ ਸਕੱਤਰ ਪ੍ਰਤਾਪ ਸਿੰਘ ਤੇ ਹੋਰ ਅਧਿਕਾਰੀਆਂ ਨੇ ਰਵਾਇਤ ਅਨੁਸਾਰ ਗੁਰੂ ਬਖ਼ਸ਼ਿਸ਼ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ।

ਜਾਣਕਾਰੀ ਦਿੰਦਿਆਂ ਸਕੱਤਰ ਪ੍ਰਤਾਪ ਸਿੰਘ ਨੇ ਦੱਸਿਆ ਕਿ ਸ਼੍ਰੋਮਣੀ ਕਮੇਟੀ ਵੱਲੋਂ 276 ਸ਼ਰਧਾਲੂਆਂ ਦੇ ਪਾਸਪੋਰਟ ਵੀਜ਼ੇ ਲਈ ਭੇਜੇ ਗਏ ਸਨ, ਜਿਨ੍ਹਾਂ ਵਿੱਚੋਂ 205 ਸ਼ਰਧਾਲੂਆਂ ਨੂੰ ਵੀਜ਼ੇ ਪ੍ਰਾਪਤ ਹੋਏ ਹਨ। ਸਕੱਤਰ ਪ੍ਰਤਾਪ ਸਿੰਘ ਕਿਹਾ ਕਿ ਸ਼੍ਰੋਮਣੀ ਕਮੇਟੀ ਵੱਲੋਂ ਜਥੇ ਦੀ ਅਗਵਾਈ ਕਰਨ ਵਾਲੇ ਮੈਂਬਰ ਪਾਕਿਸਤਾਨ ਸਥਿਤ ਗੁਰਧਾਮਾਂ ਦੇ ਪ੍ਰਬੰਧਾਂ ਅਤੇ ਸਿੱਖ ਮਸਲਿਆਂ ਸਬੰਧੀ ਉਥੋਂ ਦੀ ਸਰਕਾਰ ਨਾਲ ਗੱਲਬਾਤ ਵੀ ਕਰਨਗੇ।

ਇਸੇ ਦੌਰਾਨ ਜਥੇ ਦੇ ਆਗੂ ਸ਼੍ਰੋਮਣੀ ਕਮੇਟੀ ਮੈਂਬਰ ਭੁਪਿੰਦਰ ਸਿੰਘ ਭਲਵਾਨ ਨੇ ਕਿਹਾ ਕਿ ਗੁਰੂ ਬਖ਼ਸ਼ਿਸ਼ ਸਦਕਾ ਉਨ੍ਹਾਂ ਨੂੰ ਜਥੇ ਦੀ ਅਗਵਾਈ ਕਰਨ ਦਾ ਸੁਭਾਗ ਪ੍ਰਾਪਤ ਹੋਇਆ ਹੈ। ਉਨ੍ਹਾਂ ਕਿਹਾ ਕਿ ਸਿੱਖ ਸੰਗਤ ਅੰਦਰ ਪਾਕਿਸਤਾਨ ਸਥਿਤ ਗੁਰਦੁਆਰਾ ਸਾਹਿਬਾਨ ਦੇ ਦਰਸ਼ਨਾਂ ਦੀ ਤਾਂਘ ਹੁੰਦੀ ਹੈ, ਪਰੰਤੂ ਵੀਜ਼ਾ ਨਾ ਮਿਲਣ ਕਰਕੇ ਸੰਗਤਾਂ ਦੀਆਂ ਭਾਵਨਾਵਾਂ ਨੂੰ ਠੇਸ ਪੁੱਜਦੀ ਹੈ।

ਉਨ੍ਹਾਂ ਕਿਹਾ ਕਿ ਚਾਹੀਦਾ ਤਾਂ ਇਹ ਹੈ ਕਿ ਸਰਕਾਰਾਂ ਪਾਕਿਸਤਾਨ ਦੇ ਗੁਰਧਾਮਾਂ ਦੀ ਖੁੱਲ੍ਹੀ ਯਾਤਰਾ ਨੂੰ ਪ੍ਰਵਾਨਗੀ ਦੇਣ। ਸ਼੍ਰੋਮਣੀ ਕਮੇਟੀ ਜਥੇ ਦੇ ਆਗੂ ਨੇ ਦੱਸਿਆ ਕਿ ਇਹ ਜਥਾ ਗੁਰਦੁਆਰਾ ਸ੍ਰੀ ਡੇਹਰਾ ਸਾਹਿਬ ਲਾਹੌਰ ਵਿਖੇ 29 ਜੂਨ ਨੂੰ ਮਹਾਰਾਜਾ ਰਣਜੀਤ ਸਿੰਘ ਦੇ ਬਰਸੀ ਸਮਾਗਮਾਂ ਵਿਚ ਸ਼ਾਮਲ ਹੋਵੇਗਾ। ਇਸ ਤੋਂ ਪਹਿਲਾਂ ਜਥੇ ਦੇ ਸ਼ਰਧਾਲੂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਅਸਥਾਨ ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ, ਗੁਰਦੁਆਰਾ ਸੱਚਾ ਸੌਦਾ ਸਾਹਿਬ ਮੰਡੀ ਚੂਹੜਕਾਣਾ ਸ਼ੇਖੂਪੁਰਾ, ਗੁਰਦੁਆਰਾ ਸ੍ਰੀ ਪੰਜਾ ਸਾਹਿਬ ਆਦਿ ਗੁਰ-ਅਸਥਾਨਾਂ ਦੇ ਦਰਸ਼ਨ ਦੀਦਾਰੇ ਕਰਨਗੇ। ਉਨ੍ਹਾਂ ਦੱਸਿਆ ਕਿ ਜਥੇ ਦੀ ਵਾਪਸੀ 30 ਜੂਨ ਨੂੰ ਹੋਵੇਗੀ।

ਸ਼੍ਰੋਮਣੀ ਕਮੇਟੀ ਦਫਤਰ ਤੋਂ ਜਥਾ ਰਵਾਨਾ ਕਰਨ ਸਮੇਂ ਸਕੱਤਰ ਪ੍ਰਤਾਪ ਸਿੰਘ ਤੋਂ ਇਲਾਵਾ ਵਧੀਕ ਸਕੱਤਰ ਕੁਲਵਿੰਦਰ ਸਿੰਘ ਰਮਦਾਸ, ਬਲਵਿੰਦਰ ਸਿੰਘ ਕਾਹਲਵਾਂ, ਬਿਜੈ ਸਿੰਘ, ਗੁਰਿੰਦਰ ਸਿੰਘ ਮਥਰੇਵਾਲ, ਗੁਰਮੀਤ ਸਿੰਘ ਬੁੱਟਰ, ਮੀਤ ਸਕੱਤਰ ਜਵਿੰਦਰ ਸਿੰਘ ਜੱਸੀ, ਪ੍ਰੋ. ਸੁਖਦੇਵ ਸਿੰਘ, ਮਲਕੀਤ ਸਿੰਘ ਸੁਪ੍ਰਿੰਟੈਂਡੈਂਟ, ਇੰਚਾਰਜ ਯਾਤਰਾ ਪਲਵਿੰਦਰ ਸਿੰਘ, ਬਲਵਿੰਦਰ ਸਿੰਘ ਖੈਰਾਬਾਦ, ਮਨਜੀਤ ਸਿੰਘ, ਅਜ਼ਾਦੀਪ ਸਿੰਘ ਸਮੇਤ ਹੋਰ ਵੀ ਮੌਜੂਦ ਸਨ।

# ਪੰਜਾਬ ਮਿੰਨੀ ਬੱਸ ਆਪਰੇਟਰਾਂ ਨੇ ਪਾਵਰ ਕਾਰਪੋਰੇਸ਼ਨ ਦੇ ਐੱਸ ਸੀ ਖਹਿਰਾ ਦਾ ਪੁਤਲਾ ਸਾੜਿਆ



ਤਰਨਤਾਰਨ (ਸਾਗਰਦੀਪ ਸਿੰਘ ਅਰੋੜਾ)-ਪੰਜਾਬ ਸਰਕਾਰ ਵਲੋਂ ਭ੍ਰਿਸ਼ਟਾਚਾਰ ਮੁਕਤ ਪੰਜਾਬ ਅਤੇ ਪਾਰਦਰਸ਼ਤਾ ਲਈ ਕੰਮ ਕਰਦਿਆਂ ਲੰਬੇ ਸਮੇ ਤੋਂ ਇਕੋ ਸਟੇਸ਼ਨਾਂ ਤੇ ਪੈਰ ਜਮਾਈ ਬੈਠੀ ਅਫਸਰਸ਼ਾਹੀ ਦੀਆਂ ਸਮੇਂ ਸਮੇਂ ਬਦਲੀਆਂ ਤਹਿਤ ਤਰਨ ਤਾਰਨ ਪੰਜਾਬ ਰਾਜ ਪਾਵਰ ਕਾਰਪੋਰੇਸ਼ਨ 'ਚ ਐਸ ਸੀ ਗੁਰਸ਼ਰਨ ਸਿੰਘ ਖਹਿਰਾ ਦੇ ਤਬਾਦਲੇ ਨਾਲ ਵੱਖ-ਵੱਖ ਜਥੇਬੰਦੀਆਂ ਵਲੋਂ ਸ਼ੁਕਰ ਮਨਾਇਆ ਗਿਆ ਕਿ ਇਸ ਅਫਸਰ ਦਾ ਤਬਾਦਲਾ ਹੋਇਆ। ਇਸਦੇ ਬਾਵਜੂਦ ਇਸ ਅਫਸਰ ਵਲੋਂ ਸਰਕਾਰ 'ਤੇ ਦਬਾ ਬਣਾਇਆ ਜਾ ਰਿਹਾ ਹੈ ਕਿ ਵਾਪਸੀ ਤਰਨ ਤਾਰਨ ਹੋਵੇ ਯਤਨ ਕੀਤੇ ਜਾ ਰਹੇ ਹਨ ਅਤੇ ਜ਼ਿਲੇ ਦੇ ਕੈਬਨਿਟ ਮੰਤਰੀ ਨਾਲ ਰੰਜਿਸ਼ ਤਹਿਤ ਜਨਤਕ ਪਾਰਟੀਆਂ ਨਾਲ ਮਿਲ ਕੇ ਮੰਤਰੀ ਖਿਲਾਫ ਆਵਾਜ਼ ਉਠਾਈ ਜਾ ਰਹੀ ਹੈ ਜਦ ਕਿ ਹੋਣਹਾਰ ਲੋਕਾਂ ਦੇ ਮਸੀਹਾ ਮੰਤਰੀ ਲਾਲਜੀਤ ਸਿੰਘ ਭੁੱਲਰ ਦਾ ਬਦਲੀ ਕਰਾਉਣ 'ਚ ਕੋਈ ਦਖਲ ਨਹੀਂ ਜਿਸ ਦੇ ਵਿਰੋਧ 'ਚ ਟਰਾਂਸਪੋਰਟ ਮਹਿਕਮਾ ਲਾਲਜੀਤ ਸਿੰਘ ਭੁੱਲਰ ਮੰਤਰੀ ਟਰਾਂਸਪੋਰਟ ਦੇ ਹੱਕ 'ਚ ਅਗੇ ਆਇਆ ਅਤੇ ਅਜ ਮਿੰਨੀ ਬੱਸ ਆਪਰੇਟਰ ਐਸੋਸੀਏਸ਼ਨ ਪੰਜਾਬ ਵਲੋਂ ਪਾਵਰ ਕਾਰਪੋਰੇਸ਼ਨ ਦੇ ਐਸਸੀ ਗੁਰਸ਼ਰਨ ਸਿੰਘ ਖਹਿਰਾ ਖਿਲਾਫ ਜ਼ਬਰਦਸਤ ਪ੍ਰਦਰਸ਼ਨ ਕੀਤਾ ਗਿਆ। ਪੰਜਾਬ ਭਰ 'ਚੋਂ ਪਹੁੰਚੇ ਮਿੰਨੀ ਬੱਸ ਆਪਰੇਟਰਾਂ ਖਹਿਰਾ ਖਿਲਾਫ ਅਵਾਜ਼ ਬੁਲੰਦ ਕੀਤੀ ਅਤੇ ਲੋਕ ਮਾਰੂ ਗਰੀਬ ਮਾਰੂ ਬੇਰਹਿਮ ਅਫਸਰ ਗੁਰਸ਼ਰਨ ਖਹਿਰਾ ਦੇ ਕਾਰਨਾਮੇ ਉਜਾਗਰ ਕੀਤੇ ਤੇ ਕਿਹਾ ਕਿ ਗਰੀਬਾਂ ਦਾ ਖੂਨ ਪੀਣ ਵਾਲੀ ਇਸ ਜੋਕ ਨੂੰ ਸਰਕਾਰ ਭੁਲੇਖੇ ਨਾਲ ਵੀ ਵਾਪਸ ਤਰਨ ਤਾਰਨ ਨਾ ਭੇਜੇ ਨਹੀਂ ਤਾ ਕਿਸਾਨ ਸੜਕਾਂ 'ਤੇ ਆ ਜਾਣਗੇ, ਸਾਰੀਆਂ ਪਾਰਟੀਆਂ ਵਲੋਂ ਜ਼ਬਰਦਸਤ ਵਿਰੋਧ ਹੋਵੇਗਾ। ਇਸ ਮੌਕੇ ਪੰਜਾਬ ਪ੍ਰਧਾਨ ਬਲਦੇਵ ਸਿੰਘ ਬੱਬੂ ਨੇ ਕਿਹਾ ਕਿ ਗੁਰਸ਼ਰਨ ਸਿੰਘ ਖਹਿਰਾ ਖਿਲਾਫ ਮਿੰਨੀ ਬਾੱਸ ਅਪਰੇਟਰ ਇਕਮੁੱਠ ਹੋ ਕੇ ਅਗੇ ਆਏ ਹਨ। ਇਸ ਮੌਕੇ ਖਹਿਰਾ ਦਾ ਪੁਤਲਾ ਸਾੜਿਆ ਗਿਆ ਅਤੇ ਜੰਡਿਆਲਾ ਚੌਕ 'ਚ ਪਿੱਟ ਸਿਆਪਾ ਕੀਤਾ ਗਿਆ। ਇਸ ਮੌਕੇ ਮਿੰਨੀ ਬੱਸ ਆਪਰੇਟਰ ਯੂਨੀਅਨ ਦੇ ਪੰਜਾਬ ਪ੍ਰਧਾਨ ਬਲਦੇਵ ਸਿੰਘ ਬੱਬੂ, ਜਗਜੀਤ ਸਿੰਘ ਸੀਨੀਅਰ ਮੀਤ ਪ੍ਰਧਾਨ, ਦੀਪ ਸਿੰਘ ਮਾਹਲਾ ਫਰੀਦਕੋਟ, ਇੰਦਰਜੀਤ ਸਿੰਘ ਜੀਰਾ, ਗੁਰਬਿੰਦਰ ਸਿੰਘ ਬਰਾੜ, ਰਿੰਕੀ ਸ਼ਰਮਾ ਬੱਸ ਫਰੀਦਕੋਟ ਗੁਰਵਿੰਦਰ ਸ਼ਰਮਾ ਜੀਰਾ, ਪਿੱਪਲ ਸਿੰਘ ਮੱਲਾਂ ਵਾਲਾ, ਸੁਖਵਿੰਦਰ ਸਿੰਘ ਕਿੱਲੀ ਗੁੱਦਾ, ਗੁਰਇੰਦਰ ਸਿੰਘ, ਜਸਬੀਰ ਸਿੰਘ, ਸਰਪੰਚ ਸਰਬਜੀਤ ਸਿੰਘ ਤਰਸਿੱਕਾ, ਸਵਿੰਦਰ ਸਿੰਘ ਮੋਲੇ ਕੇ, ਕਰਮਜੀਤ ਸਿੰਘ ਮਿੰਟੂ, ਨਿਸ਼ਾਨ ਸਿੰਘ, ਕੁਲਦੀਪ ਸਿੰਘ ਝੰਝੋਟੀ, ਇੰਦਰ ਸਿੰਘ ਲੋਪੋਕੇ, ਕਲਵੰਤ ਸਿੰਘ ਢਿੱਲੋਂ, ਸੋਨੂ ਢਿੱਲੋਂ, ਸਤਨਾਮ ਸਿੰਘ ਸੁਹਾਵਾ, ਕਮਲਜੀਤ ਸਿੰਘ, ਸੁਖਦੀਪ ਸਿੰਘ, ਬਲਬੀਰ ਸਿੰਘ ਸੂਰਗਪੁਰੀ, ਇਕਬਾਲ ਸਿੰਘ, ਦਿਲਬਾਗ ਸਿੰਘ ਤੇ ਹੋਰ ਮਿੰਨੀ ਬੱਸ ਆਪਰੇਟਰ ਵੱਡੀ ਗਿਣਤੀ 'ਚ ਹਾਜ਼ਰ ਸਨ।

# ਚੇਅਰਮੈਨ ਰਮਨ ਬਹਿਲ ਨੇ ਮੈਡੀਕਲ ਅਫਸਰਾਂ ਨੂੰ ਦਿੱਤੇ ਨਿਯੁਕਤੀ ਪੱਤਰ




ਗੁਰਦਾਸਪੁਰ/ਧਾਰੀਵਾਲ, (ਜਨਕ ਮਹਾਜਨ/ਮਨਦੀਪ ਸਿੰਘ ਵਿੱਕੀ)-ਪੰਜਾਬ ਸਰਕਾਰ ਵਲੋਂ ਆਮ ਆਦਮੀ ਕਲੀਨਿਕ ਵਿਖੇ ਮੈਡੀਕਲ ਅਫਸਰਾਂ ਦੀ ਤਾਇਨਾਤੀ ਦੇ ਤੀਜੇ ਗੇੜ ਵਿਚ ਨਵੀਆਂ ਨਿਯੁਕਤੀਆਂ ਕੀਤੀਆਂ ਗਈਆਂ ਹਨ। ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ ਦੇ ਚੇਅਰਮੈਨ ਰਮਨ ਬਹਿਲ ਨੇ ਨਵ-ਨਿਯੁਕਤ ਮੈਡੀਕਲ ਅਫਸਰਾਂ ਨੂੰ ਸਿਵਲ ਸਰਜਨ ਗੁਰਦਾਸਪੁਰ ਡਾਕਟਰ ਹਰਭਜਨ ਰਾਮ ਮਾਂਡੀ ਦੀ ਹਾਜ਼ਰੀ ਵਿਚ ਨਿਯੁਕਤੀ ਪੱਤਰ ਦਿਤੇ।

ਇਸ ਮੌਕੇ ਚੇਅਰਮੈਨ ਰਮਨ ਬਹਿਲ ਨੇ ਨਵ-ਨਿਯੁਕਤ ਮੈਡੀਕਲ ਅਫਸਰਾਂ ਨੂੰ ਵਧਾਈ ਦਿਤੀ। ਉਨਾਂ ਕਿਹਾ ਕਿ ਪੰਜਾਬ ਵਿਚ ਸਿਹਤ ਸਹੂਲਤਾਂ ਵਿਚ ਲਗਾਤਾਰ ਵਾਧਾ ਹੋ ਰਿਹਾ ਹੈ। ਆਮ ਆਦਮੀ ਕਲੀਨਿਕਾਂ ਰਾਹੀ ਸਿਹਤ ਸਹੂਲਤਾਂ ਵਿਚ ਵਿਸਤਾਰ ਹੋਇਆ ਹੈ। ਇਨ੍ਹਾਂ ਕਲੀਨਿਕਾਂ ਵਿਚ ਜਲਦ ਹੀ ਹੋਰ ਸਟਾਫ ਤਾਇਨਾਤ ਕੀਤਾ ਜਾਵੇਗਾ। ਸਿਵਲ ਸਰਜਨ ਗੁਰਦਾਸਪੁਰ ਡਾਕਟਰ ਹਰਭਜਨ ਰਾਮ ਮਾਂਡੀ ਨੇ ਕਿਹਾ ਕਿ ਜ਼ਿਲੇ ਵਿਚ ਪਹਿਲੇ ਫੇਸ ਵਿਚ 16 ਮੈਡੀਕਲ ਅਫਸਰਾਂ ਨੂੰ ਨਿਯੁਕਤੀ ਪੱਤਰ ਦਿੱਤੇ ਗਏ ਸਨ, ਦੂਜੇ ਗੇੜ ਵਿਚ 10 ਮੈਡੀਕਲ ਅਫਸਰਾਂ ਨੂੰ ਨਿਯੁਕਤੀ ਪੱਤਰ ਦਿੱਤੇ ਗਏ ਅਤੇ ਅੱਜ 6 ਮੈਡੀਕਲ ਅਫਸਰਾਂ ਨੂੰ ਨਿਯੁਕਤੀ ਪੱਤਰ ਦਿਤੇ ਗਏ ਹਨ।

ਇਸ ਮੌਕੇ ਜ਼ਿਲ੍ਹਾ ਪਰਿਵਾਰ ਭਲਾਈ ਅਫਸਰ ਡਾ. ਤੇਜਿੰਦਰ ਕੌਰ, ਡੀਡੀਐੱਚਓ ਡਾ. ਸ਼ੈਲਾ ਕੰਵਰ, ਅਮਨਦੀਪ ਸਿੰਘ, ਮਾਸ ਮੀਡੀਆ ਅਫਸਰ ਗੁਰਿੰਦਰ ਕੌਰ ਅਤੇ ਰਾਕੇਸ਼ ਕੁਮਾਰ ਹਾਜ਼ਰ ਸਨ।

# ਯੋਗ ਸਾਡੇ ਸਰੀਰ, ਮਨ ਤੇ ਆਤਮਾ ਨੂੰ ਆਪਸ 'ਚ ਜੋੜਦੈ : ਡਾ. ਸੂਰਜਪਾਲ



ਸਰਾਏ ਅਮਾਨਤ ਖਾਂ (ਮੱਖਣ ਮਨੋਜ)-ਵਿਸ਼ਵ ਯੋਗਾ ਦਿਵਸ ਦੇ ਮੌਕੇ ਸਿਵਲ ਸਰਜਨ ਤਰਨ ਤਾਰਨ ਡਾ. ਗੁਰਪ੍ਰੀਤ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਸੀਐੱਚਸੀ ਝਬਾਲ ਦੇ ਸੀਨੀਅਰ ਮੈਡੀਕਲ ਅਫਸਰ ਡਾਕਟਰ ਸੂਰਜਪਾਲ ਦੀ ਅਗਵਾਈ ਹੇਠ ਬਲਾਕ ਦੇ ਵੱਖ-ਵੱਖ ਸਬ-ਸੈਂਟਰਾਂ ਤੇ ਯੋਗਾ ਦਿਵਸ ਮਨਾਇਆ ਗਿਆ। ਡਾਕਟਰ ਸੂਰਜਪਾਲ ਨੇ ਦੱਸਿਆ ਕਿ ਵਿਸ਼ਵ ਯੋਗ ਦਿਵਸ ਪੂਰੀ ਦੁਨੀਆ ਵਿੱਚ ਹਰ ਸਾਲ 21 ਜੂਨ ਨੂੰ ਮਨਾਇਆ ਜਾਂਦਾ ਹੈ ਤਾਂ ਜੋ ਲੋਕਾਂ ਵਿੱਚ ਯੋਗਾ ਪ੍ਰਤੀ ਜਾਗਰੂਕਤਾ ਪੈਦਾ ਕੀਤਾ ਜਾ ਸਕੇ।

ਉਨ੍ਹਾਂ ਕਿਹਾ ਕਿ ਯੋਗਾ ਸਾਡੇ ਸਰੀਰ, ਮਨ ਅਤੇ ਆਤਮਾ ਨੂੰ ਆਪਸ 'ਚ ਜੋੜਦਾ ਹੈ, ਇੱਕ ਸੂਤਰ ਵਿੱਚ ਪ੍ਰੋਣ ਦਾ ਕੰਮ ਵੀ ਕਰਦਾ ਹੈ। ਯੋਗਾ ਸਾਡੀ ਸਿਹਤ ਨੂੰ ਬਣਾਈ ਰੱਖਣ, ਸਿਹਤ ਦੀ ਬਿਹਤਰੀ, ਸਰੀਰਕ ਅਤੇ ਮਾਨਸਿਕ ਰੋਗਾਂ ਨੂੰ ਠੀਕ ਕਰਨ ਲਈ ਵੀ ਅਹਿਮ ਹੈ। ਇਸ ਨਾਲ ਸਕਾਰਾਤਮਕ ਵਿਚਾਰ, ਗੁੱਸਾ, ਵੈਰ-ਵਿਰੋਧ ਦੀ ਭਾਵਨਾ ਦਾ ਖਾਤਮਾ ਅਤੇ ਮਨ ਉੱਪਰ ਕਾਬੂ ਰੱਖਣ ਲਈ ਸ਼ਕਤੀ ਮਿਲਦੀ ਹੈ। ਉਥੇ ਆਲਸ, ਉਦਾਸੀ ਨੂੰ ਖਤਮ ਕਰਕੇ ਸਿਹਤਮੰਦ ਜੀਵਨ ਜਿਊਣ ਦੀ ਇੱਛਾ ਸ਼ਕਤੀ ਵਿੱਚ ਵੀ ਵਾਧਾ ਹੁੰਦਾ ਹੈ। ਕੋਰੋਨਾ ਵਾਇਰਸ ਦੇ ਟਾਕਰੇ ਲਈ ਯੋਗ ਕਿਰਿਆਵਾਂ ਦਾ ਹਰ ਰੋਜ਼ ਅਭਿਆਸ ਰਾਮਬਾਣ ਦੀ ਤਰ੍ਹਾਂ ਕੰਮ ਕਰਦਾ ਹੈ। ਯੋਗ ਕਿਰਿਆ ਇਨਸਾਨ ਲਈ ਸਸਤਾ ਤੇ ਵਧੀਆ ਇਮਿਊਨਟੀ ਬੂਸਟਰ ਹੈ, ਜੋ ਰੋਗਾਂ ਨਾਲ ਲੜਨ ਦੀ ਵਧੇਰੇ ਸਮਰੱਥਾ ਪ੍ਰਦਾਨ ਕਰਦਾ ਹੈ।

ਅੱਜ ਦੀ ਭੱਜਦੌੜ ਦੀ ਜ਼ਿੰਦਗੀ ਵਿੱਚ ਮਾਨਸਿਕ ਅਤੇ ਸਰੀਰਕ ਸਮੱਸਿਆਵਾਂ ਤੋਂ ਛੁਟਕਾਰਾ ਪਾਉਣ ਲਈ ਯੋਗ ਸਾਧਨਾਂ ਇਕ ਉੱਤਮ ਵਿਧੀ ਹੈ। ਇਸ ਮੌਕੇ ਡਾਕਟਰ ਹਰਪ੍ਰੀਤ ਸਿੰਘ, ਬਲਾਕ ਐਜੂਕੇਟਰ ਹਰਦੀਪ ਸਿੰਘ, ਹੈਲਥ ਇੰਸਪੈਕਟਰ ਰਾਮ ਰਛਪਾਲ ਧਵਨ, ਗੁਰਬੀਰ ਸਿੰਘ ਪੰਡੋਰੀ, ਫਾਰਮਾਸਿਸਟ ਪਾਲਜੀਤ ਸਿੰਘ, ਗੁਰਮੀਤ ਸਿੰਘ ਨਛੱਤਰ ਸਿੰਘ, ਵਰਿੰਦਰ ਕੌਰ, ਰਬਿੰਦਰ ਸਿੰਘ ਭੋਜੀਆ ਤੋਂ ਇਲਾਵਾ ਹੋਰ ਵੀ ਸਿਹਤ ਕਰਮਚਾਰੀ ਹਾਜ਼ਰ ਸਨ।

# ਸ੍ਰੀ ਕਰਤਾਰਪੁਰ ਸਾਹਿਬ ਕੋਰੀਡੋਰ ਵਿਖੇ ਜ਼ਿਲ੍ਹਾ ਪੱਧਰੀ ਯੋਗਸ਼ਾਲਾ ਆਯੋਜਿਤ



ਗੁਰਦਾਸਪੁਰ (ਜਨਕ ਮਹਾਜਨ)-ਸ੍ਰੀ ਕਰਤਾਰਪੁਰ ਸਾਹਿਬ ਕੋਰੀਡੋਰ ਵਿਖੇ ਜ਼ਿਲ੍ਹਾ ਪੱਧਰੀ ਯੋਗ ਦੇ 9ਵੇਂ ਕੌਮਾਂਤਰੀ ਯੋਗ ਦਿਵਸ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਦੀ ਅਗਵਾਈ ਹੇਠ ਜ਼ਿਲ੍ਹਾ ਪ੍ਰਸ਼ਾਸਨ ਵਲੋਂ ਉਤਸ਼ਾਹ ਨਾਲ ਮਨਾਇਆ ਗਿਆ। ਕੌਮਾਂਤਰੀ ਯੋਗ ਦਿਵਸ ਸਬੰਧੀ ਅੱਜ ਸਵੇਰੇ 6:00 ਵਜੇ ਸ੍ਰੀ ਕਰਤਾਰਪੁਰ ਸਾਹਿਬ ਕੋਰੀਡੋਰ ਦੇ ਖ਼ੂਬਸੂਰਤ ਵਿਹੜੇ ਵਿੱਚ ਲਗਾਏ ਵਿਸ਼ੇਸ਼ ਯੋਗਾ ਕੈਂਪ 'ਚ ਵੱਡੀ ਗਿਣਤੀ 'ਚ ਜ਼ਿਲ੍ਹਾ ਪ੍ਰਸ਼ਾਸਨ, ਲੈਂਡ ਪੋਰਟ ਅਥਾਰਟੀ ਦੇ ਅਧਿਕਾਰੀ ਤੇ ਕਰਮਚਾਰੀ, ਬੀ.ਐਸ.ਐਫ. ਦੇ ਅਧਿਕਾਰੀ ਤੇ ਜਵਾਨ, ਡੇਰਾ ਬਾਬਾ ਨਾਨਕ ਦੇ ਵਸਨੀਕ ਅਤੇ ਸਕੂਲੀ ਵਿਦਿਆਰਥੀ ਸ਼ਾਮਿਲ ਹੋਏ। ਇਸ ਜ਼ਿਲ੍ਹਾ ਪੱਧਰੀ ਯੋਗ ਸਾਮਗਮ ਨੂੰ ਸਫਲ ਬਣਾਉਣ ਵਿੱਚ ਆਯੂਰਵੈਦਿਕ ਵਿਭਾਗ, ਜ਼ਿਲ੍ਹਾ ਹੈਰੀਟੇਜ ਸੁਸਾਇਟੀ ਅਤੇ ਆਈਸੀਆਈਸੀਆਈ ਬੈਂਕ ਦਾ ਵਿਸ਼ੇਸ਼ ਯੋਗਦਾਨ ਰਿਹਾ। ਸਰਕਾਰੀ ਆਯੁਰਵੈਦਿਕ ਡਾਕਟਰ ਨਵਦੀਪ ਸਿੰਘ ਅਤੇ ਉਨ੍ਹਾਂ ਦੀ ਟੀਮ ਵਲੋਂ ਕੈਂਪ ਵਿੱਚ ਹਾਜ਼ਰ ਵਿਅਕਤੀਆਂ ਨੂੰ ਯੋਗ ਦੀ ਮਹੱਤਤਾ ਬਾਰੇ ਵਿਸਥਾਰ ਵਿੱਚ ਦੱਸਿਆ ਗਿਆ ਅਤੇ ਨਾਲ ਹੀ ਯੋਗਾ ਦੇ ਵੱਖ-ਵੱਖ ਆਸਣ ਕਰਵਾਏ ਗਏ। ਇਸ ਮੌਕੇ ਸਰਕਾਰੀ ਹਾਈ ਸਕੂਲ ਹਯਾਤਨਗਰ ਦੀਆਂ ਵਿਦਿਆਰਥਣਾਂ ਵੱਲੋਂ ਵੀ ਯੋਗ ਆਸਣਾਂ ਸਬੰਧੀ ਆਪਣੀ ਸ਼ਾਨਦਾਰ ਪੇਸ਼ਕਾਰੀ ਕੀਤੀ ਗਈ। ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਕਿਹਾ ਕਿ ਯੋਗਾ ਸਾਡੀ ਪ੍ਰਾਚੀਨ ਪਰੰਪਰਾ ਤੋਂ ਪ੍ਰਾਪਤ ਅਨਮੋਲ ਤੋਹਫਾ ਹੈ। ਇਸ ਯੋਗ ਕੈਂਪ ਵਿੱਚ ਆਈਸੀਆਈਸੀਆਈ ਬੈਂਕ ਅਤੇ ਜ਼ਿਲ੍ਹਾ ਹੈਰੀਟੇਜ ਸੁਸਾਇਟੀ ਵੱਲੋਂ ਵਿਸ਼ੇਸ਼ ਸਹਿਯੋਗ ਦਿੱਤਾ ਗਿਆ।

ਇਸ ਮੌਕੇ ਲੈਂਡ ਪੋਰਟ ਅਥਾਰਟੀ ਦੇ ਜੀ.ਐੱਮ. ਟੀ.ਆਰ. ਸ਼ਰਮਾ, ਸਹਾਇਕ ਮੈਨੇਜਰ ਮਨਜੀਤ ਸਿੰਘ, ਬੀ.ਐਸ.ਐਫ. ਦੇ ਕਮਾਂਡੈਂਟ ਐਸ.ਐਸ. ਗਰਚਾ, ਸਹਾਇਕ ਕਮਾਂਡੈਂਟ ਐਨ. ਕੇ ਵਰਮਾ, ਸਹਾਇਕ ਕਮਿਸ਼ਨਰ (ਜ) ਸਚਿਨ ਪਾਠਕ, ਐਸ.ਡੀ.ਐਮ. ਡੇਰਾ ਬਾਬਾ ਨਾਨਕ ਅਸ਼ਵਨੀ ਅਰੋੜਾ, ਉਘੇ ਜਨਤਕ ਆਗੂ ਗੁਰਦੀਪ ਸਿੰਘ ਰੰਧਾਵਾ, ਸਿਵਲ ਸਰਜਨ ਡਾ. ਹਰਭਜਨ ਰਾਮ ਮਾਂਡੀ, ਮੁੱਖ ਖੇਤੀਬਾੜੀ ਅਫ਼ਸਰ ਕ੍ਰਿਪਾਲ ਸਿੰਘ ਢਿਲੋਂ, ਡਿਪਟੀ ਡਾਇਰੈਕਟਰ ਡਾ. ਸ਼ਾਮ ਸਿੰਘ, ਜ਼ਿਲ੍ਹਾ ਭੂਮੀ ਰੱਖਿਆ ਅਫ਼ਸਰ ਹਰਚਰਨ ਸਿੰਘ ਕੰਗ, ਜ਼ਿਲ੍ਹਾ ਹੈਰੀਟੇਜ ਸੁਸਾਇਟੀ ਦੇ ਸਕੱਤਰ ਪ੍ਰੋ. ਰਾਜ ਕੁਮਾਰ ਸ਼ਰਮਾ, ਡਾ. ਹਰਿੰਦਰ ਸਿੰਘ, ਡਾ. ਅਸ਼ੋਕ ਕੁਮਾਰ, ਡਾ. ਰਮਨ ਸਗੋਤਰਾ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਬੀ.ਐਸ.ਐਫ. ਦੇ ਜਵਾਨ, ਸਕੂਲੀ ਵਿਦਿਆਰਥੀ ਅਤੇ ਡੇਰਾ ਬਾਬਾ ਨਾਨਕ ਦੇ ਵਾਸੀ ਹਾਜ਼ਰ ਸਨ।

# ਮਾਨ ਸਰਕਾਰ ਦੇ ਫੈਸਲਿਆਂ ਤੋਂ ਪੰਜਾਬ ਦੇ ਲੋਕ ਖੁਸ਼: ਈ ਟੀ ਓ



ਤਰਸਿੱਕਾ (ਤਰਸੇਮ ਸਿੰਘ ਸਾਧਪੁਰ)—ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਨੇ ਆਪਣੇ 14 ਮਹੀਨਿਆਂ ਦੇ ਕਾਰਜਕਾਲ ਦੌਰਾਨ ਲਏ ਗਏ ਲੋਕ ਹਿੱਤੂ ਫੈਸਲਿਆਂ ਤੋ ਪੰਜਾਬ ਦੇ ਲੋਕ ਬਹੁਤ ਖੁਸ਼ ਹਨ ਅਤੇ ਲੋਕ ਆਪ-ਮੁਹਾਰੇ ਆਪ ਨਾਲ ਜੁੜ ਰਹੇ ਹਨ। ਇਹ ਪ੍ਰਗਟਾਵਾ ਕੈਬਨਿਟ ਮੰਤਰੀ ਹਰਭਜਨ ਸਿੰਘ ਈਟੀਓ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਉਨ੍ਹਾਂ ਕਿਹਾ ਕਿ ਮਾਨ ਸਰਕਾਰ ਨੇ ਆਪਣੇ 14 ਮਹੀਨਿਆਂ ਦੇ ਕਾਰਜਕਾਲ ਦੌਰਾਨ ਹੀ ਸਾਰੇ ਵਰਗ ਦੇ ਲੋਕਾਂ ਨੂੰ 600 ਯੂਨਿਟ ਮੁਫ਼ਤ ਬਿਜਲੀ, ਮੁਹੱਲਾ ਕਲੀਨਿਕ, 29000 ਤੋਂ ਵਧੇਰੇ ਨੌਕਰੀਆਂ, ਕੱਚੇ ਮੁਲਾਜ਼ਮਾਂ ਨੂੰ ਪੱਕੇ ਕਰਨਾ ਅਤੇ ਪੰਜਾਬ ਦੇ ਹਿੱਤਾਂ ਨੂੰ ਮੋਹਰੀ ਰੱਖਿਆ ਹੈ।

ਈਟੀਓ ਨੇ ਦੱਸਿਆ ਕਿ ਸਰਕਾਰ ਵੱਲੋਂ ਆਵਾਜਾਈ ਦੀਆਂ ਬਿਹਤਰ ਸਹੂਲਤਾਂ ਦੇਣ ਦੇ ਉਦੇਸ਼ ਨਾਲ ਨਵੀਆਂ ਸੜਕਾਂ, ਪੁਰਾਣੀਆਂ ਸੜਕਾਂ ਦੀ ਮੁਰੰਮਤ ਦਾ ਕੰਮ ਤੇਜ਼ੀ ਨਾਲ ਚੱਲ ਰਿਹਾ ਹੈ।

ਉਨ੍ਹਾਂ ਕਿਹਾ ਕਿ ਝੋਨੇ ਦੀ ਬਿਜਾਈ ਸੀਜ਼ਨ ਦੌਰਾਨ ਕਿਸਾਨਾਂ ਨੂੰ ਕੋਈ ਵੀ ਮੁਸ਼ਕਲ ਨਹੀਂ ਆਉਣ ਦਿੱਤੀ ਜਾਵੇਗੀ ਅਤੇ ਸਰਕਾਰ ਵੱਲੋਂ ਪੁਖਤਾ ਪ੍ਰਬੰਧ ਕਰ ਲਏ ਗਏ ਹਨ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਸੀਨੀਅਰ ਆਪ ਆਗੂ ਭਾਈ ਦਲੇਰ ਸਿੰਘ ਸਾਧਪੁਰ, ਮਾਸਟਰ ਇੰਦਰਜੀਤ ਸਿੰਘ, ਸਰਪੰਚ ਜਗੀਰ ਸਿੰਘ ਸਾਧਪੁਰ, ਕੰਵਲਜੀਤ ਸਿੰਘ ਲਹਿਲ ਆਦ ਆਗੂ ਵੀ ਹਾਜ਼ਰ ਸਨ।

# ਡਾ. ਸੋਹਲ ਨੇ ਢੰਡ 'ਚ ਗੈਰ-ਮਿਆਰੀ ਵਿਕਾਸ ਕਾਰਜ ਬੰਦ ਕਰਵਾਇਆ



ਤਰਨ ਤਾਰਨ (ਸਾਗਰਦੀਪ ਸਿੰਘ ਅਰੋੜਾ)-ਪਿੰਡ ਪਿੰਡ ਅਤੇ ਗਲੀ-ਗਲੀ ਵਿਕਾਸ ਮੁਹਿੰਮ ਤਹਿਤ ਤਰਨਤਾਰਨ ਦੇ ਵਿਧਾਇਕ ਡਾਕਟਰ ਕਸ਼ਮੀਰ ਸਿੰਘ ਸੋਹਲ ਨੇ ਪਿੰਡ ਢੰਡ ਵਿਖੇ ਵਿਕਾਸ ਕਾਰਜਾਂ ਦਾ ਜਾਇਜ਼ਾ ਲਿਆ ਜਿਸ ਦੌਰਾਨ ਪਿੰਡ ਵਾਸੀਆਂ ਵੱਲੋਂ ਗੈਰ-ਮਿਆਰੀ ਅਤੇ ਘਟੀਆ ਮਟੀਰੀਅਲ ਦੀ ਸ਼ਿਕਾਇਤ ਕੀਤੀ ਗਈ।

ਵਿਧਾਇਕ ਸੋਹਲ ਵੱਲੋਂ ਮੌਕੇ 'ਤੇ ਕੀਤੀ ਜਾਂਚ ਤੋਂ ਬਾਅਦ ਤੁਰੰਤ ਚੱਲ ਰਹੇ ਵਿਕਾਸ ਕਾਰਜ ਨੂੰ ਬੰਦ ਕਰਵਾ ਦਿੱਤਾ। ਇਸ ਮੌਕੇ ਵਿਧਾਇਕ ਸੋਹਲ ਨੇ ਪਿੰਡ ਵਾਸੀਆਂ ਨੂੰ ਸੰਬੋਧਨ ਕਰਦੇ ਹੋਏ ਵਿਸ਼ਵਾਸ ਦਿਵਾਇਆ ਕਿ ਕਿਸੇ ਵੀ ਵਿਕਾਸ ਕਾਰਜ ਵਿੱਚ ਬੇਨਿਯਮੀਆਂ ਅਤੇ ਘਟੀਆ ਮਟੀਰੀਅਲ ਵਰਤਣ ਦੀ ਆਗਿਆ ਨਹੀਂ ਦਿੱਤੀ ਜਾਵੇਗੀ ਸਗੋਂ ਜ਼ਿੰਮੇਵਾਰ ਵਿਅਕਤੀਆਂ ਵਿਰੁੱਧ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

ਵਿਧਾਇਕ ਸੋਹਲ ਨੇ ਕਿਹਾ ਕਿ ਤਰਨਤਾਰਨ ਹਲਕੇ ਦੇ ਪਿੰਡਾਂ ਦਾ ਸਮੁੱਚਾ ਵਿਕਾਸ ਕਰਨਾ ਮੇਰੀ ਪਹਿਲੀ ਤਰਜੀਹ ਹੈ ਅਤੇ ਇਸ ਵਾਸਤੇ ਸਰਕਾਰੀ ਫੰਡਾਂ ਦੀ ਕੋਈ ਕਮੀ ਨਹੀਂ ਆਉਣ ਦਿੱਤੀ ਜਾਵੇਗੀ।

ਡਾਕਟਰ ਸੋਹਲ ਨੇ ਇਲਾਕੇ ਦੀਆਂ ਸਮੂਹ ਪੰਚਾਇਤਾਂ ਅਤੇ ਪੇਂਡੂ ਵਿਕਾਸ ਕਮੇਟੀਆਂ ਦੇ ਪ੍ਰਤੀਨਿਧੀਆਂ ਨੂੰ ਅਪੀਲ ਕੀਤੀ ਹੈ ਕਿ ਉਹ ਆਪਣੇ ਪਿੰਡਾਂ ਵਿੱਚ ਚੱਲ ਰਹੇ ਵਿਕਾਸ ਕਾਰਜਾਂ ਦੀ ਨਿਗਰਾਨੀ ਅਤੇ ਕਿਸੇ ਵੀ ਬੇਨਿਯਮੀ ਜਾਂ ਗੈਰ-ਮਿਆਰੀ ਮਟੀਰੀਅਲ ਦੀ ਵਰਤੋਂ ਬਾਰੇ ਤੁਰੰਤ ਧਿਆਨ ਵਿੱਚ ਲਿਆਉਣ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਭ੍ਰਿਸ਼ਟਾਚਾਰ ਦਾ ਖਾਤਮਾ ਲੋਕਾਂ ਦੇ ਸਹਿਯੋਗ ਨਾਲ ਹੀ ਹੋ ਸਕਦਾ ਹੈ।

# ਭਿੱਖੀਵਿੰਡ ਵਾਸੀ ਬੁਲੇਟ ਮੋਟਰਸਾਈਕਲਾਂ ਦੇ ਪਟਾਕਿਆਂ ਤੋਂ ਪ੍ਰੇਸ਼ਾਨ



ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ)-ਭਿੱਖੀਵਿੰਡ ਦੇ ਬਾਜ਼ਾਰ 'ਚ ਬੁਲੇਟ ਮੋਟਰਸਾਈਕਲਾਂ ਦੇ ਪਟਾਕੇ ਆਮ ਸੁਣਨ ਨੂੰ ਮਿਲਦੇ ਹਨ। ਭਿਆਨਕ ਆਵਾਜ਼ ਵਾਲੇ ਸਾਈਲੈਂਸਰ ਮੋਟਰਸਾਈਕਲਾਂ 'ਤੇ ਲਗਵਾ ਕੇ ਕੁਝ ਕੁ ਨੌਜਵਾਨ ਸ਼ਹਿਰ ਵਾਸੀਆਂ ਨੂੰ ਨਿੱਤ ਪ੍ਰੇਸ਼ਾਨ ਕਰਦੇ ਹਨ, ਪਰ ਭਿੱਖੀਵਿੰਡ ਪੁਲਸ ਇਨ੍ਹਾਂ ਸ਼ਰਾਰਤੀ ਅਨਸਰਾਂ 'ਤੇ ਨਕੇਲ ਕੱਸਣ 'ਚ ਨਾਕਾਮ ਸਾਬਤ ਹੋ ਰਹੀ ਹੈ। ਉਪਰੋਕਤ ਪ੍ਰਗਟਾਵਾ ਭਾਰਤੀ ਕਿਸਾਨ ਯੂਨੀਅਨ ਅੰਬਾਵਤਾ ਦੇ ਜ਼ਿਲ੍ਹਾ ਤਰਨ ਤਾਰਨ ਤੋਂ ਪ੍ਰਧਾਨ ਪੰਜਾਬ ਸਿੰਘ ਕੰਬੋਕੇ ਨੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਕੀਤਾ। ਉਨ੍ਹਾਂ ਕਿਹਾ ਕਿ ਕੁਝ ਕੁ ਸ਼ਰਾਰਤੀ ਅਨਸਰ ਬੁਲੇਟ ਮੋਟਰਸਾਈਕਲਾਂ 'ਤੇ ਸਵਾਰ ਹੋ ਕੇ ਭਿੱਖੀਵਿੰਡ ਦੇ ਬਾਜ਼ਾਰ 'ਚ ਪਟਾਕੇ ਪਵਾਉਂਦੇ ਹਨ, ਜਿਸ ਕਾਰਨ ਦਿਲ ਦੇ ਮਰੀਜ਼ਾਂ ਤੇ ਬਜ਼ੁਰਗਾਂ ਦੀ ਜਾਨ 'ਤੇ ਬਣ ਆਉਂਦੀ ਹੈ, ਪਰ ਚੌਕ 'ਚ ਖੜ੍ਹੇ ਭਿੱਖੀਵਿੰਡ ਪੁਲਸ ਦੇ ਮੁਲਾਜ਼ਮ ਇਨ੍ਹਾਂ ਨੌਜਵਾਨਾਂ ਖਿਲਾਫ ਕੋਈ ਕਾਰਵਾਈ ਨਹੀਂ ਕਰਦੇ। ਉਨ੍ਹਾਂ ਕਿਹਾ ਕਿ ਬੁਲੇਟ ਮੋਟਰਸਾਈਕਲਾਂ ਦੇ ਪਟਾਕਿਆਂ ਨਾਲ ਛੋਟੇ ਬੱਚਿਆਂ ਤੇ ਦੁਕਾਨਦਾਰਾਂ ਨੂੰ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਹ ਮੋਟਰਸਾਈਕਲ ਸਵਾਰ ਕੰਪਨੀ ਵੱਲੋਂ ਆਇਆ ਸਾਇਲੈਂਸਰ ਲਾਹ ਕੇ ਭਿਆਨਕ ਆਵਾਜ਼ ਵਾਲੇ ਸਾਇਲੈਂਸਰ ਲਗਵਾ ਕੇ ਸ਼ਰੇਆਮ ਟ੍ਰੈਫਿਕ ਨਿਯਮਾਂ ਦੀਆਂ ਧੱਜੀਆਂ ਉਡਾਉਂਦੇ ਹਨ। ਉਨ੍ਹਾਂ ਕਿਹਾ ਕਿ ਮੋਟਰਸਾਈਕਲਾਂ 'ਤੇ ਲੱਗੇ ਪ੍ਰੈਸ਼ਰ ਹਾਰਨ ਕਮਜ਼ੋਰ ਦਿਲ ਵਾਲਿਆਂ ਦੀ ਜਾਨ ਖਤਰੇ 'ਚ ਪਾਉਂਦੇ ਹਨ। ਇਸ ਮੌਕੇ ਪੰਜਾਬ ਸਿੰਘ ਕੰਬੋਕੇ ਨੇ ਐੱਸਐੱਸਪੀ ਤਰਨ ਤਾਰਨ ਤੋਂ ਮੰਗ ਕੀਤੀ ਕਿ ਬੁਲੇਟ ਮੋਟਰਸਾਈਕਲਾਂ ਦੇ ਸਾਇਲੈਂਸਰਾਂ ਦੀ ਜਾਂਚ ਕੀਤੀ ਜਾਵੇ ਅਤੇ ਪਟਾਕੇ ਪਵਾਉਣ ਵਾਲੇ ਸ਼ਰਾਰਤੀ ਅਨਸਰਾਂ ਖਿਲਾਫ ਸਖਤ ਕਾਰਵਾਈ ਕੀਤੀ ਜਾਵੇ। ਉੱਧਰ ਜਦੋਂ ਇਸ ਮਾਮਲੇ ਸੰਬੰਧੀ ਸਬ-ਡਵੀਜ਼ਨ ਭਿੱਖੀਵਿੰਡ ਦੇ ਡੀ.ਐਸ.ਪੀ. ਪ੍ਰੀਤ ਇੰਦਰ ਸਿੰਘ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਕਿਹਾ ਭਿੱਖੀਵਿੰਡ 'ਚ ਬੁਲੇਟ ਦੇ ਪਟਾਕੇ ਪਵਾ ਕੇ ਸ਼ਹਿਰ ਵਾਸੀਆਂ ਨੂੰ ਪ੍ਰੇਸ਼ਾਨ ਕਰਨ ਵਾਲੇ ਸ਼ਰਾਰਤੀ ਅਨਸਰਾਂ ਵਿਰੁੱਧ ਸਖਤ ਕਾਰਵਾਈ ਕੀਤੀ ਜਾਵੇਗੀ।

# ਸ਼ਹੀਦ ਭਗਤ ਸਿੰਘ ਪਾਰਕ ਵਿਖੇ ਕਰਵਾਇਆ ਯੋਗ



ਫ਼ਤਿਹਗੜ੍ਹ ਚੂੜੀਆਂ (ਜਸਦੇਵ ਮਾਨ)-ਭਾਰਤੀ ਜਨਤਾ ਪਾਰਟੀ ਮੰਡਲ ਫ਼ਤਿਹਗੜ੍ਹ ਚੂੜੀਆਂ ਵੱਲੋਂ ਮੰਡਲ ਪ੍ਰਧਾਨ ਕੰਵਲਜੀਤ ਸਿੰਘ ਅਤੇ ਜ਼ਿਲ੍ਹਾ ਮੀਤ ਪ੍ਰਧਾਨ ਤੇ ਵਿਧਾਨ ਸਭਾ ਮੰਡਲ ਪ੍ਰਭਾਰੀ ਹਰੀਸ਼ ਅਰੋੜਾ ਦੀ ਅਗਵਾਈ ਵਿਚ 9ਵਾਂ ਅੰਤਰਰਾਸ਼ਟਰੀ ਯੋਗ ਦਿਵਸ ਸ਼ਹੀਦ ਭਗਤ ਸਿੰਘ ਪਾਰਕ ਵਿਖੇ ਮਨਾਇਆ ਗਿਆ, ਜਿਸ ਵਿਚ ਸ਼ਹਿਰ ਵਾਸੀਆਂ ਤੋਂ ਇਲਾਵਾ ਭਾਜਪਾ ਦੇ ਅਹੁਦੇਦਾਰਾਂ ਅਤੇ ਵਰਕਰਾਂ ਨੇ ਹਿੱਸਾ ਲਿਆ। ਇਸ ਮੌਕੇ ਯੋਗ ਮਾਹਿਰ ਜੋਗਿੰਦਰ ਸਿੰਘ ਨੇ ਵੱਖ-ਵੱਖ ਆਸਣ ਕਰਵਾਉਂਦੇ ਹੋਏ ਸਾਰਿਆਂ ਨੂੰ ਆਪਣੀ ਰੋਜ਼ਮਰਾ ਦੀ ਜ਼ਿੰਦਗੀ ਵਿਚ ਯੋਗ ਅਪਨਾਉਣ ਲਈ ਕਿਹਾ। ਉਨ੍ਹਾਂ ਕਿਹਾ ਕਿ ਯੋਗ ਕਰਨ ਨਾਲ ਜਿੱਥੇ ਸਰੀਰ ਤੰਦਰੁਸਤ ਰਹਿੰਦਾ ਹੈ, ਉਥੇ ਕਈ ਬਿਮਾਰੀਆਂ ਤੋਂ ਛੁਟਕਾਰਾ ਮਿਲਦਾ ਹੈ। ਉਨ੍ਹਾਂ ਕਿਹਾ ਕਿ ਸਾਨੂੰ ਰੋਜ਼ਾਨਾ ਆਪਣੇ ਸਰੀਰ ਨੂੰ ਤੰਦਰੁਸਤ ਰੱਖਣ ਵਾਸਤੇ 30 ਮਿੰਟ ਦਾ ਸਮਾਂ ਤਾਂ ਜ਼ਰੂਰ ਕੱਢਣਾ ਚਾਹੀਦਾ ਹੈ। ਇਸ ਮੌਕੇ ਦਵਿੰਦਰ ਬਧਵਾਰ, ਤਿਲਕ ਰਾਜ, ਫਰਾਂਸਿਸ ਮਸੀਹ, ਧਰਮਿੰਦਰ ਸ਼ਰਮਾ, ਮਨੋਜ ਕੁਮਾਰ, ਅਸ਼ਵਨੀ ਬੁਧਵਾਰ, ਕਸ਼ਮੀਰ ਸਿੰਘ, ਨਵਕਮਲ ਸਿੰਘ, ਗੌਰਵ ਅਰੋੜਾ, ਮੁਨੀਸ਼ ਸ਼ਰਮਾ, ਅਤੁੱਲ ਭੰਡਾਰੀ ਆਦਿ ਹਾਜ਼ਰ ਸਨ।

# ਕਲਾਸਵਾਲਾ ਖਾਲਸਾ ਸਕੂਲ 'ਚ ਮਨਾਇਆ ਵਿਸ਼ਵ ਵਾਤਾਵਰਣ ਦਿਵਸ



ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)-ਸਥਾਨਕ ਕਲਾਸਵਾਲਾ ਖਾਲਸਾ ਸੀਨੀਅਰ ਸੈਕੰਡਰੀ ਸਕੂਲ, ਕਾਦੀਆਂ ਵਿੱਚ ਵਿਸ਼ਵ ਵਾਤਾਵਰਣ ਦਿਵਸ ਮਨਾਇਆ ਗਿਆ ਜਿਸ ਵਿਚ ਐੱਨਸੀਸੀ ਕੈਡਿਟਾਂ ਅਤੇ ਐੱਨਐੱਸਐੱਸ ਵਲੰਟੀਅਰਾਂ ਵੱਲੋਂ ਭਾਗ ਲਿਆ ਗਿਆ। ਇਸ ਮੌਕੇ ਸਕੂਲ ਸਟਾਫ ਅਤੇ ਬੱਚਿਆਂ ਨਾਲ ਰਲ ਕੇ ਯੋਗ ਦੇ ਵੱਖ-ਵੱਖ ਆਸਣ ਕਰਵਾਏ ਗਏ। ਇਸ ਪ੍ਰਤੀਯੋਗਿਤਾ ਵਿਚ ਬੱਚਿਆਂ ਵੱਲੋਂ ਵਾਤਾਵਰਣ ਦਿਵਸ 'ਤੇ ਭਾਸ਼ਣ ਦਿੱਤੇ ਗਏ ਅਤੇ ਵਾਤਾਵਰਣ ਨੂੰ ਸੰਭਾਲਣ ਦਾ ਸੰਦੇਸ਼ ਦਿੱਤਾ ਗਿਆ। ਸਕੂਲ ਪ੍ਰਿੰਸੀਪਲ ਸ਼ਾਲਿਨੀ ਸ਼ਰਮਾ ਨੇ ਦੱਸਿਆ ਕਿ ਸਰੀਰਕ ਅਤੇ ਮਾਨਸਿਕ ਤੰਦਰੁਸਤੀ ਲਈ ਯੋਗਾ ਕਰਨਾ ਬੇਹੱਦ ਜ਼ਰੂਰੀ ਹੈ। ਸਾਨੂੰ ਯੋਗ ਨੂੰ ਜੀਵਨ ਦਾ ਹਿੱਸਾ ਬਣਾਉਣਾ ਚਾਹੀਦਾ ਹੈ, ਇਹ ਨਾ ਸਿਰਫ ਸਰੀਰ ਦੇ ਅੰਗਾਂ ਵਿੱਚ ਸਗੋਂ ਦਿਮਾਗ ਅਤੇ ਆਤਮਾ ਵਿੱਚ ਵੀ ਸੰਤੁਲਨ ਪੈਦਾ ਕਰਦਾ ਹੈ। ਇਸ ਮੌਕੇ ਸਕੂਲ ਵਾਈਸ ਪ੍ਰਿੰਸੀਪਲ ਪਰਮਿੰਦਰ ਕੌਰ, ਹੈੱਡਮਾਸਟਰ ਪਰਮਜੀਤ ਸਿੰਘ, ਏਐੱਨਓ ਰੂਹੀ ਭਗਤ ਅਤੇ ਹਰਦੀਪ ਸਿੰਘ ਸ਼ਾਮਲ ਸਨ।

# ਥਾਣਾ ਵਲਟੋਹਾ ਪੁਲਸ ਵੱਲੋਂ 500 ਗ੍ਰਾਮ ਹੈਰੋਇਨ ਸਮੇਤ ਕਾਬੂ



ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ)-ਜ਼ਿਲ੍ਹਾ ਤਰਨਤਾਰਨ ਦੇ ਐਸ.ਐਸ.ਪੀ. ਗੁਰਮੀਤ ਸਿੰਘ ਚੌਹਾਨ ਤੇ ਡੀ.ਐਸ.ਪੀ. ਭਿੱਖੀਵਿੰਡ ਪ੍ਰੀਤਇੰਦਰ ਸਿੰਘ ਦੀਆਂ ਹਦਾਇਤਾਂ ਦੀ ਪਾਲਣਾ ਕਰਦਿਆਂ ਥਾਣਾ ਵਲਟੋਹਾ ਦੇ ਐਸ.ਐਚ.ਓ. ਸਬ ਇੰਸਪੈਕਟਰ ਬਲਵਿੰਦਰ ਸਿੰਘ ਦੀ ਯੋਗ ਅਗਵਾਈ ਹੇਠ ਪੁਲਸ ਨੇ 500 ਗ੍ਰਾਮ ਹੈਰੋਇਨ ਸਮੇਤ ਇੱਕ ਵਿਅਕਤੀ ਨੂੰ ਗ੍ਰਿਫਤਾਰ ਕਰਨ ਵਿੱਚ ਵੱਡੀ ਸਫਲਤਾ ਹਾਸਲ ਕੀਤੀ ਹੈ। ਇਸ ਸੰਬੰਧੀ ਥਾਣਾ ਵਲਟੋਹਾ ਵਿਖੇ ਕੀਤੀ ਗਈ ਪ੍ਰੈੱਸ ਕਾਨਫਰੰਸ ਵਿੱਚ ਡੀ.ਐਸ.ਪੀ. ਭਿੱਖੀਵਿੰਡ ਪ੍ਰੀਤਇੰਦਰ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਥਾਣਾ ਵਲਟੋਹਾ ਦੇ ਐੱਸ.ਐੱਚ.ਓ. ਸਬ ਇੰਸਪੈਕਟਰ ਬਲਵਿੰਦਰ ਸਿੰਘ ਵੱਲੋਂ ਸਮੇਤ ਪੁਲਸ ਪਾਰਟੀ ਗਸ਼ਤ ਵਾ ਤਲਾਸ਼ ਭੈੜੇ ਪੁਰਸ਼ਾ ਦੇ ਸਬੰਧ ਵਿੱਚ ਪੁਲ ਡਰੇਨ ਠੱਠੀ ਜੈਮਲ ਸਿੰਘ ਕਰਾਸ ਕਰਕੇ ਪੁਲ ਤੋਂ ਅੱਗੇ ਪੁੱਜੀ ਤਾਂ ਸਾਹਮਣੇ ਤੋਂ ਮੋਨਾ ਵਿਅਕਤੀ ਆਪਣੇ ਸੱਜੇ ਹੱਥ ਵਜ਼ਨਦਾਰ ਮੋਮੀ ਲਿਫਾਫਾ ਫੜੀ ਆਉਂਦਾ ਦਿਖਾਈ ਦਿੱਤਾ, ਜੋ ਕਿ ਪੁਲਸ ਪਾਰਟੀ ਨੂੰ ਬਾ-ਵਰਦੀ ਦੇਖ ਕੇ ਘਬਰਾ ਗਿਆ ਅਤੇ ਆਪਣੇ ਪਹਿਨੀ ਹੋਈ ਪੈਂਟ ਦੀ ਜੇਬ ਵਿਚੋਂ ਮੋਮੀ ਲਿਫਾਫਾ ਕੱਢ ਕੇ ਸੁੱਟ ਦਿੱਤਾ ਅਤੇ ਆਪ ਪਿਛਾਂਹ ਨੂੰ ਤੇਜ਼ ਕਦਮੀ ਤੁਰ ਪਿਆ ਜਿਸ ਨੂੰ ਐੱਸ.ਆਈ. ਬਲਵਿੰਦਰ ਸਿੰਘ ਨੇ ਉਸ ਵਿਅਕਤੀ ਦੀ ਘਬਰਾਹਟ ਨੂੰ ਵੇਖਦੇ ਹੋਏ ਤੁਰੰਤ ਉਸ ਨੂੰ ਸਾਥੀ ਪੁਲਸ ਕਰਮਚਾਰੀ ਦੀ ਮਦਦ ਨਾਲ ਕਾਬੂ ਕਰਕੇ ਪੁੱਛਗਿੱਛ ਕੀਤੀ ਤਾਂ ਉਸ ਨੇ ਆਪਣਾ ਨਾਮ ਸੁਖਵਿੰਦਰ ਸਿੰਘ ਉਰਫ ਸੁੱਖਾ ਪੁੱਤਰ ਮਹਿੰਦਰ ਸਿੰਘ ਵਾਸੀ ਠੱਠੀ ਜੈਮਲ ਸਿੰਘ ਦੱਸਿਆ। ਜਦੋਂ ਪੁਲਸ ਪਾਰਟੀ ਨੇ ਉਕਤ ਵਿਅਕਤੀ ਵੱਲੋਂ ਜ਼ਮੀਨ 'ਤੇ ਸੁੱਟੇ ਲਿਫਾਫੇ ਨੂੰ ਚੁੱਕ ਕੇ ਚੈੱਕ ਕੀਤਾ ਤਾਂ ਉਸ ਵਿਚੋਂ ਹੈਰੋਇਨ ਬਰਾਮਦ ਹੋਈ, ਜਿਸ ਦਾ ਵਜ਼ਨ 500 ਗ੍ਰਾਮ ਹੋਇਆਂ ਜਿਸ 'ਤੇ ਥਾਣਾ ਵਲਟੋਹਾ ਦੀ ਪੁਲਸ ਨੇ ਉਕਤ ਵਿਅਕਤੀ ਨੂੰ ਹਿਰਾਸਤ ਵਿੱਚ ਲੈ ਕੇ ਮੁਕਦਮਾ ਨੰ : 69, ਜੁਰਮ 21 ਸੀ-61/85 ਐੱਨਡੀਪੀਐੱਸ ਐਕਟ ਅਧੀਨ ਪਰਚਾ ਦਰਜ ਮੁਲਜ਼ਮ ਨੂੰ ਪੇਸ਼ ਅਦਾਲਤ ਕਰ ਰਿਮਾਂਡ ਹਾਸਲ ਕਰਕੇ ਦੋਸ਼ੀ ਪਾਸੋਂ ਹੋਰ ਮਹੱਤਵਪੂਰਣ ਖੁਲਾਸੇ ਹੋਣ ਦੀ ਸੰਭਾਵਨਾ ਹੈ।

# ਸਬਸਿਡਰੀ ਹੈਲਥ ਸੈਂਟਰ ਸੈਦੋਵਾਲ ਕਲਾਂ ਵਿਖੇ ਯੋਗ ਮੁਦਰਾ 'ਚ ਸਾਧਕ



ਗੁਰਦਾਸਪੁਰ, (ਜਨਕ ਮਹਾਜਨ)-ਸਿਵਲ ਸਰਜਨ ਡਾ. ਹਰਭਜਨ ਮਾਂਡੀ ਦੇ ਹੁਕਮਾਂ 'ਤੇ ਸੀਨੀਅਰ ਮੈਡੀਕਲ ਅਫਸਰ ਡਾਕਟਰ ਨੀਲਮ ਦੀ ਅਗਵਾਈ ਹੇਠ ਸਬ ਸਿਡਰੀ ਹੈਲਥ ਸੈਂਟਰ ਸੈਦੋਵਾਲ ਕਲਾਂ ਵਿਖੇ ਪਿੰਡ ਵਾਸੀਆਂ ਦੇ ਸਹਿਯੋਗ ਨਾਲ ਯੋਗ ਦਿਵਸ ਮਨਾਇਆ ਗਿਆ। ਇਸ ਯੋਗ ਸਮਾਗਮ ਵਿਚ ਲੋਕਾਂ ਨੇ ਵੱਡੀ ਗਿਣਤੀ 'ਚ ਸ਼ਮੂਲੀਅਤ ਕਰਕੇ ਯੋਗ ਕੀਤਾ।

ਇਸ ਮੌਕੇ ਡਾਕਟਰ ਰਵਿੰਦਰ ਸਿੰਘ, ਗੁਰਮੀਤ ਸਿੰਘ, ਪਰਮਜੀਤ ਅਤੇ ਸੁੰਮਣ ਮਾਂਡੀ ਨੇ ਯੋਗ ਦਿਵਸ ਬਾਰੇ ਲੋਕਾਂ ਨੂੰ ਜਾਗਰੂਕ ਕੀਤਾ ਅਤੇ ਦੱਸਿਆ ਕਿ ਯੋਗਾ ਕਰਨ ਨਾਲ ਕਈ ਭਿਆਨਕ ਬਿਮਾਰੀਆਂ ਜਿੱਥੇ ਦੂਰ ਹੁੰਦੀਆਂ ਹਨ ਉਥੇ ਹੀ ਸਾਡਾ ਮਨ ਵੀ ਤੰਦਰੁਸਤ ਰਹਿੰਦਾ ਹੈ। ਉਨ੍ਹਾਂ ਕਿਹਾ ਕਿ ਸਾਨੂੰ ਸਾਰਿਆਂ ਨੂੰ ਰੋਜ਼ਾਨਾ ਸਵੇਰੇ ਨਿਰੰਤਰ ਯੋਗਾ ਕਰਨਾ ਚਾਹੀਦਾ ਹੈ।

# ਰਾਈਜ਼ਿੰਗ ਸਟਾਰ ਕੋਰ ਵੱਲੋਂ ਵਿਸ਼ਵ ਯੋਗ ਦਿਹਾੜੇ ਦਾ ਆਯੋਜਨ



ਪਠਾਨਕੋਟ: (ਦਵਿੰਦਰ ਸਿੰਘ)-ਵਿਸ਼ਵ ਯੋਗ ਦਿਵਸ ਮੌਕੇ 21 ਸਬ ਏਰੀਆ ਦੀ ਰਾਈਜ਼ਿੰਗ ਸਟਾਰ ਕੋਰ ਵੱਲੋਂ ਟੈਂਕ ਚੌਕ ਨਜ਼ਦੀਕ ਸਥਿਤ ਧਰੁਵਾਂ ਪਾਰਕ ਵਿਖੇ ਯੋਗ ਦਿਵਸ ਸਮਾਰੋਹ ਆਯੋਜਿਤ ਕੀਤਾ ਗਿਆ। ਸਮਾਰੋਹ ਵਿਖੇ ਸੈਨਾ ਅਤੇ ਆਮ ਲੋਕਾਂ ਵੱਲੋਂ ਭਾਰੀ ਸੰਖਿਆ ਵਿੱਚ ਭਾਗ ਲਿਆ ਗਿਆ। ਸਮਾਰੋਹ ਵਿੱਚ 21 ਸਬ ਏਰੀਆ ਕਮਾਂਡਰ ਬ੍ਰਿਗੇਡੀਅਰ ਮੁਨੀਸ਼ ਅਰੋੜਾ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ। ਉਨ੍ਹਾਂ ਕਿਹਾ ਕਿ ਅੱਜ ਦਾ ਯੋਗ ਦਿਵਸ ਸਮਾਰੋਹ ਓਟੀਜੀ ਕਮਾਂਡਰ ਕਰਨਲ ਸੀਮਾ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਕਰਵਾਇਆ ਗਿਆ ਹੈ ਅਤੇ ਸੈਨਾ ਦੇ ਜਵਾਨਾਂ ਵੱਲੋਂ ਸਮਾਰੋਹ ਨੂੰ ਆਯੋਜਿਤ ਕਰਨ ਲਈ ਵਿਸ਼ੇਸ਼ ਤੌਰ 'ਤੇ ਸਹਿਯੋਗ ਦਿੱਤਾ। ਇਸ ਮੌਕੇ ਯੋਗਾਚਾਰਿਆ ਵਿਨੋਦ ਗੋਸਵਾਮੀ ਅਤੇ ਆਯੁਰਵੈਦਿਕ ਵਿਭਾਗ ਵੱਲੋਂ ਹਾਜ਼ਰ ਡਾਕਟਰ ਸਾਹਿਬਾਨ ਵੱਲੋਂ ਆਏ ਹੋਏ ਆਰਮੀ ਦੇ ਅਧਿਕਾਰੀਆਂ, ਜਵਾਨਾਂ, ਸੇਵਾਮੁਕਤ ਅਧਿਕਾਰੀਆਂ, ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਅਤੇ ਆਮ ਲੋਕਾਂ ਨੂੰ ਯੋਗ ਦਿਵਸ ਮੌਕੇ ਵੱਖ-ਵੱਖ ਯੋਗ ਕਿਰਿਆਵਾਂ ਤੋਂ ਜਾਣੂ ਕਰਵਾਇਆ।

ਸਮਾਰੋਹ ਵਿਖੇ ਮੇਜਰ ਸੁਨੀਲ ਸ਼ਰਮਾ ਨੇ 9ਵੇਂ ਅੰਤਰਰਾਸ਼ਟਰੀ ਯੋਗਾ ਦਿਵਸ ਦੇ ਮਹੱਤਵ 'ਤੇ ਰੌਸ਼ਨੀ ਪਾਈ ਅਤੇ ਦੱਸਿਆ ਕਿ ਅੱਜ ਦਾ ਯੋਗ ਦਿਵਸ ਯੋਗਾ ਫਾਰ ਵਾਸੂਦੇਵ ਕੁਟੂਬੰਕਮ ਥੀਮ ਦੇ ਅਧੀਨ ਕਰਵਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਇੱਕ ਤੰਦਰੁਸਤ ਸਰੀਰ ਦੇ ਲਈ ਅਨੁਸ਼ਾਸਨ ਵਿੱਚ ਰਹਿਣਾ ਬਹੁਤ ਜ਼ਰੂਰੀ ਹੈ ਅਤੇ ਯੋਗ ਸਾਡੇ ਮਨ ਨੂੰ ਸਥਿਰਤਾ ਦਿੰਦਾ ਹੈ। ਯੋਗ ਸਾਨੂੰ ਅਨੁਸ਼ਾਸਨ ਵਿੱਚ ਰਹਿਣ ਦੇ ਲਈ ਪੂਰੀ ਤਰ੍ਹਾਂ ਨਾਲ ਮਾਨਸਿਕ ਤੌਰ 'ਤੇ ਤੰਦਰੁਸਤ ਰੱਖਦਾ ਹੈ। ਉਨ੍ਹਾਂ ਕਿਹਾ ਕਿ ਸਾਨੂੰ ਸਾਰਿਆਂ ਨੂੰ ਅੱਜ ਦੇ ਦਿਨ ਇਹ ਪ੍ਰਣ ਲੈਣਾ ਚਾਹੀਦਾ ਹੈ ਕਿ ਸਾਨੂੰ ਹਰ ਰੋਜ਼ ਯੋਗ ਕਰਨਾ ਚਾਹੀਦਾ ਹੈ ਤਾਂ ਜੋ ਅਸੀਂ ਬੀਮਾਰੀਆਂ ਤੋਂ ਦੂਰ ਰਹਿ ਸਕੀਏ। ਸਮਾਰੋਹ ਵਿੱਚ 21 ਸਬ ਏਰੀਆ ਕਮਾਂਡਰ ਬ੍ਰਿਗੇਡੀਅਰ ਮੁਨੀਸ਼ ਅਰੋੜਾ ਅਤੇ ਓਟੀਜੀ ਕਮਾਂਡਰ ਕਰਨਲ ਸੀਮਾ ਸਿੰਘ ਵੱਲੋਂ ਯੋਗਾਅਚਾਰਿਆ ਵਿਨੋਦ ਗੋਸਵਾਮੀ ਨੂੰ ਉਪਹਾਰ ਭੇਟ ਕਰਕੇ ਸਨਮਾਨਤ ਕੀਤਾ ਗਿਆ।

# ਡੀ ਸੀ ਵੱਲੋਂ ਵਾਤਾਵਰਣ ਸੰਭਾਲ ਲਈ ਚੱਲ ਰਹੇ ਪ੍ਰਾਜੈਕਟਾਂ ਦੀ ਪ੍ਰਗਤੀ ਦਾ ਜਾਇਜ਼ਾ

## ਨਿਰਮਾਣ ਕਾਰਜਾਂ ਤੇ ਸਿੰਚਾਈ ਲਈ ਸੋਧੇ ਹੋਏ ਪਾਣੀ ਦੀ ਵਰਤੋਂ ਕਰਨ ਦੀਆਂ ਕੀਤੀਆਂ ਹਦਾਇਤਾਂ




ਅੰਮ੍ਰਿਤਸਰ (ਨਰਿੰਦਰਜੀਤ ਸਿੰਘ)—ਜਿਲ੍ਹਾ ਵਾਤਾਵਰਨ ਕਮੇਟੀ ਦੀ ਮੀਟਿੰਗ ਦੀ ਅਗਵਾਈ ਕਰਦੇ ਡਿਪਟੀ ਕਮਿਸ਼ਨਰ ਅਮਿਤ ਤਲਵਾੜ ਨੇ ਜ਼ਿਲ੍ਹੇ ਵਿੱਚ ਵਾਤਾਵਰਨ ਦੀ ਸੰਭਾਲ ਲਈ ਚੱਲ ਰਹੇ ਪ੍ਰਾਜੈਕਟਾਂ ਦੀ ਪ੍ਰਗਤੀ ਦਾ ਜਾਇਜ਼ਾ ਲਿਆ ਅਤੇ ਸਬੰਧਤ ਅਧਿਕਾਰੀਆਂ ਕੋਲੋਂ ਜਿਲ੍ਹੇ ਅੰਦਰ ਪਾਣੀ, ਹਵਾ, ਮਿੱਟੀ ਅਤੇ ਵਾਤਾਵਰਨ ਦੀ ਸੰਭਾਲ ਲਈ ਚੱਲ ਰਹੇ ਕੰਮਾਂ ਦੀ ਜਾਣਕਾਰੀ ਪ੍ਰਾਪਤ ਕੀਤੀ। ਉਨਾਂ ਨਗਰ ਨਿਗਮ ਅੰਮ੍ਰਿਤਸਰ ਤੇ ਹੋਰ ਸਹਿਰੀ ਸਥਾਨਕ ਸੰਸਥਾਵਾਂ ਦੇ ਅਧਿਕਾਰੀਆਂ ਨੂੰ ਜ਼ਿਲ੍ਹੇ ਵਿੱਚ ਨਿਰਮਾਣ ਕਾਰਜਾਂ ਲਈ ਸੋਧੇ ਹੋਏ ਪਾਣੀ ਦੀ ਵਰਤੋਂ ਨੂੰ ਯਕੀਨੀ ਬਣਾਉਣ ਦੀਆਂ ਹਦਾਇਤਾਂ ਦਿੱਤੀਆਂ। ਉਨ੍ਹਾਂ ਜ਼ਿਲ੍ਹੇ ਨੂੰ ਸਿੰਗਲ ਯੂਜ਼ ਪਲਾਸਟਿਕ ਦੀ ਵਰਤੋਂ ਤੋਂ ਮੁਕਤ ਕਰਨ ਲਈ ਲਗਾਤਾਰ ਸਰਗਰਮ ਰਹਿਣ ਦੀ ਹਦਾਇਤ ਕਰਦੇ ਵਿਭਾਗਾਂ ਨੂੰ ਕਿਹਾ ਕਿ ਜੋ ਵੀ ਵਿਅਕਤੀ ਸਰਕਾਰ ਦੁਆਰਾ ਪਾਬੰਦੀਸ਼ੁਦਾ ਪਲਾਸਟਿਕ ਦੀ ਵਰਤੋਂ ਕਰਦਾ ਹੈ ਉਸਦਾ ਚਲਾਨ ਕੀਤਾ ਜਾਵੇ।

ਉਨ੍ਹਾਂ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਲੋਕਾਂ ਨੂੰ ਨਿਰਮਾਣ ਕਾਰਜਾਂ ਲਈ ਨਿਸਚਿਤ ਕੀਮਤ ਤੇ ਸੋਧੇ ਹੋਏ ਪਾਣੀ ਦੀ ਸਪਲਾਈ ਕੀਤੀ ਜਾਵੇ ਤਾਂ ਜੋ ਵਡਮੁੱਲੇ ਕੁਦਰਤੀ ਸਰੋਤਾਂ ਨੂੰ ਬਚਾਇਆ ਜਾ ਸਕੇ। ਉਨ੍ਹਾਂ ਕਿਹਾ ਕਿ ਉਸਾਰੀ ਕਾਰਜਾਂ ਲਈ ਢੁੱਕਵੇਂ ਮੁੱਲ 'ਤੇ ਸੋਧਿਆ ਹੋਇਆ ਪਾਣੀ ਮੁਹੱਈਆ ਕਰਵਾਉਣ ਨਾਲ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਲਈ ਧਰਤੀ ਹੇਠਲੇ ਪਾਣੀ ਨੂੰ ਸੁਰੱਖਿਅਤ ਰੱਖਣ ਵਿੱਚ ਮਦਦ ਮਿਲੇਗੀ। ਉਨਾਂ ਨੇ ਨਗਰ ਨਿਗਮ ਅਤੇ ਕੌਂਸਲ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਉਹ ਯਕੀਨੀ ਬਣਾਉਣ ਕਿ ਪੀਣ ਵਾਲੇ ਪਾਣੀ ਵਿੱਚ ਕਿਸੇ ਵੀ ਤਰ੍ਹਾਂ ਦਾ ਰਲੇਵਾਂ ਨਾ ਹੋਵੇ ਤਾਂ ਜੋ ਲੋਕਾਂ ਨੂੰ ਕਾਲਾ ਪੀਲੀਆ ਅਤੇ ਹੈਜ਼ੇ ਵਰਗੀਆਂ ਬਿਮਾਰੀਆਂ ਨੂੰ ਬਚਾਇਆ ਜਾ ਸਕੇ।

ਉਨਾਂ ਨੇ ਕਿਹਾ ਕਿ ਸੜਕਾਂ 'ਤੇ ਸਫਾਈ ਕਰਨ ਤੋਂ ਪਹਿਲਾਂ ਛਿੜਕਾਅ ਲਈ ਵੀ ਸੋਧੇ ਹੋਏ ਪਾਣੀ ਦੀ ਵਰਤੋਂ ਕੀਤੀ ਜਾਵੇ, ਜਿਸ ਨਾਲ ਹਵਾ ਪ੍ਰਦੂਸ਼ਣ ਨੂੰ ਰੋਕਣ ਵਿੱਚ ਮਦਦ ਮਿਲੇਗੀ। ਉਨ੍ਹਾਂ ਇਹ ਵੀ ਦੱਸਿਆ ਕਿ ਸੋਧੇ ਹੋਏ ਪਾਣੀ ਨੂੰ ਸਿੰਚਾਈ ਲਈ ਵੀ ਵਰਤਿਆ ਜਾ ਸਕਦਾ ਹੈ ਅਤੇ ਸਬੰਧਤ ਵਿਭਾਗਾਂ ਨੂੰ ਇਸ ਸਬੰਧੀ ਕਿਸਾਨਾਂ ਨੂੰ ਪ੍ਰੇਰਿਤ ਕਰਨ ਲਈ ਜੋਰਦਾਰ ਮੁਹਿੰਮ ਚਲਾਉਣੀ ਚਾਹੀਦੀ ਹੈ। ਉਨ੍ਹਾਂ ਨਗਰ ਨਿਗਮ ਅਧਿਕਾਰੀਆਂ ਨੂੰ ਹਦਾਇਤ ਜਾਰੀ ਕਰਦਿਆਂ ਕਿਹਾ ਕਿ ਡੰਪ ਵਾਲੀਆਂ ਥਾਵਾਂ ਤੇ ਸੀਸੀਟੀਵੀ ਕੈਮਰੇ ਲਗਾਏ ਜਾਣ ਅਤੇ ਚਾਰਦਿਵਾਰੀ ਕੀਤੀ ਜਾਵੇ। ਉਨਾਂ ਕਿਹਾ ਕਿ ਇਸ ਦੇ ਨਾਲ ਹੀ ਗਰੀਨ ਬੈਲਟ ਵਿੱਚ ਪੌਦੇ ਵੀ ਲਗਾਏ ਜਾਣ। ਉਨ੍ਹਾਂ ਨੇ ਕਿਹਾ ਕਿ ਹਰੇਕ ਘਰ ਵਿਚੋਂ ਗਿੱਲਾ ਅਤੇ ਸੁੱਕਾ ਕੂੜਾ ਵੱਖ-ਵੱਖ ਇਕੱਠਾ ਕੀਤਾ ਜਾਵੇ ਅਤੇ ਇਸਦੇ ਨਾਲ ਹੀ ਕੂੜੇ ਵਾਲੀ ਗੱਡੀਆਂ ਵਿੱਚ ਇਕ ਹੋਰ ਡੱਬਾ ਲਗਾਇਆ ਜਾਵੇ, ਜਿਸ ਵਿਚ ਇਲੈਕਟ੍ਰਾਨਿਕ ਦਾ ਸਾਮਾਨ ਇਕੱਠਾ ਕੀਤਾ ਜਾਵੇ। ਉਨਾਂ ਨਗਰ ਨਿਗਮ ਦੇ ਅਧਿਕਾਰੀਆਂ ਨੂੰ ਕਿਹਾ ਕਿ ਸ਼ਹਿਰ ਦੇ ਅੰਦਰ ਘੱਟ ਤੋਂ ਘੱਟ ਦੋ ਵਾਰ ਰੋਜ਼ਾਨਾ ਮੈਨੂਅਲ ਸਫ਼ਾਈ ਨੂੰ ਯਕੀਨੀ ਬਣਾਇਆ ਜਾਵੇ।

ਡਿਪਟੀ ਕਮਿਸ਼ਨਰ ਨੇ ਠੋਸ ਰਹਿੰਦ-ਖੂੰਹਦ ਪ੍ਰਬੰਧਨ ਪ੍ਰਾਜੈਕਟਾਂ, ਸੀਵਰੇਜ ਟਰੀਟਮੈਂਟ ਪਲਾਂਟ, ਕਾਮਨ ਏਫਲੂਐਂਟ ਟਰੀਟਮੈਂਟ ਪਲਾਂਟ (ਸੀਈਟੀਪੀ), ਸੋਰਸ ਸੈਗਰੀਗੇਸਨ ਅਤੇ ਹੋਰ ਕੰਮਾਂ ਦੀ ਪ੍ਰਗਤੀ ਦਾ ਜਾਇਜ਼ਾ ਲੈਂਦੇ ਅਧਿਕਾਰੀਆਂ ਨੂੰ ਸਮੇਂ ਸਿਰ ਕੰਮ ਮੁਕੰਮਲ ਕਰਨ ਨੂੰ ਯਕੀਨੀ ਬਣਾਉਣ ਲਈ ਕਿਹਾ।

ਉਨ੍ਹਾਂ ਅਧਿਕਾਰੀਆਂ ਨੂੰ ਅਜਿਹੇ ਪ੍ਰਾਜੈਕਟਾਂ ਨੂੰ ਸਮੇਂ ਸਿਰ ਮੁਕੰਮਲ ਕਰਨ ਨੂੰ ਤਰਜੀਹ ਦੇਣੀ ਚਾਹੀਦੀ ਹੈ ਤਾਂ ਜੋ ਆਉਣ ਵਾਲੀਆਂ ਪੀੜ੍ਹੀਆਂ ਨੂੰ ਬਿਹਤਰ ਵਾਤਾਵਰਣ ਦਿੱਤਾ ਜਾ ਸਕੇ। ਇਸ ਮੌਕੇ ਕਮਿਸ਼ਨਰ ਕਾਰਪੋਰੇਸ਼ਨ ਸੰਦੀਪ ਰਿਸ਼ੀ, ਵਧੀਕ ਡਿਪਟੀ ਕਮਿਸ਼ਨਰ ਹਰਪ੍ਰੀਤ ਸਿੰਘ, ਵਧੀਕ ਡਿਪਟੀ ਕਮਿਸ਼ਨਰ ਅਮਨਦੀਪ ਕੌਰ, ਐਸ.ਡੀ.ਐਮ. ਸਿਮਰਦੀਪ ਸਿੰਘ ਅਤੇ ਹੋਰ ਵਿਭਾਗਾਂ ਦੇ ਅਧਿਕਾਰੀ ਹਾਜ਼ਰ ਸਨ।

22-June-PAGE-12.qxd 6/21/2023 10:41 PM Page 1



# ਕਮਿਊਨਿਟੀ ਸਿਹਤ ਕੇਂਦਰ, ਰਾਹੋਂ ਵਿਖੇ 9ਵਾਂ ਅੰਤਰਰਾਸ਼ਟਰੀ ਯੋਗ ਦਿਵਸ ਮਨਾਇਆ



ਨਵਾਂਸ਼ਹਿਰ, (ਨਵਾਂ ਜ਼ਮਾਨਾ ਸਰਵਿਸ)

ਸਿਵਲ ਸਰਜਨ ਡਾ. ਜਸਪ੍ਰੀਤ ਕੌਰ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਸੀਨੀਅਰ ਮੈਡੀਕਲ ਅਫਸਰ ਡਾ ਪ੍ਰਤਿਭਾ ਵਰਮਾ ਦੀ ਯੋਗ ਰਹਿਨੁਮਾਈ ਹੇਠ ਕਮਿਊਨਿਟੀ ਸਿਹਤ ਕੇਂਦਰ, ਰਾਹੋਂ ਵਿਖੇ "9ਵਾਂ ਅੰਤਰਰਾਸ਼ਟਰੀ ਯੋਗ ਦਿਵਸ" ਮਨਾਇਆ ਗਿਆ। ਇਸ ਮੌਕੇ ਸੀਨੀਅਰ ਮੈਡੀਕਲ ਅਫਸਰ ਡਾ ਪ੍ਰਤਿਭਾ ਵਰਮਾ ਨੇ ਕਿਹਾ ਕਿ ਮੌਜੂਦਾ ਸਮੇਂ ਵਿਚ ਯੋਗਾ ਸੰਜੀਵਨੀ ਬੂਟੀ ਦੀ ਭੂਮਿਕਾ ਨਿਭਾ ਰਿਹਾ ਹੈ। ਉਨ੍ਹਾਂ ਕਿਹਾ ਕਿ ਯੋਗ ਆਸਣਾਂ ਰਾਹੀਂ ਜਿੱਥੇ ਆਮ ਇਨਸਾਨ ਵੱਖ-ਵੱਖ ਬਿਮਾਰੀਆਂ ਤੋਂ ਨਿਜਾਤ ਪਾ ਸਕਦੇ ਹਨ, ਉੱਥੇ ਸਰੀਰਕ ਪੱਖੋਂ ਰਿਸ਼ਟ ਪੁਸ਼ਟ ਰੱਖਣ ਵਿਚ ਯੋਗ ਬੇਹੱਦ ਮਹੱਤਵਪੂਰਨ ਹੈ। ਉਨ੍ਹਾਂ ਕਿਹਾ ਕਿ ਸਾਨੂੰ ਆਪਣੇ ਰੁਝੇਵਿਆਂ ਭਰੇ ਸਮੇਂ ਵਿਚੋਂ ਥੋੜਾ ਸਮਾਂ ਕੱਢ ਕੇ ਸਰੀਰਕ ਪੱਖੋਂ ਤੰਦਰੁਸਤ ਅਤੇ ਚੁਸਤ ਰਹਿਣ ਲਈ ਯੋਗਾ ਨਾਲ ਜੁੜਨਾ ਚਾਹੀਦਾ ਹੈ। ਉਨ੍ਹਾਂ ਅੱਗੇ ਕਿਹਾ ਕਿ ਸਰੀਰਕ ਤੰਦਰੁਸਤੀ ਲਈ ਸਾਨੂੰ ਰੋਜਾਨਾ ਘੱਟੋ-ਘੱਟ ਇੱਕ ਘੰਟਾ ਕਸਰਤ ਜਰੂਰ ਕਰਨੀ ਚਾਹੀਦੀ ਹੈ। ਇਸ ਨਾਲ ਜਿਥੇ ਸਰੀਰ ਤੰਦਰੁਸਤ ਰਹਿੰਦਾ ਹੈ, ਉਸਦੇ ਨਾਲ-ਨਾਲ ਮਾਨਸਿਕ ਤਣਾਅ ਤੋਂ ਵੀ ਮੁਕਤੀ ਮਿਲਦੀ ਹੈ। ਬੀ.ਈ.ਈ ਮਨਿੰਦਰ ਸਿੰਘ ਨੇ ਕਿਹਾ ਕਿ ਪੰਜਾਬ ਸਰਕਾਰ ਵਲੋਂ ਲੋਕਾਂ ਦੀ ਸਿਹਤ ਸੰਭਾਲ ਲਈ ਠੋਸ ਉਪਰਾਲੇ ਕੀਤੇ ਜਾ ਰਹੇ। ਉਹਨਾਂ ਕਿਹਾ ਕਿ ਸਿਹਤ ਵਿਭਾਗ ਦੀ ਟੀਮ ਨੇ ਸਟਾਫ ਸਮੇਤ ਆਮ ਲੋਕਾਂ ਨੂੰ ਯੋਗਾ ਦੇ ਵੱਖ-ਵੱਖ ਆਸਣ ਕਰਵਾਏ ਅਤੇ ਲੋਕਾਂ ਨੂੰ ਯੋਗਾ ਦੇ ਲਾਭਾਂ ਬਾਰੇ ਵਿਸਥਾਰ ਵਿਚ ਦੱਸਿਆ। ਉਹਨਾਂ ਨੇ ਕਿਹਾ ਕਿ ਅੱਜ ਦੇ ਤਣਾਅ ਭਰੀ ਜ਼ਿੰਦਗੀ ਵਿਚ ਯੋਗਾ ਬਹੁਤ ਲਾਹੇਵੰਦ ਹੈ ਅਤੇ ਰੋਜਾਨਾ ਯੋਗਾ ਕਰਨਾ ਚਾਹੀਦਾ ਹੈ। ਯੋਗ ਦੇ ਅਭਿਆਸ ਦਿਲ ਅਤੇ ਸਰੀਰ ਦੇ ਸਾਰੇ ਅੰਗਾਂ ਨੂੰ ਸਿਹਤਮੰਦ, ਨਿਰੋਗ ਅਤੇ ਖੁਸ਼ਹਾਲ ਰੱਖਦੇ ਹਨ। ਉਨ੍ਹਾਂ ਕਿਹਾ ਕਿ ਯੋਗ ਕਰਨ ਨਾਲ ਸਾਡੇ ਸਰੀਰ ਵਿੱਚ ਰੋਗਾਂ ਨਾਲ ਲੜਨ ਦੀ ਸਕਤੀ ਵੱਧ ਜਾਦੀ ਹੈ। ਸਾਡੇ ਮੱਹਤਵਪੂਰਨ ਅੰਦਰੂਨੀ ਅੰਗ ਜਿਵੇਂ ਦਿਲ ਅਤੇ ਫੇਫੜੇ ਵੀ ਸਿਹਤਮੰਦ ਰਹਿੰਦੇ ਹਨ ਇਸ ਲਈ ਅੱਜ ਸਾਨੂੰ ਸਭ ਨੂੰ ਅਪਣੇ ਜੀਵਨ ਵਿੱਚ ਯੋਗ ਨੂੰ ਅਪਨਾਉਣ ਦਾ ਸੰਕਲਪ ਕਰ ਲੈਣਾ ਚਾਹੀਦਾ ਹੈ। ਇਸ ਮੌਕੇ ਤੇ ਸੀ.ਐਚ.ਸੀ ਦਾ ਸਮੂਹ ਸਟਾਫ, ਫੀਲਡ ਸਟਾਫ, ਆਸ਼ਾ ਵਰਕਰਾਂ ਮੌਜੂਦ ਸਨ।

# ਮਿਡ-ਡੇ ਮੀਲ ਦੀ ਗੁਣਵੱਤਾ 'ਚ ਕੁਤਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ : ਡੀ ਸੀ

ਕਪੂਰਥਲਾ, (ਰਾਵਿੰਦਰ ਸਿੰਘ)

ਡਿਪਟੀ ਕਮਿਸ਼ਨਰ ਕੈਪਟਨ ਕਰਨੈਲ ਸਿੰਘ ਨੇ ਸਿੱਖਿਆ ਵਿਭਾਗ ਤੇ ਸਮਾਜਿਕ ਸੁਰੱਖਿਆ ਵਿਭਾਗ ਦੇ ਅਧਿਕਾਰੀਆਂ ਨੂੰ ਸਖਤ ਨਿਰਦੇਸ਼ ਦਿੱਤੇ ਹਨ ਕਿ ਬੱਚਿਆਂ ਲਈ ਮਿਡ ਡੇ ਮੀਲ ਦੀ ਗੁਣਵੱਤਾ ਵਿੱਚ ਕਿਸੇ ਕਿਸਮ ਦੀ ਕੁਤਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਉਨਾਂ ਸਿੱਖਿਆ ਵਿਭਾਗ,ਜ਼ਿਲ੍ਹਾ ਪ੍ਰੋਗਰਾਮ ਅਫਸਰ ਅਤੇ ਕਿਰਤ ਵਿਭਾਗ ਦੀਆਂ ਸਕੀਮਾਂ ਦਾ ਜਾਇਜ਼ਾ ਲਿਆ। ਉਨ੍ਹਾਂ ਕਿਹਾ ਕਿ ਮਿੱਡ ਡੇ ਮੀਲ ਵਿਚ ਬੱਚਿਆਂ ਦੇ ਖਾਣੇ ਦੀ ਗੁਣਵੱਤਾ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾਵੇ। ਜ਼ਿਲ੍ਹੇ ਵਿੱਚ ਲਗਭਗ 49000 ਵਿਦਿਆਰਥੀਆਂ ਨੂੰ ਮਿਡ ਡੇ ਮੀਲ ਦੀ ਸਹੂਲਤ ਦਿੱਤੀ ਜਾ ਰਹੀ ਹੈ। ਡਿਪਟੀ ਕਮਿਸਨਰ ਨੇ ਕਿਹਾ ਕਿ ਛੁੱਟੀਆਂ ਤੋਂ ਬਾਅਦ 3 ਜੁਲਾਈ ਨੂੰ ਸਕੂਲ ਖੁੱਲਣ ਤੋਂ ਪਹਿਲਾਂ ਸਕੂਲਾਂ ਅੰਦਰ ਰਸੋਈਆਂ ਦੀ ਸਾਫ ਸਫਾਈ ਯਕੀਨੀ ਬਣਾਈ ਜਾਵੇ। ਉਨਾਂ ਸਕੂਲੀ ਵਿਦਿਆਰਥੀਆਂ ਦੀ ਸਿਹਤ ਜਾਂਚ ਪਿੱਛੋਂ ਇਲਾਜ ਵਿੱਚ ਦੇਰੀ ਨੂੰ ਗੰਭੀਰਤਾ ਨਾਲ ਲੈਂਦਿਆਂ ਕਿਹਾ ਕਿ ਇਸ ਸਬੰਧੀ ਸੂਚੀ ਤੁਰੰਤ ਸੌਂਪੀ ਜਾਵੇ ਤਾਂ ਜੋ ਉਹ ਨਿੱਜੀ ਤੌਰ ਤੇ ਇਸ ਮਸਲੇ ਨੂੰ ਉੱਚ ਅਧਿਕਾਰੀਆਂ ਨਾਲ ਚੁੱਕਕੇ ਹੱਲ ਕਰਵਾਉਣ। ਡਿਪਟੀ ਕਮਿਸ਼ਨਰ ਨੇ ਜ਼ਿਲ੍ਹਾ ਪ੍ਰੋਗਰਾਮ ਅਫਸਰ ਨੂੰ ਹਦਾਇਤ ਕੀਤੀ ਕਿ ਔਰਤਾਂ ਅਤੇ ਬੱਚਿਆਂ ਦੀ ਭਲਾਈ ਲਈ ਯੋਜਨਾਵਾਂ ਨੂੰ ਇੰਨ-ਬਿੰਨ ਲਾਗੂ ਕੀਤਾ ਜਾਵੇ। ਉਨ੍ਹਾਂ ਖਾਸ ਕਰਕੇ ਬੱਚਿਆਂ ਦੀ 711 ਆਂਗਣਵਾੜੀ ਕੇਂਦਰਾਂ ਵਿਚ ਮਾਰਕਫੈੱਡ ਵਲੋਂ ਸਪਲਾਈ ਕੀਤੇ ਜਾਂਦੇ ਖਾਦ ਪਦਾਰਥਾਂ ਦੀ ਸੁਚੱਜੀ ਵੰਡ ਯਕੀਨੀ ਬਣਾਉਣ ਲਈ ਕਿਹਾ। ਇਸ ਤੋਂ ਇਲਾਵਾ ਗਰਭਵਤੀ ਔਰਤਾਂ ਦੀ ਸਮੇਂ ਸਿਰ ਜਾਂਚ ਅਤੇ ਖੁਰਾਕ ਸਪਲਾਈ ਨੂੰ ਵੀ ਨਿਰੰਤਰ ਬਣਾਏ ਰੱਖਣ ਦੇ ਹੁਕਮ ਦਿੱਤੇ। ਇਸ ਤੋਂ ਇਲਾਵਾ ਉਨ੍ਹਾਂ ਕਿਰਤ ਵਿਭਾਗ ਨੂੰ ਕਿਹਾ ਕਿ ਉਹ ਪੰਜਾਬ ਕੰਸਟਰਕਸ਼ਨ ਵਰਕਰਜ਼ ਵੈਲਫੇਅਰ ਬੋਰਡ ਵਲੋਂ ਉਸਾਰੀ ਕਿਰਤੀਆਂ ਦੀ ਵੱਧ ਤੋਂ ਵੱਧ ਰਜਿਸਟਰੇਸ਼ਨ ਯਕੀਨੀ ਬਣਾਉਣ ਲਈ ਕਿਹਾ। ਦੱਸਣਯੋਗ ਹੈ ਕਿ ਵਰਤਮਾਨ ਸਮੇਂ ਰਜਿਸਟਰਡ ਕਿਰਤੀਆਂ ਨੂੰ ਪੰਜਾਬ ਸਰਕਾਰ ਵਲੋਂ ਬੱਚਿਆਂ ਦੀ ਮੁਫਤ ਸਿੱਖਿਆ,ਵਜੀਫ਼ੇ,ਲੋੜ ਪੈਣ ਤੇ ਇਲਾਜ਼ ਆਦਿ ਦੀ ਸਹੂਲਤ ਦਿੱਤੀ ਜਾਂਦੀ ਹੈ।

# ਕੇਂਦਰੀ ਸੰਚਾਰ ਬਿਊਰੋ ਵੱਲੋਂ ਪਿਮਸ 'ਚ ਯੋਗ ਦਿਵਸ ਮਨਾਇਆ

ਜਲੰਧਰ (ਸੁਰਿੰਦਰ ਕੁਮਾਰ)

ਕੇਂਦਰੀ ਸੂਚਨਾ ਅਤੇ ਪ੍ਰਸਾਰਣ ਮੰਤਰਾਲਾ ਦੇ ਕੇਂਦਰੀ ਸੰਚਾਰ ਬਿਊਰੋ, ਜਲੰਧਰ ਵੱਲੋਂ ਇੱਥੇ ਪੰਜਾਬ ਇੰਸਟੀਚਿਊਟ ਆਫ ਮੈਡੀਕਲ ਸਾਇੰਸਿਜ (ਪਿਮਸ) ਵਿਖੇ ਕੌਮਾਂਤਰੀ ਯੋਗ ਦਿਵਸ-2023 ਮਨਾਇਆ ਗਿਆ। ਇਸ ਸਾਲ ਯੋਗ ਦਿਵਸ ਦਾ ਵਿਸ਼ਾ ਵਸੁਧੈਵ ਕੁਟੁੰਬਕਮ ਸੀ। ਇਸ ਦੌਰਾਨ ਜਿੱਥੇ ਮੈਡੀਕਲ ਕਾਲਜ ਦੇ ਵਿਦਿਆਰਥੀਆਂ ਅਤੇ ਡਾਕਟਰਾਂ ਨੇ ਯੋਗ ਕਰਕੇ ਤੰਦਰੁਸਤ ਰਹਿਣ ਲਈ ਇਸ ਵਿਧੀ ਨੂੰ ਅਪਨਾਉਣ ਦਾ ਸੁਨੇਹਾ ਦਿੱਤਾ, ਉੱਥੇ ਹੀ ਉਨ੍ਹਾਂ ਨੇ ਇਹ ਵੀ ਦੱਸਿਆ ਕਿ ਉਹ ਆਪਣੇ ਮਰੀਜਾਂ ਨੂੰ ਯੋਗ ਵੀ ਸਿਖਾਉਂਦੇ ਹਨ ਤਾਂ ਜੋ ਉਹ ਜਲਦੀ ਤੰਦਰੁਸਤ ਹੋ ਸਕਣ। ਇਸ ਮੌਕੇ ਪਿਮਸ ਦੇ ਡਾ: ਅਮਿਤ ਸਿੰਘ, ਡਾ: ਕੰਵਲਜੀਤ ਸਿੰਘ, ਡਾ: ਰਾਜੀਵ ਅਰੋੜਾ, ਡਾ: ਸੁਰਿੰਦਰ ਸਿੰਘ ਅਜਰਾਵਤ ਅਤੇ ਖੇਤਰੀ ਪ੍ਰਚਾਰ ਅਫਸਰ ਰਾਜੇਸ਼ ਬਾਲੀ ਨੇ ਵੀ ਸਾਰਿਆਂ ਨਾਲ ਯੋਗ ਕੀਤਾ। ਡਾ. ਅਮਿਤ ਅਤੇ ਉਨ੍ਹਾਂ ਦੇ ਸਾਥੀਆਂ ਨੇ ਸਾਰਿਆਂ ਨੂੰ ਯੋਗ ਨੂੰ ਆਪਣੇ ਜੀਵਨ ਵਿੱਚ ਅਪਨਾਉਣ ਦਾ ਸੱਦਾ ਦਿੱਤਾ। ਹਾਜ਼ਰ ਸਾਰੇ ਲੋਕਾਂ ਨੂੰ ਯੋਗ ਇੰਸਟ੍ਰਕਟਰ ਡਾ. ਯਸ਼ੀ ਬਾਂਸਲ, ਡਾ. ਵੈਸ਼ਾਲੀ ਅਤੇ ਯੋਗ ਟ੍ਰੇਨਰ ਵਿਜੈਲਕਸ਼ਮੀ ਨੇ ਯੋਗ ਦੇ ਕਈ ਸਰਲ ਆਸਨ ਕਰਵਾਏ ਅਤੇ ਪ੍ਰਾਣਾਯਾਮ ਦੀ ਮਹੱਤਤਾ ਬਾਰੇ ਜਾਣੂ ਕਰਵਾਇਆ ਗਿਆ। ਕੇਂਦਰੀ ਸੰਚਾਰ ਬਿਊਰੋ ਦੇ ਖੇਤਰੀ ਪ੍ਰਚਾਰ ਅਧਿਕਾਰੀ ਰਾਜੇਸ਼ ਬਾਲੀ, ਵੱਲੋਂ ਯੋਗ ਕਰਨ ਤੋਂ ਬਾਅਦ ਇਸੇ ਵਿਸ਼ੇ 'ਤੇ ਕੁਇਜ ਮੁਕਾਬਲਾ ਵੀ ਕਰਵਾਇਆ ਗਿਆ ਅਤੇ ਜੇਤੂਆਂ ਨੂੰ ਇਨਾਮ ਵੰਡੇ ਗਏ। ਬਿਊਰੋ ਵੱਲੋਂ ਪਤਵੰਤਿਆਂ ਅਤੇ ਯੋਗਾ ਟ੍ਰੇਨਰਾਂ ਨੂੰ ਵੀ ਸਨਮਾਨਿਤ ਕੀਤਾ ਗਿਆ। ਬਿਊਰੋ ਦੇ ਗੀਤ ਅਤੇ ਨਾਟਕ ਵਿਭਾਗ ਦੇ ਕਲਾਕਾਰਾਂ ਨੇ ਯੋਗ 'ਤੇ ਨੁੱਕੜ ਨਾਟਕ ਵੀ ਪੇਸ਼ ਕੀਤਾ।





ਅੰਤਰਰਾਸ਼ਟਰੀ ਯੋਗ ਦਿਵਸ ਮੌਕੇ ਜ਼ਿਲ੍ਹਾ ਕਚਹਿਰੀਆਂ ਜਲੰਧਰ ਵਿਖੇ ਜ਼ਿਲ੍ਹਾ ਤੇ ਸੈਸ਼ਨ ਜੱਜਾਂ ਨਿਰਭਉ ਸਿੰਘ ਗਿੱਲ ਤੇ ਕ੍ਰਿਸ਼ਨ ਕਾਂਤ ਜੈਨ, ਡਾ. ਗਗਨਦੀਪ ਕੌਰ ਸੀ ਜੇ ਐਮ ਅਤੇ ਵਕੀਲਾਂ ਸਮੇਤ ਜ਼ਿਲ੍ਹਾ ਕਚਹਿਰੀਆਂ ਦਾ ਸਟਾਫ਼ ਯੋਗਾ 'ਚ ਹਿੱਸਾ ਲੈਂਦਾ ਹੋਇਆ।

## ਅਰਜੁਨ ਮੇਘਵਾਲ ਤੇ ਰਾਜੇਸ਼ ਬਾਘਾ ਨੇ ਯੋਗ ਦਿਵਸ ਦੇ ਪ੍ਰੋਗਰਾਮ 'ਚ ਕੀਤੀ ਸ਼ਮੂਲੀਅਤ

ਜਲੰਧਰ (ਸ਼ੈਲੀ ਐਲਬਰਟ) - ਵਿਸ਼ਵ ਯੋਗ ਦਿਵਸ ਮੌਕੇ ਜਿਥੇ ਵਿਸ਼ਵ ਭਰ 'ਚ ਵੱਖ-ਵੱਖ ਪ੍ਰੋਗਰਾਮ ਉਲੀਕੇ ਜਾ ਰਹੇ ਹਨ, ਉਥੇ ਹੀ ਇਸ ਲੜੀ 'ਚ ਜਲੰਧਰ 'ਚ ਵੀ ਪ੍ਰੋਗਰਾਮ ਉਲੀਕਿਆ ਗਿਆ। ਜਿਸ ਵਿੱਚ ਭਾਰਤ ਸਰਕਾਰ ਦੇ ਕਾਨੂੰਨ ਮੰਤਰੀ ਮਾਨਯੋਗ ਅਰਜੁਨ ਰਾਮ ਮੇਘਵਾਲ ਅਤੇ ਭਾਰਤੀ ਜਨਤਾ ਪਾਰਟੀ ਪੰਜਾਬ ਦੇ ਜਰਨਲ ਸਕੱਤਰ ਰਾਜੇਸ਼ ਬਾਘਾ ਨੇ ਵਿਸ਼ੇਸ਼ ਰੂਪ 'ਚ ਸ਼ਮੂਲੀਅਤ ਕੀਤੀ ਅਤੇ ਯੋਗ ਕੀਤਾ ਇਸ ਮੌਕੇ ਉਹਨਾਂ ਦੇ ਨਾਲ ਜ਼ਿਲ੍ਹਾਂ ਪ੍ਰਧਾਨ ਪੰਕਜ ਡੀਂਗਾਂਰਾ, ਸੁਸ਼ੀਲ ਸ਼ਰਮਾ, ਰਣਜੀਤ ਪਵਾਰ ਆਦਿ ਹਾਜ਼ਰ ਸਨ। ਅਰਜੁਨ ਮੇਘਵਾਲ ਨੇ ਇਸ ਮੌਕੇ ਕਿਹਾ 'ਯੋਗ ਰੱਖੇ ਨਿਰੋਗ' ਅੰਤਰ ਰਾਸ਼ਟਰੀ ਯੋਗ ਦਿਵਸ ਦੀ ਸਭ ਨੂੰ ਹਾਰਦਿਕ ਵਧਾਈ ਦਿੰਦਿਆ ਉਹਨਾਂ ਕਿਹਾ ਕਿ ਤੰਦਰੁਸਤ ਸਰੀਰ 'ਚ ਹੀ ਤੰਦਰੁਸਤ ਮਨ ਵਾਸ ਕਰਦਾ ਹੈ।



# ਸਰਕਾਰੀ ਕੰਨਿਆ ਸੈਕੰਡਰੀ ਸਮਾਰਟ ਸਕੂਲ 'ਚ ਸਮਰ ਕੈਂਪ

ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)

ਪ੍ਰਿੰ. ਲਲਿਤਾ ਅਰੋੜਾ ਦੀ ਯੋਗ ਅਗਵਾਈ ਹੇਠ ਸਰਕਾਰੀ ਕੰਨਿਆ ਸੈਕੰਡਰੀ ਸਕੂਲ ਰੇਲਵੇ ਮੰਡੀ ਵਿਖੇ ਨੌਵੀਂ ਤੋਂ ਬਾਰ੍ਹਵੀਂ ਜਮਾਤ ਤੱਕ ਸਮਰ ਕੈਂਪ ਲਗਾਇਆ ਗਿਆ। ਇਹ ਕੈਂਪ 7 ਦਿਨ ਤੱਕ ਚੱਲਿਆ ਅਤੇ ਵਿਦਿਆਰਥਣਾਂ ਨੇ ਇਸ ਕੈਂਪ ਵਿਚ ਆਨਲਾਈਨ ਅਤੇ ਔਫਲਾਈਨ ਹਿੱਸਾ ਲਿਆ ਗਿਆ। ਲੋਕਲ ਵਿਦਿਆਰਥਣਾਂ ਨੇ ਸਕੂਲ 'ਚ ਆ ਕੇ ਇਸ ਕੈਂਪ ਦਾ ਆਨੰਦ ਮਾਣਿਆ ਅਤੇ ਦੂਰ-ਦੁਰਾਡੇ ਦੇ ਖੇਤਰਾਂ ਦੀਆਂ ਵਿਦਿਆਰਥਣਾਂ ਨੇ ਆਨਲਾਈਨ ਰਾਹੀਂ ਆਪਣੀ ਹਾਜ਼ਰੀ ਇਸ ਕੈਂਪ ਵਿੱਚ ਲਗਾਈ। ਕੈਂਪ ਦੇ ਪਹਿਲੇ ਦਿਨ ਵਿਦਿਆਰਥਣਾਂ ਨੂੰ ਮਹਿੰਦੀ ਲਗਾਉਣ ਦੀਆਂ ਅਲੱਗ ਅਲੱਗ ਤਕਨੀਕਾਂ ਅਲਕਾ ਗੁਪਤਾ ਅਤੇ ਰਵਿੰਦਰ ਕੌਰ ਨੇ ਸਿਖਾਈਆਂ। ਦੂਜੇ ਦਿਨ ਸੰਗੀਤ ਅਤੇ ਨਾਚ ਦੀ ਸਿੱਖਿਆ ਵਿਦਿਆਰਥਣਾਂ ਨੇ ਕਮਲਜੀਤ ਕੌਰ, ਜਸਪਾਲ ਸਿੰਘ ਅਤੇ ਮਨਦੀਪ ਤੋਂ ਲਈ। ਤੀਜੇ ਦਿਨ ਪਵਨ ਕੁਮਾਰ, ਪੰਕਜ ਸ਼ਰਮਾ, ਰੂਬਲ ਸੰਗਰ ਅਤੇ ਸ਼ੈਲੀ ਸਿੰਗਲਾ ਦੀ ਦੇਖ ਰੇਖ ਵਿੱਚ ਕੰਪਿਊਟਰ ਦੀਆਂ ਨਵੀਆਂ ਤਕਨੀਕਾਂ ਸਿਖਾਈਆਂ ਗਈਆਂ। ਚੌਥੇ ਦਿਨ ਵਿਦਿਆਰਥਣਾਂ ਨੇ ਸੁਨੀਤਾ ਚੌਧਰੀ ਅਤੇ ਮਿਸ ਯੋਗਤਾ ਕੋਲੋਂ ਯੋਗ ਦੀਆਂ ਕਿਰਿਆਵਾਂ ਸਿੱਖੀਆਂ। 5ਵੇਂ ਦਿਨ ਤਰਨਪ੍ਰੀਤ ਕੌਰ ਅਤੇ ਭਾਰਤੀ ਖੁਰਾਨਾ ਨੇ ਵਿਦਿਆਰਥਣਾਂ ਨੂੰ ਵਿਅਰਥ ਪਦਾਰਥਾਂ ਤੋਂ ਘਰਾਂ ਦੀ ਸਾਜ਼ ਸਜਾਵਟ ਲਈ ਨਵੀਆਂ ਨਵੀਆਂ ਚੀਜ਼ਾਂ ਬਣਾਉਣੀਆਂ ਸਿਖਾਈਆਂ। ਸਮਰ ਕੈਂਪ ਦੇ 6ਵੇਂ ਦਿਨ ਵਿਦਿਆਰਥਣਾਂ ਨੇ ਸ਼ਾਲੂ ਅਤੇ ਬੰਦਨਾ ਸਿੱਧੂ ਦੀ ਮੌਜੂਦਗੀ 'ਚ ਸਵਾਦਲੇ ਵਿਅੰਜਨ ਬਣਾਏ। ਸੱਤਵੇਂ ਅਤੇ ਆਖਰੀ ਦਿਨ ਵਿਦਿਆਰਥਣਾਂ ਨੇ ਜੋਗਿੰਦਰ ਕੌਰ ਅਤੇ ਸਰਬਜੀਤ ਕੌਰ ਦੀ ਹਾਜ਼ਰੀ 'ਚ ਖੇਡਾਂ ਦਾ ਭਰਪੂਰ ਆਨੰਦ ਮਾਣਿਆ। ਅੰਤ 'ਚ ਪ੍ਰਿੰ. ਲਲਿਤਾ ਅਰੋੜਾ ਨੇ ਕੈਂਪ ਵਿੱਚ ਹਿੱਸਾ ਲੈਣ ਵਾਲੇ ਅਧਿਆਪਕਾਂ ਅਤੇ ਵਿਦਿਆਰਥਣਾਂ ਦੀ ਹੌਸਲਾ ਅਫਜ਼ਾਈ ਕੀਤੀ ਅਤੇ ਇਸ ਦੇ ਨਾਲ ਹੀ ਉਨ੍ਹਾ ਦੱਸਿਆ ਕਿ 6ਵੀਂ ਤੋਂ 8ਵੀਂ ਜਮਾਤ ਦੇ ਸਮਰ ਕੈਂਪ ਦਾ ਆਯੋਜਨ 2 ਜੁਲਾਈ ਤੋਂ ਸਿੱਖਿਆ ਮੰਤਰੀ ਦੇ ਹੁਕਮਾਂ ਸ਼ੁਰੂ ਅਨੁਸਾਰ ਕੀਤਾ ਜਾਏਗਾ।



# ਠਾਕੁਰ ਦੁਆਰਾ ਦਿਵਿਆ ਯੋਗ ਆਸ਼ਰਮ 'ਚ ਅੰਤਰਰਾਸ਼ਟਰੀ ਯੋਗ ਦਿਵਸ ਮਨਾਇਆ

ਸ਼ਾਹਕੋਟ (ਗਿਆਨ ਸੈਦਪੁਰੀ)

ਨਿਰੋਗ ਯੋਗ ਸੰਸਥਾ ਸ਼ਾਹਕੋਟ ਦੀ ਅਗਵਾਈ ਵਿੱਚ ਠਾਕੁਰ ਦੁਆਰਾ ਦਿਵਿਆ ਯੋਗ ਆਸ਼ਰਮ ਵਿੱਚ ਅੰਤਰਰਾਸ਼ਟਰੀ ਯੋਗ ਦਿਵਸ ਮਨਾਇਆ ਗਿਆ। ਇਸ ਵਿੱਚ ਰਤਨ ਸਿੰਘ ਕਾਕੜ ਕਲਾਂ ਹਲਕਾ ਇੰਚਾਰਜ ਸ਼ਾਹਕੋਟ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਹੋਏ। ਸੰਸਥਾ ਦੇ ਯੋਗਾ ਗੁਰੂ ਡਾ. ਜਗਦੀਸ਼ ਰਾਏ ਗੋਇਲ ਅਤੇ ਜਤਿੰਦਰ ਪਾਲ ਸਿੰਘ ਬੱਲ੍ਹਾ ਨੇ ਆਏ ਹੋਏ ਯੋਗੀਆਂ ਨੂੰ ਵਾਰਮ ਅੱਪ ਕਰਵਾਉਣ ਉਪਰੰਤ ਯੋਗ ਦੀਆਂ ਅਨੇਕਾਂ ਕ੍ਰਿਆਵਾਂ ਕਰਵਾਈਆਂ ਗਈਆਂ। ਅਗਲੀ ਕਰਵਾਈ ਲਈ ਸਾਬਕਾ ਐਮ. ਸੀ. ਜਤਿੰਦਰ ਪਾਲ ਸਿੰਘ ਬੱਲ੍ਹਾ ਨੇ ਸਟੇਜ ਸੰਭਾਲੀ। ਉਨ੍ਹਾਂ ਨੇ ਜ਼ਿੰਦਗੀ ਨੂੰ ਸੁਖਮਈ ਬਣਾਉਣ ਵਸਤੇ ਬੜੀਆਂ ਕੰਮ ਦੀਆਂ ਗੱਲਾਂ ਕੀਤੀਆਂ। ਉਨ੍ਹਾਂ ਨੇ ਸਵੇਰ ਦੀ ਸੈਰ ਨੂੰ ਸਾਰਥਿਕ ਬਣਾਉਣ ਦੀ ਗੱਲ ਕਰਦਿਆਂ ਕਿਹਾ ਕਿ ਇਸ ਸੈਰ ਨੂੰ ਲੋਕ ਚਾਰ ਤਰ੍ਹਾਂ ਕਰਦੇ ਹਨ। ਕੁਝ ਲੋਕ 'ਮਾਰਨਿੰਗ ਵਾਕ', ਕੁਝ 'ਵਾਰਨਿੰਗ ਵਾਕ', ਕੁਝ 'ਡਾਰਲਿੰਗ ਵਾਕ', ਤੇ ਕੁਝ ਹੋਰ 'ਟਰਨਿੰਗ ਵਾਕ', ਕਰਦੇ ਹਨ। ਬੱਲ੍ਹਾ ਦੀਆਂ ਗੱਲਾਂ ਨਾਲ ਮਾਹੌਲ ਤਰੋ ਤਾਜਾ ਹੋ ਗਿਆ। ਵਾਤਾਵਰਨ ਸੁਸਾਇਟੀ ਸ਼ਾਹਕੋਟ ਦੇ ਪ੍ਰਧਾਨ ਸੁਰਿੰਦਰ ਸਿੰਘ ਨੇ ਯੋਗਾ ਦੇ ਲਾਭ ਦੱਸਦਿਆਂ ਸੰਸਥਾ ਨਾਲ ਸਹਿਯੋਗ ਕਰਨ ਦੀ ਅਪੀਲ ਕੀਤੀ। ਕਾਕੜ ਕਲਾਂ ਨੇ ਯੋਗਾ ਦੀ ਮਹੱਤਤਾ ਬਾਰੇ ਗੱਲ ਕਰਦਿਆਂ ਕਿਹਾ ਕਿ ਇਹ ਪੁਰਾਤਨ ਭਾਰਤ ਦੀ ਸ਼ਾਨਦਾਰ ਵਿਰਾਸਤ ਹੈ। ਉਨ੍ਹਾਂ ਨੇ ਯੋਗਾ ਸਮਾਗਮ ਦੇ ਪ੍ਰਬੰਧਕਾਂ ਦੀ ਭਰਪੂਰ ਸ਼ਲਾਘਾ ਕੀਤੀ। ਪ੍ਰਬੰਧਕਾਂ ਨੇ ਵੱਖ-ਵੱਖ ਖੇਤਰ ਦੀਆਂ ਅਹਿਮ ਸ਼ਖਸੀਅਤਾਂ ਨੂੰ ਸਨਮਾਨਤ ਵੀ ਕੀਤਾ। ਪ੍ਰਬੰਧਕਾਂ ਵਿੱਚ ਰਤਨ ਸਿੰਘ ਰੱਖੜਾ, ਦੀਪਕ ਸ਼ਰਮਾ, ਹਰਪਾਲ ਮੈਸਨ, ਵਿਕਰਮ ਸਿੰਘ ਸੁਖੀਜਾ, ਸੰਜੀਵ ਪੁਰੀ, ਚਰਨਜੀਤ ਅਰੋੜਾ, ਸੀਤਾ ਰਾਮ ਠਾਕੁਰ ਤੇ ਜਗਦੀਸ਼ ਰਾਏ ਗੋਇਲ ਆਦਿ ਸ਼ਾਮਲ ਹਨ। ਸਮਾਗਮ ਵਿੱਚ 'ਨਬਜ਼' ਵੀਕਲੀ ਦੇ ਮੁੱਖ ਸੰਪਾਦਕ ਦਵਿੰਦਰ ਸਿੰਘ ਆਹਲੂਵਾਲੀਆਂ, ਮਾਰਕਿਟ ਕਮੇਟੀ ਸ਼ਾਹਕੋਟ ਦੇ ਚੇਅਰਮੈਨ ਬਲਬੀਰ ਸਿੰਘ ਢੰਡੋਵਾਲ, ਬੀ. ਆਰ. ਅੰਬੇਡਕਰ ਆਰਮੀ ਦੇ ਸੂਬਾ ਪ੍ਰਧਾਨ ਵੀਰ ਕੁਲਵੰਤ ਸਿੰਘ ਢੰਡੋਵਾਲ, ਸਟੇਟ ਅਵਾਰਡੀ ਮਾਸਟਰ ਮੇਜਰ ਸਿੰਘ ਮੀਏਂਵਾਲ, ਭਾਜਪਾ ਦੇ ਸਟੇਟ ਕਮੇਟੀ ਮੈਂਬਰ ਕਾਲਾ ਪਹਿਲਵਾਨ, ਮੰਡਲ ਪ੍ਰਧਾਨ ਕੌਸਲ, ਗੁਰਦਵਾਰਾ ਸਿੰਘ ਸਭਾ ਸ਼ਾਹਕੋਟ ਦੇ ਪ੍ਰਧਾਨ ਡਾ. ਅਰਵਿੰਦਰ ਸਿੰਘ ਰੂਪਰਾ, 'ਆਪ' ਆਗੂ ਪ੍ਰਵੀਨ ਗਰੋਵਰ, ਰੂਪ ਲਾਲ ਸ਼ਰਮਾ, ਰਾਖੀ ਮੱਟੂ, ਨਿਰਮਲ ਸਿੰਘ ਮੱਲ ਅਤੇ ਰਾਣਾ(ਦੋਵੇਂ ਪੀਏ), ਪ੍ਰਿੰਸੀਪਲ ਜਸਵੀਰ ਸਿੰਘ ਵਿਰਦੀ, ਰਾਹੁਲ ਪੰਡਿਤ, ਬੈਜ ਨਾਥ ਅੱਗਰਵਾਲ, ਕਮਲ ਡੱਬ, ਬੀ. ਪੀ. ਈ. ਓ. ਰਮੇਸ਼ਵਰ ਚੰਦਰ, ਵਰਿੰਦਰ ਚੌਧਰੀ, ਯਸ਼ਪਾਲ ਗੁਪਤਾ, ਡਾ ਅਮਨਦੀਪ ਸਿੰਘ, ਡਾ. ਪ੍ਰਦੀਪ ਕੁਮਾਰ, ਸਾਬਕਾ ਐਮ. ਸੀ. ਪਵਨ ਕੁਮਾਰ ਅੱਗਰਵਾਲ, ਬ੍ਰਹਮ ਕੁਮਾਰੀ ਤੁਲਸੀ ਦੇਵੀ, ਜਸਵੀਰ ਸਿੰਘ ਸਿੱਧੜ, ਕਮਲੇਸ਼ ਮਿੱਤਲ, ਦੀਪਕ ਸੋਬਤੀ ਆਰ.ਏ., ਕਮਲ ਸ਼ਰਮਾ, ਅਸ਼ਵਨੀ ਜਿੰਦਲ, ਐਡਵੋਕੇਟ ਭਾਰਤ ਕੁਮਾਰ ਆਦਿ ਸ਼ਾਮਲ ਸਨ।



# ਲਾਇਨ ਗੁਰਦੀਪ ਸਿੰਘ ਕੰਗ ਬਣੇ 321-ਡੀ ਦੇ ਡਿਸਟ੍ਰਿਕਟ ਚੇਅਰਮੈਨ ਤੇ ਜੀ ਐਲ ਟੀ ਮੈਂਬਰ



ਫਗਵਾੜਾ (ਜਸਵਿੰਦਰ ਢੱਡਾ)

ਲਾਇਨਜ਼ ਇੰਟਰਨੈਸ਼ਨਲ 321-ਡੀ ਦੇ ਨਵ-ਨਿਯੁਕਤ ਡਿਸਟ੍ਰਿਕਟ ਗਵਰਨਰ ਲਾਇਨ ਐਸ.ਪੀ. ਸੌਂਧੀ ਨੇ ਲਾਇਨ ਗੁਰਦੀਪ ਸਿੰਘ ਕੰਗ ਨੂੰ ਡਿਸਟ੍ਰਿਕਟ ਚੇਅਰਮੈਨ (2023-24) ਨਿਯੁਕਤ ਕੀਤਾ ਹੈ। ਇਸ ਦੇ ਨਾਲ ਹੀ ਉਨ੍ਹਾਂ ਨੂੰ ਗਲੋਬਲ ਲੀਡਰਜ਼ ਟੀਮ ਦਾ ਮੈਂਬਰ ਵੀ ਨਾਮਜ਼ਦ ਕੀਤਾ ਗਿਆ ਹੈ। ਲਾਇਨ ਗੁਰਦੀਪ ਸਿੰਘ ਕੰਗ ਨੂੰ ਡਿਸਟ੍ਰਿਕਟ ਗਵਰਨਰ (2022-23) ਲਾਇਨ ਦਵਿੰਦਰਪਾਲ ਅਰੋੜਾ, ਡਿਸਟ੍ਰਿਕਟ ਗਵਰਨਰ-1 (2023-24) ਲਾਇਨ ਰਸ਼ਪਾਲ ਸਿੰਘ ਬੱਚਾਜੀਵੀ ਤੋਂ ਇਲਾਵਾ ਜ਼ੋਨ ਚੇਅਰਮੈਨ ਲਾਇਨ ਅਤੁਲ ਜੈਨ, ਲਾਇਨਜ਼ ਕਲੱਬ ਫਗਵਾੜਾ ਸਿਟੀ ਦੇ ਨਵ-ਨਿਯੁਕਤ ਪ੍ਰਧਾਨ ਲਾਇਨ ਆਸ਼ੂ ਮਾਰਕੰਡਾ ਨੇ ਉਨ੍ਹਾਂ ਨੂੰ ਫੁੱਲਾਂ ਦੇ ਹਾਰ ਪਾ ਕੇ ਸ਼ੁੱਭ ਇੱਛਾਵਾਂ ਦਿੱਤੀਆਂ। ਲਾਇਨ ਗੁਰਦੀਪ ਸਿੰਘ ਕੰਗ ਇਸ ਤੋਂ ਪਹਿਲਾਂ ਡਿਸਟ੍ਰਿਕਟ ਚੇਅਰਮੈਨ (ਸਾਈਟ ਫਸਟ) ਵਜੋਂ ਸੇਵਾਵਾਂ ਨਿਭਾਅ ਰਹੇ ਸਨ। ਉਨ੍ਹਾਂ ਇਸ ਨਿਯੁਕਤੀ 'ਤੇ ਸਮੂਹ ਲੀਡਰਸ਼ਿਪ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹ ਆਉਣ ਵਾਲੇ ਸਾਲ 'ਚ ਲਾਇਨਜ਼ 321-ਡੀ ਦੀਆਂ ਸਮੂਹ ਕਲੱਬਾਂ ਨੂੰ ਨਾਲ ਲੈ ਕੇ ਸਮਾਜ ਸੇਵਾ 'ਚ ਵੱਧ ਤੋਂ ਵੱਧ ਸਹਿਯੋਗ ਕਰਨਗੇ। ਇਸ ਦੌਰਾਨ ਲਾਇਨ ਜੁਗਲ ਬਵੇਜਾ, ਲਾਇਨ ਸੰਜੀਵ ਲਾਂਬਾ, ਲਾਇਨ ਜਸਬੀਰ ਮਾਹੀ, ਲਾਇਨ ਸੁਮਿਤ ਭੰਡਾਰੀ, ਲਾਇਨ ਸੁਸ਼ੀਲ ਸ਼ਰਮਾ, ਲਾਇਨ ਰਣਧੀਰ ਕਰਵਲ, ਲਾਇਨ ਵਿਪਨ ਸਿੰਘ ਠਾਕੁਰ, ਲਾਇਨ ਵਿਪਨ ਸ਼ਰਮਾ, ਲਾਇਨ ਓਮ, ਲਾਇਨ ਪੁਨੀਤ ਸੇਠੀ, ਲਾਇਨ ਸੰਜੇ ਤ੍ਰੇਹਨ, ਲਾਇਨ ਪਵਨ ਚਾਵਲਾ ਨੇ ਵੀ ਲਾਇਨ ਗੁਰਦੀਪ ਸਿੰਘ ਕੰਗ ਨੂੰ ਸ਼ੁਭ ਕਾਮਨਾਵਾਂ ਦਿੱਤੀਆਂ ਅਤੇ ਉਨ੍ਹਾਂ ਦੀ ਅਗਵਾਈ ਹੇਠ ਸਮਾਜ ਸੇਵਾ 'ਚ ਵੱਧ-ਚੜ੍ਹ ਕੇ ਹਿੱਸਾ ਲੈਣ ਦਾ ਪ੍ਰਣ ਲਿਆ।

# ਸਰਕਾਰੀ ਬਹੁਤਕਨੀਕੀ ਕਾਲਜ ਖੂਨੀਮਾਜਰਾ ਵਿਖੇ ਮਨਾਇਆ ਯੋਗ ਦਿਵਸ



ਖਰੜ (ਹਰਨਾਮ ਸਿੰਘ ਡੱਲਾ)

ਸਰਕਾਰੀ ਬਹੁ-ਤਕਨਿਕੀ ਕਾਲਜ, ਖੁਨੀਮਾਜਰਾ ਵਿਖੇ ਕਾਲਜ ਦੇ ਪ੍ਰਿੰਸੀਪਲ ਰਾਜੀਵ ਪੁਰੀ ਦੀ ਅਗਵਾਈ ਵਿੱਚ ਅੰਤਰਰਾਸ਼ਟਰੀ ਯੋਗ ਦਿਵਸ ਮਨਾਇਆ ਗਿਆ। ਕਾਲਜ ਕੰਪਲੈਕਸ ਵਿੱਚ ਆਯੋਜਿਤ ਇਸ ਕੈਂਪ ਵਿੱਚ ਕਾਲਜ ਦੇ ਸਟਾਫ ਅਤੇ ਵਿਦਿਆਰਥੀਆਂ ਨੇ ਉਤਸ਼ਾਹ ਨਾਲ ਹਿੱਸਾ ਲਿਆ। ਇਸ ਯੋਗਾ ਕੈਂਪ ਦਾ ਲਾਈਵ ਪ੍ਰਸਾਰਣ ਵੀ ਕੀਤਾ ਗਿਆ ਤਾਂ ਕਿ ਘਰਾਂ ਵਿੱਚ ਬੈਠੇ ਵਿਦਿਆਰਥੀ ਪਰਵਾਰ ਸਮੇਤ ਯੋਗ ਸੈਸ਼ਨ ਦਾ ਲਾਭ ਪ੍ਰਾਪਤ ਕਰ ਸਕਣ। ਰਾਸ਼ਟਰੀ ਸੇਵਾ ਯੋਜਨਾ ਦੇ ਪ੍ਰੋਗਰਾਮ ਅਫਸਰ ਅਤੇ ਮੈਡੀਕਲ ਲੈਬ ਟੈਕਨਾਲੋਜੀ ਵਿਭਾਗ ਦੇ ਲੈਕਚਰਾਰ ਡਾ. ਰਵਿੰਦਰ ਕੁਮਾਰ ਨੇ ਸਟੇਜ ਸੰਚਾਲਨ ਕਰਦਿਆਂ ਦੱਸਿਆ ਕਿ ਅੰਤਰਰਾਸਟਰੀ ਯੋਗ ਦਿਵਸ ਕਿਵੇਂ ਹੋਂਦ ਵਿੱਚ ਆਇਆ। ਉਹਨਾਂ ਨੇ ਇਸ ਸਾਲ ਯੋਗ ਦਿਵਸ ਦੇ ਥੀਮ ਵਾਸੂਦੇਵਾ ਕੁਟੰਬਕਮ ਬਾਰੇ ਜਾਣੂ ਕਰਵਾਇਆ। ਕਾਲਜ ਦੇ ਪ੍ਰਿੰਸੀਪਲ ਰਾਜੀਵ ਪੁਰੀ ਨੇ ਯੋਗ ਸਮਾਗਮ ਦਾ ਉਦਘਾਟਨ ਕੀਤਾ। ਉਹਨਾਂ ਨੇ ਕਾਲਜ ਦੇ ਸਟਾਫ ਅਤੇ ਵਿਦਿਆਰਥੀਆਂ ਨੂੰ ਯੋਗ ਆਸਨਾਂ ਦੀ ਜੀਵਨ ਵਿੱਚ ਮਹੱਤਤਾ ਬਾਰੇ ਦੱਸਿਆ ਅਤੇ ਯੋਗ ਨੂੰ ਜੀਵਨ ਦਾ ਹਿੱਸਾ ਬਣਾਉਣ ਲਈ ਪ੍ਰੇਰਿਤ ਕੀਤਾ। ਕਾਲਜ ਦੇ ਲੈਕਚਰਾਰ ਸ੍ਰੀਮਤੀ ਪੂਰਨਿਮਾ ਨੇ ਤਕਰੀਬਨ ਇਕ ਘੰਟਾ ਯੋਗ ਆਸਨ ਕਰਵਾਏ ਅਤੇ ਨਾਲ ਦੀ ਨਾਲ ਹਰ ਆਸਨ ਦੀ ਵਿਸਥਾਰ ਵਿੱਚ ਮਹੱਤਤਾ ਅਤੇ ਆਸਨ ਕਰਨ ਦੌਰਾਨ ਜਰੂਰੀ ਸਾਵਧਾਨੀਆਂ ਧਿਆਨ ਵਿੱਚ ਰੱਖਣ ਬਾਰੇ ਦੱਸਿਆ। ਇਸ ਮੌਕੇ ਰਵਿੰਦਰ ਵਾਲੀਆ, ਮੁਖੀ ਕੰਪਿਊਟਰ ਇੰਜੀਨੀਅਰਿੰਗ, ਜਸਦੀਪ ਕੌਰ, ਮੁਖੀ ਅਪਲਾਈਡ ਸਾਇੰਸਿਜ, ਹਰਪ੍ਰੀਤ ਕੌਰ, ਮੁਖੀ ਮੈਡੀਕਲ ਲੈਬ ਟੈਕਨਾਲੋਜੀ, ਗੁਰਬਖਸ਼ੀਸ਼ ਸਿੰਘ ਅੰਟਾਲ, ਅਫਸਰ ਇੰਚਾਰਜ ਸਿਵਲ ਇੰਜੀਨੀਅਰਿੰਗ, ਹੋਰ ਸਟਾਫ ਮੈਂਬਰ ਅਤੇ ਵਿਦਿਆਰਥੀ ਹਾਜਰ ਸਨ।

# ਸ਼ਹਿਰ ਵਾਸੀਆਂ ਦੀ ਮੰਗ 'ਤੇ ਪਹਿਲ ਦੇ ਅਧਾਰ 'ਤੇ ਕਰਵਾਏ ਜਾ ਰਹੇ ਵਿਕਾਸ ਕਾਰਜ : ਬ੍ਰਮ ਸ਼ੰਕਰ ਜਿੰਪਾ

ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)

ਕੈਬਨਿਟ ਮੰਤਰੀ ਬ੍ਰਮ ਸ਼ੰਕਰ ਜਿੰਪਾ ਨੇ ਕਿਹਾ ਕਿ ਸ਼ਹਿਰ ਵਾਸੀਆਂ ਦੀਆਂ ਮੰਗਾਂ ਨੂੰ ਮੁੱਖ ਰੱਖਦੇ ਹੋਏ ਹੁਸ਼ਿਆਰਪੁਰ ਵਿਚ ਵਿਕਾਸ ਕਾਰਜ ਕਰਵਾਏ ਜਾ ਰਹੇ ਹਨ। ਉਨ੍ਹਾ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੇ ਸਪੱਸ਼ਟ ਨਿਰਦੇਸ਼ ਹਨ ਕਿ ਵਿਕਾਸ ਸੰਬੰਧੀ ਕਾਰਜਾਂ ਨੂੰ ਲੈ ਕੇ ਲੋਕਾਂ ਦੀਆਂ ਮੰਗਾਂ ਨੂੰ ਪਹਿਲ ਦੇ ਆਧਾਰ 'ਤੇ ਰੱਖਿਆ ਜਾਵੇ। ਉਹ ਵਾਰਡ ਨੰਬਰ 7 ਵਿਚ ਕਰੀਬ 21 ਲੱਖ ਰੁਪਏ ਦੀ ਲਾਗਤ ਨਾਲ ਬਣਨ ਵਾਲੀ ਸੜਕ ਦੇ ਨਿਰਮਾਣ ਕਾਰਜ ਦੀ ਸ਼ੁਰੂਆਤ ਦੌਰਾਨ ਇਲਾਕਾ ਨਿਵਾਸੀਆਂ ਨੂੰ ਸੰਬੋਧਨ ਕਰ ਰਹੇ ਸਨ। ਇਸ ਮੌਕੇ ਉਨ੍ਹਾ ਨਾਲ ਮੇਅਰ ਸੁਰਿੰਦਰ ਕੁਮਾਰ, ਸੀਨੀਅਰ ਡਿਪਟੀ ਮੇਅਰ ਪ੍ਰਵੀਨ ਸੈਣੀ, ਡਿਪਟੀ ਮੇਅਰ ਰਣਜੀਤ ਚੌਧਰੀ ਅਤੇ ਸਹਾਇਕ ਕਮਿਸ਼ਨਰ ਸੰਦੀਪ ਤਿਵਾੜੀ ਵੀ ਮੌਜੂਦ ਸਨ। ਕੈਬਨਿਟ ਮੰਤਰੀ ਨੇ ਕਿਹਾ ਕਿ ਗਲੀ ਦੇ ਨਿਰਮਾਣ ਸੰਬੰਧੀ ਵਾਰਡ ਵਾਸੀਆਂ ਦੀ ਲੰਬੇ ਸਮੇਂ ਤੋਂ ਮੰਗ ਸੀ, ਜਿਸ ਨੂੰ ਪੂਰਾ ਕਰ ਦਿੱਤਾ ਗਿਆ ਹੈ ਅਤੇ ਆਉਣ ਵਾਲੇ ਸਮੇਂ ਵਿਚ ਵਾਰਡ ਦੀਆਂ ਹੋਰ ਸਮੱਸਿਆਵਾਂ ਦਾ ਵੀ ਜਲਦ ਹੱਲ ਕਰ ਦਿੱਤਾ ਜਾਵੇਗਾ। ਉਨ੍ਹਾ ਕਿਹਾ ਕਿ ਹੁਸ਼ਿਆਰਪੁਰ ਦਾ ਸਰਬਪੱਖੀ ਵਿਕਾਸ ਕਰਵਾਉਣਾ ਉਨ੍ਹਾ ਦੀ ਮੁੱਖ ਤਰਜੀਹ ਹੈ। ਇਸ ਮੌਕੇ ਕੌਂਸਲਰ ਸਰਬਜੀਤ ਕੌਰ, ਮੁਖੀ ਰਾਮ, ਮਨੀਸ਼ ਗੁਪਤਾ ਤੋਂ ਇਲਾਵਾ ਹੋਰ ਪਤਵੰਤੇ ਵੀ ਮੌਜੂਦ ਸਨ।



# ਵੱਖ-ਵੱਖ ਥਾਈਂ ਅੰਤਰਰਾਸ਼ਟਰੀ ਯੋਗ ਦਿਵਸ ਮਨਾਇਆ

ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)- ਸੈਰ ਸਪਾਟਾ ਮੰਤਰਾਲਾ ਵੱਲੋਂ ਪੰਜਾਬ ਟੂਰਿਜ਼ਮ ਅਤੇ ਜਿਲ੍ਹਾ ਪ੍ਰਸ਼ਾਸ਼ਨ ਰੂਪਨਗਰ ਦੇ ਸਹਿਯੋਗ ਨਾਲ ਸ੍ਰੀ ਅਨੰਦਪੁਰ ਸਾਹਿਬ ਦੇ ਮਨਮੋਹਕ ਪੰਜ ਪਿਆਰਾ ਪਾਰਕ ਵਿੱਚ ਸਵੇਰੇ ਪ੍ਰਭਾਵਸ਼ਾਲੀ ਯੋਗਸ਼ਾਲਾ ਦਾ ਆਯੋਜਨ ਕੀਤਾ ਗਿਆ। ਜਿਸ ਵਿੱਚ ਸ਼ਹਿਰ ਦੇ ਵੱਖ ਵੱਖ ਵਰਗਾਂ ਦੇ ਲੋਕਾਂ, ਪਤਵੰਤੇ ਸ਼ਹਿਰ ਵਾਸੀਆਂ, ਐਨ.ਸੀ.ਸੀ ਕੈਡਿਟ, ਸਕੂਲਾਂ ਤੇ ਕਾਲਜਾਂ ਦੇ ਵਿਦਿਆਰਥੀ,ਅਧਿਕਾਰੀ, ਡਾਕਟਰ, ਇੰਜੀਨਿਅਰ, ਸਾਈਕਲ ਐਸੋਸੀਏਸ਼ਨ, ਅਧਿਆਪਕ ਤੇ ਹੋਰ ਵੱਡੀ ਗਿਣਤੀ ਲੋਕ ਸ਼ਾਮਿਲ ਹੋਏ। ਆਯੁਰਵੈਦਿਕ ਡਾਕਟਰ ਨਿਸ਼ਚਲ ਸ਼ਰਮਾ, ਡਾ.ਅੰਜੂ ਬਾਲਾ, ਡਾ.ਨਿਤਿਨ ਬਾਲੀ ਉਪਵੈਦ ਨੇ ਹਾਜ਼ਰ ਲੋਕਾਂ ਨੂੰ ਯੋਗ ਸੈਸ਼ਨ ਕਰਵਾਇਆ ਅਤੇ ਯੋਗ ਦੇ ਜੀਵਨ ਵਿੱਚ ਮਹੱਤਵ ਅਤੇ ਲਾਭ ਬਾਰੇ ਜਾਣਕਾਰੀ ਦਿੱਤੀ। ਸੈਰ ਸਪਾਟਾ ਵਿਭਾਗ ਦੇ ਨਿਗਰਾਨ ਇੰਜੀਨਿਅਰ ਬੀ.ਐਸ.ਚਾਨਾ,ਸੈਰ ਸਪਾਟਾ ਵਿਭਾਗ ਦੇ ਨੋਡਲ ਅਫਸਰ ਦਿਸ਼ਾ ਯਾਦਵ, ਡੀ.ਐਸ.ਪੀ ਅਜੇ ਸਿੰਘ, ਸਿਵਲ ਹਸਪਤਾਲ ਦੇ ਡਾ.ਰਣਵੀਰ ਸਿੰਘ,ਐਸ.ਐਮ.ਓ ਨੂਰਪੁਰ ਬੇਦੀ ਡਾ.ਵਿਧਾਨ ਚੰਦਰ, ਕਾਰਜ ਸਾਧਕ ਅਫਸਰ ਹਰਬਖਸ਼ ਸਿੰਘ, ਬੀ.ਡੀ.ਪੀ.ਓ ਜੁਝਾਰ ਸਿੰਘ ਸਮੇਤ ਵੱਖ ਵੱਖ ਵਿਭਾਗਾਂ ਦੇ ਅਧਿਕਾਰੀ, ਪਤਵੰਤੇ ਨਾਗਰਿਕ ਇਸ ਯੋਗਸ਼ਾਲਾ ਵਿੱਚ ਸ਼ਾਮਿਲ ਹੋਏ। ਸਮਾਰੋਹ ਦੌਰਾਨ ਸੈਰ ਸਪਾਟਾ ਵਿਭਾਗ ਦੇ ਅਧਿਕਾਰੀ ਰਾਜੇਸ ਸ਼ਰਮਾ, ਸੁਰੱਖਿਆ ਲਈ ਐਸ.ਐਚ.ਓ ਹਰਕੀਰਤ ਸਿੰਘ, ਗੁਰਮੁੱਖ ਸਿੰਘ ਹਾਜ਼ਰ ਸਨ।



ਸ੍ਰੀ ਅਨੰਦਪੁਰ ਸਾਹਿਬ

ਫਿਲੌਰ (ਨਿਰਮਲ)- ਸੰਤ ਨਿਰੰਕਾਰੀ ਭਵਨ ਬ੍ਰਾਂਚ ਗੁਰਾਇਆ ਵਿਖੇ ਮੁੱਖੀ ਸੰਤ ਜਸਵੀਰ ਕੁਮਾਰ ਦੀ ਅਗਵਾਈ ਹੇਠ ਅੰਤਰਰਾਸ਼ਟਰੀ ਯੋਗ ਦਿਵਸ ਮਨਾਇਆ ਗਿਆ। ਸੰਤ ਹਰੀਪਾਲ ਨੇ ਕਿਹਾ ਕਿ ਯੋਗ ਦੇ ਬਹੁਤ ਸਾਰੇ ਫਾਇਦੇ ਹਨ, ਜਿਨ੍ਹਾਂ ਨੂੰ ਗਿਣਿਆ ਨਹੀਂ ਜਾ ਸਕਦਾ। ਸਾਨੂੰ ਸਾਰਿਆ ਨੂੰ ਆਪਣੀ ਰੁਝੇਵਿਆਂ ਭਰੀ ਜਿੰਦਗੀ 'ਚੋਂ ਕੁਝ ਸਮਾਂ ਆਪਣੇ ਲਈ ਕੱਢ ਕੇ ਹਰ ਰੋਜ ਯੋਗ ਕਰਨਾ ਚਾਹੀਦਾ ਹੈ। ਯੋਗਾ ਕਰਨ ਨਾਲ ਸਰੀਰ ਬਿਮਾਰੀਆਂ ਤੋਂ ਮੁਕਤ ਰਹਿੰਦਾ ਹੈ। ਇਨਸਾਨ ਸਰੀਰਕ ਤੌਰ 'ਤੇ ਹੀ ਤੰਦਰੁਸਤ ਜਾਂ ਰਿਸ਼ਟ ਪੁਸ਼ਟ ਨਹੀਂ ਹੁੰਦਾ ਸਗੋਂ ਮਾਨਸਿਕ ਤੌਰ 'ਤੇ ਵੀ ਖਿੜਿਆ ਹੋਇਆ ਰਹਿੰਦਾ ਹੈ। ਇਸ ਮੌਕੇ 'ਤੇ ਬ੍ਰਾਂਚ ਸੰਚਾਲਿਕਾ ਭੈਣ ਸ਼ਾਨੋ ਰਾਣੀ, ਸਰਬਜੀਤ ਗੁਰਾਇਆ, ਪਰਮਜੀਤ ਕੌਰ ਅੱਟੀ, ਕਮਲਜੀਤ ਕੌਰ, ਗਗਨਦੀਪ ਕੌਰ, ਜਸਪਾਲ ਬਿੱਟਾ, ਸੁਰਜੀਤ ਗੋਹਾਵਰ, ਪਵਨ ਕੁਮਾਰ, ਰਾਕੇਸ਼ ਕੁਮਾਰ, ਗੋਲਡੀ ਗੁਰਾਇਆ, ਜਗਜੀਵਨ ਰਾਮ ਅਤੇ ਹੋਰ ਹਾਜ਼ਰ ਸਨ।



ਫਿਲੌਰ

ਨੂਰਮਹਿਲ (ਬਾਲ ਕ੍ਰਿਸਨ ਬਾਲੀ)-ਪੀ. ਟੀ. ਐੱਮ ਆਰੀਆ ਕਾਲਜ ਨੂਰਮਹਿਲ ਰਾਹੀਂ ਅੰਤਰਰਾਸ਼ਟਰੀ ਯੋਗ ਦਿਵਸ ਸਾਰੇ ਸ਼ਹਿਰ ਦੇ ਲੋਕਾਂ ਨਾਲ ਮਿਲ ਕੇ ਮਨਾਇਆ ਗਿਆ। ਇਹ ਪ੍ਰੋਗਰਾਮ ਸ਼ਹਿਰ ਦੀ ਇਤਿਹਾਸਕ ਸਰ੍ਹਾਂ ਵਿੱਚ ਸਵੇਰੇ 6.30 ਸ਼ੁਰੂ ਹੋਇਆ। ਜਿਸ ਵਿੱਚ ਦਿਵਯਾ ਜਯੋਤੀ ਜਾਗ੍ਰਿਤੀ ਸੰਸਥਾਨ ਤੋਂ ਯੋਗ ਗੁਰੂ ਬੁਲਾਏ ਗਏ। ਪ੍ਰਬੰਧਕ ਕਮੇਟੀ ਦੇ ਮੈਂਬਰ, ਕਾਲਜ ਦੇ ਅਧਿਆਪਕ, ਦਫਤਰੀ ਸਟਾਫ,ਵਿਦਿਆਰਥੀ ਅਤੇ ਉਨ੍ਹਾਂ ਦੇ ਮਾਪਿਆਂ ਅਤੇ ਸ਼ਹਿਰ ਦੇ ਮੰਨੇ ਹੋਏ ਵਿਅਕਤੀ ਸ਼ਾਮਿਲ ਸਨ। ਇਕ ਘੰਟੇ ਚਲੇ ਇਸ ਪ੍ਰੋਗਰਾਮ ਵਿੱਚ ਵਿਦਿਆਰਥੀਆਂ ਨੂੰ ਰਿਫਰੈਸਮੈਂਟ ਵੀ ਦਿੱਤੀ ਗਈ।

ਸੁਲਤਾਨਪੁਰ ਲੋਧੀ, ( ਹਨੀ ) ਐੱਸ ਡੀ ਕਾਲਜ ਫਾਰ ਵੂਮੈਨ ਵਿਖੇ ਕਾਲਜ ਦੇ ਐੱਨ ਐੱਸ ਐੱਸ ਵਿਭਾਗ ਵੱਲੋਂ ਅੰਤਰਰਾਸ਼ਟਰੀ ਯੋਗਾ ਦਿਵਸ ਮਨਾਇਆ ਗਿਆ। ਇਸ ਦੌਰਾਨ ਪ੍ਰਿੰਸੀਪਲ ਡਾ. ਵੰਦਨਾ ਸ਼ੁਕਲਾ, ਸਟਾਫ਼ ਮੈਂਬਰਾਂ ਅਤੇ ਵਿਦਿਆਰਥਣਾਂ ਯੋਗ ਆਸਣ ਕੀਤੇ। ਪ੍ਰਿੰਸੀਪਲ ਡਾ. ਸ਼ੁਕਲਾ ਨੇ ਸਮੂਹ ਵਿਦਿਆਰਥਣਾਂ ਨੂੰ ਪ੍ਰੇਰਿਤ ਕਰਦਿਆਂ ਕਿਹਾ ਕਿ ਰੋਜਾਨਾ ਯੋਗ ਆਸਣ ਕਰਕੇ ਅਸੀਂ ਕਈ ਪ੍ਰਕਾਰ ਦੀਆਂ ਬਿਮਾਰੀਆਂ ਤੋਂ ਬਚ ਸਕਦੇ ਹਾਂ। ਉਨ੍ਹਾਂ ਕਿਹਾ ਕਿ ਰੋਜਾਨਾ ਕਸਰਤ ਕਰਨ ਨਾਲ ਸਾਡਾ ਸਰੀਰ ਅਤੇ ਦਿਮਾਗ਼ ਤਰੋਤਾਜ਼ਾ ਰਹਿੰਦੇ ਹਨ। ਉਨ੍ਹਾਂ ਸਟਾਫ਼ ਮੈਂਬਰਾਂ ਅਤੇ ਵਿਦਿਆਰਥਣਾਂ ਨੂੰ ਯੋਗਾ ਸ਼ੈਲੀ ਨੂੰ ਆਪਣੇ ਜੀਵਨ ਵਿਚ ਅਪਣਾਉਣ ਦਾ ਸੁਨੇਹਾ ਵੀ ਦਿੱਤਾ। ਇਸ ਮੌਕੇ ਮੈਡਮ ਰਜਨੀ ਬਾਲਾ, ਰਜਿੰਦਰ ਕੌਰ, ਰਾਜਬੀਰ ਕੌਰ, ਕਸ਼ਮੀਰ ਕੌਰ, ਸੁਨੀਤਾ ਕਲੇਰ, ਰਜੀਵ ਕੁਮਾਰ, ਸ਼ਕਤੀ ਕੁਮਾਰ, ਦਰਸ਼ਨ ਲਾਲ ਆਦਿ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਵਿਦਿਆਰਥਣਾਂ ਸ਼ਿਰਕਤ ਕੀਤੀ।

ਸੁਲਤਾਨਪੁਰ ਲੋਧੀ, (ਹਨੀ)- ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਵਿਖੇ ਪ੍ਰਿੰਸੀਪਲ ਰੇਨੂੰ ਅਰੋੜਾ ਦੀ ਅਗਵਾਈ ਵਿਚ ਆਨਲਾਈਨ ਅੰਤਰਰਾਸ਼ਟਰੀ ਯੋਗ ਦਿਵਸ ਮਨਾਇਆ ਗਿਆ। ਜਿਸ ਵਿਚ ਕੇ ਜੀ ਵਿੰਗ, ਪ੍ਰੀ ਪ੍ਰਾਇਮਰੀ ਵਿੰਗ ਅਤੇ ਮਿਡਲ ਵਿੰਗ ਦੇ ਵਿਦਿਆਰਥੀਆਂ ਹਿੱਸਾ ਲਿਆ। ਇਸ ਦੌਰਾਨ ਵਿਦਿਆਰਥੀਆਂ ਨੇ ਯੋਗ ਆਸਣ ਦੀਆਂ ਵੱਖ ਵੱਖ ਗਤੀਵਿਧੀਆਂ ਵਿੱਚ ਭਾਗ ਲਿਆ ਅਤੇ ਵੱਖ ਵੱਖ ਪ੍ਰਕਾਰ ਦੇ ਆਸਣ ਕਰਕੇ ਆਪਣੀ ਸਿਹਤ ਸੰਭਾਲਣ ਦਾ ਸੰਦੇਸ ਦਿੱਤਾ। ਇਸ ਦੌਰਾਨ ਪ੍ਰਿੰਸੀਪਲ ਰੇਨੂੰ ਅਰੋੜਾ ਨੇ ਕਿਹਾ ਕਿ ਯੋਗ ਕਰਨ ਨਾਲ ਜਿਥੇ ਸਰੀਰ ਵਿੱਚ ਨਵੀਂ ਊਰਜਾ ਦਾ ਸੰਚਾਰ ਹੁੰਦਾ ਹੈ, ਉਥੇ ਹੀ ਰੋਗਾਂ ਨਾਲ ਲੜਨ ਦੀ ਸਕਤੀ ਵੀ ਵੱਧਦੀ ਹੈ। ਇਸ ਮੌਕੇ ਤੇ ਸਕੂਲ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬੀਬੀ ਗੁਰਪ੍ਰੀਤ ਕੌਰ ਮੈਂਬਰ ਸ਼੍ਰੋਮਣੀ ਕਮੇਟੀ, ਡਾਇਰੈਕਟਰ ਇੰਜ: ਹਰਨਿਆਮਤ ਕੌਰ ਅਤੇ ਪ੍ਰਸ਼ਾਸ਼ਕ ਇੰਜ: ਨਿਮਰਤਾ ਕੌਰ ਨੇ ਸਟਾਫ ਅਤੇ ਵਿਦਿਆਰਥੀਆਂ ਨੂੰ ਯੋਗ ਆਸਣ ਨੂੰ ਆਪਣੇ ਜੀਵਣ ਦਾ ਪ੍ਰਮੁੱਖ ਹਿੱਸਾ ਬਣਾਉਣ ਅਤੇ ਆਪਣੀ ਸਿਹਤ ਤੰਦਰੁਸਤ ਰੱਖਣ ਲਈ ਪ੍ਰੇਰਿਤ ਕੀਤਾ।

ਜਲੰਧਰ, (ਸ਼ੈਲੀ ਐਲਬਰਟ, ਸੁਰਿੰਦਰ ਕੁਮਾਰ)- ਸਰੀਰ ਤੇ ਮਨ ਦੀ ਤੰਦਰੁਸਤੀ ਲਈ ਯੋਗ ਨੂੰ ਬੇਹੱਦ ਫਾਇਦੇਮੰਦ ਦੱਸਦਿਆਂ ਸਹਾਇਕ ਕਮਿਸ਼ਨਰ (ਜ) ਗੁਰਸਿਮਰਨਜੀਤ ਕੌਰ ਨੇ ਲੋਕਾਂ ਨੂੰ ਸਿਹਤਮੰਦ ਰਹਿਣ ਲਈ ਯੋਗ ਨੂੰ ਆਪਣੀ ਰੋਜ਼ਮਰਾ ਦੀ ਜ਼ਿੰਦਗੀ ਦਾ ਹਿੱਸਾ ਬਣਾਉਣ ਲਈ ਪ੍ਰੇਰਿਤ ਕੀਤਾ। ਇਥੇ ਦਯਾਨੰਦ ਆਯੁਰਵੈਦਿਕ ਕਾਲਜ ਵਿਖੇ 9ਵੇਂ ਕੌਮਾਂਤਰੀ ਯੋਗ ਦਿਵਸ ਮੌਕੇ ਜ਼ਿਲ੍ਹਾ ਪੱਧਰੀ ਸਮਾਗਮ ਦੀ ਸ਼ੁਰੂਆਤ ਕਰਵਾਉਂਦਿਆਂ ਸਹਾਇਕ ਕਮਿਸ਼ਨਰ ਨੇ ਕਿਹਾ ਕਿ ਯੋਗ ਤਣਾਅ ਨੂੰ ਘੱਟ ਕਰਨ ਲਈ ਇੱਕ ਪ੍ਰਭਾਵਸਾਲੀ ਸਾਧਨ ਬਣ ਗਿਆ ਹੈ ਅਤੇ ਇਸ ਨੂੰ ਰੋਜ਼ਾਨਾਂ ਦੀ ਜ਼ਿੰਦਗੀ ਵਿੱਚ ਅਪਣਾ ਕੇ ਕਈ ਬੀਮਾਰੀਆਂ ਤੋਂ ਵੀ ਬਚਿਆ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਤੰਦਰੁਸਤ ਅਤੇ ਤਣਾਅਮੁਕਤ ਜੀਵਨ ਲਈ ਹਰੇਕ ਵਿਅਕਤੀ ਨੂੰ ਯੋਗਾ ਨੂੰ ਆਪਣੀ ਜ਼ਿੰਦਗੀ ਦਾ ਅਨਿੱਖੜਵਾਂ ਹਿੱਸਾ ਬਣਾਉਣਾ ਚਾਹੀਦਾ ਹੈ।



ਜਲੰਧਰ



ਨੂਰਮਹਿਲ

ਫਗਵਾੜਾ (ਡਾ. ਰਮਨ ਸ਼ਰਮਾ)- ਕਮਲਾ ਨਹਿਰੂ ਕਾਲਜ ਫਾਰ ਵੂਮੈਨ, ਫਗਵਾੜਾ ਦੇ ਐਨ ਸੀ ਸੀ ਤੇ ਐਨ ਐਸ ਐਸ ਯੂਨਿਟ ਦੁਆਰਾ ਕਾਲਜ ਪ੍ਰਿੰਸੀਪਲ ਡਾ. ਸਵਿੰਦਰ ਪਾਲ ਦੀ ਅਗਵਾਈ 'ਚ ਵਿਦਿਆਰਥੀਆਂ ਨੂੰ ਯੋਗ ਦੀ ਮਹੱਤਤਾ ਬਾਰੇ ਜਾਗਰੂਕ ਕਰਨ ਦੇ ਉਦੇਸ਼ ਨਾਲ ਅੰਤਰਰਾਸ਼ਟਰੀ ਯੋਗ ਦਿਵਸ ਮਨਾਇਆ ਗਿਆ। ਇਸ ਮੌਕੇ ਵਿਦਿਆਰਥੀਆਂ ਨੇ ਵੱਖ-ਵੱਖ ਯੋਗ ਆਸਣ ਕੀਤੇ। ਮੈਡਮ ਸੁਨੀਤਾ, (ਸਰੀਰਕ ਸਿੱਖਿਆ ਵਿਭਾਗ) ਨੇ ਵਿਅਕਤੀ ਦੀ ਸਰੀਰਕ ਅਤੇ ਮਾਨਸਿਕ ਸਿਹਤ 'ਤੇ ਯੋਗਾ ਦੇ ਫਾਇਦਿਆਂ 'ਤੇ ਚਾਨਣਾ ਪਾਇਆ। ਮੈਡਮ ਨਿਧੀ ਜੱਸਲ, ਐਨ ਐਸ ਐਸ ਪ੍ਰੋਗਰਾਮ ਅਫਸਰ ਨੇ ਵਿਦਿਆਰਥੀਆਂ ਨੂੰ ਯੋਗ ਨੂੰ ਆਪਣੇ ਜੀਵਨ 'ਚ ਸ਼ਾਮਲ ਕਰਨ ਲਈ ਕਿਹਾ ਤਾਂ ਜੋ ਤਣਾਅ ਨਾਲ ਲੜਿਆ ਜਾ ਸਕੇ। ਸੀ ਟੀ ਓ ਐੱਨ ਸੀ ਸੀ ਡਾ. ਪਲਵਿੰਦਰ ਕੌਰ ਵੀ ਨੇ ਸੰਤੁਲਿਤ ਜੀਵਨ ਲਈ ਯੋਗ ਨੂੰ ਮਹੱਤਵਪੂਰਨ ਦੱਸਿਆ ਅਤੇ ਰੋਜਾਨਾ ਜੀਵਨ ਦਾ ਅੰਗ ਬਣਾਉਣ ਲਈ ਕਿਹਾ। ਪ੍ਰਿੰਸੀਪਲ ਡਾ. ਸਵਿੰਦਰ ਪਾਲ ਨੇ ਇਸ ਸਮਾਗਮ ਦੇ ਆਯੋਜਨ ਲਈ ਡਾ. ਲਲਿਤ ਕੁਮਾਰ ਅਤੇ ਸ੍ਰੀਮਤੀ ਨਿਧੀ ਜੱਸਲ, ਐਨ ਐਸ ਐਸ ਪ੍ਰੋਗਰਾਮ ਅਫਸਰ ਅਤੇ ਡਾ. ਪਲਵਿੰਦਰ ਕੌਰ ਰੰਧਾਵਾ ਐਨ ਸੀ ਸੀ-ਸੀ ਟੀ ਓ ਦੇ ਸਾਂਝੇ ਯਤਨਾਂ ਦੀ ਸ਼ਲਾਘਾ ਕੀਤੀ।

ਜਲੰਧਰ (ਸ਼ੈਲੀ ਐਲਬਰਟ)-ਅੰਤਰਰਾਸਟਰੀ ਯੋਗ ਦਿਵਸ ਦੇ ਮੌਕੇ ਇਨੋਸੈਂਟ ਹਾਰਟਸ ਸਕੂਲ, ਗ੍ਰੀਨ ਮਾਡਲ ਟਾਊਨ ਵਿਖੇ 'ਯੋਗ ਦੇ ਮਾਧਿਅਮ ਰਾਹੀਂ ਤੰਦਰੁਸਤੀ' ਵਿਸ਼ੇ 'ਤੇ ਸ਼ੈਸਨ ਦਾ ਆਯੋਜਨ ਕੀਤਾ ਗਿਆ। ਸੈਸਨ 'ਚ ਇਨੋਸੈਂਟ ਹਾਰਟਸ ਦੇ ਟੀਚਿੰਗ ਅਤੇ ਨਾਨ ਟੀਚਿੰਗ ਸਟਾਫ ਨੇ ਭਾਗ ਲਿਆ। ਇਸ ਯੋਗਾ ਸੈਸਨ ਵਿੱਚ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਮਾਪਿਆਂ ਨੇ ਵੀ ਭਾਗ ਲਿਆ। ਸੈਸਨ ਦਾ ਸੰਚਾਲਨ ਸ੍ਰੀਮਤੀ ਸੋਨੀਆ ਐਰੋਨ ਅਤੇ ਸ੍ਰੀਮਤੀ ਮੀਨਾ ਗੁਪਤਾ, ਆਯੂਸ ਮੰਤਰਾਲੇ ਅਤੇ ਸ੍ਰੀ ਸਕੂਲ ਆਫ ਯੋਗਾ ਤੋਂ ਪ੍ਰਮਾਣਿਤ ਯੋਗਾ ਇੰਸਟ੍ਰਕਟਰਾਂ ਦੁਆਰਾ ਕੀਤਾ ਗਿਆ। ਉਨ੍ਹਾਂ ਜੋਰ ਦੇ ਕੇ ਕਿਹਾ ਕਿ ਯੋਗਾ ਇੱਕ ਕਲਾ ਹੈ, ਇਹ ਸਿਹਤਮੰਦ ਜੀਵਨ ਜਿਊਣ ਦਾ ਵਿਗਿਆਨ ਹੈ। ਸ੍ਰੀਮਤੀ ਸੋਨੀਆ ਐਰੋਨ ਨੇ ਹਰੇਕ ਆਸਣ ਅਤੇ ਪ੍ਰਾਣਾਯਾਮ ਦੇ ਲਾਭਾਂ ਬਾਰੇ ਦੱਸਿਆ। ਉਨ੍ਹਾਂ ਸਾਰਿਆਂ ਨੂੰ ਫਿੱਟ ਰਹਿਣ ਲਈ ਪ੍ਰੇਰਿਤ ਕੀਤਾ। ਇਨੋਸੈਂਟ ਹਾਰਟਸ ਗਰੁੱਪ ਦੇ ਚੇਅਰਮੈਨ ਡਾ: ਅਨੂਪ ਬੌਰੀ ਨੇ ਕਿਹਾ ਕਿ ਚੰਗੀ ਸਿਹਤ ਹਰ ਕਿਸੇ ਦੀ ਪਹਿਲ ਹੋਣੀ ਚਾਹੀਦੀ ਹੈ। ਇਸ ਲਈ ਹਰ ਕਿਸੇ ਨੂੰ ਫਿੱਟ ਰਹਿਣ ਲਈ ਕੋਈ ਨਾ ਕੋਈ ਕਸਰਤ ਜਰੂਰ ਕਰਨੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਯੋਗ-ਵਿਗਿਆਨ ਇੱਕ ਅਧਿਆਤਮਿਕ ਅਨੁਸਾਸਨ ਹੈ, ਜੋ ਮਨ ਅਤੇ ਸਰੀਰ ਵਿੱਚ ਇਕਸੁਰਤਾ ਲਿਆਉਣ ਵਿੱਚ ਸਹਾਈ ਹੁੰਦਾ ਹੈ।



ਫਗਵਾੜਾ



ਸੁਲਤਾਨਪੁਰ ਲੋਧੀ

ਮਾਹਿਲਪੁਰ, (ਨਿਰਮਲ ਸਿੰਘ ਮੁੱਗੋਵਾਲ)-ਪ੍ਰਾਇਮਰੀ ਹੈਲਥ ਸੈਂਟਰ ਪੋਸੀ ਦੇ ਸੀਨੀਅਰ ਮੈਡੀਕਲ ਅਫਸਰ ਡਾ. ਰਘਬੀਰ ਸਿੰਘ ਦੀ ਅਗਵਾਈ 'ਚ ਬਲਾਕ ਅਧੀਨ ਆਉਂਦੇ ਸਿਹਤ ਕੇਂਦਰਾਂ ਵਿਖੇ ਯੋਗ ਕੈਂਪ ਆਯੋਜਿਤ ਕੀਤੇ ਗਏ। ਡਾ. ਰਘਬੀਰ ਨੇ ਦੱਸਿਆ ਕਿ ਯੋਗਾ ਕਰਨ ਨਾਲ ਜਿਥੇ ਸਰੀਰਕ ਸ਼ਕਤੀ ਮਿਲਦੀ ਹੈ ਉਸਦੇ ਨਾਲ-ਨਾਲ ਅੰਦਰੂਨੀ ਤਾਕਤ ਵੀ ਪੈਦਾ ਹੁੰਦੀ ਹੈ ਅਤੇ ਅੱਜ ਦੇ ਪਦਾਰਥਵਾਦ ਯੁੱਗ ਵਿਚ ਯੋਗ ਸੰਜੀਵਨੀ ਬੂਟੀ ਦੀ ਭੂਮਿਕਾ ਨਿਭਾ ਰਿਹਾ ਹੈ। ਉਨਾਂ ਕਿਹਾ ਕਿ ਯੋਗ ਆਸਨ ਰਾਹੀਂ ਜਿੱਥੇ ਆਮ ਇਨਸਾਨ ਵੱਖ-ਵੱਖ ਬੀਮਾਰੀਆਂ ਤੋਂ ਨਿਜਾਤ ਪਾ ਸਕਦਾ ਹੈ ਉੱਥੇ ਬੁੱਧੀ ਵਧਾਉਣ ਅਤੇ ਸਰੀਰਕ ਪੱਖੋਂ ਰਿਸ਼ਟ ਪੁਸ਼ਟ ਰੱਖਣ ਵਿਚ ਯੋਗਾ ਆਸਨ ਇਕ ਸੋਨੇ ਤੇ ਸੁਹਾਗੇ ਵਰਗੀ ਭੂਮਿਕਾ ਨਿਭਾਉਂਦੇ ਹਨ। ਉਨ੍ਹਾਂ ਕਿਹਾ ਕਿ ਸਾਨੂੰ ਆਪਣੇ ਰੁਝੇਵਿਆਂ ਭਰੇ ਸਮੇਂ ਵਿਚੋਂ ਥੋੜ੍ਹਾ ਸਮਾਂ ਕੱਢ ਕੇ ਸਰੀਰਕ ਪੱਖੋਂ ਤੰਦਰੁਸਤ ਅਤੇ ਚੁਸਤ ਰਹਿਣ ਲਈ ਯੋਗਾ ਨਾਲ ਜੁੜਨਾ ਚਾਹੀਦਾ ਹੈ। ਡਾਕਟਰ ਸੰਦੀਪ ਸਿੰਘ ਨੇ ਕਿਹਾ ਕਿ ਪੰਜਾਬ ਸਰਕਾਰ ਵਲੋਂ ਵੀ ਲੋਕਾਂ ਦੀ ਸਿਹਤ ਸੰਭਾਲ ਅਤੇ ਵਾਤਾਵਰਣ ਦੀ ਸੰਭਾਲ ਲਈ ਠੋਸ ਉਪਰਾਲੇ ਕੀਤੇ ਜਾ ਰਹੇ। ਯੋਗ ਦੇ ਅਭਿਆਸ ਦਿਲ ਅਤੇ ਸਰੀਰ ਦੇ ਸਾਰੇ ਅੰਗਾਂ ਨੂੰ ਸੁਖੀ, ਸਿਹਤਮੰਦ, ਨਿਰੋਗ ਅਤੇ ਖੁਸ਼ਹਾਲ ਰੱਖਦੇ ਹਨ। ਸਾਨੂੰ ਸਭ ਨੂੰ ਅਪਣੇ ਜੀਵਨ ਵਿੱਚ ਯੋਗ ਨੂੰ ਅਪਨਾਉਣ ਦਾ ਸੰਕਲਪ ਕਰ ਲੈਣਾ ਚਾਹੀਦਾ ਹੈ। ਇਸ ਮੌਕੇ 'ਤੇ ਸਮੂੰਹ ਸਟਾਫ, ਫੀਲਡ ਸਟਾਫ, ਆਸ਼ਾ ਵਰਕਰ ਅਤੇ ਪਿੰਡ ਵਾਸੀ ਮੌਜੂਦ ਸਨ।



ਮਾਹਿਲਪੁਰ